ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਅਮਰਦਾਸ
ਜੀ ਦੇ ਪ੍ਰਕਾਸ਼ ਪੁਰਬ
ਦੀਆਂ
ਲੱਖ-ਲੱਖ ਵਧਾਈਆਂ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 11 May, 2025) ਪਟਿਆਲਾ ਐਤਵਾਰ, 11 ਮਈ, 2025, 29 ਵੈਸਾਖ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 129 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com



ਅਦਾਰਾ
ਚੜ੍ਹਦੀਕਲਾ
ਵੱਲੋਂ
ਸਰਹੰਦ ਫ਼ਤਹਿ
ਦਿਵਸ ਦੀਆਂ
ਲੱਖ-ਲੱਖ ਵਧਾਈਆਂ


# ਪਾਕਿ ਵੱਲੋਂ 4 ਘੰਟੇ ਬਾਅਦ ਹੀ ਜੰਗਬੰਦੀ ਦੀ ਉਲੰਘਣਾ

## ਪੰਜਾਬ ਦੇ 12 ਜ਼ਿਲ੍ਹਿਆਂ 'ਚ ਬਲੈਕ ਆਊਟ, ਜੰਮੂ-ਕਸ਼ਮੀਰ 'ਚ ਕਈ ਥਾਈਂ ਧਮਾਕੇ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ : ਪਾਕਿਸਤਾਨ ਨੇ ਜੰਗਬੰਦੀ ਦੇ 4 ਘੰਟੇ ਬਾਅਦ ਹੀ ਫਿਰ ਉਲੰਘਣਾ ਕਰ ਦਿੱਤੀ। ਪੰਜਾਬ, ਜੰਮੂ-ਕਸ਼ਮੀਰ, ਰਾਜਸਥਾਨ ਵਿੱਚ ਸਰਹੱਦ ਪਾਰ ਪਾਕਿਸਤਾਨ ਦੀਆਂ ਭੜਕਾਊ ਗਤੀਵਿਧੀਆਂ ਇੱਕ ਵਾਰ ਫਿਰ ਤੇਜ਼ ਹੋ ਗਈਆਂ ਹਨ।ਪਾਕਿਸਤਾਨ ਵੱਲੋਂ ਇੱਕ ਵਾਰ ਫਿਰ ਡਰੋਨ ਰਾਹੀਂ ਹਮਲਾ ਕੀਤਾ ਗਿਆ। ਪਾਕਿਸਤਾਨ ਵੱਲੋਂ ਜੰਮੂ, ਅਖਨੂਰ, ਸਾਂਬਾ, ਪਠਾਨਕੋਟ, ਬਰਨਾਲਾ, ਫਾਜ਼ਿਲਕਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਡਰੋਨ ਦੇਖੇ ਜਾਣ ਤੋਂ ਬਾਅਦ ਪੰਜਾਬ ਦੇ 12 ਜ਼ਿਲ੍ਹਿਆਂ ਵਿੱਚ ਪ੍ਰਸ਼ਾਸਨ ਵੱਲੋਂ ਬਲੈਕਆਊਟ ਕਰ ਦਿੱਤਾ ਗਿਆ।

ਇਸੇ ਦੌਰਾਨ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਇੱਕ ਸ਼ੱਕੀ ਡਰੋਨ ਕਾਰਨ ਧਮਾਕਾ ਹੋਇਆ। ਜੰਮੂ-ਕਸ਼ਮੀਰ ਪੁਲਿਸ ਵੱਲੋਂ ਇਸ ਗੱਲ ਪੁਸ਼ਟੀ ਕੀਤੀ ਗਈ ਹੈ ਕਿ ਕਸ਼ਮੀਰ ਦੇ ਸ੍ਰੀਨਗਰ ਵਿੱਚ ਕਈ ਧਮਾਕੇ ਹੋਏ ਹਨ। ਇਹ ਧਮਾਕੇ ਲਾਲ ਚੌਂਕ, ਬੀਬੀ ਕੈਂਟ ਖੇਤਰ ਅਤੇ ਸਫਾਪੁਰਾ ਵਿੱਚ ਹੋਏ। ਉਥੇ ਹੀ ਮਾਤਾ ਵੈਸ਼ਨੋ ਦੇਵੀ ਵਿਖੇ ਵੀ ਡਰੋਨ ਹਮਲਾ ਹੋਇਆ।




**ਰਾਜੌਰੀ 'ਚ ਬਲੈਕਆਊਟ:** ਸ਼ੁਰੂਆਤੀ ਜਾਣਕਾਰੀ ਅਨੁਸਾਰ ਰਾਜੌਰੀ ਵਿੱਚ ਪੂਰੀ ਤਰ੍ਹਾਂ ਬਲੈਕਆਊਟ ਹੋ ਗਿਆ। ਕਾਨਾਚਕ ਸੈਕਟਰ ਤੋਂ ਮਢ ਵਿੱਚ ਅਸਮਾਨ ਵਿੱਚ ਤਿੰਨ ਡਰੋਨ ਦੇਖੇ ਗਏ। ਭਾਰਤੀ ਫੌਜ ਨੇ ਪਾਕਿਸਤਾਨ ਦੀ ਇਸ ਹਿਮਾਕਤ ਦਾ ਮੂੰਹ-ਤੋੜ ਜਵਾਬ ਦਿੱਤਾ।

**ਜੋਧਪੁਰ ਅਤੇ ਜੈਸਲਮੇਰ 'ਚ ਬਲੈਕਆਊਟ ਜਾਰੀ:** ਦੂਜੇ ਪਾਸੇ ਰਾਜਸਥਾਨ ਦੇ ਜੋਧਪੁਰ ਅਤੇ ਜੈਸਲਮੇਰ 'ਚ ਬਲੈਕਆਊਟ ਜਾਰੀ ਰਹੇਗਾ।

### ਉਮਰ ਨੇ ਪਾਕਿ ਦੀ ਨਾਪਾਕ ਹਰਕਤ 'ਤੇ ਚੁੱਕੇ ਸਵਾਲ

ਸ੍ਰੀਨਗਰ, 10 ਮਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਪਾਕਿਸਤਾਨ ਦੀ ਇਸ ਨਾਪਾਕ ਹਰਕਤ ਤੋਂ ਹੈਰਾਨ ਹਨ। ਦਰਅਸਲ, 7 ਮਈ ਤੋਂ ਚੱਲ ਰਹੇ ਤਣਾਅ ਤੋਂ ਬਾਅਦ, ਸ਼ਨੀਵਾਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਲਾਗੂ ਕਰ ਦਿੱਤੀ ਗਈ ਸੀ, ਪਰ ਪਾਕਿਸਤਾਨ ਨੇ ਫਿਰ ਤੋਂ ਨਾਪਾਕ ਹਰਕਤ ਦਿਖਾਉਂਦੇ ਹੋਏ ਜੰਗਬੰਦੀ ਦੀ ਉਲੰਘਣਾ ਕੀਤੀ।ਉਮਰ ਅਬਦੁੱਲਾ ਨੇ ਐਕਸ 'ਤੇ ਇੱਕ ਪੋਸਟ ਸਾਂਝੀ ਕੀਤੀ ਅਤੇ ਪਾਕਿਸਤਾਨ ਦੀਆਂ ਕਾਰਵਾਈਆਂ 'ਤੇ ਸਵਾਲ ਖੜ੍ਹੇ ਕੀਤੇ। ਉਸਨੇ ਲਿਖਿਆ - ਜੰਗਬੰਦੀ ਦਾ ਕੀ ਹੋਇਆ? ਸ੍ਰੀਨਗਰ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ!!!

*ਟਰੰਪ ਨੇ ਕੀਤੀ ਵਿਚੋਲਗੀ*

# ਭਾਰਤ-ਪਾਕਿ ਜੰਗਬੰਦੀ ਲਈ ਸਹਿਮਤ

## ਦੋਵੇਂ ਦੇਸ਼ਾਂ ਦੇ ਡੀ.ਜੀ.ਐਮ.ਓ. ਭਲਕੇ ਨੂੰ ਦੁਪਹਿਰ 12 ਵਜੇ ਮੁੜ ਗੱਲਬਾਤ ਕਰਨਗੇ: ਵਿਦੇਸ਼ ਸਕੱਤਰ

**ਚੜ੍ਹਦੀਕਲਾ ਬਿਊਰੋ**

================

ਵਾਸ਼ਿੰਗਟਨ/ਨਵੀਂ ਦਿੱਲੀ, 10 ਮਈ : ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਹੋ ਗਈ ਹੈ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅੱਜ ਸ਼ਾਮ 6 ਵਜੇ ਦੱਸਿਆ ਕਿ ਜੰਗਬੰਦੀ ਸ਼ਾਮ 5 ਵਜੇ ਤੋਂ ਲਾਗੂ ਹੋ ਗਈ ਹੈ।

ਉਨ੍ਹਾਂ ਨੇ ਦੱਸਿਆ ਕਿ ਹੁਣ ਦੋਵੇਂ ਦੇਸ਼, ਅਕਾਸ਼, ਸਮੁੰਦਰ ਤੋਂ ਇਕ-ਦੂਜੇ 'ਤੇ ਹਮਲਾ ਨਹੀਂ ਕਰਨਗੇ। ਭਾਰਤ-ਪਾਕਿਸਤਾਨ ਦੇ ਡੀ.ਜੀ.ਐਮ.ਓ.12 ਮਈ ਨੂੰ ਦੁਪਹਿਰ 12 ਵਜੇ ਗੱਲਬਾਤ ਕਰਨਗੇ।

ਜੰਗਬੰਦੀ ਦੇ ਲਈ ਅਮਰੀਕਾ ਨੇ ਵਿਚੋਲਗੀ ਕੀਤੀ। ਸ਼ਨੀਵਾਰ ਸ਼ਾਮ 5.30 ਵਜੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਜਾਣਕਾਰੀ ਦਿੱਤੀ। ਟਰੰਪ ਨੇ ਕਿਹਾ ਕਿ ਬੀਤੀ ਰਾਤ ਅਮਰੀਕਾ ਦੀ ਵਿਚਲੋਗੀ ਵਿੱਚ ਚਲੀ ਲੰਬੀ ਗੱਲਬਾਤ ਦੇ ਬਾਅਦ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਤੇ ਪਾਕਿਸਤਾਨ ਤੁਰੰਤ ਪੂਰੀ ਤਰ੍ਹਾਂ ਯੁੱਧਬੰਦੀ ਦੇ ਲਈ ਤਿਆਰ ਹੋ ਗਏ ਹਨ। ਮੈਂ ਦੋਨੋਂ ਦੇਸ਼ਾਂ ਨੂੰ ਕਾਮਨਸੈਂਸ, ਸਮਝਦਾਰੀ ਨਾਲ ਭਰਿਆ ਫ਼ੈਸਲਾ ਲੈਣ ਲਈ ਵਧਾਈ ਦਿੰਦਾ ਹਾਂ।




**ਕਿਸੇ ਵੀ ਅਤਿਵਾਦੀ ਕਾਰੇ ਨੂੰ ਭਾਰਤ ਵਿਰੁੱਧ 'ਜੰਗ ਦੀ ਕਾਰਵਾਈ' ਮੰਨਿਆ ਜਾਵੇਗਾ :** ਪਾਕਿਸਤਾਨ ਦੇ ਹਮਲਿਆਂ ਦੀਆਂ ਅਸਫਲ ਕੋਸ਼ਿਸ਼ਾਂ ਦੇ ਵਿਚਕਾਰ ਭਾਰਤ ਸਰਕਾਰ ਨੇ ਸ਼ਨੀਵਾਰ (10 ਮਈ, 2025) ਨੂੰ ਇੱਕ ਵੱਡਾ ਫੈਸਲਾ ਲਿਆ ਹੈ। ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ਼ ਦਿੰਦੇ ਹੋਏ ਕਿਹਾ ਗਿਆ ਹੈ ਕਿ ਜੇਕਰ ਭਾਰਤ ਵਿੱਚ ਕੋਈ ਅੱਤਵਾਦੀ ਹਮਲਾ ਹੁੰਦਾ ਹੈ ਤਾਂ ਇਸਨੂੰ ਜੰਗ ਮੰਨਿਆ ਜਾਵੇਗਾ। ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਭਵਿੱਖ ਵਿੱਚ ਕਿਸੇ ਵੀ ਅੱਤਵਾਦੀ ਕਾਰਵਾਈ ਨੂੰ ਭਾਰਤ ਵਿਰੁੱਧ ਜੰਗ ਮੰਨਿਆ ਜਾਵੇਗਾ। ਇਸ ਦੇ ਨਾਲ ਹੀ ਅਜਿਹੀ ਕਿਸੇ ਵੀ ਕਾਰਵਾਈ ਦਾ ਉਸ ਅਨੁਸਾਰ ਜਵਾਬ ਦਿੱਤਾ ਜਾਵੇਗਾ।

ਸਰਕਾਰ ਦੇ ਫੈਸਲੇ ਤੋਂ ਇਹ ਸਪੱਸ਼ਟ ਹੈ ਕਿ ਜੇਕਰ ਪਾਕਿਸਤਾਨ ਵੱਲੋਂ ਭਾਰਤ ਵਿੱਚ ਕਿਸੇ ਵੀ ਤਰ੍ਹਾਂ ਦਾ ਅੱਤਵਾਦੀ ਹਮਲਾ ਕੀਤਾ ਜਾਂਦਾ ਹੈ, ਤਾਂ ਇਸਨੂੰ ਜੰਗ ਮੰਨਿਆ ਜਾਵੇਗਾ ਅਤੇ ਉਸੇ ਭਾਸ਼ਾ ਵਿੱਚ ਜਵਾਬ ਦਿੱਤਾ ਜਾਵੇਗਾ। 22 ਅਪ੍ਰੈਲ, 2025 ਨੂੰ ਪਹਿਲਗਾਮ ਅੱਤਵਾਦੀ ਹਮਲੇ ਵਿੱਚ, ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਸਮੂਹ, ਟੀਆਰਐਫ ਦੇ ਅੱਤਵਾਦੀਆਂ ਨੇ 26 ਲੋਕਾਂ ਨੂੰ ਉਨ੍ਹਾਂ ਦਾ ਧਰਮ ਪੁੱਛਣ ਤੋਂ ਬਾਅਦ ਮਾਰ ਦਿੱਤਾ। ਇਸ ਹਮਲੇ ਤੋਂ ਬਾਅਦ ਦੇਸ਼ ਭਰ ਵਿੱਚ ਪਾਕਿਸਤਾਨ ਵਿਰੁੱਧ ਗੁੱਸਾ ਸਿਖਰ 'ਤੇ ਪਹੁੰਚ ਗਿਆ। ਭਾਰਤੀ ਫੌਜ ਨੇ ਸ਼ਨੀਵਾਰ ਨੂੰ ਕਿਹਾ ਕਿ ਉਸਨੇ ਡਰੋਨ, ਲੰਬੀ ਦੂਰੀ ਦੇ ਹਥਿਆਰਾਂ ਅਤੇ ਲੜਾਕੂ ਜਹਾਜ਼ਾਂ ਦੀ ਵਰਤੋਂ ਕਰਕੇ ਪੱਛਮੀ ਸਰਹੱਦ ਦੇ ਨਾਲ ਹੋਰ ਖੇਤਰਾਂ ਅਤੇ ਫੌਜੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਖਤਰੇ ਪੈਦਾ ਕਰਨ ਦੀ ਪਾਕਿਸਤਾਨ ਦੀ ਭੜਕਾਊ ਕਾਰਵਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰ ਦਿੱਤਾ ਹੈ। ਭਾਰਤੀ ਫੌਜ ਨੇ ਕਿਹਾ ਕਿ ਪਾਕਿਸਤਾਨ ਆਪਣੀਆਂ ਫੌਜਾਂ ਨੂੰ ਸਰਹੱਦੀ ਇਲਾਕਿਆਂ ਵਿੱਚ ਭੇਜ ਰਿਹਾ ਹੈ ਜੋ ਸਥਿਤੀ ਨੂੰ ਹੋਰ ਵਿਗੜਨ ਦੇ 'ਹਮਲਾਵਰ ਇਰਾਦੇ' ਨੂੰ ਦਰਸਾਉਂਦਾ ਹੈ। ਫੌਜ ਨੇ ਅੱਗੇ ਕਿਹਾ ਕਿ ਉਹ ਪੂਰੀ ਤਰ੍ਹਾਂ ਤਿਆਰ ਹੈ।

ਇੱਕ ਵੱਡੇ ਫੌਜੀ ਟਕਰਾਅ ਦੇ ਡਰ ਦੇ ਵਿਚਕਾਰ, ਫੌਜੀ ਬੁਲਾਰੇ ਕਰਨਲ ਸੋਫੀਆ ਕੁਰੈਸ਼ੀ ਨੇ (ਬਾਕੀ ਸਫਾ 2 'ਤੇ)

# ਭਾਰਤ ਨੇ ਪਾਕਿਸਤਾਨ ਦੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ



**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 10 ਮਈ :ਪਾਕਿਸਤਾਨੀ ਡਰੋਨਾਂ ਵੱਲੋਂ ਬੀਤੀ ਰਾਤ ਪੱਛਮੀ ਫਰੰਟ ਦੇ ਨਾਲ-ਨਾਲ 26 ਥਾਵਾਂ 'ਤੇ ਘੁਸਪੈਠ ਮਗਰੋਂ ਭਾਰਤੀ ਹਥਿਆਰਬੰਦ ਬਲਾਂ ਨੇ ਸ਼ਨਿੱਚਰਵਾਰ ਵੱਡੇ ਤੜਕੇ ਪਾਕਿਸਤਾਨ ਵਿੱਚ ਕਰੀਬ ਅੱਧੀ ਦਰਜਨ ਥਾਵਾਂ 'ਤੇ ਫੌਜੀ ਟਿਕਾਣਿਆਂ ਨੂੰ ਤਬਾਹ ਕੀਤਾ ਹੈ। ਇਨ੍ਹਾਂ ਹਮਲਿਆਂ ਨਾਲ ਪਾਕਿਸਤਾਨ ਦੀ ਹਵਾਈ ਨਿਗਰਾਨੀ ਅਤੇ ਹਮਲਾ ਪ੍ਰਣਾਲੀ ਪ੍ਰਭਾਵਿਤ ਹੋਈ ਹੈ। ਇਸ ਤੋਂ ਪਹਿਲਾਂ ਅੱਜ ਸਵੇਰੇ ਪਾਕਿਸਤਾਨੀ ਫੌਜ ਨੇ ਦਾਅਵਾ ਕੀਤਾ ਹੈ ਕਿ ਧਮਾਕੇ ਤਿੰਨ ਹਵਾਈ ਫੌਜ ਦੇ ਟਿਕਾਣਿਆਂ 'ਤੇ ਹੋਏ ਹਨ, ਜਿਨ੍ਹਾਂ ਵਿੱਚ ਰਾਵਲਪਿੰਡੀ ਵਿੱਚ ਨੂਰ ਖਾਨ ਏਅਰ ਬੇਸ ਵੀ ਸ਼ਾਮਲ ਹੈ, ਜੋ ਕਿ ਇਸਲਾਮਾਬਾਦ ਤੋਂ 10 ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਅਤੇ ਦੇਸ਼ ਦੇ ਫੌਜੀ ਹੈੱਡਕੁਆਰਟਰ ਦੇ ਨਾਲ ਲੱਗਦੀ ਮੁੱਖ ਜਗ੍ਹਾ ਹੈ। ਕੇਂਦਰ ਸਰਕਾਰ ਨੇ 'ਆਪ੍ਰੇਸ਼ਨ ਸਿੰਦੂਰ' ਨੂੰ ਲੈ ਕੇ ਕੀਤੀ ਵਿਸ਼ੇਸ਼ ਬ੍ਰੀਫਿੰਗ ਦੌਰਾਨ ਕਿਹਾ ਕਿ ਪਾਕਿਸਤਾਨ ਨੇ ਸ਼ੁੱਕਰਵਾਰ ਰਾਤ ਨੂੰ ਊਧਮਪੁਰ, ਪਠਾਨਕੋਟ ਤੇ ਬਠਿੰਡਾ ਸਣੇ ਹੋਰਨਾਂ ਹਵਾਈ ਬੇਸਾਂ ਨੂੰ ਨਿਸ਼ਾਨਾ ਬਣਾਇਆ। ਬ੍ਰੀਫਿੰਗ ਵਿਚ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਥਲ ਸੈਨਾ ਦੀ ਕਰਨਲ ਸੋਫੀਆ ਕੁਰੈਸ਼ੀ ਤੇ ਹਵਾਈ ਸੈਨਾ ਦੀ ਵਿੰਗ ਕਮਾਂਡਰ ਵਿਓਮਿਕਾ ਸਿੰਘ ਮੌਜੂਦ ਸਨ। ਕਰਨਲ ਸੋਫੀਆ ਨੇ ਕਿਹਾ ਕਿ ਪਾਕਿਸਤਾਨ ਨੇ ਡਰੋਨਾਂ ਤੇ ਹੋਰ ਅਤਿਆਧੁਨਿਕ ਹਥਿਆਰਾਂ ਨਾਲ ਭਾਰਤ ਦੇ ਪੱਛਮੀ ਫਰੰਟ ਨੂੰ ਨਿਸ਼ਾਨਾ ਬਣਾਇਆ। ਕੁੱਲ ਮਿਲਾ ਕੇ 26 ਭਾਰਤੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ (ਬਾਕੀ ਸਫਾ 2 'ਤੇ)

*ਮੁੱਖ ਮੰਤਰੀ ਦਾ ਵੱਡਾ ਬਿਆਨ*

# ਜੰਮੂ-ਕਸ਼ਮੀਰ ਦੀ ਤਰਜ਼ 'ਤੇ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਵੇ ਕੇਂਦਰ: ਮਾਨ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 10 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਨੂੰ ਵਿਸ਼ੇਸ਼ ਪੈਕੇਜ ਅਤੇ ਭਾਰੀ ਟੈਕਸਾਂ ਤੋਂ ਰਾਹਤ ਦੇਣ ਸਬੰਧੀ ਕੇਸ ਨੂੰ ਜ਼ੋਰਦਾਰ ਢੰਗ ਨਾਲ ਰੱਖਦਿਆਂ ਕਿਹਾ ਕਿ ਹਮੇਸ਼ਾ ਸਰਹੱਦ ਪਾਰੋਂ ਜੰਗ ਦੇ ਜ਼ਖ਼ਮਾਂ ਨੂੰ ਸਭ ਤੋਂ ਪਹਿਲਾਂ ਆਪਣੇ ਸੀਨੇ 'ਤੇ ਝੱਲਣ ਵਾਲਾ ਪੰਜਾਬ ਇਨ੍ਹਾਂ ਹੱਕੀ ਮੰਗਾਂ ਦਾ ਹੱਕਦਾਰ ਹੈ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਬੁਲਾਈ ਗਈ ਸਰਬ ਪਾਰਟੀ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਇਹ ਜੰਗ ਹੋਵੇ ਜਾਂ ਕੋਈ ਹੋਰ ਔਖੀ ਘੜੀ, ਪੰਜਾਬ ਅਤੇ ਪੰਜਾਬੀ ਹਮੇਸ਼ਾ ਸਭ ਤੋਂ ਅੱਗੇ ਰਹਿੰਦੇ ਹਨ।

ਉਨ੍ਹਾਂ ਕਿਹਾ ਕਿ ਹਰ ਜੰਗ ਅਤੇ ਤਣਾਅ ਵਾਲੇ ਮਾਹੌਲ ਦੌਰਾਨ ਹਮੇਸ਼ਾ ਪੰਜਾਬ ਨੂੰ ਸੇਕ ਝੱਲਣਾ ਪੈਂਦਾ ਹੈ ਅਤੇ ਇਸ ਲਈ ਸੂਬੇ ਨੂੰ ਇਸ ਵਡਮੁੱਲੇ ਯੋਗਦਾਨ ਲਈ ਵਿਸ਼ੇਸ਼ ਤਵੱਜੋ ਮਿਲਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਸਾਰੀਆਂ ਧਿਰਾਂ ਨੂੰ ਇਸ ਨੇਕ ਕਾਰਜ ਲਈ ਸਾਂਝੇ ਯਤਨ ਕਰਨ ਦਾ ਸੱਦਾ ਦਿੱਤਾ ਤਾਂ ਜੋ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਹ ਮੁੱਦਾ ਭਾਰਤ ਸਰਕਾਰ ਕੋਲ ਉਠਾਇਆ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦਾ (ਬਾਕੀ ਸਫਾ 2 'ਤੇ)

### ਜੰਮੂ: ਪਾਕਿਸਤਾਨੀ ਗੋਲ਼ੀਬਾਰੀ 'ਚ ਬੀ.ਐਸ.ਐਫ. ਦੇ 8 ਜਵਾਨ ਜ਼ਖ਼ਮੀ

ਨਵੀਂ ਦਿੱਲੀ/ਜੰਮੂ, 10 ਮਈ (ਚੜ੍ਹਦੀਕਲਾ ਬਿਊਰੋ): ਸ਼ਨਿਚਰਵਾਰ ਨੂੰ ਜੰਮੂ ਵਿਚ ਅੰਤਰਰਾਸ਼ਟਰੀ ਸਰਹੱਦ (ਆਈਬੀ) ਦੇ ਨਾਲ ਪਾਕਿਸਤਾਨੀ ਗੋਲਾਬਾਰੀ ਵਿਚ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੇ ਅੱਠ ਜਵਾਨ ਜ਼ਖਮੀ ਹੋ ਗਏ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਆਰਐੱਸ ਪੁਰਾ ਸੈਕਟਰ ਵਿੱਚ ਵਾਪਰੀ ਹੈ। ਉਨ੍ਹਾਂ ਦੱਸਿਆ ਕਿ ਫੌਜੀਆਂ ਨੂੰ ਨੇੜਲੀ ਫੌਜੀ ਮੈਡੀਕਲ ਸਹੂਲਤ ਵਿਚ ਲਿਜਾਇਆ ਗਿਆ ਹੈ। ਜ਼ਿਕਰਯੋਗ ਹੈ (ਬਾਕੀ ਸਫਾ 2 'ਤੇ)

# ਜੰਮੂ 'ਚ ਪਾਕਿ ਗੋਲ਼ੀਬਾਰੀ 'ਚ ਏ.ਡੀ.ਸੀ. ਤੇ ਦੋ ਸਾਲਾ ਬੱਚੀ ਸਣੇ ਪੰਜ ਹਲਾਕ

**ਚੜ੍ਹਦੀਕਲਾ ਬਿਊਰੋ**

================



ਜੰਮੂ, 10 ਮਈ : ਪਾਕਿਸਤਾਨ ਵੱਲੋਂ ਸ਼ਨਿੱਚਰਵਾਰ ਤੜਕੇ ਜੰਮੂ ਖੇਤਰ ਵਿੱਚ ਦਾਗੇ ਮੋਰਟਾਰ ਗੋਲਿਆਂ ਅਤੇ ਡਰੋਨ ਹਮਲਿਆਂ ਵਿੱਚ ਜੰਮੂ-ਕਸ਼ਮੀਰ ਦੇ ਸੀਨੀਅਰ ਸਰਕਾਰੀ ਅਧਿਕਾਰੀ ਤੇ ਦੋ ਸਾਲਾ ਬੱਚੀ ਸਣੇ ਪੰਜ ਵਿਅਕਤੀ ਮਾਰੇ ਗਏ।

ਅਧਿਕਾਰੀਆਂ ਨੇ ਕਿਹਾ ਕਿ ਵਧੀਕ ਡਿਪਟੀ ਕਮਿਸ਼ਨਰ ਰਾਜੌਰੀ ਰਾਜ ਕੁਮਾਰ ਥਾਪਾ ਤੇ ਉਨ੍ਹਾਂ ਦੇ ਦੋ ਸਟਾਫ਼ ਮੈਂਬਰ ਰਾਜੌਰੀ ਕਸਬੇ ਵਿਚ ਘਰ ਉੱਤੇ ਡਿੱਗੇ ਗੋਲੇ ਕਰਕੇ ਗੰਭੀਰ ਜ਼ਖ਼ਮੀ ਹੋ ਗਏ। ਤਿੰਨਾਂ ਨੂੰ ਫੌਰੀ ਸਰਕਾਰੀ ਮੈਡੀਕਲ ਕਾਲਜ ਲਿਆਂਦਾ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਥਾਪਾ ਦੀ ਮੌਤ ਹੋ ਗਈ ਜਦੋਂਕਿ ਉਨ੍ਹਾਂ ਦੇ ਸਟਾਫ ਮੈਂਬਰਾਂ ਦੀ ਹਾਲਤ ਗੰਭੀਰ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਥਾਪਾ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਸੰਵੇਦਨਾਵਾਂ ਜ਼ਾਹਿਰ ਕੀਤੀਆਂ ਹਨ। ਅਬਦੁੱਲਾ ਨੇ ਐਕਸ 'ਤੇ ਇਕ ਪੋਸਟ (ਬਾਕੀ ਸਫਾ 2 'ਤੇ)

# ਪਾਕਿ ਵੱਲੋਂ ਬਣਾਇਆ ਗਿਆ ਪੰਜਾਬ ਨੂੰ ਨਿਸ਼ਾਨਾ

## ਰਾਤ ਭਰ ਵੱਖ-ਵੱਖ ਸਥਾਨਾਂ 'ਤੇ ਡਰੋਨ ਦੇ ਟੁਕੜੇ ਡਿੱਗੇ



**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 10 ਮਈ :ਭਾਰਤ-ਪਾਕਿਸਤਾਨ ਦੇ ਚੱਲ ਰਹੇ ਟਕਰਾਓ ਦੌਰਾਨ ਪਾਕਿਸਤਾਨ ਵੱਲੋਂ ਲਗਾਤਾਰ ਹੋ ਰਹੇ ਹਮਲਿਆਂ ਦੌਰਾਨ ਪੰਜਾਬ ਉੱਤੇ ਕਈ ਹਮਲੇ ਹੋਏ। ਇਨ੍ਹਾਂ ਹਮਲਿਆਂ ਦੌਰਾਨ ਪੰਜਾਬ ਦੇ ਨਾ ਸਿਰਫ਼ ਸਰਹੱਦੀ ਜ਼ਿਲ੍ਹਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਬਲਕਿ ਦੁਸ਼ਮਣ ਮੁਲਕ ਦੇ ਡਰੋਨ ਜਾਂ ਮਿਜ਼ਾਈਲਾਂ ਦੇ ਟੁਕੜੇ ਦੂਜੇ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਵੀ ਦੇਖਣ ਨੂੰ ਮਿਲ ਰਹੇ ਹਨ। ਜਿੱਥੇ ਵੀ ਇਹ ਟੁਕੜੇ ਡਿੱਗ ਰਹੇ ਹਨ ਉੱਥੇ ਕਈ ਥਾਵਾਂ ਉੱਤੇ ਵੱਡੇ ਟੋਏ ਵੀ ਹੋਏ ਹਨ। ਇਨ੍ਹਾਂ ਕਾਰਨ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ ਪਰ ਫ਼ਿਰੋਜ਼ਪੁਰ ਵਿਖੇ ਇਨ੍ਹਾਂ ਟੁਕੜਿਆਂ ਕਾਰਨ ਘਰ ਨੂੰ ਅੱਗ ਜ਼ਰੂਰ ਲੱਗੀ ਤੇ ਕੁਝ ਲੋਕ ਜ਼ਖ਼ਮੀ ਵੀ ਹੋਏ। ਇਸ ਸਭ ਨੂੰ ਦੇਖਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਮਿਜ਼ਾਈਲ ਜਾਂ ਡਰੋਨ ਦੇ ਟੁਕੜਿਆਂ ਨੂੰ ਦੇਖ ਕੇ ਲੋਕ ਉਨ੍ਹਾਂ ਦੁਆਲੇ ਇਕੱਠੇ ਨਾ ਹੋਣ ਕਿਉਂਕਿ (ਬਾਕੀ ਸਫਾ 2 'ਤੇ)

*ਭਾਈ ਰਾਜੋਆਣਾ ਦੀ ਪਟੀਸ਼ਨ ਦਾ ਮਾਮਲਾ*

# ਸ਼੍ਰੋਮਣੀ ਕਮੇਟੀ ਵੱਲੋਂ ਫ਼ੈਡਰੇਸ਼ਨਾਂ, ਵਿਦਵਾਨਾਂ ਤੇ ਜੁਝਾਰੂ ਜਥੇਬੰਦੀਆਂ ਨਾਲ ਇਕੱਤਰਤਾ



**ਰੁਪਾਣਾ**

================

ਪਟਿਆਲਾ , 10 ਮਈ : ਕੇਂਦਰੀ ਜੇਲ੍ਹ ਪਟਿਆਲਾ 'ਚ ਨਜ਼ਰਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਮਰਸੀ ਪਟੀਸ਼ਨ 'ਤੇ ਜਲਦੀ ਨੁਮਾਇੰਦਾ ਇਕੱਠ ਸਦਕੇ ਇਤਿਹਾਸਕ ਫ਼ੈਸਲਾ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਵਿਚ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਰੱਖੀ ਸਿੱਖ ਸਟੂਡੈਂਟਸ ਫੈਡਰੇਸ਼ਨਾਂ, ਸਿੱਖ ਵਿਦਵਾਨਾਂ ਤੇ ਜੁਝਾਰੂ ਜਥੇਬੰਦੀਆਂ ਨਾਲ ਵਿਸ਼ੇਸ਼ ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। (ਬਾਕੀ ਸਫਾ 2 'ਤੇ)

# ਕਾਂਗਰਸ ਵੱਲੋਂ ਸਰਬ ਪਾਰਟੀ ਮੀਟਿੰਗ ਤੇ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ

ਨਵੀਂ ਦਿੱਲੀ, 10 ਮਈ (ਚੜ੍ਹਦੀਕਲਾ ਬਿਊਰੋ): ਭਾਰਤ ਅਤੇ ਪਾਕਿਸਤਾਨ ਵਿਚਕਾਰ ਤੁਰੰਤ ਜੰਗਬੰਦੀ ਲਈ ਸਹਿਮਤੀ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਪਾਰਟੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ ਸਰਬ ਪਾਰਟੀ ਮੀਟਿੰਗ ਦੀ ਪ੍ਰਧਾਨਗੀ ਕਰਨ ਅਤੇ ਸਿਆਸੀ ਪਾਰਟੀਆਂ ਨੂੰ ਭਰੋਸੇ ਵਿਚ ਲੈਣ ਤਾਂ ਜੋ ਸੰਕਟ ਦੇ ਇਸ ਸਮੇਂ ਵਿਚ ਰਾਸ਼ਟਰੀ ਹਿੱਤਾਂ ਦੀ ਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਵਿਰੋਧੀ ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਸਰਕਾਰ ਵੱਲੋਂ ਪਿਛਲੇ 18 ਦਿਨਾਂ ਦੀਆਂ ਘਟਨਾਵਾਂ 'ਤੇ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਇਸ ਸਬੰਧੀ ਕਾਂਗਰਸ ਦੇ (ਬਾਕੀ ਸਫਾ 2 'ਤੇ)









# ਏਕ ਤਖ਼ਤੀ ਅਮਨ ਕੇ ਪੈਗ਼ਾਮ ਕੀ !

**ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ**

================

ਨਵੀਂ ਦਿੱਲੀ, 10 ਮਈ :ਭਾਰਤ ਤੇ ਪਾਕਿਸਤਾਨ ਵਿੱਚ ਸੀਜ਼ਫਾਇਰ ਜੇ ਅਮਨ ਦਾ ਸੁਨੇਹਾ ਬਣ ਜਾਵੇ ਤਾਂ ਅਜੇ ਵੀ ਚਿਹਰਿਆਂ 'ਤੇ ਮੁਸਕਰਾਹਟ ਆ ਸਕਦੀ ਹੈ। ਇਹ ਮੁਮਕਿਨ ਹੈ ਮਨੁੱਖੀ ਜ਼ਿੰਦਗੀ ਨੂੰ ਜਿਉਂਦਾ ਰੱਖਣ ਵਾਸਤੇ ਜਿੱਤ ਹਾਰ ਦਾ ਮਸਲਾ ਬਾਅਦ ਵਿੱਚ ਹੈ ਪਰ ਆਦਮੀ ਦੀ ਨਸਲ ਨੂੰ ਬਚਾਉਣਾ ਅਤੇ ਭਵਿੱਖ ਦੀਆਂ ਪੀੜੀਆਂ ਵਾਸਤੇ ਨਿਰੰਤਰ ਵਿਕਾਸ ਦੀਆਂ ਪੌੜੀਆਂ 'ਤੇ ਚਲਦੇ ਜਾਣਾ ਇਹੀ ਤਾਂ ਜ਼ਿੰਦਗੀ ਦਾ ਪੈਂਡਾ ਹੈ।

ਕਈ ਦਿਨਾਂ ਬਾਅਦ ਡਰੋਨ ਮਿਜ਼ਾਇਲਾਂ ਦੇ ਹਮਲੇ ਤੇ ਰਾਜਨੀਤੀ ਦੇ ਬੋਲਕਬੋਲ ਦੇ ਆਤੰਕੀ ਖ਼ੌਫ਼ ਤੋਂ ਬਾਅਦ ਅੰਤ ਵਿੱਚ ਸੀਜ਼ਫਾਇਰ 'ਤੇ ਸਹਿਮਤੀ ਹੋ ਗਈ ਹੈ। ਇਹ ਦੁਨੀਆਂ ਦੇ ਵਿੱਚ ਬਦਲਦੀ ਹੋਈ ਤਕਨੀਕ ਤੇ ਯੁੱਧ ਦੀ ਨਵੀਂ ਸਫ਼ਬੰਦੀ ਵਿੱਚ ਆਦਮੀ ਦਾ ਦੁਖਾਂਤ ਅਜੇ ਵੀ ਉਹੀ ਹੈ ਜੋ ਸਦੀਆਂ ਤੋਂ ਸੀ ਤੇ ਮਨਾਂ ਦੀਆਂ ਪੀੜਾਂ ਅਤੇ ਮੌਤ ਦਾ ਦਹਿਸ਼ਤੀ ਖੌਫ਼ਨਾਕ ਸਾਇਆ ਜਿਹੜਾ ਪਿਛਲੇ ਦਿਨਾਂ ਵਿੱਚ ਸਰਹੱਦਾਂ ਤੇ ਦੇਖਿਆ ਗਿਆ ਉਹ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਜਾ ਸਕਦਾ ਹੈ।

-ਪ੍ਰੰਤੂ ਅਜ਼ੀਜ਼ ਨਬੀਲ ਦਾ ਇਕ ਸ਼ੇਅਰ ਹੈ -

**ਏਕ ਤਖਤੀ ਅਮਨ ਕੇ ਪੈਗਾਮ ਕੀ**
**ਟਾਂਗ ਦੀਜੇ ਊਚੇ ਮੀਨਾਰੋਂ ਕੇ ਬੀਚ॥**

ਹੁਣ ਸਮਾਂ ਬਦਲ ਗਿਆ ਹੈ, ਪੁਸ਼ਤਾਂ ਬਦਲ ਜਾਂਦੀਆਂ ਹਨ ਪੀੜ੍ਹੀਆਂ ਬਦਲ ਜਾਂਦੀਆਂ ਹਨ। ਵਕਤ ਆਪਣੀ ਉਸ ਚਾਲ ਨਾਲ ਚਲਦਾ ਹੋਇਆ ਇਤਿਹਾਸ ਵਰਤਮਾਨ ਤੇ ਭਵਿੱਖ ਦੀ ਸੂਚਨਾ ਵਿੱਚ ਜੋ ਲਫਜ਼ ਸਿਰਜਦਾ ਹੈ ਉਹ ਆਦਮੀ ਦੀ ਹੋਣੀ ਦਾ ਦਰਸ਼ਨ ਹੋ ਜਾਂਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਜ਼ਿੰਦਾ ਰਹਿੰਦਾ ਹੈ।

ਮੁਹੱਬਤ ਦਾ ਪੈਗਾਮ ਅਤੇ ਦੋਸਤੀ ਆਦਮੀ ਦੇ ਜੀਣ ਵਾਸਤੇ ਅਮਨ ਸਕੂਨ ਦੀ ਸਥਿਤੀ ਹੈ। ਭਾਰਤ ਵਰਗਾ ਅਦਭੁੱਤ ਅਸਾਧਾਰਨ ਦੇਸ਼ ਜੇ ਰੰਗ ਰੁੱਤਾਂ ਤੇ ਗੰਗਾਜੁਮਨੀ ਤਹਿਜ਼ੀਬ ਦਾ ਇਕ ਲੰਬਾ ਇਤਿਹਾਸ ਹੈ ਜਿੱਥੇ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੀ ਹਰ ਰੋਜ਼ ਅਰਦਾਸ ਹੁੰਦੀ ਹੈ ਪਰੰਤੂ ਸਿਆਸਤ ਦੀਆਂ ਗੱਲਾਂ ਦੇ ਵਿੱਚ ਜਦੋਂ ਰਾਜਨੀਤੀ ਦੀਆਂ ਵੋਟਾਂ ਲਈ ਤੇ ਸੱਤਾ ਵਿੱਚ ਰਹਿਣ ਲਈ ਆਤੰਕ ਦੀ ਪੁਸ਼ਤਪਨਾਹੀ ਹੋਣ ਲੱਗ ਪਵੇ ਤਾਂ ਮਾਨਵੀ ਰਿਸ਼ਤਿਆਂ ਦੀ ਕਹਾਣੀ 26/11 ਅਤੇ ਮੁੰਬਈ ਹਮਲਿਆਂ ਤੋਂ ਬਾਅਦ ਪਹਿਲਗਾਮ ਦੇ ਨਰਸੰਹਾਰ ਦੀ ਇੱਕ ਉਹ ਦਰਦਨਾਕ ਘਟਨਾ ਦਾ ਰੂਪ ਲੈ ਲੈਂਦੀ ਹੈ ਜਿਸ ਵਿੱਚ ਜ਼ਿੰਦਗੀ ਦਹਿਸ਼ਤ ਦੇ ਖੌਫ਼ਨਾਕ ਪਲਾਂ ਵਿੱਚ ਮੁਰਝਾ ਜਾਂਦੀ ਹੈ।

ਕਦੀ ਸਾਹਿਰ ਲੁਧਿਆਣਵੀ ਨੇ ਲਿਖਿਆ ਸੀ

**ਜੰਗ ਤੋਂ ਖ਼ੁਦ ਹੀ ਇਕ ਮਸਅਲਾ ਹੈ**
**ਜੰਗ ਕਿਆ ਮਸਅਲੋਂ ਕਾ ਹਲ ਦੇਗੀ।**

ਸਚਮੁੱਚ ਭਾਰਤ-ਪਾਕਿਸਤਾਨ ਦੇ ਵਿੱਚ ਜਿਸ ਤਰਾਂ ਦੀ ਕੁੜੱਤਣ ਅਤੇ ਪਿਛਲੇ 75 ਸਾਲਾਂ ਤੋਂ ਜੰਗ ਦਾ ਮਾਹੌਲ ਰਿਹਾ ਹੈ ਉਸਨੇ ਮਾਨਵੀ ਰਿਸ਼ਤਿਆਂ ਵਿਸ਼ੇਸ਼ ਕਰ ਪੰਜਾਬ, ਰਾਜਸਥਾਨ ਅਤੇ ਕਸ਼ਮੀਰ ਵਿੱਚ ਰਹਿੰਦੇ ਹੋਏ ਸਰਹੱਦ ਦੇ ਇਧਰ ਉਧਰ ਦੁਖਾਂਤ ਦੀਆਂ ਗਹਿਰੀਆਂ ਪਰਤਾਂ ਦੇ ਵਿੱਚ ਇਨਸਾਨੀ ਰਿਸ਼ਤਿਆਂ ਦਾ ਮੋਹ ਅਜੇ ਵੀ ਸ਼ਾਇਦ ਬਾਕੀ ਹੈ। ਇਹ ਇਤਿਹਾਸ ਹੈ ਅਤੇ ਪਿਛਲੇ ਦਿਨਾਂ ਵਿੱਚ ਵਰਤੀਆਂ ਸੀਮਾਵਾਂ ਤੇ ਇਹ ਘਟਨਾਵਾਂ ਵੀ ਇਤਿਹਾਸ ਵਿੱਚ ਦਰਜ ਹੋ ਜਾਣਗੀਆਂ ਪ੍ਰੰਤੂ ਸੱਚਾਈ ਇਹ ਹੈ ਕਿ ਆਦਮੀ ਦੇ ਅੱਗੇ ਵਧਣ ਅਤੇ ਅਮਨ ਦੀ ਤਲਾਸ਼ ਵਿੱਚ ਹਰ ਨਵੀਂ ਸੁਬਾਹ ਨਵੀਂ ਜ਼ਿੰਦਗੀ ਦੇ ਇੱਕ ਨਵੀਂ ਬਿੰਦਰਤ ਨੂੰ ਸ਼ਾਹ ਨੂੰ ਦੇਖਣ ਦੀ ਉਮੀਦ ਹੈ।

ਇਹ ਜਿਉਣ ਦੀ ਲਾਲਸਾ ਹੈ ਤੇ ਆਦਮੀ ਦਾ ਜੀਵਨ ਜ਼ਿੰਦਗੀ ਤੇ ਉਸਦਾ ਪਹਿਲਾ ਹੱਕ ਹੈ ਤੇ ਫ਼ਿਰ ਦਹਿਸ਼ਤਗਰਦੀ ਦੇ ਇਸ ਦੌਰ ਵਿੱਚ ਇਹ ਸਭ ਕੁਝ ਕਿਉਂ?

ਇਹ ਆਤੰਕ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਦੁਨੀਆਂ ਅਮਨ ਦੀ ਹੈ ਤੇ ਇਸ ਤਰ੍ਹਾਂ ਦਾ ਕੰਮ ਜ਼ਿਆਦਾ ਦੇਰ ਚੱਲਦਾ ਨਹੀਂ ਹੈ। ਆਤੰਕ ਦਾ ਖ਼ਾਤਮਾ ਹੋਣਾ ਦੁਨੀਆ ਉੱਤੇ ਉਸ ਨਵੇਂ ਸੂਰਜ ਦੀ ਤਸਦੀਕ ਹੈ ਜੋ ਮਾਨਵੀ ਰਿਸ਼ਤਿਆਂ ਨੂੰ ਨਵਾਂ ਸਿਰਜਣ ਦਿੰਦਾ ਹੈ ਅਤੇ ਹਰ ਵਕਤ ਮੁਹੱਬਤ ਨਾਲ ਭਰਿਆ ਰਹਿੰਦਾ ਹੈ।

ਇਹ ਦੁਨੀਆਂ ਨਫ਼ਰਤੀ ਸਟੇਜਾਂ ਅਤੇ ਨਫ਼ਰਤ ਦੀ ਤਾਹਨੇ ਮਿਹਣਿਆਂ ਤੋਂ ਉੱਪਰ ਉੱਠਕੇ ਉਸ ਜਗ੍ਹਾ ਲਈ ਵੀ ਹੈ ਜਿਥੇ ਪਿਆਰ ਮੁਹੱਬਤ ਦੋਸਤੀ ਸੱਭਿਆਚਾਰ ਭਾਸ਼ਾ ਅਤੇ ਜ਼ਿੰਦਗੀ ਦੇ ਗੀਤ ਹਨ ਕਿ ਕਾਸ਼ ਅਸੀਂ ਇਹ ਗੀਤ ਜ਼ਿੰਦਾ ਰੱਖ ਸਕਾਂਗੇ। (ਬਾਕੀ ਸਫਾ 2 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਭਾਰਤ-ਪਾਕਿਸਤਾਨ 'ਚ ਜੰਗਬੰਦੀ ਦਾ ਸਵਾਗਤ

## ਖ਼ਿੱਤੇ ਨੂੰ ਜੰਗ ਨਹੀਂ, ਸ਼ਾਂਤੀ ਤੇ ਭਾਈਚਾਰਕ ਸਾਂਝ, 70 ਸਾਲਾਂ ਦੇ ਸਿੱਖ ਮਿਸਲ ਤੇ ਰਾਜ ਕਾਲ ਤੋਂ ਸਬਕ ਲੈ ਕੇ ਗਲਤੀਆਂ ਨਾ ਦਹੁਰਾਉਣ ਦੀ ਲੋੜ: ਜਥੇ. ਗੜਗੱਜ

ਅੰਮ੍ਰਿਤਸਰ , 10 ਮਈ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲੇ ਦਿਨ ਤੋਂ ਹੀ ਇਸ ਗੱਲ ਦੇ ਧਾਰਨੀ ਹਨ ਕਿ ਇਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਜੰਗ ਨਹੀਂ ਲੱਗਣੀ ਚਾਹੀਦੀ ਅਤੇ ਇਸ ਸਬੰਧੀ ਉਨ੍ਹਾਂ ਨੇ ਬੀਤੇ ਕੱਲ੍ਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਬੇਨਤੀ ਵੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਜੰਗਬੰਦੀ ਲਈ ਦੇਸ਼ ਅਤੇ ਵਿਦੇਸ਼ ਦੇ ਜਿਹੜੇ ਵੀ ਆਗੂਆਂ ਨੇ ਅਹਿਮ ਭੂਮਿਕਾ ਨਿਭਾਈ ਹੈ ਉਸਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਖ਼ਿੱਤੇ ਨੂੰ ਜੰਗ ਦੀ ਨਹੀਂ ਬਲਕਿ ਸ਼ਾਂਤੀ ਤੇ ਭਾਈਚਾਰਕ ਸਾਂਝ ਅਤੇ ਲਗਭਗ 70 ਸਾਲਾਂ ਦੇ ਸਿੱਖ ਮਿਸਲ ਤੇ ਰਾਜ ਕਾਲ ਤੋਂ ਸਬਕ ਲੈਣ ਦੀ ਲੋੜ ਹੈ ਨਾ ਕਿ ਬੀਤੇ ਵਿੱਚ ਹੋਈਆਂ ਗਲਤੀਆਂ ਨੂੰ ਦੁਹਰਾਉਣ ਦੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਹਮੇਸ਼ਾ ਹੀ ਜੁਲਮ ਅਤੇ ਅੱਤਿਆਚਾਰ ਦੇ ਖਿਲਾਫ਼ ਡਟ ਕੇ ਖੜ੍ਹਦੀ ਰਹੀ ਹੈ ਅਤੇ ਦੇਸ਼ ਦੀ ਰੱਖਿਆ ਲਈ ਵੀ ਸਿੱਖਾਂ ਦੀ ਭੂਮਿਕਾ ਮੋਹਰੀ ਹੈ। ਉਨ੍ਹਾਂ ਕਿਹਾ ਕਿ ਜੰਗ ਮਨੁੱਖਤਾ ਲਈ ਘਾਤਕ ਹੈ ਜਿਸ ਵਿੱਚ ਬੇਗੁਨਾਹਾਂ ਦੀਆਂ ਜਾਨਾਂ ਜਾਂਦੀਆਂ ਹਨ, ਇਸ ਲਈ ਦੋਵੇਂ ਧਿਰਾਂ ਨੂੰ ਹਰ ਮਸਲਾ ਗੱਲਬਾਤ ਰਾਹੀਂ ਹੀ ਹੱਲ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਵਿੱਚ ਪੰਜਾਬ ਰਾਜ ਭਵਨ ਵਿਖੇ ਸਥਿਤ ਗੁਰੂ ਨਾਨਕ ਦੇਵ ਆਡੀਟੋਰੀਅਮ ਵਿਖੇ ਸਰਵ ਧਰਮ ਬੈਠਕ ਬੁਲਾਈ ਸੀ, ਜਿਸ ਵਿੱਚ ਸ਼ਮੂਲੀਅਤ ਕਰਨ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਸੱਦਾ ਪੁੱਜਿਆ ਸੀ। ਜਥੇਦਾਰ ਗੜਗੱਜ ਨੇ ਇਸ ਬੈਠਕ ਵਿੱਚ ਜਸਕਰਨ ਸਿੰਘ ਮੀਡੀਆ ਸਲਾਹਕਾਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਤੌਰ ਨੁਮਾਇੰਦਾ ਭੇਜ ਕੇ ਆਪਣੇ ਵਿਚਾਰ ਰਾਜਪਾਲ ਪੰਜਾਬ ਨਾਲ ਸਾਂਝੇ ਕੀਤੇ।



ਪੰਜਾਬ ਰਾਜ ਭਵਨ ਵਿਖੇ ਬੈਠਕ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਹ ਵਿਚਾਰ ਰੱਖੇ ਗਏ ਕਿ ਪੰਜਾਬ ਲੜਾਈ ਦਾ ਜ਼ੋਨ ਨਹੀਂ ਬਣਨਾ ਚਾਹੀਦਾ, ਕਿਉਂਕਿ ਇੱਥੇ ਸਿੱਖਾਂ ਦੀ ਵਿਰਾਸਤ ਅਤੇ ਜਾਨ ਤੋਂ ਪਿਆਰੇ ਧਾਰਮਿਕ ਅਸਥਾਨ ਮੌਜੂਦ ਹਨ, ਜਿਨ੍ਹਾਂ ਦੀ ਸੁਰੱਖਿਆ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਖ਼ਾਸਕਰ ਸਿੱਖਾਂ ਤੇ ਹਿੰਦੂਆਂ ਨੇ ਸੰਨ 1947 ਤੋਂ ਲੈ ਕੇ ਹੁਣ ਤੱਕ ਬਹੁਤ ਵੱਡੇ ਨੁਕਸਾਨ ਝੱਲੇ ਹਨ। ਵੱਡੀ ਗਿਣਤੀ ਵਿੱਚ ਪਵਿੱਤਰ ਗੁਰਧਾਮ ਵੰਡ ਸਮੇਂ ਪਾਕਿਸਤਾਨ ਵਾਲੇ ਪਾਸੇ ਰਹਿ ਗਏ ਜਿਨ੍ਹਾਂ ਦੇ ਦਰਸ਼ਨਾਂ ਲਈ ਹਰ ਸਿੱਖ ਡੂੰਘੀ ਤਾਂਘ ਰੱਖਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਹਿੰਦੂ ਮੰਦਰ ਵੀ ਉਸ ਪਾਸੇ ਰਹਿ ਗਏ ਸਨ।

ਉਨ੍ਹਾਂ ਵਿਚਾਰ ਰੱਖਿਆ ਕਿ ਸਥਿਤੀ ਨੂੰ ਲੜਾਈ ਵਾਲੇ ਪਾਸੇ ਨਹੀਂ ਵਧਣ ਦੇਣਾ ਚਾਹੀਦਾ, ਇਸ ਨੂੰ ਕੂਟਨੀਤਕ ਪੱਧਰ ਉੱਤੇ ਸੰਯੁਕਤ ਰਾਸ਼ਟਰ ਸੰਗਠਨ ਅਤੇ ਅਮਰੀਕਾ ਜਿਹੇ ਸ਼ਕਤੀਸ਼ਾਲੀ ਦੇਸ਼ਾਂ ਨੂੰ ਵਿੱਚ ਪਾ ਕੇ ਤੁਰੰਤ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸੂਬਾ ਪਹਿਲਾਂ ਹੀ ਕਰਜ਼ੇ ਵਿੱਚ ਡੁੱਬਿਆ ਹੈ ਅਤੇ ਜੰਗ ਨਾਲ ਵਿੱਤੀ ਸੰਕਟ ਹੋਰ ਵਧੇਗਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਾਨੂੰ ਬਾਬਾ ਬਘੇਲ ਸਿੰਘ ਦਿੱਲੀ ਫ਼ਤਿਹ ਮਿਸਲ ਕਾਲ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਆਦਰਸ਼ਕ ਰਾਜ ਤੋਂ ਸਿੱਖਣ ਦੀ ਲੋੜ ਹੈ, ਜਿਸ ਵਿੱਚ ਹਿੰਦੂ, ਮੁਸਲਿਮ, ਸਿੱਖ ਅਤੇ ਹੋਰ ਭਾਈਚਾਰੇ ਆਪਸੀ ਸਾਂਝ ਨਾਲ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਇੱਥੇ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਇਤਿਹਾਸ ਵਿੱਚ ਕੀਤੀਆਂ ਗਲਤੀਆਂ ਤੋਂ ਸਿੱਖਿਆ ਲਈਏ ਨਾ ਕਿ ਉਨ੍ਹਾਂ ਨੂੰ ਦੁਹਰਾਈਏ।

ਉਨ੍ਹਾਂ ਕਿਹਾ ਕਿ ਲਗਭਗ 70 ਸਾਲਾਂ ਦੇ ਸਿੱਖ ਮਿਸਲ ਤੇ ਰਾਜ ਕਾਲ ਵਿੱਚ ਸਾਰੇ ਭਾਈਚਾਰਿਆਂ ਵਿੱਚ ਆਪਸੀ ਸਦਭਾਵਨਾ ਇਸ ਖ਼ਿੱਤੇ ਵਿੱਚ ਕਾਇਮ ਹੋਈ ਸੀ ਅਤੇ ਉਸ ਤੋਂ ਬਾਅਦ ਦੇ ਸਮੇਂ ਵਿੱਚ ਇੱਥੇ ਅਜਿਹੀ ਫ਼ਿਰਕਾਪ੍ਰਸਤੀ ਪੈਦਾ ਕੀਤੀ ਗਈ, ਜਿਸ ਦੇ ਨਤੀਜੇ ਅੱਜ ਅਸੀਂ ਦੇਖ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਜੰਗ ਲੱਗਦੀ ਹੈ ਤਾਂ ਮੌਜੂਦਾ ਸਮੇਂ ਨਤੀਜੇ ਬਹੁਤ ਗੰਭੀਰ ਤੇ ਮਾੜੇ ਹੋਣਗੇ, ਕਿਉਂਕਿ ਦੋਵੇਂ ਦੇਸ਼ ਹੁਣ ਪ੍ਰਮਾਣੂ ਤਾਕਤਾਂ ਰੱਖਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਸਰਕਾਰਾਂ ਚਾਹੁੰਦੀਆਂ ਹਨ ਕਿ ਇਸ ਖ਼ਿੱਤੇ ਵਿੱਚ ਸ਼ਾਂਤੀ ਸਥਾਪਤ ਹੋਵੇ ਤਾਂ ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੇ ਸੰਦਰਭ ਵਿੱਚ ਸਿੱਖਾਂ ਨੂੰ ਅਹਿਮ ਭੂਮਿਕਾ ਨਿਭਾਉਣ ਦੇਣੀ ਚਾਹੀਦੀ ਹੈ ਅਤੇ ਸਾਂਝੇ ਯਤਨਾਂ ਨਾਲ ਵਿਸਾਰੇ ਗਏ ਸਿੱਖ ਇਤਿਹਾਸ ਨੂੰ ਉਭਾਰਨ ਦੀ ਵੱਡੀ ਲੋੜ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ ਆਪਸੀ ਭਾਈਚਾਰਕ ਸਾਂਝ ਕਾਇਮ ਰਹਿਣੀ ਅਤਿ ਜ਼ਰੂਰੀ ਹੈ ਤਾਂ ਜੋ ਇਸ ਖ਼ਿੱਤੇ ਦੇ ਲੋਕ ਸੁਖੀ ਤੇ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਣ। ਪੰਜਾਬ ਦੇ ਲੋਕਾਂ ਦੀ ਲਗਾਤਾਰ ਮੰਗ ਰਹੀ ਹੈ ਕਿ ਪਾਕਿਸਤਾਨ ਨਾਲ ਲੱਗਦੇ ਬਾਰਡਰਾਂ ਨੂੰ ਦੁਵੱਲੇ ਵਪਾਰ ਲਈ ਖੋਲ੍ਹਿਆ ਜਾਵੇ ਤਾਂ ਜੋ ਇਸ ਖ਼ਿੱਤੇ ਦੀ ਤਰੱਕੀ ਹੋ ਸਕੇ ਅਤੇ ਇੱਥੇ ਪੈਦਾ ਹੁੰਦੀਆਂ ਫ਼ਸਲਾਂ ਨੂੰ ਉੱਧਰ ਵੇਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਦੇਸ਼ ਆਪਸ ਵਿੱਚ ਕੁੜੱਤਣ ਵਾਲਾ ਮਾਹੌਲ ਖਤਮ ਨਹੀਂ ਕਰਦੇ ਤਾਂ ਇਹ ਇਸ ਖ਼ਿੱਤੇ ਦੀ ਖ਼ੁਸ਼ਹਾਲੀ ਲਈ ਵੱਡੀ ਅੜਚਨ ਹੈ।

ਬੈਠਕ ਦੌਰਾਨ ਉਨ੍ਹਾਂ ਸਿੱਖ ਕੌਮ ਦਾ ਨੁਮਾਇੰਦਾ ਆਗੂ ਹੋਣ ਵਜੋਂ ਇਹ ਸੰਦੇਸ਼ ਦਿੱਤਾ ਕਿ ਸਿੱਖ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਡੱਟ ਕੇ ਖੜ੍ਹੇ ਹਨ ਅਤੇ ਸਿੱਖਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਸਿੱਖ ਜਵਾਨ ਦੇਸ਼ ਦੀ ਰੱਖਿਆ ਲਈ ਬਾਰਡਰਾਂ ਉੱਤੇ ਹਿੱਕ ਡਾਹ ਕੇ ਖੜ੍ਹੇ ਹਨ ਅਤੇ ਪੰਜਾਬ ਉਹ ਸੂਬਾ ਹੈ ਜਿੱਥੇ ਦੇਸ਼ ਦੀਆਂ ਸਭ ਤੋਂ ਵੱਧ ਜੰਗੀ ਵਿਧਵਾਵਾਂ ਹਨ।

## ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਮਾਨ ਸਰਕਾਰ ਵੱਲੋਂ ਪੁਖਤਾ ਤਿਆਰੀਆਂ

# 47 ਕਰੋੜ ਦੀ ਲਾਗਤ ਨਾਲ ਅੱਗ ਬੁਝਾਊ ਮਸ਼ੀਨਰੀ ਸਰਹੱਦੀ ਜ਼ਿਲ੍ਹਿਆਂ 'ਚ ਤਾਇਨਾਤ



ਚੰਡੀਗੜ੍ਹ, 10 ਮਈ (ਚ.ਨ.ਸ.) : ਸਰਹੱਦੀ ਇਲਾਕਿਆਂ ਵਿੱਚ ਤਣਾਅ ਦੀ ਸਥਿਤੀ ਦੇ ਚਲਦਿਆਂ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਸਰਹੱਦੀ ਖੇਤਰਾਂ ਵਿੱਚ ਹੰਗਾਮੀ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ 47 ਕਰੋੜ ਰੁਪਏ ਦੀ ਲਾਗਤ ਵਾਲੇ ਅੱਗ ਬੁਝਾਊ ਯੰਤਰ/ਉਪਕਰਨ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਹਨ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਨਾਲ-ਨਾਲ ਸਰਹੱਦਾਂ 'ਤੇ ਪੈਦਾ ਹੋਏ ਤਣਾਅ ਪ੍ਰਤੀ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਛੋਟੇ ਅਤੇ ਦਰਮਿਆਨੇ ਵਾਟਰ ਟੈਂਡਰ (ਅੱਗ ਬੁਝਾਊ ਜਾਂ ਐਮਰਜੈਂਸੀ ਸੇਵਾਵਾਂ) ਅਤੇ ਹੋਰ ਜ਼ਰੂਰੀ ਮਸ਼ੀਨਰੀ ਸਮੇਤ 47 ਕਰੋੜ ਰੁਪਏ ਦੇ ਅੱਗ ਬੁਝਾਊ ਯੰਤਰ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਵਿੱਚ ਡਿਜ਼ਾਸਟਰ ਡਿਪਲਾਇਮੈਂਟ ਕਿੱਟ (ਡੀਡੀ ਕਿੱਟ), ਹਾਈਡ੍ਰੌਲਿਕ ਕੌਂਬੀ ਟੂਲ ਕੋਲੈਪਸ ਸਟ੍ਰਕਚਰ ਅਤੇ ਰੈਸਕਿਊ ਕਿੱਟ (ਸੀਐਸਐਸਆਰ ਕਿੱਟ), ਗੈਸ ਡਿਟੈਕਟਰ, ਫਾਇਰ ਐਂਟਰੀ ਸੂਟ, ਬੈਟਰੀ ਬੈਕਅੱਪ ਲਾਈਟਿੰਗ ਟਾਵਰ, ਬਹੁ-ਮੰਤਵੀ ਫਾਇਰ ਟੈਂਡਰ, ਕੁਇੱਕ ਰਿਸਪਾਂਸ ਵਹੀਕਲ ਅਤੇ ਹੋਰ ਉਪਕਰਨ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਕਰਨ ਪਠਾਨਕੋਟ, ਰਾਜਾਸਾਂਸੀ, ਫਿਰੋਜ਼ਪੁਰ ਅਤੇ ਹੋਰ ਸੰਵੇਦਨਸ਼ੀਲ ਥਾਵਾਂ 'ਤੇ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਦੋਵੇਂ ਦੇਸ਼ਾਂ ਦਰਮਿਆਨ ਤਣਾਅ ਵਧਣ ਦੇ ਚਲਦਿਆਂ ਸਰਹੱਦ 'ਤੇ ਪੈਦਾ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਵਿੱਚ ਮਦਦਗਾਰ ਹੋਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸਰਹੱਦੀ ਵਸਨੀਕਾਂ ਦੀ ਸੁਰੱਖਿਆ ਲਈ ਸਾਰੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਮਸ਼ੀਨਰੀ/ਉਪਕਰਨ ਸੰਕਟ ਦੇ ਸਮੇਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਵਧੇਰੇ ਮਦਦਗਾਰ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮੌਜੂਦਾ ਸਮੇਂ ਕਿਸੇ ਵੀ ਚੁਣੌਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਹਥਿਆਰਬੰਦ ਸੈਨਾਵਾਂ ਦੀ ਮਦਦ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

# ਗੁੜਗਾਉਂ ਤੇ ਪਟੌਦੀ 'ਚ ਸਿੱਖ ਨਸਲਕੁਸ਼ੀ ਸਬੰਧੀ ਹਾਈ ਕੋਰਟ 'ਚ ਅਗਲੀ ਸੁਣਵਾਈ 5 ਅਗਸਤ ਨੂੰ



ਗੁਰੂਗ੍ਰਾਮ , 10 ਮਈ (ਚ.ਨ.ਸ.) : ਹਰਿਆਣਾ ਦੇ ਸ਼ਹਿਰ ਗੁੜਗਾਉਂ (ਗੁਰੂਗ੍ਰਾਮ) ਤੇ ਪਟੌਦੀ ਵਿਖੇ ਵਹਿਸ਼ੀਆਨਾ ਭੀੜ ਵੱਲੋਂ 297 ਘਰਾਂ ਨੂੰ ਅੱਗ ਲਗਾ ਕੇ ਸਾੜਨ ਤੇ 47 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਅਗਲੀ ਸੁਣਵਾਈ 5 ਅਗਸਤ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਹੋਵੇਗੀ। ਗੌਰਤਲਬ ਹੈ ਕਿ ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁੜਗਾਉਂ ਅਤੇ ਪਟੌਦੀ 'ਚ ਹੋਏ 47 ਸਿੱਖਾਂ ਦੇ ਕਤਲੇਆਮ ਤੇ ਹੋਰ ਪੀੜਤਾਂ ਦੇ ਮਾਮਲਿਆਂ ਵਿਚ ਨਿਆਂ ਤੇ ਇਨਸਾਫ਼ ਦਿਵਾਉਣ ਲਈ ਵੀ ਕਾਨੂੰਨੀ ਚਾਰਾਜੋਈ ਜਾਰੀ ਹੈ।

ਇਸ ਚਾਰਾਜੋਈ ਦੀ ਅਗਵਾਈ ਕਰ ਰਹੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਰਿੱਟ ਨੰਬਰ 10904 ਰਾਹੀਂ ਮੌਕੇ ਦੇ ਗਵਾਹ ਤੇ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਹਾਈ ਕੋਰਟ ਦੇ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਰਾਹੀਂ ਕੋਰਟ ਵਿਚ 133 ਪਟੀਸ਼ਨਾਂ ਲਾਈਆਂ ਗਈਆਂ ਸਨ। ਹਾਈ ਕੋਰਟ ਦੇ ਹੁਕਮਾਂ 'ਤੇ 9 ਸਰਕਾਰੀ ਧਿਰਾਂ ਨੂੰ ਇਸ ਕੇਸ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ।ਹਾਈ ਕੋਰਟ ਦੇ ਜਸਟਿਸ ਕੁਲਦੀਪ ਤਿਵਾੜੀ ਨੇ ਦੋ ਸਰਕਾਰੀ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਜਾਣਬੁੱਝ ਕਿ ਨੋਟਿਸ ਦਾ ਜਵਾਬ ਨਾ ਦੇਣ 'ਤੇ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਧਿਰਾਂ ਨੂੰ ਦਸ-ਦਸ ਹਜ਼ਾਰ ਰੁਪਏ ਜੁਰਮਾਨੇ ਕੀਤੇ ਅਤੇ ਅਗਲੀ 5 ਅਗਸਤ ਨੂੰ ਪੇਸ਼ੀ 'ਤੇ ਜਵਾਬ ਦੇਣ ਦਾ ਹੁਕਮ ਦਿੱਤਾ ਹੈ।ਭਾਈ ਘੋਲੀਆ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਸਜ਼ਾ ਮਿਲਣ ਤੋਂ ਬਾਅਦ ਪੀੜਤ ਪਰਿਵਾਰਾਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਅਤੇ ਲੋਕਤੰਤਰ ਦੀ ਨਿਆਂ ਪ੍ਰਣਾਲੀ 'ਤੇ ਆਸ ਬੱਝੀ ਹੈ।ਇਸ ਮੌਕੇ ਉਨ੍ਹਾਂ ਨਾਲ ਪੀੜਤ ਗੁਰਜੀਤ ਸਿੰਘ ਪਟੌਦੀ, ਕਰਨੈਲ ਸਿੰਘ ਕੁਰੂਕਸ਼ੇਤਰ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਗੁਰਦਿਆਲ ਸਿੰਘ ਅੰਮ੍ਰਿਤਸਰ ਆਦਿ ਵੀ ਹਾਜ਼ਰ ਸਨ।

# ਫ਼ਿਰੋਜ਼ਪੁਰ ਡਰੋਨ ਹਮਲੇ 'ਚ ਜ਼ਖ਼ਮੀ ਹੋਏ ਤਿੰਨ ਵਿਅਕਤੀਆਂ ਨੂੰ ਫਰਿਸ਼ਤੇ ਸਕੀਮ ਅਧੀਨ ਦਿੱਤਾ ਜਾ ਰਿਹੈ ਮੁਫ਼ਤ ਇਲਾਜ: ਡਾ. ਬਲਬੀਰ ਸਿੰਘ

ਚੰਡੀਗੜ੍ਹ, 10 ਮਈ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜੰਗ ਅਤੇ ਅੱਤਵਾਦ ਦੇ ਪੀੜਤਾਂ ਨੂੰ ਫਰਿਸ਼ਤੇ ਯੋਜਨਾ ਅਧੀਨ ਕਵਰ ਕਰਨ ਲਈ ਇਸ ਯੋਜਨਾ ਦੇ ਵਿਸਥਾਰ ਉਪਰੰਤ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇਥੇ ਦੱਸਿਆ ਕਿ ਸ਼ੁੱਕਰਵਾਰ ਰਾਤ ਨੂੰ ਫਿਰੋਜ਼ਪੁਰ ਵਿਖੇ ਹੋਏ ਡਰੋਨ ਹਮਲੇ ਵਿੱਚ ਜ਼ਖ਼ਮੀ ਹੋਏ ਤਿੰਨ ਵਿਅਕਤੀਆਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।

ਜੰਗ ਅਤੇ ਅੱਤਵਾਦ ਦੇ ਪੀੜਤਾਂ ਨੂੰ ਫਰਿਸ਼ਤੇ ਯੋਜਨਾ ਤਹਿਤ ਕਵਰ ਕਰਨ ਦਾ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸ਼ੁੱਕਰਵਾਰ ਨੂੰ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਖਮੀ ਹੋਏ ਕਿਸੇ ਵੀ ਵਿਅਕਤੀ ਨੂੰ ਸੂਬੇ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਬਿਨਾਂ ਕਿਸੇ ਢੰਗ ਨਾਲ ਮੁਫ਼ਤ ਡਾਕਟਰੀ ਇਲਾਜ ਮਿਲ ਸਕੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਜੰਗ ਅਤੇ ਅੱਤਵਾਦ ਦੇ ਹਰ ਪੀੜਤ ਦੇ ਇਲਾਜ ਦਾ ਖਰਚਾ ਚੁੱਕਿਆ ਜਾ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਕਰਨ ਵਾਲੀ ਦੇਸ਼ ਦੀ ਪਹਿਲੀ ਸਰਕਾਰ ਹੈ।

ਜ਼ਿਕਰਯੋਗ ਹੈ ਕਿ ਫਰਿਸ਼ਤੇ ਸਕੀਮ, ਜੋ ਕਿ ਅਸਲ ਵਿੱਚ ਸੜਕ ਹਾਦਸਿਆਂ ਦੇ ਪੀੜਤਾਂ ਨੂੰ ਨਕਦੀ ਰਹਿਤ ਇਲਾਜ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਸੀ, ਦਾ ਉਦੇਸ਼ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਤੁਰੰਤ ਅਤੇ ਨਿਰਵਿਘਨ ਇਲਾਜ ਪ੍ਰਦਾਨ ਕਰਕੇ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਉਣਾ ਹੈ। ਇਸ ਸਕੀਮ ਤਹਿਤ ਹਾਦਸੇ ਦੇ ਪੀੜਤਾਂ ਦੀ ਜਾਨ ਬਚਾਉਣ ਲਈ ਅੱਗੇ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ 'ਫਰਿਸ਼ਤਾ' ਮੰਨਿਆ ਜਾਂਦਾ ਹੈ ਅਤੇ ਉਸ ਨੂੰ ਨਕਦ ਇਨਾਮ ਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਕਾਨੂੰਨੀ ਪੇਚੀਦਗੀਆਂ ਅਤੇ ਪੁਲਿਸ ਪੁੱਛਗਿੱਛ ਤੋਂ ਰਾਹਤ ਦਿੱਤੀ ਜਾਂਦੀ ਹੈ। ਦੱਸਣਯੋਗ ਹੈ ਕਿ ਇਹ ਸਕੀਮ 25 ਜਨਵਰੀ, 2024 ਨੂੰ ਨੋਟੀਫਾਈ ਕੀਤੀ ਗਈ ਸੀ।

## ਪਾਕਿ ਵੱਲੋਂ ਬਣਾਇਆ ਗਿਆ

ਉਨ੍ਹਾਂ ਨਾਲ ਧਮਾਕਾ ਵੀ ਹੋ ਸਕਦਾ ਹੈ ਅਤੇ ਨੁਕਸਾਨ ਵੀ ਹੋ ਸਕਦਾ ਹੈ।

**ਕਾਹਨੂੰਵਾਨ ਤੋਂ ਕੁਲਜੀਤ ਖੋਖਰ ਦੀ ਰਿਪੋਰਟ** : ਪਾਕਿਸਤਾਨ ਨੇ ਅੱਜ ਸਵੇਰੇ 4:55 'ਤੇ ਤਿੰਨ ਮਿਜ਼ਾਈਲਾਂ ਦਾਗੀਆਂ ਹਨ ਜੋ ਕਿ ਪਿੰਡ ਰਾਜੂ ਬੇਲਾ ਛਿੱਛਰਾ (ਭੈਣੀ ਮੀਆਂ ਖ਼ਾਂ) ਬਲਾਕ ਕਾਹਨੂੰਵਾਨ ਦੇ ਇੱਕ ਕਿਸਾਨ ਅਪਾਰ ਸਿੰਘ ਦੇ ਖੇਤਾਂ ਵਿੱਚ ਜਾ ਕੇ ਡਿਗ ਗਈ। ਪ੍ਰਾਪਤ ਜਾਣਕਾਰੀ ਮੁਤਾਬਿਕ ਇੱਕ ਤੋਂ ਬਾਅਦ ਤਿੰਨ ਧਮਾਕੇ ਸੁਣੇ ਗਏ। ਦੋ ਧਮਾਕੇ ਅਪਾਰ ਸਿੰਘ ਦੇ ਫ਼ਾਰਮ ਹਾਊਸ ਦੇ ਖੇਤਾਂ ਵਿੱਚ ਹੋਏ। ਜਿਸ ਦੇ ਕਾਰਨ ਜ਼ਮੀਨ ਵਿੱਚ ਕਾਫ਼ੀ ਡੂੰਘੇ ਟੋਏ ਪੈ ਗਏ ਹਨ। ਇਸ ਹਮਲੇ ਵਿੱਚ ਕਿਸੇ ਕਿਸਮ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਖੇਤਾਂ ਦੇ ਨਜ਼ਦੀਕ ਹੀ ਅਪਾਰ ਸਿੰਘ ਦਾ ਘਰ ਸਥਿਤ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਤਿੱਬੜੀ ਕੈਂਟ ਨੂੰ ਨਿਸ਼ਾਨਾ ਬਣਾਉਣ ਲਈ ਇਹ ਹਮਲਾ ਕੀਤਾ ਗਿਆ ਹੈ। ਜੋ ਘਟਨਾ ਸਥਲ ਤੋਂ ਲਗਭਗ 17 ਕਿੱਲੋਮੀਟਰ ਦੂਰ ਸਥਿਤ ਹੈ । ਮੌਕੇ 'ਤੇ ਪਹੁੰਚੇ ਨਿਸ਼ਾਨ ਸਿੰਘ ਮਹਿਰੇ ਜੋ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਹਨ, ਨੇ ਦੱਸਿਆ ਕਿ ਰਾਜੂ ਬੇਲਾ ਅਤੇ ਛਿੱਛਰਾ ਪਿੰਡ ਵਿੱਚ ਤਿੰਨ ਧਮਾਕੇ ਹੋਏ ਹਨ। ਪਰ ਇਸ ਹਮਲੇ ਵਿੱਚ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ ਹੈ। ਇਹ ਧਮਾਕੇ ਇੰਨੇ ਜ਼ੋਰਦਾਰ ਸਨ ਕਿ ਕਾਦੀਆਂ ਸਮੇਤ ਲਗਭਗ 25 ਕਿੱਲੋਮੀਟਰ ਤੱਕ ਇਨਾਂ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਗਈਆਂ। ਕਾਦੀਆਂ 'ਚ ਕਈ ਘਰਾਂ ਦੀ ਖਿੜਕੀਆਂ 'ਤੇ ਧਮਕ ਦਾ ਅਸਰ ਪਿਆ। ਕਾਦੀਆਂ ਵਿੱਚ ਰਾਤ ਇੱਕ ਵਜੇ ਤੋਂ ਲੈ ਕੇ ਸਵੇਰੇ 5 ਵੱਜੇ ਤੱਕ 7/8 ਧਮਾਕਿਆਂ ਦੀ ਆਵਾਜ਼ਾਂ ਸੁਣੀਆਂ ਗਈਆਂ। ਆਖ਼ਿਰੀ ਧਮਾਕੇ ਦੀ ਆਵਾਜ਼ 7 ਵਜੇ ਵੀ ਸੁਣਾਈ ਦਿੱਤੀ। ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਕਾਦੀਆਂ ਚ ਰਾਤ ਨੂੰ ਬਲੈਕ ਆਊਟ ਜਾਰੀ ਹੈ।

**ਗੁਰਦਾਸਪੁਰ: ਪਿੰਡ ਛਿੱਛਰਾਂ ਵਿੱਚ ਉਪਰੋਥੱਲੀ 5 ਬੰਬ ਧਮਾਕੇ, ਖੇਤਾਂ ਵਿੱਚ ਵੱਡਾ ਟੋਆ ਪਿਆ** : ਥਾਣਾ ਭੈਣੀ ਮੀਆਂ ਖਾਂ ਦੇ ਪਿੰਡ ਛਿੱਛਰਾਂ ਵਿੱਚ ਸਨਿਚਰਵਾਰ ਸਵੇਰੇ ਪੌਣੇ ਪੰਜ ਵਜੇ ਪੰਜ ਜ਼ੋਰਦਾਰ ਧਮਾਕੇ ਹੋਏ। ਇਨ੍ਹਾਂ ਧਮਾਕਿਆਂ ਨਾਲ ਖੇਤਾਂ ਵਿੱਚ 35 ਫੁੱਟ ਚੌੜਾ ਅਤੇ 10 ਫੁੱਟ ਡੂੰਘਾ ਟੋਆ ਪੈ ਗਿਆ। ਹੈਰਾਨੀਜਨਕ ਗੱਲ ਇਹ ਰਹੀ ਕਿ ਇਸ ਟੋਏ ਨੇੜੇ ਕਿਸੇ ਤਰ੍ਹਾਂ ਦੀ ਮਿਜ਼ਾਈਲ ਜਾਂ ਬੰਬਾਂ ਦੇ ਕੋਈ ਖ਼ੋਲ ਵੇਖਣ ਨੂੰ ਨਹੀਂ ਮਿਲੇ। ਇਸ ਤੋਂ ਇਲਾਵਾ ਨੇੜੇ ਬਿਜਲੀ ਦੀਆਂ ਤਾਰਾਂ ਟੁੱਟ ਗਈਆਂ ਅਤੇ ਟਰਾਂਸਫ਼ਾਰਮਰ ਨੂੰ ਵੀ ਨੁਕਸਾਨ ਪੁੱਜਿਆ। ਸੰਪੂਰਨ ਸਿੰਘ ਅਤੇ ਜਸਬੀਰ ਸਿੰਘ ਦੇ ਘਰਾਂ ਦੀਆਂ ਬਾਰੀਆਂ ਦੇ ਸ਼ੀਸ਼ੇ ਅਤੇ ਦਰਵਾਜ਼ੇ ਵੀ ਧਮਾਕਿਆਂ ਦੇ ਨਾਲ ਟੁੱਟ ਗਏ।

ਪਿੰਡ ਵਾਸੀ ਗੁਰਕਰਨ ਸਿੰਘ ਨੇ ਦੱਸਿਆ ਕਿ ਸਵੇਰੇ ਪੌਣੇ ਪੰਜ ਵਜੇ 4 ਤੋਂ 5 ਧਮਾਕੇ ਹੋਏ। ਪਹਿਲੇ ਧਮਾਕਿਆਂ ਨਾਲ ਤਾਂ ਕੁਝ ਨਹੀਂ ਹੋਇਆ ਪਰ ਪਿੱਛੋਂ ਹੋਏ 3 ਧਮਾਕਿਆਂ ਕਾਰਨ ਉਨ੍ਹਾਂ ਦੇ ਘਰ ਦਾ ਕਾਫ਼ੀ ਨੁਕਸਾਨ ਹੋ ਗਿਆ ਹੈ। ਪਿੰਡ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਨੇ ਦੱਸਿਆ ਕਿ ਜਦੋਂ ਬੰਬ ਧਮਾਕੇ ਹੋਏ ਤਾਂ ਉਹ ਘਰ ਦੀ ਛੱਤ 'ਤੇ ਸਨ ਤਾਂ ਲਗਾਤਾਰ ਬੰਬ ਡਿੱਗਣੇ ਸ਼ੁਰੂ ਹੋ ਗਏ। ਪਹਿਲੇ ਧਮਾਕਿਆਂ ਦੀ ਇੰਨੀ ਆਵਾਜ਼ ਨਹੀਂ ਸੀ ਪਰ ਪਿੱਛੋਂ ਡਿੱਗੇ ਤਿੰਨ ਧਮਾਕਿਆਂ ਕਾਰਨ ਪਿੰਡ ਦੇ ਆਲ਼ੇ ਦੁਆਲੇ ਧੂੰਆਂ ਹੀ ਧੂੰਆਂ ਹੋ ਗਿਆ ਸੀ ਅਤੇ ਉਨ੍ਹਾਂ ਨੂੰ ਇੰਜ ਜਾਪਿਆ ਜਿਵੇਂ ਧਮਾਕੇ ਉਨ੍ਹਾਂ ਦੇ ਪਿੰਡ ਵਿੱਚ ਹੀ ਹੋਏ ਹਨ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀਐੱਸਪੀ ਕੁਲਵੰਤ ਸਿੰਘ ਥਾਣਾ ਮੁਖੀ ਸਰਬਜੀਤ ਸਿੰਘ ਚਾਹਲ ਤੋਂ ਇਲਾਵਾ ਭਾਰਤੀ ਫ਼ੌਜ ਦੇ ਉੱਚ ਅਧਿਕਾਰੀਆਂ ਨੇ ਵੀ ਮੌਕੇ ਦਾ ਜਾਇਜ਼ਾ ਲਿਆ। ਹਾਲ ਦੀ ਘੜੀ ਇਨ੍ਹਾਂ ਥਾਵਾਂ ਉੱਤੇ ਇਲਾਕੇ ਦੇ ਲੋਕਾਂ ਦੀ ਭੀੜ ਲੱਗੀ ਰਹੀ ਅਤੇ ਪੁਲਿਸ ਜਾਂ ਹੋਰ ਫ਼ੌਜ ਦੇ ਅਧਿਕਾਰੀ ਕਿਸੇ ਵੀ ਤਰ੍ਹਾਂ ਦਾ ਖ਼ੁਲਾਸਾ ਕਰਨ ਤੋਂ ਇਨਕਾਰੀ ਹਨ।

**ਜਲੰਧਰ 'ਚ ਹਾਈ ਅਲਰਟ; ਡਰੋਨ ਹਮਲਿਆਂ ਤੋਂ ਇੱਕ ਦਿਨ ਬਾਅਦ, ਸ਼ਹਿਰ ਵਿੱਚ ਮਿਜ਼ਾਈਲ ਹਮਲੇ** : ਡਰੋਨ ਹਮਲਿਆਂ ਤੋਂ ਇੱਕ ਦਿਨ ਬਾਅਦ ਜਲੰਧਰ ਵਿੱਚ 9-10 ਮਈ ਦੀ ਦਰਮਿਆਨੀ ਰਾਤ ਨੂੰ ਕਈ ਮਿਜ਼ਾਈਲ ਹਮਲੇ ਹੋਏ। ਇਸ ਦੌਰਾਨ ਰੁਕ-ਰੁਕ ਕੇ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਜਿਸ ਨਾਲ ਲੋਕ ਘਬਰਾ ਗਏ।

ਆਦਮਪੁਰ ਨੇੜੇ ਕੰਗਣੀਵਾਲ ਪਿੰਡ ਦੇ ਲੋਕਾਂ ਨੇ ਸਵੇਰੇ 1:30 ਵਜੇ ਦੇ ਕਰੀਬ ਧਮਾਕੇ ਦੀ ਆਵਾਜ਼ ਸੁਣੀ। ਪਿੰਡ ਵਾਸੀਆਂ ਨੇ ਕਿਹਾ ਕਿ ਜਿਵੇਂ ਹੀ ਉਹ ਘਰਾਂ ਦੇ ਬਾਹਰ ਆਏ ਤਾਂ ਉਨ੍ਹਾਂ ਨੇ ਮਿਜ਼ਾਈਲ ਦਾ ਮਲਬਾ ਦੇਖਿਆ। ਘਰ ਦੇ ਬਾਹਰ ਖੜ੍ਹੀ ਇੱਕ ਕਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਇੱਕ ਹੋਰ ਘਰ ਵਿੱਚ ਪਾਣੀ ਦੀ ਟੈਂਕੀ ਵਿੱਚ ਤਰੇੜਾਂ ਆ ਗਈਆਂ ਸਨ। ਘਟਨਾ ਤੋਂ ਤੁਰੰਤ ਬਾਅਦ, ਜ਼ਿਲ੍ਹਾ ਪ੍ਰਸ਼ਾਸਨ ਨੇ ਤੜਕੇ 1:30 ਵਜੇ ਬਲੈਕਆਊਟ ਲਾਗੂ ਕਰ ਦਿੱਤਾ, ਜੋ ਸਵੇਰੇ 6 ਵਜੇ ਤੱਕ ਜਾਰੀ ਰਿਹਾ।

ਇਸੇ ਤਰ੍ਹਾਂ ਅੱਜ ਸਵੇਰੇ ਕਰਤਾਰਪੁਰ ਨੇੜੇ ਮੰਡ ਮੌੜ ਪਿੰਡ ਵਿੱਚ ਵੀ ਮਿਜ਼ਾਈਲ ਦਾ ਮਲਬਾ ਮਿਲਿਆ। ਫਗਵਾੜਾ ਨੇੜੇ ਰਾਮਪੁਰ ਖਲਿਆਣ ਪਿੰਡ ਵਿੱਚ ਵੀ ਮਿਜ਼ਾਈਲ ਦਾ ਮਲਬਾ ਮਿਲਿਆ, ਜਿੱਥੇ ਖੇਤਾਂ ਵਿੱਚ 8 ਫੁੱਟ ਡੂੰਘਾ ਟੋਆ ਪੈ ਗਿਆ।

**ਚੜ੍ਹਦੀਕਲਾ**
**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐੱਸ.ਐੱਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
**PRGI (RNI) Regd. No. 22972/1972**

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
**PRGI (RNI) Regd. No. 22972/1972**

# ਪਹਿਲੇ ਸਫ਼ੇ ਦੀ ਬਾਕੀ

ਸ਼ਨਿੱਚਰਵਾਰ ਸਵੇਰੇ 7:15 ਵਜੇ ਤੋਂ ਬਾਅਦ ਘੱਟੋ-ਘੱਟ ਚਾਰ ਹੋਰ ਧਮਾਕੇ ਸੁਣੇ ਗਏ। ਪ੍ਰਸ਼ਾਸਨ ਵੱਲੋਂ ਸਾਇਰਨ ਵਜਾਏ ਜਾ ਰਹੇ ਸਨ। ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇੱਕ ਸੁਨੇਹਾ ਵਿਚ ਕਿਹਾ, "ਜਲੰਧਰ ਸਾਰੀ ਰਾਤ ਰੈੱਡ ਅਲਰਟ 'ਤੇ ਸੀ। ਬਹੁਤ ਸਾਰੀਆਂ ਚੀਜ਼ਾਂ (ਮਿਜ਼ਾਈਲਾਂ/ਡਰੋਨ) ਵੇਖੀਆਂ ਗਈਆਂ ਅਤੇ ਹਥਿਆਰਬੰਦ ਬਲਾਂ ਨੇ ਉਨ੍ਹਾਂ ਨੂੰ ਬੇਅਸਰ ਕਰ ਦਿੱਤਾ ਹੈ। ਸ਼ਾਂਤ ਰਹੋ ਅਤੇ ਜਿੰਨਾ ਹੋ ਸਕੇ ਘਰਾਂ ਅੰਦਰ ਰਹੋ।"

ਇਸੇ ਤਰ੍ਹਾਂ ਮੁਹਦੀਪੁਰ ਅਰਾਈਆ, ਧੋਗੜੀ ਸਿਕੰਦਰਪੁਰ ਵਿਚ ਡਰੋਨ ਦੇ ਟੁਕੜੇ ਮਿਲੇ ਹਨ। ਸਾਰੀ ਰਾਤ ਹੋਏ ਧਮਾਕਿਆਂ ਕਾਰਨ ਲੋਕਾਂ ਨੇ ਰਾਤ ਜਾਗ ਕੇ ਕੱਢੀ। ਅੱਜ ਸਵੇਰੇ ਵੀ ਧਮਾਕਿਆਂ ਦੀ ਅਵਾਜ਼ ਸੁਣਾਈ ਦਿੱਤੀ। ਇਸੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਆਦਮਪੁਰ ਤੇ ਜਲੰਧਰ ਛਾਉਣੀ ਦੇ ਬਾਜ਼ਾਰ ਤੇ ਜਲੰਧਰ ਦੇ ਸ਼ਾਪਿੰਗ ਮਾਲ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਸ਼ਹਿਰ ਵਿਚ ਵੀ ਲੋਕਾਂ ਨੂੰ ਬਿਨਾਂ ਕਿਸੇ ਕਾਰਨ ਬਾਜ਼ਾਰ ਨਾ ਜਾਣ ਦੀ ਸਲਾਹ ਦਿੱਤੀ ਹੈ। ਧਮਾਕਿਆਂ ਤੋਂ ਬਾਅਦ ਲੋਕਾਂ ਵਿਚ ਕਾਫੀ ਤਣਾਅ ਵਿਚ ਹੈ।

ਇਸੇ ਦੌਰਾਨ ਡਿਪਟੀ ਕਮਿਸ਼ਨਰ ਜਲੰਧਰ ਨੇ ਅਪੀਲ ਕੀਤੀ ਹੈ ਕਿ ਜੇਕਰ ਤੁਹਾਡੇ ਨੇੜੇ ਕਿਤੇ ਡਰੋਨ ਡਿੱਗਦਾ ਹੈ ਤਾਂ ਉਸ ਦੇ ਨੇੜੇ ਨਾ ਜਾਇਆ ਜਾਵੇ। ਇਸ ਵਿੱਚ ਧਮਾਕਾ ਹੋਣ ਨਾਲ ਨੁਕਸਾਨ ਹੋ ਸਕਦਾ ਹੈ। ਡਰੋਨ ਡਿੱਗਣ ਸਬੰਧੀ ਤੁਰੰਤ ਆਪਣੇ ਨੇੜੇ ਦੇ ਪੁਲਿਸ ਥਾਣੇ ਵਿੱਚ ਸੂਚਨਾ ਦਿੱਤੀ ਜਾਵੇ। ਇਸ ਤੋਂ ਇਲਾਵਾ ਪੁਲਿਸ ਕੰਟਰੋਲ ਰੂਮ ਨੰਬਰ 112 ਜਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਪਤ ਕੰਟਰੋਲ ਰੂਮ ਦੇ ਨੰਬਰ 0181-2224417 'ਤੇ ਵੀ ਸੂਚਨਾ ਦਿੱਤੀ ਜਾ ਸਕਦੀ ਹੈ।

**ਰਈਆ ਨਜ਼ਦੀਕ ਪਿੰਡ ਜਲੂਪਰਾ ਖੈੜਾ ਦੇ ਖੇਤਾਂ 'ਚ ਖਿੱਲਰੇ ਮਿਜ਼ਾਈਲ/ਡਰੋਨਾਂ ਦੇ ਟੁਕੜੇ** : ਇਥੋਂ ਨਜ਼ਦੀਕੀ ਪਿੰਡ ਜਲੂਪੁਰ ਖੈੜਾ ਦੇ ਖੇਤਾਂ ਵਿੱਚ ਬੀਤੀ ਰਾਤ ਕਰੀਬ ਡੇਢ ਵਜੇ ਅਸਮਾਨ ਤੋਂ ਵੱਡੀ ਮਾਤਰਾ ਵਿੱਚ ਮਿਜ਼ਾਈਲ/ਡਰੋਨ ਦੇ ਟੁਕੜੇ ਡਿੱਗਣ ਦੀ ਖ਼ਬਰ ਹੈ।

ਜਾਣਕਾਰੀ ਅਨੁਸਾਰ ਬੀਤੀ ਰਾਤ ਇਸ ਇਲਾਕੇ ਵਿੱਚ ਪਹਿਲਾਂ ਸਾਢੇ 8 ਵਜੇ ਫਿਰ 1 ਵਜੇ ਅਤੇ ਸਵੇਰੇ ਕਰੀਬ 5 ਵਜੇ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਜਿਸ ਕਾਰਨ ਲੋਕਾਂ ਵਿੱਚ ਭਾਰੀ ਸਹਿਮ ਹੈ। ਪਿੰਡ ਜਲੂਪੁਰ ਖੈੜਾ ਦੇ ਬਾਹਰ ਡੇਰਿਆਂ ਵਿੱਚ ਡੇਢ ਕਿਲੋਮੀਟਰ ਤੱਕ ਵੱਡੀ ਮਾਤਰਾ ਵਿੱਚ ਟੁਕੜੇ ਖਿਲਰੇ ਦਿਖਾਈ ਦਿੱਤੇ। ਹਾਲਾਂਕਿ ਅਧਿਕਾਰੀਆਂ ਵੱਲੋਂ ਅਜੇ ਤੱਕ ਕੋਈ ਪੁਸ਼ਟੀ ਨਹੀਂ ਕੀਤੀ ਗਈ।

ਦੂਜੇ ਪਾਸੇ ਸਥਾਨਕ ਲੋਕਾਂ ਨੇ ਦੱਸਿਆ ਕਿ ਬੀਤੀ ਰਾਤ 1 ਵਜੇ ਤੋਂ ਬਾਅਦ ਅਸਮਾਨ ਵਿੱਚ ਭਾਰੀ ਧਮਾਕਾ ਸੁਣਾਈ ਦਿੱਤਾ ਜਿਸ ਉਪਰੰਤ ਦਰਵਾਜ਼ੇ ਅਤੇ ਖਿੜਕੀਆਂ ਕੰਬਣ ਲੱਗ ਪਏ। ਉਨ੍ਹਾਂ ਕਿਹਾ ਕਿ ਧਮਾਕਿਆਂ ਕਰਕੇ ਫਿਲਹਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਤਾਂ ਨਹੀਂ ਹੋਇਆ ਪਰ ਉਹ ਘਬਰਾਹਟ ਮਹਿਸੂਸ ਕਰ ਰਹੇ ਹਨ।

ਐੱਸਐੱਚਓ ਖਲਚੀਆਂ ਬਿਕਰਮਜੀਤ ਸਿੰਘ ਮੌਕੇ 'ਤੇ ਪਹੁੰਚੇ ਤੇ ਸਥਾਨਕ ਲੋਕਾਂ ਦੀ ਮਦਦ ਨਾਲ ਖਿੱਲਰੇ ਹੋਏ ਟੁਕੜੇ ਇਕੱਠੇ ਕਰਕੇ ਨਾਲ ਲੈ ਗਏ। ਉਨ੍ਹਾਂ ਇਸ ਸਬੰਧੀ ਕੋਈ ਵੀ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ।

## ਭਾਰਤ-ਪਾਕਿ ਜੰਗਬੰਦੀ

ਸ਼ੁੱਕਰਵਾਰ (9 ਮਈ, 2025) ਨੂੰ ਕਿਹਾ ਕਿ ਭਾਰਤੀ ਹਥਿਆਰਬੰਦ ਸੈਨਾ ਤਣਾਅ ਨਾ ਵਧਾਉਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ, ਬਸ਼ਰਤੇ ਪਾਕਿਸਤਾਨੀ ਫੌਜ ਵੀ ਅਜਿਹਾ ਹੀ ਕਰੇ। ਉਨ੍ਹਾਂ ਇਹ ਗੱਲ ਵਿੰਗ ਕਮਾਂਡਰ ਵਿਓਮਿਕਾ ਸਿੰਘ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਨਾਲ ਇੱਕ ਵਿਸ਼ੇਸ਼ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਹੀ।

ਮਿਸਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨੀ ਫੌਜ ਦੀਆਂ 'ਭੜਕਾਊ' ਕਾਰਵਾਈਆਂ ਦਾ ਢੁੱਕਵਾਂ ਜਵਾਬ ਦਿੱਤਾ ਹੈ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ 'ਕਾਇਰਾਨਾ' ਕਾਰਵਾਈ ਵਿੱਚ, ਸ਼੍ਰੀਨਗਰ, ਅਵੰਤੀਪੁਰਾ ਅਤੇ ਊਧਮਪੁਰ ਵਿੱਚ ਹਵਾਈ ਸੈਨਾ ਦੇ ਠਿਕਾਣਿਆਂ 'ਤੇ ਇੱਕ ਮੈਡੀਕਲ ਸੈਂਟਰ ਅਤੇ ਇੱਕ ਸਕੂਲ ਕੰਪਲੈਕਸ ਅਤੇ ਪੰਜਾਬ ਦੇ ਕਈ ਹਵਾਈ ਸੈਨਾ ਦੇ ਠਿਕਾਣਿਆਂ 'ਤੇ 'ਹਾਈ-ਸਪੀਡ ਮਿਜ਼ਾਈਲਾਂ' ਨਾਲ ਹਮਲਾ ਕੀਤਾ, ਜਿਸ ਨਾਲ ਕੁਝ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਸਾਰੀਆਂ ਦੁਸ਼ਮਣੀ ਵਾਲੀਆਂ ਕਾਰਵਾਈਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ ਗਿਆ ਅਤੇ ਢੁਕਵਾਂ ਜਵਾਬ ਦਿੱਤਾ ਗਿਆ। ਉਨ੍ਹਾਂ ਕਿਹਾ, 'ਇੱਕ ਤੇਜ਼ ਅਤੇ ਯੋਜਨਾਬੱਧ ਜਵਾਬ ਵਿੱਚ, ਭਾਰਤੀ ਹਥਿਆਰਬੰਦ ਬਲਾਂ ਨੇ ਸਿਰਫ਼ ਪਛਾਣੇ ਗਏ ਫੌਜੀ ਟਿਕਾਣਿਆਂ 'ਤੇ ਹੀ ਸਟੀਕ ਹਮਲੇ ਕੀਤੇ।

ਉਨ੍ਹਾਂ ਕਿਹਾ ਕਿ ਪਸਰੂਰ ਅਤੇ ਸਿਆਲਕੋਟ ਹਵਾਈ ਅੱਡਿਆਂ 'ਤੇ ਰਾਡਾਰ ਸਾਈਟਾਂ ਨੂੰ ਵੀ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਭਾਰਤ ਨੇ ਇਹ ਯਕੀਨੀ ਬਣਾਇਆ ਕਿ ਇਨ੍ਹਾਂ ਜਵਾਬੀ ਕਾਰਵਾਈਆਂ ਦੌਰਾਨ ਘੱਟੋ-ਘੱਟ ਅਣਚਾਹੇ ਨੁਕਸਾਨ ਹੋਵੇ।

## ਜੰਮੂ-ਕਸ਼ਮੀਰ ਦੀ ਤਰਜ਼

ਅੰਨ ਭੰਡਾਰ ਹੋਣ ਦੇ ਨਾਲ-ਨਾਲ ਪੰਜਾਬ ਹਮੇਸ਼ਾ ਭਾਰਤ ਦੀ ਖੜਗ ਭੁਜਾ ਰਿਹਾ ਹੈ ਪਰ ਹਮੇਸ਼ਾ ਇਸਦੇ ਯੋਗਦਾਨ ਨੂੰ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਹੀ ਸਮਾਂ ਹੈ ਜਦੋਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਮਤਭੇਦ ਭੁਲਾ ਕੇ ਪਾਰਟੀ ਲੀਹਾਂ ਤੋਂ ਉੱਪਰ ਉੱਠ ਕੇ ਸੂਬੇ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਨੂੰ ਹੋਰ ਅੱਗੇ ਵਧਾਉਣ ਲਈ ਇਹ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸੂਬੇ ਅਤੇ ਇਸਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਇੱਕਜੁੱਟ ਹੋਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਭਗਵੰਤ ਸਿੰਘ ਮਾਨ ਨੇ ਲੋੜ ਦੀ ਇਸ ਘੜੀ ਵਿੱਚ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਆਉਣ ਲਈ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਸਮੂਹ ਆਗੂਆਂ ਨੂੰ ਸੂਬੇ ਅਤੇ ਇਸਦੇ ਲੋਕਾਂ ਦੀ ਬਿਹਤਰੀ ਲਈ ਸੰਕਟ ਦੀ ਘੜੀ ਦੌਰਾਨ ਇੱਕਜੁੱਟ ਸਟੈਂਡ ਦਿਖਾਉਣ ਦਾ ਸੱਦਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੈਕੇਜ ਜੰਮੂ-ਕਸ਼ਮੀਰ ਅਤੇ ਹੋਰਾਂ ਨੂੰ ਦਿੱਤੇ ਗਏ ਪੈਕੇਜ ਦੀ ਤਰਜ਼ @ਤੇ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਡਾਕਟਰਾਂ, ਅਧਿਆਪਕਾਂ, ਆਂਗਣਵਾੜੀ ਅਤੇ ਹੋਰ ਕਰਮਚਾਰੀਆਂ ਲਈ ਸਰਹੱਦੀ ਖੇਤਰ ਭੱਤੇ ਦੀ ਮੰਗ ਵੀ ਭਾਰਤ ਸਰਕਾਰ ਕੋਲ ਉਠਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਵਿਕਾਸ ਅਤੇ ਤਰੱਕੀ ਨੂੰ ਵੱਡਾ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਹ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਐਤਵਾਰ ਤੋਂ ਸੂਬੇ ਦੇ ਸਰਹੱਦੀ ਖੇਤਰਾਂ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣ ਕਰਕੇ ਪੰਜਾਬ, ਖਾਸ ਕਰਕੇ ਸਰਹੱਦੀ ਖੇਤਰਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੀ ਗਈ ਬੰਬਾਰੀ ਦੌਰਾਨ ਭਾਰੀ ਨੁਕਸਾਨ ਝੱਲਣ ਵਾਲੇ ਬਹਾਦਰ ਨਾਗਰਿਆਂ ਅਤੇ ਹੋਰਾਂ ਨੂੰ ਸੂਬਾ ਸਰਕਾਰ ਵੱਲੋਂ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇੱਕ ਸਰਹੱਦੀ ਸੂਬਾ ਹੋਣ ਦੇ ਨਾਤੇ, ਪੰਜਾਬ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਪਹਿਲਾਂ ਹੀ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਦੂਜੀ ਰੱਖਿਆ ਪੰਕਤੀ ਵਜੋਂ ਕੰਮ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਨੂੰ ਆਧੁਨਿਕ ਸਾਜ਼ੋ-ਸਾਮਾਨ ਨਾਲ ਹੋਰ ਅਪਗ੍ਰੇਡ ਕੀਤਾ ਜਾਵੇਗਾ ਤਾਂ ਜੋ ਇਹ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਹਮੇਸ਼ਾ ਤਿਆਰ ਹੋ।

## ਜੰਮੂ: ਪਾਕਿਸਤਾਨੀ ਗੋਲੀਬਾਰੀ

ਕਿ ਬੀਐੱਸਐੱਫ ਨੂੰ 2,000 ਕਿਲੋਮੀਟਰ ਤੋਂ ਵੱਧ ਲੰਬੀ ਭਾਰਤ-ਪਾਕਿਸਤਾਨ ਆਈਬੀ ਦੀ ਰਾਖੀ ਕਰਨ ਦਾ ਕੰਮ ਸੌਂਪਿਆ ਗਿਆ ਹੈ। -

## ਜੰਮੂ 'ਚ ਪਾਕਿ ਗੋਲੀਬਾਰੀ 'ਚ

ਵਿਚ ਕਿਹਾ, "ਰਾਜੌਰੀ ਤੋਂ ਭਿਆਨਕ ਖ਼ਬਰ। ਅਸੀਂ ਜੰਮੂ-ਕਸ਼ਮੀਰ ਪ੍ਰਸ਼ਾਸਨਿਕ ਸੇਵਾਵਾਂ ਦੇ ਇੱਕ ਸਮਰਪਿਤ ਅਧਿਕਾਰੀ ਨੂੰ ਗੁਆ ਦਿੱਤਾ ਹੈ। ਕੱਲ੍ਹ ਹੀ ਉਹ ਜ਼ਿਲ੍ਹੇ ਦੇ ਆਲੇ-ਦੁਆਲੇ ਉਪ ਮੁੱਖ ਮੰਤਰੀ ਨਾਲ ਸੀ ਅਤੇ ਮੇਰੀ ਪ੍ਰਧਾਨਗੀ ਹੇਠ ਹੋਈ ਆਨਲਾਈਨ ਮੀਟਿੰਗ ਵਿੱਚ ਸ਼ਾਮਲ ਹੋਇਆ ਸੀ।"

ਮੁੱਖ ਮੰਤਰੀ ਨੇ ਕਿਹਾ, "ਰਾਜੌਰੀ ਸ਼ਹਿਰ ਨੂੰ ਨਿਸ਼ਾਨਾ ਬਣਾ ਕੇ ਕੀਤੀ ਗੋਲਾਬਾਰੀ ਵਿੱਚ ਸਾਡੇ ਵਧੀਕ ਜ਼ਿਲ੍ਹਾ ਵਿਕਾਸ ਕਮਿਸ਼ਨਰ ਸ੍ਰੀ ਰਾਜ ਕੁਮਾਰ ਥਾਪਾ ਦੀ ਮੌਤ ਹੋ ਗਈ। ਇਸ ਭਿਆਨਕ ਜਾਨੀ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਉਸ ਦੀ ਆਤਮਾ ਨੂੰ ਸ਼ਾਂਤੀ ਮਿਲੇ।"

ਇਸ ਦੌਰਾਨ ਰਾਜੌਰੀ ਕਸਬੇ ਵਿਚ ਸਨਅਤੀ ਇਲਾਕੇ ਨੇੜੇ ਦਾਗੇ ਮੋਰਟਾਰ ਗੋਲਿਆਂ ਕਰਕੇ ਆਇਸ਼ਾ ਨੂਰ(2) ਤੇ ਮੁਹੰਮਦ ਸ਼ੋਇਬ (35) ਦੀ ਮੌਤ ਹੋ ਗਈ ਜਦੋਂਕਿ ਤਿੰਨ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਅਧਿਕਾਰੀਆਂ ਮੁਤਾਬਕ ਪੁਣਛ ਜ਼ਿਲ੍ਹੇ ਦੇ ਮੇਂਧੜ ਸੈਕਟਰ ਦੇ ਕਾਂਗੜਾ-ਗਲਹੁੱਟਾ ਪਿੰਡ ਵਿਚ ਇਕ ਘਰ 'ਤੇ ਮੋਰਟਾਰ ਗੋਲਾ ਡਿੱਗਣ ਕਰਕੇ 55 ਸਾਲਾ ਮਹਿਲਾ ਰਾਸ਼ਿਦਾ ਬੀ ਦੀ ਮੌਤ ਹੋ ਗਈ। ਇਕ ਹੋਰ ਘਟਨਾ ਵਿਚ ਜੰਮੂ ਜ਼ਿਲ੍ਹੇ ਦੇ ਆਰਐੱਸਪੁਰਾ ਸੈਕਟਰ ਵਿਚ ਸਰਹੱਦ ਪਾਰੋਂ ਗੋਲੀਬਾਰੀ ਵਿਚ ਬਿਧੀਪੁਰ ਜੱਟਾ ਪਿੰਡ ਦੇ ਅਸ਼ੋਕ ਕੁਮਾਰ ਉਰਫ਼ ਸ਼ੌਕੀ ਦੀ ਮੌਤ ਹੋ ਗਈ। ਪੁਣਛ ਵਿਚ ਜਾਰੀ ਗੋਲਾਬਾਰੀ ਵਿਚ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਪਸਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਰਾਜੌਰੀ ਦੇ ਨੌਸ਼ਹਿਰਾ ਸੈਕਟਰ ਵਿਚ ਮੁਕਾਮੀ ਪੱਤਰਕਾਰ ਜ਼ਖ਼ਮੀ ਹੋ ਗਿਆ। ਜੰਮੂ ਸ਼ਹਿਰ ਦੇ ਰੇਹਾੜੀ ਤੇ ਰੂਪ ਨਗਰ ਵਿਚ ਵੀ ਮੋਰਟਾਰ ਗੋਲਿਆਂ ਤੇ ਸ਼ੱਕੀ ਡਰੋਨ ਹਮਲਿਆਂ ਵਿਚ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ।

## ਭਾਰਤ ਨੇ ਪਾਕਿਸਤਾਨ ਦੇ ਫ਼ੌਜੀ

ਭਾਰਤ ਨੇ ਤਕਰੀਬਨ ਹਰੇਕ ਹਮਲੇ ਨੂੰ ਨਾਕਾਮ ਕਰ ਦਿੱਤਾ। ਕੁਰੈਸ਼ੀ ਨੇ ਕਿਹਾ, "ਪਾਕਿਸਤਾਨ ਨੇ ਸ੍ਰੀਨਗਰ, ਅਵੰਤੀਪੋਰਾ ਤੇ ਊਧਮਪੁਰ ਵਿਚ ਸਕੂਲ ਤੇ ਹਸਪਤਾਲ ਨੂੰ ਵੀ ਨਿਸ਼ਾਨਾ ਬਣਾਇਆ।" ਕਰਨਲ ਸੋਫੀਆ ਕੁਰੈਸ਼ੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਾਰਤ ਤਣਾਅ ਨਹੀਂ ਚਾਹੁੰਦਾ, ਬਸ਼ਰਤੇ ਪਾਕਿਸਤਾਨ ਵੀ ਇਸੇ ਤਰ੍ਹਾਂ ਵਿਵਹਾਰ ਕਰੇ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਕਾਰਵਾਈਆਂ ਦਾ ਢੁਕਵਾਂ ਜਵਾਬ ਦਿੱਤਾ ਗਿਆ ਹੈ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਵਿਰੁੱਧ ਮਿਜ਼ਾਈਲ ਹਮਲਾ ਕੀਤਾ, ਪਰ ਭਾਰਤੀ ਫੌਜ ਨੇ ਹਰ ਮਿਜ਼ਾਈਲ ਨੂੰ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਫੌਜ ਨੇ ਬੀਤੀ ਰਾਤ ਕੀਤੇ ਹਮਲਿਆਂ ਦੌਰਾਨ ਭਾਰਤੀ ਫੌਜੀ ਟਿਕਾਣਿਆਂ ਦੇ ਨਾਲ-ਨਾਲ ਨਾਗਰਿਕ ਖੇਤਰਾਂ ਅਤੇ ਧਾਰਮਿਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਪਾਕਿਸਤਾਨ 'ਤੇ ਝੂਠ ਫੈਲਾਉਣ ਦਾ ਦੋਸ਼ ਲਗਾਉਂਦੇ ਹੋਏ ਕਰਨਲ ਕੁਰੈਸ਼ੀ ਨੇ ਕਿਹਾ, ਪਾਕਿਸਤਾਨ ਨੇ ਸੋਸ਼ਲ ਮੀਡੀਆ 'ਤੇ ਆਦਮਪੁਰ ਵਿੱਚ ਸਥਿਤ ਭਾਰਤੀ ਐਸ-400 ਰੱਖਿਆ ਪ੍ਰਣਾਲੀ ਨੂੰ ਤਬਾਹ ਕਰਨ ਵਰਗੇ ਕਈ ਝੂਠੇ ਦਾਅਵੇ ਫੈਲਾਏ ਹਨ, ਜਿਸ ਨੂੰ ਭਾਰਤ ਪੂਰੀ ਤਰ੍ਹਾਂ ਰੱਦ ਕਰਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ 80 ਥਾਵਾਂ 'ਤੇ ਹਵਾਈ ਹਮਲੇ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਭਾਰਤੀ ਫੌਜ ਨੇ ਚਾਰ ਪਾਕਿਸਤਾਨੀ ਏਅਰਬੇਸਾਂ 'ਤੇ ਜਵਾਬੀ ਕਾਰਵਾਈ ਕੀਤੀ ਹੈ। ਸਾਡੀ ਫੌਜ ਨੇ ਪਾਕਿਸਤਾਨ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਢੁਕਵਾਂ ਜਵਾਬ ਦਿੱਤਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ

ਸੱਦੀ ਇਕੱਤਰਤਾ ਵਿਚ ਸਿੱਖ ਨੁਮਾਇੰਦਿਆਂ ਅਤੇ ਪੰਥਕ ਵਿਦਵਾਨਾਂ ਨੇ ਆਪੋ ਆਪਣੇ ਪੱਖ ਅਤੇ ਸੁਝਾਅ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਵੱਲੋਂ ਪਾਈ ਮਰਸੀ ਪਟੀਸ਼ਨ ਵਾਪਸ ਨਾ ਲਵੇ, ਜਦਕਿ ਦੂਜੇ ਪਾਸੇ ਕੁਝ ਦਾ ਮੰਨਣਾ ਸੀ ਕਿ ਇਤਿਹਾਸ ਅੰਦਰ ਸ਼ਹਾਦਤ ਦਾ ਫ਼ਲਸਫ਼ਾ ਅਤੇ ਕੌਮ ਦੀ ਸਿਧਾਂਤਕ ਵਿਰਾਸਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੌਰਾਨ ਇਹ ਪੱਖ ਵੀ ਸਾਹਮਣੇ ਆਇਆ ਕਿ ਜੇ ਸ਼੍ਰੋਮਣੀ ਕਮੇਟੀ ਮਰਸੀ ਪਟੀਸ਼ਨ ਵਾਪਸ ਲੈਣ 'ਤੇ ਵਿਚਾਰ ਕਰਦੀ ਹੈ ਤਾਂ ਇਸ ਨਾਲ ਸਿੱਖਾਂ ਦੀ ਸਿਰਮੌਰ ਸੰਸਥਾ ਦੀ ਭੂਮਿਕਾ ਪ੍ਰਤੀ ਵੀ ਖ਼ਦਸ਼ੇ ਖੜੇ ਹੋ ਸਕਦੇ ਹਨ ਇਸ ਲਈ ਨੁਮਾਇੰਦਾ ਅਤੇ ਪੰਥਕ ਇਕੱਠ ਰੱਖਣ ਦੀ ਦਿਸ਼ਾ ਵੱਲ ਵੱਧ ਕਿ ਹੀ ਕੋਈ ਨਿਰਨਾਇਕ ਫ਼ੈਸਲਾ ਲੈਣਾ ਹੋਵੇਗਾ।

ਮੀਟਿੰਗ ਦੌਰਾਨ ਦੀਰਘ ਵਿਚਾਰਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਈ ਰਾਜੋਆਣਾ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਲਈ ਜਿੱਥੇ ਕਾਨੂੰਨੀ ਲੜਾਈ ਜਾਰੀ ਹੈ, ਉੱਥੇ ਭਾਈ ਰਾਜੋਆਣਾ ਨਾਲ ਕੀਤੀਆਂ ਮੁਲਾਕਾਤਾਂ ਦੌਰਾਨ ਸਾਹਮਣੇ ਆਈਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਇਸ ਕਰਕੇ ਅੱਜ ਸਮੇਂ ਦੀ ਵੱਡੀ ਲੋੜ ਹੈ ਕਿ ਗੱਲਬਾਤ ਦੇ ਇਸ ਪੜਾਅ ਨੂੰ ਜਿੱਥੇ ਅੱਗੇ ਵਧਾਇਆ ਜਾਵੇਗਾ ਅਤੇ ਨੁਮਾਇੰਦਾ ਪੰਥਕ ਇਕੱਠ ਸਦਕੇ ਇਤਿਹਾਸਕ ਫ਼ੈਸਲਾ ਲੈ ਲਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਨੁਮਾਇੰਦਾ ਇਕੱਠ ਤੋਂ ਪਹਿਲਾਂ ਸਿੱਖ ਜੱਜਾਂ ਅਤੇ ਵਕੀਲਾਂ ਦੀ ਮੀਟਿੰਗ ਸਦਕੇ ਵੀ ਰਾਏ ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਸੱਦੇ ਜਾਣ ਵਾਲੇ ਨੁਮਾਇੰਦਾ ਇਕੱਠ ਵਿਚ ਹਰ ਪੱਖ 'ਤੇ ਵਿਚਾਰ ਕੀਤਾ ਜਾ ਸਕੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਦੇ ਨਕਾਰਾਤਮਿਕ ਪੱਖ ਨੇ ਸਪਸ਼ਟ ਕੀਤਾ ਹੈ ਕਿ ਭਾਈ ਰਾਜੋਆਣਾ ਦੇ ਮਸਲੇ ਪ੍ਰਤੀ ਸਰਕਾਰ ਕੀ ਮਨਸੂਬਾ ਰੱਖਦੀ ਹੈ, ਜਦਕਿ ਇਸ ਮਸਲੇ ਪ੍ਰਤੀ ਸੰਜੀਦਾ ਤੌਰ ਅਤੇ ਤਵੱਜੋ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸਜ਼ਾਵਾਂ ਪੂਰੀ ਕਰ ਚੁੱਕੇ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੱਖਾਂ ਪ੍ਰਤੀ ਵੀ ਸਰਕਾਰ ਨੂੰ ਆਪਣਾ ਰਾਜਸੀ ਨਜ਼ਰੀਆ ਨਹੀਂ ਅਪਣਾਉਣਾ ਚਾਹੀਦਾ ਇਸ ਤਰ੍ਹਾਂ ਕਰਨ ਨਾਲ ਸਪਸ਼ਟ ਹੋ ਰਿਹਾ ਹੈ ਕਿ ਮਾਨਵੀ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਜੱਦੋ ਜਹਿਦ ਦੌਰਾਨ ਮਹਿਸੂਸ ਹੋਣ ਲੱਗ ਪਿਆ ਹੈ ਕਿ ਸਰਕਾਰ ਬਹੁਗਿਣਤੀ ਲੋਕਾਂ ਦੀਆਂ ਵੋਟਾਂ ਖ਼ਾਤਰ ਘੱਟ ਗਿਣਤੀ ਵਰਗ ਵਿਰੁੱਧ ਭੁਗਤ ਰਹੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੰਦਿਆਂ ਹੈ ਕਿ ਕੇਂਦਰ ਸਰਕਾਰ ਨੂੰ ਭਾਈ ਰਾਜੋਆਣਾ ਦੇ ਮਸਲੇ ਪ੍ਰਤੀ ਰਾਜਨੀਤੀ ਨਾ ਕਰੇ ਅਜਿਹਾ ਦੇਸ਼ ਦੇ ਹਿਤ ਨਹੀਂ ਹੈ ਕਿ ਅਤੇ ਸੰਵਿਧਾਨ ਦੇ ਉਲਟ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਜਿੱਥੇ ਵੱਖ ਵੱਖ ਨੁਮਾਇੰਦਿਆਂ ਨੇ ਸ਼ਾਮਲ ਹੋ ਕੇ ਆਪਣੀ ਰਾਏ ਦਿੱਤੀ ਹੈ ਕਿ ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਅੰਮਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਸਿੱਖ ਆਗੂ ਭਾਈ ਦਲਜੀਤ ਸਿੰਘ ਬਿੱਟੂ ਅਤੇ ਕੁਝ ਸਿੱਖ ਵਿਦਵਾਨਾਂ ਨੇ ਆਪਣੇ ਲਿਖਤੀ ਸੁਝਾਅ ਵੀ ਭੇਜੇ ਹਨ।

ਇਕੱਤਰਤਾ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਜਸਮੇਰ ਸਿੰਘ ਲਾਛੜੂ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ ਕੇਹਰ ਸਿੰਘ, ਡਾ ਸਰਬਜਿੰਦਰ ਸਿੰਘ, ਡਾ ਪ੍ਰਿਤਪਾਲ ਸਿੰਘ, ਡਾ ਹਰਭਜਨ ਸਿੰਘ ਦੇਹਰਾਦੂਨ, ਡਾ ਪਰਮਵੀਰ ਸਿੰਘ, ਡਾ ਜਸਵਿੰਦਰ ਸਿੰਘ ਖੁਣਖੁਣ, ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਹਰਭਜਨ ਸਿੰਘ ਵਕਤਾ, ਦਲ ਖਾਲਸਾ ਦੇ ਪ੍ਰਧਾਨ ਸ. ਪਰਮਜੀਤ ਸਿੰਘ ਮੰਡ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਪ੍ਰਧਾਨ ਅਮਰਬੀਰ ਸਿੰਘ ਢੋਟ, ਸਕੱਤਰ ਜਨਰਲ ਲਖਵੀਰ ਸਿੰਘ ਸੇਖੋਂ, ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰਮੁਹੰਮਦ, ਮੇਜਰ ਸਿੰਘ ਇੰਟਰਨੈਸ਼ਨਲ ਸਿੱਖ ਸਟੂਡੈਂਟਸ ਫੈਡਰੇਸ਼ਨ, ਸ.ਪਰਮਿੰਦਰ ਸਿੰਘ ਢੀਂਗਰਾ, ਸ. ਤਲਵਿੰਦਰ ਸਿੰਘ ਬੁੱਟਰ, ਸ. ਰਾਜਪਾਲ ਸਿੰਘ ਮੀਰਾਂਕੋਟ, ਆਦਿ ਸ਼ਾਮਲ ਹੋਏ।

## ਕਾਂਗਰਸ ਵੱਲੋਂ ਸਰਬ ਪਾਰਟੀ ਮੀਟਿੰਗ

ਜਨਰਲ ਸਕੱਤਰ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ, ਵਾਸ਼ਿੰਗਟਨ ਡੀਸੀ ਤੋਂ ਹੋਏ ਐਲਾਨਾਂ ਦੇ ਮੱਦੇਨਜ਼ਰ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲੋੜ ਹੈ ਕਿ ਪ੍ਰਧਾਨ ਮੰਤਰੀ ਇਕ ਸਰਬ ਪਾਰਟੀ ਮੀਟਿੰਗ ਦੀ ਪ੍ਰਧਾਨਗੀ ਕਰਨ ਅਤੇ ਰਾਜਨੀਤਿਕ ਪਾਰਟੀਆਂ ਨੂੰ ਭਰੋਸੇ ਵਿੱਚ ਲੈਣ।" ਉਨ੍ਹਾਂ ਕਿਹਾ ਕਿ ਪਿਛਲੇ 18 ਦਿਨਾਂ ਦੀਆਂ ਘਟਨਾਵਾਂ 'ਤੇ ਚਰਚਾ ਕਰਨ ਲਈ ਸੰਸਦ ਦੇ ਵਿਸ਼ੇਸ਼ ਇਜਲਾਸ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲੋੜ ਹੈ।

## ਏਕ ਤਖ਼ਤੀ ਅਮਨ ਕੇ

ਆਦਮੀ ਦਾ ਇਤਿਹਾਸ ਦੱਸਦਾ ਹੈ ਕਿ ਮੁੱਢ ਕਦੀਮ ਤੋਂ ਅਮਨਾਂ ਦੇ ਗੀਤ ਗਾਉਣ ਵਾਲੇ ਪੰਜਾਬੀਆਂ ਦੇ ਹਿੱਸੇ ਜੰਗ ਦਾ ਸਾਧਨ ਮੁਹੱਬਤ ਪ੍ਰੇਰਨਾ ਅਤੇ ਜੀਊਣ ਦਾ ਸਬੱਬ ਵੀ ਬਣਿਆ ਰਿਹਾ ਹੈ । ਸਮੁੱਚੇ ਭਾਰਤ ਦੀ ਤਵਾਰੀਖ਼ ਵਿੱਚ ਜੰਗਾਂ ਦਾ ਇਤਿਹਾਸ ਹੈ ਪ੍ਰੰਤੂ ਸਮੁੱਚੇ ਭਾਰਤ ਦੀ ਇਸ ਇਤਿਹਾਸਿਕ ਤਸਵੀਰ ਤੇ ਗੁਲਦਸਤੇ ਨੂੰ ਦੇਖਿਆ ਜਾਏ ਤਾਂ ਦੁਨੀਆ ਭਰ ਦੀਆਂ ਰੰਗ ਬਿਰੰਗੀਆਂ ਭਾਸ਼ਾਵਾਂ ਅਲੱਗ ਰਹਿਣ ਸਹਿਣ ਸੱਭਿਅਤਾ ਅਲੱਗ ਸੱਭਿਆਚਾਰ ਅਤੇ ਮਾਨਵੀ ਗੀਤਾਂ ਅਤੇ ਦੁੱਖ ਦਰਦ ਦਾ ਲਹਿਜ਼ਾ ਇਸਦੀ ਗੰਗਾਜੁਮਨੀ ਤਹਿਜ਼ੀਬ ਦਾ ਇਕ ਐਸਾ ਚਿਹਰਾ ਹੈ ਜਿਸ ਨੂੰ ਅਸੀਂ ਅੱਜ ਤੱਕ ਬਰਕਰਾਰ ਰੱਖਿਆ ਹੈ।

ਨਫਰਤਾਂ ਦਾ ਯੁੱਗ ਖ਼ਤਮ ਕਰੋ ਅਤੇ ਜੇ ਸੀਮਾ ਪਾਰ ਆਤੰਕ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੂੰ ਆਤੰਕ ਦੀ ਪਰਿਭਾਸ਼ਾ ਤੋਂ ਮੁਹੱਬਤ ਦੀ ਭਾਸ਼ਾ ਵਿੱਚ ਬਦਲਣ ਦਾ ਵੱਲ ਆ ਜਾਏ ਤਾਂ ਅਜੇ ਵੀ ਕੁੱਝ ਨਹੀਂ ਵਿਗੜਿਆ ਦੂਸਰੇ ਦਾ ਘਰ ਉਜਾੜ ਕੇ ਆਪਣਾ ਘਰ ਜਿੰਦਾ ਨਹੀਂ ਰੱਖਿਆ ਜਾ ਸਕਦਾ। ਇਹੀ ਅਜੀਬ ਦਰਦ ਦਾ ਰਿਸ਼ਤਾ ਹੈ ਸਾਰੀ ਦੁਨੀਆਂ ਵਿੱਚ।

ਇਸ ਅਮਨ ਦੇ ਪੌਦੇ ਨੂੰ ਇਸ ਅਮਨ ਦੀ ਦਾਸਤਾਨ ਦੀ ਜ਼ਿੰਦਗੀ ਹੈ ਜੋ ਪੰਜਾਬੀਆਂ ਨੂੰ ਗੁਰੂਆਂ ਪੀਰਾਂ ਦੀ ਧਰਤੀ ਤੇ ਪੈਗਾਮ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆ ਸਿੱਖਿਆਵਾਂ ਦੇ ਸ਼ਰਬਤੀ ਅਤੇ ਜ਼ਿੰਦਗੀ ਨੂੰ ਜੀਣ ਦੀ ਜਾਚ ਰੱਖਦਿਆਂ ਹੋਇਆਂ ਬਦਲਦੀ ਹੋਈ ਦੁਨੀਆ ਅਤੇ ਤਕਨੀਕੀ ਯੁੱਧਾਂ ਦੇ ਧੂੰਏ ਤੋਂ ਬਾਅਦ ਇਹ ਕਹਿੰਦੀ ਹੈ ਕਿ ਆਓ ਅਮਨ-ਓ-ਚੈਨ ਨਾਲ ਰਹੀਏ ਅਤੇ ਫ਼ਸਾਦਾਂ ਤੇ ਨਫ਼ਰਤ ਨੂੰ ਦੂਰ ਛੱਡ ਦਈਏ ਅਤੇ ਇਕ ਨਵੇਂ ਆਸਮਾਨ ਵੱਲ ਦੇਖੀਏ ਜਿਥੇ ਜ਼ਿੰਦਗੀ ਹੈ ।

ਜਿਥੇ ਆਦਮੀ ਦੇ ਜਿਉਣ ਅਤੇ ਸਾਡੇ ਭਵਿੱਖ ਦੀਆਂ ਨਸਲਾਂ ਲਈ ਇੱਕ ਨਵੇਂ ਆਕਾਸ਼ ਵਿੱਚ ਸਤਰੰਗੀ ਇੰਦਰਧਨੁਸ਼ੀ ਰੰਗ ਦੀ ਆਭਾ ਅਜੇ ਬਾਕੀ ਹੈ।

ਉਮੀਦ ਹੈ ਭਾਰਤ ਪਾਕਿਸਤਾਨ ਦੇ ਰਿਸ਼ਤੇ ਇਸ ਡਰੋਨ ਮਿਜ਼ਾਇਲਾਂ ਦੇ ਘਮਾਸਾਨ ਤੋਂ ਬਾਅਦ ਆਤੰਕ ਦੀਆਂ ਘਟਨਾਵਾਂ ਨੂੰ ਇਕ ਪੂਰਾ ਫੁੱਲ ਸਟਾਪ ਮਿਲੇਗਾ ਤੇ ਮੁਹੱਬਤ ਦੀ ਗੱਲ ਸ਼ੁਰੂ ਹੋਏਗੀ।

ਆਪਣੀ ਗੱਲ ਮੈਂ ਬਸ਼ੀਰ ਬਦਰ ਦੇ ਇਸ ਸ਼ੇਰ ਨਾਲ ਖ਼ਤਮ ਕਰਦਾ ਹਾਂ—

ਸਾਤ ਸੰਦੂਕੋਂ ਮੇ ਭਰ ਕਰ ਦਫ਼ਨ ਕਰ ਦੋ ਨਫਰਤੇਂ
ਆਜ ਇਸੰਾਂ ਕੋ ਮੁਹੱਬਤ ਕੀ ਜ਼ਰੂਰਤ ਹੈ ਬਹੁਤ ॥

# ਪੰਜਾਬ ਵਿੱਚ ਪਹਿਲੀ ਵਾਰ ਲੋਕ ਹਿਤੈਸ਼ੀ ਟੈਂਡਰ ਨੀਤੀ ਲਾਗੂ : ਈ.ਟੀ.ਓ.

ਚੰਡੀਗੜ੍ਹ, 10 ਮਈ, (ਚ.ਨ.ਸ.) : ਸੂਬੇ ਦੀਆਂ ਸੜਕਾਂ ਨੂੰ ਬਿਹਤਰ ਬਨਾਉਣ ਅਤੇ ਉਨ੍ਹਾਂ ਦੇ ਰੱਖ ਰਖਾਵ ਨੂੰ ਬਿਹਤਰ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਵੀਂ ਟੈਂਡਰ ਨੀਤੀ ਲਾਗੂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ.ਨੇ ਦੱਸਿਆ ਕਿ ਰਾਜ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ, ਬਿਹਤਰ ਅਤੇ ਟਿਕਾਊ ਤਰੀਕੇ ਨਾਲ ਵਿਕਸਿਤ ਕਰਨ ਲਈ ਪੰਜਾਬ ਸਰਕਾਰ ਨੇ ਸੜਕਾਂ ਦੀ ਉਸਾਰੀ ਲਈ ਕੀਤੇ ਜਾਣ ਵਾਲੇ ਟੈਂਡਰ ਵਿਚ ਲੰਮੀ ਮਿਆਦ ਤਕ ਰੱਖ ਰਖਾਉ ਦਾ ਉਪਬੰਧ ਕੀਤਾ ਗਿਆ ਹੈ, ਜਿਸ ਨਾਲ ਸੂਬਾ ਵਾਸੀਆਂ, ਠੇਕੇਦਾਰਾਂ ਅਤੇ ਮਹਿਕਮੇ ਨੂੰ ਫਾਇਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਨਵੇਂ ਉਪਬੰਧ ਨਾਲ ਸੜਕਾਂ ਦੀ ਸਮੇਂ ਸਿਰ ਅਤੇ ਤੁਰੰਤ ਰਿਪੇਅਰ ਨਾਲ ਲੋਕਾਂ ਨੂੰ ਚੰਗੀ ਸੜਕ ਮਿਲੇਗੀ ਨਾਲ ਹੀ ਠੇਕੇਦਾਰ ਆਪਣੇ ਰੱਖ ਰਖਾਵ ਦੀ ਪਲਾਨਿੰਗ ਕਰ ਸਕੇਗਾ ਅਤੇ ਮਹਿਕਮੇ ਨੂੰ ਬਾਰ ਬਾਰ ਟੈਂਡਰ ਲਾਉਣ ਦੀ ਪ੍ਰੀਕਿਰਿਆ ਤੋਂ ਰਾਹਤ ਮਿਲੇਗੀ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਪੰਜਾਬ ਰਾਜ ਦੇ ਰੋਡ



ਨੈੱਟਵਰਕ ਦਾ 85% ਹਿੱਸਾ ਪੇਂਡੂ ਸੜਕਾਂ ਜਾਂ ਲਿੰਕ ਸੜਕਾਂ ਦਾ ਹੈ। ਇਹ ਸੜਕਾਂ ਪੰਜ਼ਾਬ ਦੇ ਪਿੰਡਾਂ ਨੂੰ ਮੰਡੀਆਂ, ਸਕੂਲਾਂ/ਕਾਲਜਾਂ, ਹਸਪਤਾਲਾਂ ਅਤੇ ਸ਼ਹਿਰਾਂ ਨਾਲ ਜੋੜਨ ਦਾ ਅਹਿਮ ਕੰਮ ਕਰਦੀਆਂ ਹਨ। ਪੰਜਾਬ ਰਾਜ ਦੇ ਅਰਥਚਾਰੇ ਵਿੱਚ ਇਨ੍ਹਾਂ ਸੜਕਾਂ ਦਾ ਅਹਿਮ ਰੋਲ ਹੈ।

ਉਨ੍ਹਾਂ ਕਿਹਾ ਕਿ ਸਪੈਸ਼ਲ ਰਿਪੇਅਰ ਸਣੇ ਲੰਮੀ ਮਿਆਦ ਦੇ ਉਪਬੰਧ ਸਾਰੀਆਂ ਧਿਰਾਂ ਲਈ ਲਾਹੇਵੰਦ ਹੱਲ ਹੈ। ਇਸ ਤੋਂ ਇਲਾਵਾ ਸਰਕਾਰ ਵੀ ਬਜਟ ਉਪਬੰਧਾਂ ਵਿੱਚ ਖੁੱਲ੍ਹੇ ਫੰਡ ਉਪਲਬੱਧ ਕਰਵਾ ਰਹੀ ਹੈ। ਜਨਤਾ ਦੀ ਕਮਾਈ ਦੇ ਇੱਕ ਇੱਕ ਪੈਸੇ ਦਾ ਸਹੀ ਅਤੇ ਆਮ ਲੋਕਾਂ ਦੀ ਉਮੀਦਾਂ ਮੁਤਾਬਿਕ ਇਸਤੇਮਾਲ ਹੀ ਸਾਡੀ ਸਰਕਾਰ ਦਾ ਮੁੱਖ ਟੀਚਾ ਹੈ।

ਸ.ਹਰਭਜਨ ਸਿੰਘ ਈ.ਟੀ.ਓ.ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਲ 2022-23, 2023-24 ਅਤੇ 2024-25 ਲਈ ਡਿਊ ਸੜਕਾਂ ਦੀ ਸਪੈਸ਼ਲ ਰਿਪੇਅਰ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਵਿਚ ਲੋਕ ਨਿਰਮਾਣ ਵਿਭਾਗ ਅਧੀਨ ਪੈਂਦੀਆਂ 6015 ਕਿ:ਮੀ: ਲੰਬਾਈ ਦੀਆਂ 2615 ਲਿੰਕ ਸੜਕਾਂ ਨੂੰ 1188 ਕਰੋੜ ਰੁਪਏ ਨਾਲ ਰਿਪੇਅਰ ਕਰਨ ਦਾ ਟੀਚਾ ਸਰਕਾਰ ਵੱਲੋਂ ਮਿਥਿਆ ਗਿਆ ਹੈ। ਇਸ ਪ੍ਰਾਜੈਕਟ ਵਿਚ ਇਨ੍ਹਾਂ ਲਿੰਕ ਸੜਕਾਂ ਦਾ ਪੰਜ ਸਾਲਾ ਲਈ ਮੈਂਟੀਨੈਂਸ (ਰੱਖ-ਰਖਾਵ) ਵੀ ਸਬੰਧਤ ਠੇਕੇਦਾਰ ਵੱਲੋਂ ਹੀ ਕੀਤਾ ਜਾਣਾ ਹੈ।

ਇਸ ਸਬੰਧ ਵਿੱਚ ਮੁਢਲੇ ਪ੍ਰਾਜੈਕਟ ਵੱਜੋਂ ਪੰਜਾਬ ਦੇ ਦੋ ਜਿਲ੍ਹੇ ਬਰਨਾਲਾ ਅਤੇ ਪਠਾਨਕੋਟ ਦੀਆਂ 94 ਸੜਕਾਂ ਜਿਨ੍ਹਾਂ ਦੀ ਲੰਬਾਈ 2096 ਕਿਲੋਮੀਟਰ ਹੈ, ਦੀ ਸਪੈਸ਼ਲ ਰਿਪੇਅਰ ਸਣੇ ਲੰਮੀ ਮਿਆਦ ਦੇ ਉਪਬੰਧਾਂ ਲਈ ਟੈਂਡਰ ਕਾਲ ਕੀਤੇ ਜਾ ਚੁੱਕੇ ਹਨ। ਇਨ੍ਹਾਂ ਸੜਕਾਂ ਦੀ ਲੰਮੀ ਮਿਆਦ ਦੀ ਰਿਪੇਅਰ ਸਣੇ ਸਪੈਸ਼ਲ ਰਿਪੇਅਰ ਦਾ ਕੰਮ ਜਲਦ ਹੀ ਸ਼ੁਰੂ ਹੋ ਜਾਵੇਗਾ ਅਤੇ ਰਾਜ ਦੀ ਰਹਿੰਦੀਆਂ ਲਿੰਕ ਸੜਕਾਂ ਤੇ ਵੀ ਅਜਿਹੇ ਉਪਬੰਧਾਂ ਅਧੀਨ ਸਪੈਸ਼ਲ ਰਿਪੇਅਰ ਦੇ ਕੰਮਾਂ ਨੂੰ ਨਿਸਚਿਤ ਸਮੇਂ ਦੇ ਅੰਦਰ ਮੁਕੰਮਲ ਕਰ ਦਿੱਤਾ ਜਾਵੇਗਾ।

# ਕੈਬਨਿਟ ਮੰਤਰੀਆਂ ਨੇ ਪਾਕਿਸਤਾਨੀ ਡਰੋਨ ਹਮਲੇ 'ਚ ਜ਼ਖਮੀ ਹੋਏ ਲੋਕਾਂ ਦਾ ਹਾਲ ਪੁੱਛਿਆ

ਚੰਡੀਗੜ੍ਹ/ਫ਼ਿਰੋਜ਼ਪੁਰ, 10 ਮਈ, (ਚ.ਨ.ਸ.) : ਭਾਰਤ-ਪਾਕਿਸਤਾਨ ਸਰਹੱਦ ਉੱਤੇ ਬਣੀ ਸੰਵੇਦਨਸ਼ੀਲ ਸਥਿਤੀ ਮੌਕੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਨਾਲ ਖੜ੍ਹਨ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਤਹਿਤ ਦੋ ਕੈਬਨਿਟ ਮੰਤਰੀਆਂ ਗੁਰਮੀਤ ਸਿੰਘ ਖੁੱਡੀਆਂ ਤੇ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਜ਼ਿਲ੍ਹਾ ਫਿਰੋਜ਼ਪੁਰ ਦਾ ਦੌਰਾ ਕਰਕੇ ਸਰਹੱਦੀ ਖੇਤਰਾਂ ਵਿੱਚ ਹਾਲਾਤਾਂ ਦਾ ਜਾਇਜ਼ਾ ਲਿਆ।



ਕੈਬਨਿਟ ਮੰਤਰੀਆਂ ਵੱਲੋਂ ਕੱਲ੍ਹ ਰਾਤ ਪਾਕਿਸਤਾਨ ਵੱਲੋਂ ਕੀਤੇ ਡਰੋਨ ਹਮਲਿਆਂ ਦੌਰਾਨ ਪਿੰਡ ਖਾਈ ਫ਼ੇਮੇ ਕੀ ਦੇ ਜਖ਼ਮੀ ਹੋਏ ਲੋਕਾਂ ਨਾਲ ਸਥਾਨਕ ਹਸਪਤਾਲ ਵਿਖੇ ਪਹੁੰਚ ਕੇ ਗੱਲਬਾਤ ਕੀਤੀ ਗਈ ਅਤੇ ਹਾਲ ਚਾਲ ਪੁੱਛਿਆ ਗਿਆ। ਉਨ੍ਹਾਂ ਜਖ਼ਮੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਪਾਸੋਂ ਪੂਰੀ ਸਹਾਇਤਾ ਦਾ ਭਰੋਸਾ ਦਿੱਤਾ ਤੇ ਉਨ੍ਹਾਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ।

ਇਸ ਦੌਰਾਨ ਕੈਬਨਿਟ ਮੰਤਰੀਆਂ ਨੇ ਹਸਪਤਾਲ ਦੇ ਡਾਕਟਰਾਂ, ਸਿਹਤ ਅਧਿਕਾਰੀਆਂ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਉਪਲੱਬਧ ਦਵਾਈਆਂ, ਡਾਕਟਰਾਂ ਅਤੇ ਹੋਰ ਜਰੂਰੀ ਸਹੂਲਤਾਂ ਦਾ ਅਗਾਊਂ ਪ੍ਰਬੰਧ ਅਤੇ ਸਟਾਕ ਰੱਖਣ ਲਈ ਕਿਹਾ ਤਾਂ ਜੋ ਕਿਸੇ ਵੀ ਕਿਸਮ ਦੀ ਹੰਗਾਮੀ ਸਥਿਤੀ ਜਾਂ ਐਮਰਜੈਂਸੀ ਦੌਰਾਨ ਦਿੱਕਤ ਨਾ ਆਵੇ।

ਕੈਬਨਿਟ ਮੰਤਰੀਆਂ ਨੇ ਫ਼ਿਰੋਜ਼ਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਜਾਂਦੇ ਨਿਰਦੇਸ਼ਾਂ ਦੀ ਪਾਲਣਾ ਨੂੰ ਹਰ ਹਾਲ ਵਿੱਚ ਯਕੀਨੀ ਬਣਾਉਣ ਤਾਂ ਜੋ ਉਹ ਸੁਰੱਖਿਅਤ ਰਹਿ ਸਕਣ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਦੇਸ਼ ਵਾਸੀਆਂ ਦੀ ਸੁਰੱਖਿਆ ਸਾਡੀ ਪਹਿਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਲੋਕਾਂ ਦੀ ਸੁਰੱਖਿਆ ਲਈ ਲਗਾਤਾਰ ਸਲਾਹਕਾਰੀਆਂ ਜਾਰੀ ਕਰ ਰਿਹਾ ਹੈ ਅਤੇ ਵੱਖ-ਵੱਖ ਮਾਧਿਅਮਾਂ ਰਾਹੀਂ ਲੋਕਾਂ ਨੂੰ ਸੁਰੱਖਿਆ ਨੇਮਾਂ ਪ੍ਰਤੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜਾਰੀ ਬਲੈਕਆਊਟ ਦਾ ਪੂਰੀ ਸਖ਼ਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਕੈਬਨਿਟ ਮੰਤਰੀਆਂ ਨੇ ਕਿਹਾ ਕਿ ਪੰਜਾਬ ਸੂਬਾ ਆਪਣੇ ਦੇਸ਼ ਅਤੇ ਦੇਸ਼ ਦੀ ਸੈਨਾ ਦੇ ਨਾਲ ਮੋਢੇ ਨਾਲ ਮੋਢੇ ਜੋੜ ਕੇ ਖੜ੍ਹਾ ਹਾਂ। ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਨਾਜ਼ੁਕ ਸਥਿਤੀ ਵਿੱਚ ਜ਼ਿਲ੍ਹਾ ਵਾਸੀਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਵੀ ਸਥਿਤੀ ਉੱਤੇ ਪੂਰੀ ਨਜ਼ਰ ਰੱਖ ਰਹੇ ਹਨ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਘੜੀ ਵਿੱਚ ਆਪਸੀ ਸਹਿਯੋਗ ਤੇ ਭਾਈਚਾਰਾ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।

ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ, ਰਜਨੀਸ਼ ਦਹੀਆ, ਫੌਜਾ ਸਿੰਘ ਸਰਾਰੀ ਤੇ ਨਰੇਸ਼ ਕਟਾਰੀਆ, ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ, ਐਸਡੀਐਮ ਜੀਰਾ ਗੁਰਮੀਤ ਸਿੰਘ ਸਮੇਤ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਕਾਲਕਾ ਅਤੇ ਕਾਹਲੋਂ ਵੱਲੋਂ ਸਰਨਾ ਤੇ ਜੀ.ਕੇ. ਨੂੰ ਜਨਤਕ ਤੌਰ 'ਤੇ ਬਹਿਸ ਦੀ ਚੁਣੌਤੀ




ਨਵੀਂ ਦਿੱਲੀ, 10 ਮਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਮੇਟੀ ਦੇ ਸਾਬਕਾ ਪ੍ਰਧਾਨਾਂ ਸਰਦਾਰ ਪਰਮਜੀਤ ਸਿੰਘ ਸਰਨਾ ਤੇ ਸਰਦਾਰ ਮਨਜੀਤ ਸਿੰਘ ਜੀ.ਕੇ. ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ ਕਿ ਉਹ ਕਮੇਟੀ ਦੇ ਕੰਮਕਾਜ ਦੇ ਮੁੱਦੇ 'ਤੇ ਉਹਨਾਂ ਦੀ ਮਰਜ਼ੀ ਦੇ ਚੈਨਲ, ਉਹਨਾਂ ਦੀ ਮਰਜ਼ੀ ਦੀ ਤਾਰੀਕ ਅਤੇ ਥਾਂ 'ਤੇ ਉਹਨਾਂ ਨਾਲ ਬਹਿਸ ਕਰਨ ਵਾਸਤੇ ਤਿਆਰ ਹਨ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਕ ਸਮਾਂ ਸੀ ਜਦੋਂ ਸਰਦਾਰ ਮਨਜੀਤ ਸਿੰਘ ਜੀ.ਕੇ. ਨੇ ਖੁਦ ਸਰਦਾਰ ਪਰਮਜੀਤ ਸਿੰਘ ਸਰਨਾ ਵੱਲੋਂ ਕਮੇਟੀ ਦਾ ਪ੍ਰਧਾਨ ਹੁੰਦਿਆਂ ਕੀਤੇ ਭ੍ਰਿਸ਼ਟਾਚਾਰ ਬਾਰੇ ਵੀਡੀਓਜ਼ ਪਾ ਕੇ ਸੰਗਤ ਨੂੰ ਜਾਣਕਾਰੀ ਦਿੱਤੀ ਸੀ। ਉਹਨਾਂ ਕਿਹਾ ਕਿ ਅੱਜ ਇਹ ਦੋਵੇਂ ਇਕ ਪਾਰਟੀ ਬਾਦਲ ਦਲ ਦੇ ਬੈਨਰ ਹੇਠ ਇਕੱਠੇ ਹੋ ਗਏ ਹਨ। ਉਹਨਾਂ ਕਿਹਾ ਕਿ ਦੋਵੇਂ ਜਣੇ ਝੂਠ ਬੋਲਣ ਵਿਚ ਇਕ ਦੂਜੇ ਦੇ ਉਸਤਾਦ ਹਨ, ਜੋ ਸੰਗਤ ਵੇਖ ਹੀ ਰਹੀ ਹੈ।

ਉਹਨਾਂ ਕਿਹਾ ਕਿ ਉਹ ਦੋਵਾਂ ਨੂੰ ਇਹ ਬੇਨਤੀ ਕਰਦੇ ਹਨ ਕਿ ਉਹਨਾਂ ਦੀ ਮਰਜ਼ੀ ਦੇ ਦਿਨ ਅਤੇ ਥਾਂ 'ਤੇ ਉਹ ਕਿਸੇ ਵੀ ਤਰੀਕੇ ਦੀ ਬਹਿਸ ਵਾਸਤੇ ਤਿਆਰ ਹਨ ਕਿ ਕਮੇਟੀ ਦੇ ਕੰਮਕਾਜ ਨੂੰ ਕਿਸਨੇ ਚੁਸਤ ਦਰੁਸਤ ਕੀਤਾ।

ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਜਿੱਥੇ ਸਰਦਾਰ ਪਰਮਜੀਤ ਸਿੰਘ ਸਰਨਾ ਨੇ ਕਮੇਟੀ ਪ੍ਰਧਾਨ ਹੁੰਦਿਆਂ ਰੱਜ ਕੇ ਭ੍ਰਿਸ਼ਟਾਚਾਰ ਕੀਤਾ, ਜਿਸਨੂੰ ਖੁਦ ਸਰਦਾਰ ਮਨਜੀਤ ਸਿੰਘ ਜੀ.ਕੇ. ਨੇ ਉਜਾਗਰ ਕੀਤਾ, ਉੱਥੇ ਹੀ ਸਰਦਾਰ ਮਨਜੀਤ ਸਿੰਘ ਜੀ.ਕੇ. ਨੇ ਵੀ ਰੱਜ ਕੇ ਭ੍ਰਿਸ਼ਟਾਚਾਰ ਕੀਤਾ ਜਿਸਦੇ ਕੇਸ ਸੰਗਤ ਦੇ ਸਾਹਮਣੇ ਹਨ। ਉਹਨਾਂ ਕਿਹਾ ਕਿ ਉਹ ਜਨਤਕ ਬਹਿਸ ਵਾਸਤੇ ਤਿਆਰ ਬਰ ਤਿਆਰ ਹਨ ਤੇ ਇਹਨਾਂ ਦੋਵਾਂ ਨੂੰ ਸੰਗਤ ਦੇ ਸਾਹਮਣੇ ਬੇਨਕਾਬ ਕਰਨਗੇ। ਉਹਨਾਂ ਨੇ ਦੋਵਾਂ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਸੰਗਤ ਦੇ ਸਾਹਮਣੇ ਇਸ ਬਹਿਸ ਵਾਸਤੇ ਅੱਗੇ ਆਉਣ ਤਾਂ ਜੋ ਸੰਗਤ ਨੂੰ ਹੋਰ ਵੀ ਚਾਨਣਾ ਹੋ ਸਕੇ ਕਿ ਇਹਨਾਂ ਨੇ ਕਿਵੇਂ ਸੰਗਤ ਦੇ ਪੈਸੇ ਦੀ ਦੁਰਵਰਤੋਂ ਕੀਤੀ ਤੇ ਰੱਜ ਕੇ ਭ੍ਰਿਸ਼ਟਾਚਾਰ ਕੀਤਾ।

# ਚੋਣ ਕਮਿਸ਼ਨ ਵੱਲੋਂ ਸੀ.ਪੀ.ਆਈ.(ਐਮ) ਦੇ ਵਫ਼ਦ ਨਾਲ ਵਿਚਾਰ ਵਟਾਂਦਰਾ




ਚੰਡੀਗੜ੍ਹ, 10 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨਰ ਡਾ.ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਨੇ ਸ਼ਨੀਵਾਰ ਨੂੰ ਨਿਰਵਾਚਨ ਸਦਨ, ਦਿੱਲੀ ਵਿਖੇ ਸੀਪੀਆਈ (ਐਮ) ਦੇ ਜਨਰਲ ਸਕੱਤਰ ਐਮ.ਏ. ਬੇਬੀ ਨਾਲ ਆਏ ਪਾਰਟੀ ਵਫ਼ਦ ਨਾਲ ਵਿਚਾਰ ਵਟਾਂਦਰਾ ਕੀਤਾ। ਇਹ ਗੱਲਬਾਤ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਰਾਸ਼ਟਰੀ ਅਤੇ ਸੂਬਾਈ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ ਨਾਲ ਕੀਤੇ ਜਾ ਰਹੇ ਵਿਚਾਰ ਵਟਾਂਦਰੇ ਦੀ ਲੜੀ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਬਸਪਾ ਅਤੇ ਭਾਜਪਾ ਦੇ ਵਫ਼ਦ ਨਾਲ ਵੀ ਮੁਲਾਕਾਤ ਕਰ ਚੁੱਕਾ ਹੈ।

ਚੋਣ ਕਮਿਸ਼ਨ ਨੇ ਵੱਖ-ਵੱਖ ਭਾਈਵਾਲਾਂ ਨਾਲ ਵਧੇਰੇ ਅਤੇ ਨਿਯਮਤ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੇ ਮੱਦੇਨਜ਼ਰ ਰਾਸ਼ਟਰੀ ਅਤੇ ਸੂਬਾ ਪੱਧਰ ਦੀਆਂ ਰਾਜਨੀਤਿਕ ਪਾਰਟੀਆਂ ਨਾਲ ਵਿਚਾਰ ਵਟਾਂਦਰੇ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸ ਗੱਲ ਦੀ ਲੋੜ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ ਕਿ ਰਾਸ਼ਟਰੀ ਅਤੇ ਸੂਬਾਈ ਪਾਰਟੀ ਪ੍ਰਧਾਨ ਆਪਣੇ ਸੁਝਾਅ ਅਤੇ ਸਮੱਸਿਆਵਾਂ ਸਿੱਧੇ ਤੌਰ 'ਤੇ ਕਮਿਸ਼ਨ ਨਾਲ ਸਾਂਝੇ ਕਰਨ ਅਤੇ ਇਸੇ ਲੜੀ ਤਹਿਤ ਸਿਆਸੀ ਪਾਰਟੀਆਂ ਨਾਲ ਚੋਣ ਕਮਿਸ਼ਨ ਨੇ ਸਿੱਧਾ ਰਾਬਤਾ ਰੱਖਣ ਲਈ ਵਿਚਾਰ ਵਟਾਂਦਰੇ ਦਾ ਇਹ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ, ਕੁੱਲ 4,719 ਸਰਬ ਪਾਰਟੀ ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਮੁੱਖ ਚੋਣ ਅਧਿਕਾਰੀਆਂ ਵੱਲੋਂ 40 ਮੀਟਿੰਗਾਂ, ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ 800 ਅਤੇ ਈ.ਆਰ.ਓਜ਼. ਵੱਲੋਂ 3879 ਮੀਟਿੰਗਾਂ ਸ਼ਾਮਲ ਹਨ। ਇਨ੍ਹਾਂ ਮੀਟਿੰਗਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ 28,000 ਤੋਂ ਵੱਧ ਨੁਮਾਇੰਦੇ ਸ਼ਾਮਲ ਹੋਏ ਸਨ।

# ਭਾਰਤ ਸ਼ਾਂਤੀ ਦਾ ਦੇਸ਼, ਅਸੀਂ ਪਹਿਲਾਂ ਛੇੜਦੇ ਨਹੀਂ, ਬਾਅਦ ਵਿੱਚ ਛੱਡਦੇ ਨਹੀਂ : ਰਾਘਵ ਚੱਢਾ

ਨਵੀਂ ਦਿੱਲੀ, 10 ਮਈ, (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਉਸ ਨੇ ਪਾਕਿਸਤਾਨ ਨੂੰ ਇੱਕ ਸਖ਼ਤ ਅਤੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਆਪਣੀਆਂ ਅੱਤਵਾਦੀ ਗਤੀਵਿਧੀਆਂ ਅਤੇ ਕਾਇਰਤਾਪੂਰਨ ਕਾਰਵਾਈਆਂ ਤੁਰੰਤ ਬੰਦ ਕਰੇ ਨਹੀਂ ਤਾਂ ਉਸਨੂੰ ਇਤਿਹਾਸ ਦੇ ਸਭ ਤੋਂ ਸਖ਼ਤ ਨਤੀਜੇ ਭੁਗਤਣੇ ਪੈਣਗੇ।

ਉਨ੍ਹਾਂ ਭਾਰਤੀ ਫੌਜ ਦੇ ਅਜਿੱਤ ਸਾਹਸ ਨੂੰ ਸਲਾਮ ਕੀਤਾ ਅਤੇ ਦੇਸ਼ ਵਾਸੀਆਂ ਨੂੰ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ, ਅਸੀਂ ਪਹਿਲਾਂ ਛੇੜਦੇ ਨਹੀਂ ਨਹੀਂ, ਪਰ ਬਾਅਦ ਵਿੱਚ ਛੱਡਦੇ ਵੀ ਨਹੀਂ। ਭਾਰਤ ਬੁੱਧ ਦੀ ਧਰਤੀ ਹੈ, ਪਰ ਇਹ ਅਰਜੁਨ ਅਤੇ ਭੀਸ਼ਮ ਵਰਗੇ ਬਹਾਦਰ ਯੋਧਿਆਂ ਦੀ ਕਰਮਭੂਮੀ ਵੀ ਹੈ।

ਸੰਸਦ ਮੈਂਬਰ ਰਾਘਵ ਚੱਢਾ ਨੇ ਪਾਕਿਸਤਾਨ ਦੀਆਂ ਲਗਾਤਾਰ ਅੱਤਵਾਦੀ ਗਤੀਵਿਧੀਆਂ ਅਤੇ ਸਰਹੱਦ 'ਤੇ ਕਾਇਰਤਾਪੂਰਨ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ, ਇਹ ਸੱਚ ਹੈ ਕਿ ਤੁਸੀਂ ਦੋਸਤ ਬਦਲ ਸਕਦੇ ਹੋ, ਪਰ ਗੁਆਂਢੀ ਨਹੀਂ! ਅਤੇ ਜੇਕਰ ਗੁਆਂਢੀ ਪਾਕਿਸਤਾਨ ਵਰਗਾ ਹੈ, ਤਾਂ ਇਹ ਸਾਡਾ ਪਹਿਲਾ ਫਰਜ਼ ਹੈ ਕਿ ਅਸੀਂ ਉਸਨੂੰ ਸੁਧਾਰਨ ਲਈ ਸਖ਼ਤ ਸਜ਼ਾ ਦੇਈਏ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ ਭਾਰਤ ਸਿਰਫ਼ ਪਾਕਿਸਤਾਨ ਵਿਰੁੱਧ ਹੀ ਨਹੀਂ ਸਗੋਂ ਬੇਰਹਿਮੀ, ਬਰਬਰਤਾ ਅਤੇ ਅੱਤਵਾਦੀ ਮਾਨਸਿਕਤਾ ਵਿਰੁੱਧ ਵੀ ਜੰਗ ਲੜ ਰਿਹਾ ਹੈ।

ਭਾਰਤੀ ਫੌਜ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦੇ ਹੋਏ, ਉਨ੍ਹਾਂ ਕਿਹਾ, ਸਾਡੀ ਫੌਜ ਜਿਸ ਸ਼ਾਨਦਾਰ ਬਹਾਦਰੀ ਨਾਲ ਲੜ ਰਹੀ ਹੈ, ਉਹ ਸਪੱਸ਼ਟ ਕਰਦੀ ਹੈ ਕਿ ਇਸ ਵਾਰ ਅੱਤਵਾਦ ਦਾ ਖਾਤਮਾ ਹੋ ਜਾਵੇਗਾ। ਸਾਨੂੰ ਆਪਣੇ ਸੈਨਿਕਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰਨੀ ਪਵੇਗੀ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਚੱਟਾਨ ਵਾਂਗ ਖੜ੍ਹੇ ਰਹਿਣਾ ਪਵੇਗਾ।

ਰਾਘਵ ਚੱਢਾ ਨੇ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਹਵਾਲਾ ਦਿੱਤਾ, ਜਿਸ ਵਿੱਚ ਪਾਕਿਸਤਾਨੀ ਅੱਤਵਾਦੀਆਂ ਨੇ ਨਿਹੱਥੇ ਨਾਗਰਿਕਾਂ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ। ਉਨ੍ਹਾਂ ਕਿਹਾ, ਇਹ ਮਨੁੱਖਤਾ 'ਤੇ ਇੱਕ ਧੱਬਾ ਸੀ। ਅਸੀਂ ਅਪਰੇਸ਼ਨ ਸਿੰਦੂਰ ਦੀ ਪਹਿਲੀ ਕਿਸ਼ਤ ਰਾਹੀਂ ਆਪਣੀਆਂ ਮਾਵਾਂ ਅਤੇ ਭੈਣਾਂ ਦੇ ਸਿੰਦੂਰ ਦਾ ਬਦਲਾ ਵੀ ਲਿਆ, ਜਿਸ ਵਿੱਚ ਸਾਡੀ ਫੌਜ ਨੇ ਅੱਤਵਾਦੀਆਂ ਦੇ ਟਿਕਾਣਿਆਂ ਵਿੱਚ ਦਾਖਲ ਹੋ ਕੇ ਉਨ੍ਹਾਂ ਨੂੰ ਸਬਕ ਸਿਖਾਇਆ।

ਉਨ੍ਹਾਂ ਕਿਹਾ, ਪਰ ਪਾਕਿਸਤਾਨ ਨੇ ਆਪਣੀ ਗਲਤੀ ਮੰਨਣ ਦੀ ਬਜਾਏ ਸਰਹੱਦ 'ਤੇ ਮਾਸੂਮ ਨਾਗਰਿਕਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਰਾਘਵ ਚੱਢਾ ਨੇ ਇਸਨੂੰ ਪਾਕਿਸਤਾਨ ਦੀ ਕਮਜ਼ੋਰ ਮਾਨਸਿਕਤਾ ਦਾ ਸਬੂਤ ਕਰਾਰ ਦਿੱਤਾ ਅਤੇ ਕਿਹਾ, ਉਹ ਭੁੱਲ ਗਿਆ ਕਿ ਭਾਰਤ, ਬੁੱਧ ਅਤੇ ਗਾਂਧੀ ਦੀ ਧਰਤੀ ਹੋਣ ਦੇ ਨਾਲ-ਨਾਲ, ਅਰਜੁਨ, ਭੀਸ਼ਮ, ਭਗਤ ਸਿੰਘ ਅਤੇ ਚੰਦਰਸ਼ੇਖਰ ਆਜ਼ਾਦ ਵਰਗੇ ਨਾਇਕਾਂ ਦੀ ਵੀ ਧਰਤੀ ਹੈ।

ਰਾਘਵ ਚੱਢਾ ਨੇ ਭਾਰਤੀ ਫੌਜ ਦੀਆਂ ਤਿੰਨੋਂ ਸ਼ਾਖਾਵਾਂ - ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੀ ਪ੍ਰਸ਼ੰਸਾ ਕੀਤੀ, ਜੋ ਪਾਕਿਸਤਾਨ ਨੂੰ ਉਸਦੀ ਔਕਾਤ ਯਾਦ ਦਿਵਾ ਰਹੀ ਹੈ। ਉਨ੍ਹਾਂ ਕਿਹਾ, ਸਾਡੀਆਂ ਮਿਸਾਈਲਾਂ ਅਤੇ ਲੜਾਕੂ ਜਹਾਜ਼ ਪਾਕਿਸਤਾਨ ਦੀ ਛਾਤੀ 'ਤੇ ਗਰਜ ਰਹੇ ਹਨ। ਸਾਡਾ ਏਅਰ ਡਿਫੈਂਸ ਸਿਸਟਮ ਉਨ੍ਹਾਂ ਦੀਆਂ ਮਿਸਾਈਲਾਂ ਅਤੇ ਡਰੋਨਾਂ ਨੂੰ ਮੱਛਰਾਂ ਵਾਂਗ ਕੁਚਲ ਰਿਹਾ ਹੈ।

ਉਨ੍ਹਾਂ ਕਿਹਾ, ਉਹ ਅੱਤਵਾਦੀ ਜਿਨ੍ਹਾਂ ਨੇ ਰਹਿਮ ਦੀ ਭੀਖ ਮੰਗ ਰਹੀਆਂ ਮਾਵਾਂ ਨੇ ਤੋਂ ਬੱਚਿਆਂ ਨੂੰ ਖੋਹ ਲਿਆ ਸੀ, ਜਿਹੜੇ ਅੱਤਵਾਦੀਆਂ ਨੇ ਪੁਲਵਾਮਾ ਤੋਂ ਉਰੀ ਤੱਕ ਸਾਡੇ ਲੋਕਾਂ 'ਤੇ ਬੁਰੀ ਨਜ਼ਰ ਰੱਖ ਸੀ। ਜਿਹੜੇ ਅੱਤਵਾਦੀਆਂ ਨੇ 2008 ਵਿੱਚ ਮੁੰਬਈ ਵਿੱਚ ਸਾਡੇ ਸੈਂਕੜੇ ਨਿਹੱਥੇ ਅਤੇ ਮਾਸੂਮ ਲੋਕਾਂ ਨੂੰ ਮਾਰ ਦਿੱਤਾ। ਜਿਹੜੇ ਅੱਤਵਾਦੀਆਂ ਨੇ 2001 ਵਿੱਚ ਸਾਡੇ ਲੋਕਤੰਤਰ ਦੇ ਮੰਦਰ, ਸੰਸਦ 'ਤੇ ਹਮਲਾ ਕੀਤਾ ਸੀ। ਜਿਹੜੇ ਅੱਤਵਾਦੀਆਂ ਨੇ 1993 ਵਿੱਚ ਲੜੀਵਾਰ ਧਮਾਕਿਆਂ ਨਾਲ ਸਾਡੀ ਆਰਥਿਕ ਰਾਜਧਾਨੀ ਮੁੰਬਈ ਨੂੰ ਹਿਲਾ ਦਿੱਤਾ ਸੀ।

ਉਨ੍ਹਾਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇੱਕਜੁੱਟ ਰਹਿਣ, ਸੈਨਿਕਾਂ ਦਾ ਮਨੋਬਲ ਵਧਾਉਣ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਖੜ੍ਹੇ ਰਹਿਣ। ਸਾਨੂੰ ਆਪਣੇ ਸੈਨਿਕਾਂ ਦੀ ਸੁਰੱਖਿਆ ਲਈ ਆਪਣੇ-ਆਪਣੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਇਹ ਸਮਾਂ ਦੇਸ਼ ਨੂੰ ਕਮਜ਼ੋਰ ਨਹੀਂ, ਸਗੋਂ ਮਜ਼ਬੂਤ ਬਣਨ ਦਾ ਹੈ।

ਭਾਰਤ ਸ਼ਾਂਤੀ ਚਾਹੁੰਦਾ ਹੈ, ਪਰ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ।

# ਬੈਂਸ ਨੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ

ਚੰਡੀਗੜ੍ਹ, 10 ਮਈ, (ਚ.ਨ.ਸ.) : ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹਰ ਪੱਖ ਤੋਂ ਵਿਦਿਆਰਥੀਆਂ ਦੀ ਸੁਰੱਖਿਆ ਤੇ ਭਲਾਈ ਨੂੰ ਮੁੱਖ ਰੱਖਦਿਆਂ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣ।

ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਹਰਜੋਤ ਸਿੰਘ ਬੈਂਸ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਵਿਦਿਅਕ ਸੰਸਥਾਵਾਂ, ਕੈਂਪਸ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਅਤੇ ਜੇਕਰ ਵਿਦਿਆਰਥੀ ਸੁਰੱਖਿਆ, ਆਵਾਜਾਈ ਜਾਂ ਨਿੱਜੀ ਕਾਰਨਾਂ ਕਰਕੇ ਕੈਂਪਸ ਨਹੀਂ ਛੱਡਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਕੈਂਪਸ ਛੱਡਣ ਲਈ ਨਾ ਕਿਹਾ ਜਾਵੇ ਅਤੇ ਉਨ੍ਹਾਂ ਲਈ ਕੈਂਪਸ ਵਿੱਚ ਖਾਣ-ਪੀਣ, ਰਿਹਾਇਸ਼, ਦੇਖਭਾਲ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਇੱਕ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਵਿਦਿਆਰਥੀ ਪ੍ਰੀਖਿਆਵਾਂ ਲਈ ਕੈਂਪਸ ਵਿੱਚ ਨਹੀਂ ਰੁਕਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਇਸ ਸਬੰਧੀ ਕੈਂਪਸ ਵਿੱਚ ਰੁਕਣ ਲਈ ਮਜਬੂਰ ਨਾ ਕੀਤਾ ਜਾਵੇ ਅਤੇ ਜਿਹੜੇ ਵਿਦਿਆਰਥੀ ਆਪਣੇ ਘਰ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਅਕਾਦਮਿਕ ਜੁਰਮਾਨੇ ਦੇ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਪ੍ਰਖਿਆਵਾਂ ਮੁਲਤਵੀ ਕਰਕੇ ਇਸ ਲਈ ਬਦਲਵੇਂ ਪ੍ਰਬੰਧ ਕਰਨ ਨੂੰ ਤਰਜੀਹ ਦਿੱਤੀ ਜਾਵੇ।



ਸਿੱਖਿਆ ਮੰਤਰੀ ਨੇ ਵਿਦਿਆਰਥੀਆਂ ਲਈ ਨਿਰਵਿਘਨ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਸਿੱਖਿਆ ਸੰਸਥਾਵਾਂ ਨੂੰ ਨੋਡਲ ਅਫ਼ਸਰ ਨਿਯੁਕਤ ਕਰਨ ਅਤੇ ਵਿਦਿਆਰਥੀਆਂ ਨਾਲ ਪ੍ਰਭਾਵਸ਼ਾਲੀ ਸੰਚਾਰ ਦੀ ਸਹੂਲਤ ਲਈ ਹੈਲਪ-ਡੈਸਕ ਸਥਾਪਤ ਕਰਨ ਲਈ ਕਿਹਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦਰਪੇਸ਼ ਕਿਸੇ ਵੀ ਤਰ੍ਹਾਂ ਦੀਆਂ ਚਿੰਤਾਵਾਂ ਜਾਂ ਮੁੱਦਿਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਸ.ਹਰਜੋਤ ਸਿੰਘ ਬੈਂਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਸਭ ਤੋਂ ਉੱਪਰ ਹੈ ਅਤੇ ਵਿਦਿਅਕ ਸੰਸਥਾਵਾਂ ਇਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸੁਰੱਖਿਆ ਪ੍ਰੋਟੋਕੋਲ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਲਈ ਸਬੰਧਤ ਵਿਦਿਅਕ ਸੰਸਥਾ ਦੀ ਮੈਨੇਜਮੈਂਟ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗੀ।

ਸਿੱਖਿਆ ਮੰਤਰੀ ਨੇ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇਨ੍ਹਾਂ ਨਿਰਦੇਸ਼ਾਂ ਦੀ ਤੁਰੰਤ ਪਾਲਣਾ ਕਰਨ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ।

# ਸੀ.ਏ.ਕਿਊ.ਐਮ. ਨੇ ਜਾਰੀ ਕੀਤੀਆਂ ਹਦਾਇਤਾਂ : ਪੰਜਾਬ, ਹਰਿਆਣਾ ਅਤੇ ਯੂ.ਪੀ. 'ਪਰਾਲੀ ਸੁਰੱਖਿਆ ਬਲ' ਸਥਾਪਤ ਕਰਨ ਲਈ ਕਿਹਾ

ਨਵੀਂ ਦਿੱਲੀ, 10 ਮਈ, (ਚ.ਨ.ਸ.) : ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐਮ.) ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ 'ਪਰਾਲੀ ਸੁਰੱਖਿਆ ਬਲ' ਸਥਾਪਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਦਿੱਲੀ-ਐਨ.ਸੀ.ਆਰ. ਅਤੇ ਆਸ-ਪਾਸ ਦੇ ਇਲਾਕਿਆਂ ਲਈ ਹਵਾ ਪ੍ਰਦੂਸ਼ਣ ਕੰਟਰੋਲ ਰਣਨੀਤੀ ਤਿਆਰ ਕਰਨ ਵਾਲੇ ਸੀ.ਏ.ਕਿਊ.ਐਮ. ਨੇ ਸ਼ੁਕਰਵਾਰ ਨੂੰ ਜਾਰੀ ਇਕ ਹੁਕਮ ਵਿਚ ਅਧਿਕਾਰੀਆਂ ਨੂੰ ਇਨ੍ਹਾਂ ਸੂਬਿਆਂ ਦੇ ਪਿੰਡਾਂ ਦੇ ਸਾਰੇ ਖੇਤਾਂ ਦਾ ਨਕਸ਼ਾ ਬਣਾਉਣ ਲਈ ਕਿਹਾ ਤਾਂ ਜੋ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਸੱਭ ਤੋਂ ਢੁਕਵੇਂ ਤਰੀਕੇ ਨਿਰਧਾਰਤ ਕੀਤੇ ਜਾ ਸਕਣ। ਇਨ੍ਹਾਂ ਵਿਧੀਆਂ 'ਚ ਫਸਲੀ ਵੰਨ-ਸੁਵੰਨਤਾ, ਸਥਾਨਕ ਪ੍ਰਬੰਧਨ ਅਤੇ ਚਾਰੇ ਵਜੋਂ ਇਸ ਦੀ ਵਰਤੋਂ ਸ਼ਾਮਲ ਹੈ। ਇਨ੍ਹਾਂ ਸੂਬਿਆਂ 'ਚ ਪਰਾਲੀ ਸਾੜਨਾ ਦਿੱਲੀ-ਐਨ.ਸੀ.ਆਰ. ਖੇਤਰ 'ਚ ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨਾਂ 'ਚੋਂ ਇਕ ਹੈ। ਸੀ.ਏ.ਕਿਊ.ਐਮ. ਨੇ ਸੂਬਿਆਂ ਨੂੰ ਜ਼ਿਲ੍ਹਾ/ਬਲਾਕ ਪੱਧਰ 'ਤੇ 'ਪਰਾਲੀ ਸੁਰੱਖਿਆ ਬਲ' ਦਾ ਗਠਨ ਕਰਨ ਲਈ ਕਿਹਾ। ਇਸ ਫੋਰਸ 'ਚ ਪੁਲਿਸ ਅਧਿਕਾਰੀ, ਖੇਤੀਬਾੜੀ ਅਧਿਕਾਰੀ ਅਤੇ ਹੋਰ ਅਧਿਕਾਰੀ ਸ਼ਾਮਲ ਹੋਣਗੇ ਜੋ ਪਰਾਲੀ ਸਾੜਨ ਦੀ ਨਿਗਰਾਨੀ ਅਤੇ ਰੋਕਥਾਮ ਕਰਨਗੇ। ਗਸ਼ਤ ਵੀ ਤੇਜ਼ ਕੀਤੀ ਜਾਵੇਗੀ, ਖ਼ਾਸਕਰ ਦੇਰ ਸ਼ਾਮ ਦੇ ਸਮੇਂ ਜਦ ਕਿਸਾਨ ਸੈਟੇਲਾਈਟ ਨਿਗਰਾਨੀ ਤੋਂ ਬਚਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ, ਜਿਸ ਵਿਚ ਖੇਤੀਬਾੜੀ ਰੀਕਾਰਡ ਵਿਚ 'ਲਾਲ ਐਂਟਰੀਆਂ' ਦਰਜ ਹੋਣਗੀਆਂ ਅਤੇ ਵਾਤਾਵਰਣ ਮੁਆਵਜ਼ਾ ਲਗਾਇਆ ਜਾਵੇਗਾ। ਸੀ.ਏ.ਕਿਊ.ਐਮ. ਨੇ ਕਿਹਾ ਕਿ ਪ੍ਰਭਾਵਸ਼ਾਲੀ ਨਿਗਰਾਨੀ ਅਤੇ ਸਹਾਇਤਾ ਲਈ ਹਰ ਜ਼ਿਲ੍ਹੇ 'ਚ 50 ਕਿਸਾਨਾਂ ਦੇ ਸਮੂਹਾਂ ਲਈ ਇਕ ਸਮਰਪਿਤ ਨੋਡਲ ਅਧਿਕਾਰੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਸੂਬਿਆਂ ਨੂੰ ਉਪਲਬਧ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਵਿਆਪਕ ਸਮੀਖਿਆ ਕਰਨ ਅਤੇ ਕਿਸੇ ਵੀ ਪੁਰਾਣੇ ਜਾਂ ਗੈਰ-ਕਾਰਜਸ਼ੀਲ ਉਪਕਰਣਾਂ ਨੂੰ ਛੱਡਣ ਲਈ ਵੀ ਕਿਹਾ ਗਿਆ ਹੈ। ਸੀ.ਏ.ਕਿਊ.ਐਮ. ਨੇ ਕਿਹਾ ਕਿ ਇਕ ਨਵਾਂ ਅੰਤਰ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ ਅਤੇ ਅਗੱਸਤ 2025 ਤਕ ਨਵੀਆਂ ਮਸ਼ੀਨਾਂ ਦੀ ਖਰੀਦ ਲਈ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ। ਇਸ ਨੇ ਇਨ੍ਹਾਂ ਸੂਬਿਆਂ ਨੂੰ ਕਸਟਮ ਹਾਇਰਿੰਗ ਸੈਂਟਰਾਂ ਰਾਹੀਂ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਕਿਰਾਏ ਤੋਂ ਮੁਕਤ ਮਸ਼ੀਨਾਂ ਮੁਹੱਈਆ ਕਰਵਾਉਣ ਦੇ ਹੁਕਮ ਦਿਤੇ। ਅਧਿਕਾਰੀਆਂ ਨੂੰ ਝੋਨੇ ਦੀ ਪਰਾਲੀ ਦੀਆਂ ਗੰਢਾਂ ਲਈ ਢੁਕਵੀਂ ਭੰਡਾਰਨ ਸਹੂਲਤਾਂ ਸਥਾਪਤ ਕਰਨ ਲਈ ਵੀ ਕਿਹਾ ਗਿਆ ਹੈ, ਜਿਸ 'ਚ ਭੰਡਾਰਨ ਲਈ ਸਰਕਾਰੀ ਜਾਂ ਪੰਚਾਇਤੀ ਜ਼ਮੀਨ ਦੀ ਸ਼ਨਾਖਤ ਕਰਨਾ ਵੀ ਸ਼ਾਮਲ ਹੈ।

# ਭਾਰਤ-ਪਾਕਿਸਤਾਨ ਤੋਂ ਯੁੱਧ ਦੇ ਬੱਦਲ ਹਟੇ; ਦੋਨਾਂ ਦੇਸ਼ਾਂ 'ਚ ਹੋਈ ਜੰਗਬੰਦੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਪੰਜ ਵਜੇ ਸ਼ਾਮ ਤੋਂ ਸੀਜ਼ਫਾਇਰ ਲਾਗੂ
- ਭਾਰਤ ਅਨੁਸਾਰ ਉਸਨੇ ਆਪਣੀਆਂ ਸ਼ਰਤਾਂ ਤੇ ਕੀਤਾ ਹੈ ਸੀਜ਼ਫਾਇਰ
- ਅਮਰੀਕੀ ਰਾਸ਼ਟਰਪਤੀ ਟਰੰਪ ਨੇ ਭਾਰਤ ਪਾਕਿਸਤਾਨ ਸੀਜ਼ ਫਾਇਰ 'ਤੇ ਦਿੱਤੀ ਵਧਾਈ
- 12 ਮਈ ਨੂੰ ਫ਼ਿਰ ਹੋਏਗੀ DGMO ਭਾਰਤ-ਪਾਕਿ ਵਾਰਤਾ
- ਲੋਕਾਂ ਨੇ ਲਿਆ ਸੁੱਖ ਦਾ ਸਾਹ

ਆਖ਼ਿਰਕਾਰ ਭਾਰਤ ਪਾਕਿਸਤਾਨ ਦੇ ਵਿੱਚ ਪਿਛਲੇ ਦਿਨਾਂ ਤੋਂ ਚੱਲ ਰਹੀ ਯੁੱਧ ਦੀ ਸਥਿਤੀ ਤੋਂ ਲੋਕਾਂ ਨੂੰ ਸੁੱਖ ਦਾ ਸਾਹ ਮਿਲਿਆ ਹੈ।

ਭਾਰਤ ਅਤੇ ਪਾਕਿਸਤਾਨ ਨੇ 5 ਵਜੇ ਸ਼ਾਮ ਤੋਂ ਸੀਜ਼ਫਾਇਰ ਕਰਨ ਦਾ ਐਲਾਨ ਕਰ ਦਿੱਤਾ ਹੈ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਐਲਾਨ ਅਮਰੀਕਾ ਦੇ ਰੱਖਿਆ ਮੰਤਰੀ ਮਾਰਕੋਰੂਬਿਓ ਦੀ ਸਾਲਸੀ ਦੇ ਨਾਲ ਅਮਰੀਕੀ ਪ੍ਰਧਾਨ ਟਰੰਪ ਨੇ ਐਕਸ ਤੇ ਇਕ ਟਵੀਟ ਜਾਣਕਾਰੀ ਦਿੰਦਿਆਂ ਤੋਂ ਉਹਨਾਂ ਨੇ ਦੋਵੇਂ ਦੇਸ਼ਾਂ ਨੂੰ ਵਧਾਈ ਦਿੱਤੀ ਹੈ।

ਅਮਰੀਕ ਪ੍ਰਧਾਨ ਟਰੰਪ ਨੇ ਇਹ ਵੀ ਕਿਹਾ ਹੈ ਕਿ ਅਮਰੀਕਾ ਕੋਸ਼ਿਸ਼ ਕਰ ਰਿਹਾ ਸੀ ਕਿ ਦੋਨੋਂ ਦੇਸ਼ ਆਪਸ ਵਿੱਚ ਸ਼ਾਂਤੀ ਨਾਲ ਰਹਿਣ ਪਰੰਤੂ ਇਸ ਦੇ ਨਾਲ ਹੀ ਹੁਣ ਸਵਾਲ ਇਹ ਹੈ ਕਿ ਪਾਕਿਸਤਾਨ ਦੇ ਡੀ ਜੀ ਐਮ ਓ ਨੇ ਜਿਹੜੀ ਗੱਲ ਭਾਰਤ ਦੇ ਡੀਜੀਐਮਓ ਦੇ ਨਾਲ ਕੀਤੀ ਹੈ ਉਸਦੇ ਅਨੁਸਾਰ ਕੀ ਇਹ ਸੀਜ਼ ਫਾਇਰ ਲੰਬਾ ਚਲੇਗਾ ਹਾਲਾਂਕਿ ਆਉਣ ਵਾਲੇ ਦਿਨਾਂ ਦੇ ਵਿੱਚ 12 ਤਾਰੀਖ ਨੂੰ ਫ਼ਿਰ ਇਕ ਵਾਰ ਵਾਰਤਾ ਦਾ ਪ੍ਰਸ੍ਤਾਵ ਰੱਖਿਆ ਗਿਆ ਹੈ।

ਮਿਨਿਸਟਰੀ ਆਫ਼ ਐਕਸਟਰਨਲ ਅਫੈਅਰ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਪਾਕ ਦੇ ਵਿੱਚ ਸੀਜ਼ ਫਾਇਰ ਹੋ ਗਿਆ ਹੈ ਅਤੇ ਭਾਰਤ ਦੇ ਵਿਦੇਸ਼ ਮੰਤਰੀ ਨੇ ਇਸ ਦੀ ਤਾਇਦ ਕੀਤੀ ਹੈ ਦੋਨੋਂ ਦੇਸ਼ ਸੈਨਿਕ ਕਾਰਵਾਈ ਨੂੰ ਰੋਕਣ ਵਾਸਤੇ ਸਹਿਮਤ ਹੋ ਗਏ ਹਨ, ਪ੍ਰੰਤੂ ਭਾਰਤ ਅਤੇ ਪਾਕਿਸਤਾਨ ਦੇ ਵਿੱਚ ਸੀਜ਼ ਫਾਇਰ ਆਮ ਲੋਕਾਂ ਦੇ ਵਿੱਚ ਉਸ ਘਟਨਾਵਾਂ ਅਤੇ ਉਹਨਾਂ ਘਟਨਾਵਾਂ ਦੇ ਦੁਖਾਂਤ ਤੋਂ ਬਾਅਦ ਹੋਇਆ ਹੈ, ਜਿੱਥੇ ਪਹਿਲਗਾਮ ਵਰਗਾ ਨਰਸੰਹਾਰ ਹੋਇਆ ਤੇ ਪਿਛਲੇ ਚਾਰ ਦਿਨਾਂ ਤੋਂ ਲਗਾਤਾਰ ਲੋਕਾਂ 'ਤੇ ਚੱਲ ਰਹੀ ਗੋਲਾਬਾਰੀ ਅਤੇ ਇੱਕ ਦੂਜੇ ਦੀ ਤਬਾਹੀ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਨੇ ਉਹਨਾਂ ਦੇ ਹਵਾਈ ਪੱਟੀਆਂ ਅਤੇ ਏਅਰ ਬੇਸ ਨੂੰ ਨਸ਼ਟ ਕੀਤਾ, ਉਹ ਇੱਕ ਆਪਣੇ ਆਪ ਵਿੱਚ ਉਦਾਹਰਨ ਸੀ।

ਉਸ ਤੋਂ ਬਾਅਦ ਅੱਜ ਹੋਈ ਬ੍ਰੀਫਿੰਗ ਦੇ ਵਿੱਚ ਇਕ ਵਾਰੀ ਫ਼ਿਰ ਕਰਨਲ ਰਵੀ ਨਾਇਰ ਨੇ ਭਾਰਤ ਵੱਲੋਂ ਬ੍ਰੀਫਿੰਗ ਕਰਦਿਆਂ ਹੋਇਆ ਦੱਸਿਆ ਹੈ ਕਿ ਇੰਡੀਅਨ ਆਰਮੀ ਅਤੇ ਏਅਰਫੋਰਸ ਨੇ ਆਪਣੇ ਹਮਲੇ ਰੋਕ ਦਿੱਤੇ ਹਨ। ਉਹਨਾਂ ਨੇ ਇਹ ਗੱਲ ਵੀ ਸਾਫ਼ ਕੀਤੀ ਕਿ ਸਾਡੇ ਕਿਸੇ ਵੀ ਏਅਰ ਬੇਸ ਨੂੰ ਤੇ ਕਿਸੇ ਤਰ੍ਹਾਂ ਵੀ ਕੋਈ ਨੁਕਸਾਨ ਨਹੀਂ ਪਹੁੰਚਿਆ ਜਿਹੜਾ ਕਿ ਪਾਕਿਸਤਾਨ ਨੇ ਕਲੇਮ ਕੀਤਾ ਸੀ।

ਮਿਲਟਰੀ ਪਰਵਕਤਾ ਨੇ ਕਿਹਾ ਕਿ ਉਹ ਸਾਰਾ ਪਾਕਿਸਤਾਨੀ ਫੌਜ ਅਤੇ ਸਰਕਾਰ ਦਾ ਝੂਠ ਦਾ ਪ੍ਰਚਾਰ ਹੈ ਅਤੇ ਭਾਰਤ ਵਿੱਚ ਸਭ ਕੁੱਝ ਸੁਰੱਖਿਅਤ ਰਿਹਾ ਹੈ। ਉਹਨਾਂ ਵੱਲੋਂ ਦਿੱਤੀਆਂ ਗਈਆਂ ਗਲਤ ਇਨਫੋਰਮੇਸ਼ਨ ਦੇ ਚਲਦੇ ਮੁਤਾਬਕ ਜਿੰਨੇ ਵੀ ਡੈਮੇਜ਼ ਦੀਆਂ ਖ਼ਬਰਾਂ ਆਈਆਂ ਹਨ ਉਹ ਸਾਰੀਆਂ ਝੂਠ ਹਨ, ਕਿ ਉਹਨਾਂ ਨੇ ਇਹ ਵੀ ਦੱਸਿਆ ਕਿ ਮਸਜਿਦਾਂ 'ਤੇ ਹਮਲੇ ਕਰਨ ਦੀ ਝੂਠੀ ਡਿਸ ਇਨਫੋਰਮੇਸ਼ਨ ਪੂਰੀ ਤਰ੍ਹਾਂ ਗਲਤ ਹੈ ਜਦਕਿ ਪਾਕਿਸਤਾਨ ਨੇ ਸਾਡੇ ਮੰਦਰ ਮਸਜਿਦ ਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਹਨ।

ਇਸ ਆਪਰੇਸ਼ਨ ਸੰਦੂਰ ਨਾਲ ਪਾਕਿਸਤਾਨ ਨੂੰ ਬਹੁਤ ਸਾਰਾ ਨੁਕਸਾਨ ਪਹੁੰਚਾਇਆ ਗਿਆ ਹੈ ਉਹਨਾਂ ਨੇ ਪਾਕਿਸਤਾਨ ਦੇ ਰਡਾਰ ਸਿਸਟਮ ਅਤੇ ਸਰਗੋਦਾ ਵਰਗੇ ਦੂਰ ਦਰਾਜ ਦੇ ਇਲਾਕਿਆਂ ਦੇ ਨੁਕਸਾਨ ਦਾ ਵੀ ਜ਼ਿਕਰ ਕੀਤਾ। ਲਾਈਨ ਆਫ਼ ਕੰਟਰੋਲ ਦੇ ਕੋਲ ਪਾਕਿਸਤਾਨ ਦੇ ਕਮਾਂਡ ਐਂਡ ਕੰਟਰੋਲ ਦੀ ਮਿਲਟਰੀ ਫਸਟ ਸਟਰਕਚਰ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਗਿਆ ਹੈ ਤੇ ਉਹਨਾਂ ਨੇ ਕਿਹਾ ਕਿ ਭਾਰਤੀ ਰੱਖਿਆ ਫ਼ੌਜ ਪੂਰੀ ਤਰ੍ਹਾਂ ਭਾਰਤੀ ਰੱਖਿਆ ਅਤੇ ਕਮਿਟਮੈਂਟ ਦੇ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਹ ਹਰ ਹਾਲਤ ਵਿੱਚ ਭਾਰਤ ਦੀ ਰਖਿਆ ਵਾਸਤੇ ਖੜ੍ਹੀ ਹੈ।

ਇਸ ਯੁੱਧਬੰਦੀ ਦੇ ਅਤੇ ਸੀਜ਼ ਫਾਇਰ ਦੇ ਵੱਡੇ ਅਰਥ ਸਾਹਮਣੇ ਆ ਸਕਦੇ ਹਨ ਕਿਉਂਕਿ ਭਾਰਤ ਵਿੱਚ ਅਜੇ ਵੀ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਪਾਕਿਸਤਾਨ ਕਦੀ ਨਹੀਂ ਸੁਧਰ ਸਕਦਾ। ਪੁਲਿਸ ਸੀਜ਼ ਫਾਇਰ ਦੇ ਵਿੱਚ ਅਮਰੀਕਾ ਨੇ ਜਿਸ ਦੀ ਜ਼ਾਮਨੀ ਭਰੀ ਹੈ ਅਤੇ ਇਹ ਕਿਹਾ ਜਾ ਰਿਹਾ ਹੈ ਕਿ ਪਰਦੇ ਪਿੱਛੇ ਕੱਲ੍ਹ ਰਾਤ ਤੋਂ ਹੀ ਡਿਪਲੋਮੇਸੀ ਅਤੇ ਕੂਟਨੀਤਕ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ, ਜਿਸ ਨੂੰ ਭਾਰਤ ਪਾਕਿਸਤਾਨ ਦੇ ਨੈਸ਼ਨਲ ਸਕਿਉਰਟੀ ਐਡਵਾਈਜ਼ਰ ਅਤੇ ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਨਾਲ ਗੱਲ ਕਰਨ ਤੋਂ ਬਾਅਦ ਇਸ ਨੂੰ ਨਸ਼ਰ ਕੀਤਾ ਕਿਉਂਕਿ ਪਾਕਿਸਤਾਨ ਵੱਲੋਂ ਜਿਸ ਤਰ੍ਹਾਂ ਦਾ ਡਿਸਇਨਫੋਰਮੇਸ਼ਨ ਦਾ ਅਤੇ ਝੂਠਾ ਪ੍ਰਚਾਰ ਕੀਤਾ ਗਿਆ ਸੀ। ਅੱਜ ਭਾਰਤੀ ਰੱਖਿਆ ਮੰਤਰਾਲੇ ਦੀ ਪ੍ਰੈੱਸ ਕਾਨਫਰੰਸ ਦੇ ਵਿੱਚ ਉਸ ਨੂੰ ਸਾਫ਼ ਸਾਫ਼ ਕਿਹਾ ਗਿਆ ਕਿ ਇਹ ਡਿਸਇਨਫੋਰਮੇਸ਼ਨ ਹੈ ਭਾਰਤ ਦਾ ਕੋਈ ਨੁਕਸਾਨ ਨਹੀਂ ਹੋਇਆ। ਭਾਰਤ ਤੇ ਸਿਵਲ ਅਤੇ ਐਲਓਸੀ ਦੇ ਨਾਲ ਰਹਿੰਦੇ ਹੋਏ ਲੋਕਾਂ ਦਾ ਕੋਈ ਨੁਕਸਾਨ ਹੋਇਆ ਹੈ।

ਭਾਰਤ ਨੇ ਪਾਕਿਸਤਾਨ ਦੇ ਕਈ ਏਅਰ ਬੇਸ ਨੂੰ ਇਸ ਤਰ੍ਹਾਂ ਦਾ ਨੁਕਸਾਨ ਪਹੁੰਚਾਇਆ ਹੈ ਕਿ ਪਾਕਿਸਤਾਨ ਦੇ ਰਖਿਆ ਅਤੇ ਹਮਲਾ ਕਰਨ ਦੀ ਸਮਤਾ ਨੂੰ ਬਿਲਕੁਲ ਤਬਾਹ ਕਰ ਦਿੱਤਾ ਗਿਆ ਹੈ। ਪਾਕਿਸਤਾਨ ਦੇ ਕਈ ਏਅਰ ਬੇਸ ਬਿਲਕੁਲ ਨਕਾਰਾ ਹੋ ਗਏ ਹਨ।

ਹੁਣ ਰਾਜਨੀਤਿਕ ਅਤੇ ਸਾਨੂੰ ਹੁਣ ਇਹ ਦੇਖਣਾ ਪਏਗਾ ਕਿ ਭਾਰਤ ਦੇ ਨਾਲ ਇਸ ਤਨਾਅ ਦੇ ਵਿੱਚ ਨਰਸਾਂਹਾਰ ਦੀਆਂ ਘਟਨਾਵਾਂ ਤੋਂ ਬਾਅਦ ਅਕਸਰ ਇਤਨੀ ਜਲਦੀ ਭਾਰਤ ਨੇ ਕਿਉਂ ਸੀਜ਼ਫਾਇਰ ਕੀਤਾ ਹੈ, ਪ੍ਰੰਤੂ ਭਾਰਤ ਨੇ ਸਾਫ਼ ਕਰ ਦਿੱਤਾ ਕਿ ਸੀਜ਼ਫਾਇਰ ਉਹਨਾਂ ਨੇ ਆਪਣੀਆਂ ਸ਼ਰਤਾਂ 'ਤੇ ਕੀਤਾ ਹੈ ਅਤੇ ਪਾਕਿਸਤਾਨ ਵੱਲੋਂ ਕੋਈ ਵੀ ਆਤੰਕ ਦੀ ਘਟਨਾ ਦਾ ਅਰਥ ਹੁਣ ਜੰਗ ਦਾ ਐਲਾਨ ਹੋਵੇਗਾ। ਇਸ ਤੋਂ ਬਾਅਦ ਹੀ ਇਹ ਸੀਜ਼ਫਾਇਰ ਭਾਰਤੀ ਪ੍ਰਭੂ ਸੰਮਤਾ ਤੇ ਰੱਖਿਆ ਲਈ ਕੀਤਾ ਗਿਆ ਹੈ।

ਇਥੇ ਹੁਣ ਵਰਨਣਯੋਗ ਹੈ ਕਿ ਭਾਰਤ ਵੱਲੋਂ ਇਹ ਸਾਫ਼ ਕੀਤਾ ਗਿਆ ਹੈ ਕਿ ਪਾਕਿਸਤਾਨ ਦੇ ਜੋ ਕੁਝ ਵੀ ਪ੍ਰਚਾਰ ਕੀਤਾ ਹੈ ਅਤੇ ਜਿਸ ਤਰ੍ਹਾਂ ਭਾਰਤ ਨੇ ਆਪਣੇ ਟਾਰਗਟ ਨੂੰ ਅਚੀਵ ਕੀਤਾ ਹੈ। ਉਹਨਾਂ ਨੇ ਸਭ ਤੋਂ ਜ਼ਿਆਦਾ ਆਤੰਕਕਾਰੀਆਂ ਨੂੰ ਜਿਹਨਾਂ ਵਿੱਚ ਹਾਰਡ ਕੋਰ ਆਤੰਕਕਾਰੀ ਜਿਨ੍ਹਾਂ ਵਾਸਤੇ ਪੂਰੀ ਦੁਨੀਆਂ ਦੇ ਵਿੱਚ ਉਹਨਾਂ ਨੂੰ ਟੈਰਰਿਸਟ ਲਿਸਟ ਵਿੱਚ ਸਭ ਤੋਂ ਉੱਪਰ ਮੰਨਿਆ ਗਿਆ ਹੈ। ਉਹਨਾਂ ਨੂੰ ਮਾਰ ਮੁਕਾਇਆ ਹੈ ਅਤੇ ਪਾਕਿਸਤਾਨ ਦੇ ਵੱਡੇ ਲੌਂਚ ਪੈਡ ਜਿਹੜੇ ਐਲ ਓਸੀ ਦੇ ਨਾਲ ਸਨ ਉਹਨਾਂ ਨੂੰ ਖ਼ਤਮ ਕੀਤਾ ਗਿਆ ਹੈ। ਪ੍ਰੰਤੂ ਇੱਕ ਗੱਲ ਸਾਫ਼ ਹੈ ਕਿ ਭਾਰਤ ਵੱਲੋਂ ਬੜੀ ਸੀਮਤ ਅਤੇ ਪ੍ਰੋਫੈਸ਼ਨਲ ਮਿਲਟਰੀ ਆਪਰੇਸ਼ਨ ਦੇ ਨਾਲ ਇਸ ਅਪਰੇਸ਼ਨ ਸੰਧੂਰ ਨੂੰ ਅੰਜਾਮ ਦਿੱਤਾ ਗਿਆ।

ਭਾਰਤ ਵਿੱਚ ਇਸ 'ਤੇ ਚਰਚਾ ਵੀ ਸ਼ੁਰੂ ਹੋ ਗਈ ਹੈ ਕਿ ਇਹ ਕਿਸ ਤਰ੍ਹਾਂ ਅਚਾਨਕ ਹੋਇਆ ਹੈ ਜਦਕਿ ਭਾਰਤ ਵਿੱਚ ਵਿਰੋਧੀ ਪਾਰਟੀਆਂ ਨੇ ਸਰਵਪਾਰਟੀ ਮੀਟਿੰਗ ਦੀ ਰਿਮਾਂਡ ਮੰਗ ਕੀਤੀ ਹੈ। ਪ੍ਰੰਤੂ ਹੁਣ ਦੇਖਣਾ ਹੋਵੇਗਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਇਸ ਦੇ ਕੀ ਅਰਥ ਨਿਕਲਦੇ ਹਨ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਕਿਵੇਂ ਦੇਖਿਆ ਜਾਏਗਾ ਕਿ ਭਾਰਤ ਪਾਕਿਸਤਾਨ ਤੇ ਕਿਵੇਂ ਵਿਸ਼ਵਾਸ ਕਰ ਸਕਦਾ ਕਿਉਂਕਿ ਪਿਛਲੇ 75 ਸਾਲਾਂ ਦਾ ਇਤਿਹਾਸ ਇਹ ਦੱਸਦਾ ਹੈ ਕਿ ਪਾਕਿਸਤਾਨ ਕਦੇ ਵੀ ਆਪਣੇ ਸਾਫ਼ ਇਰਾਦਿਆਂ ਦੇ ਨਾਲ ਸਾਹਮਣੇ ਨਹੀਂ ਆਉਂਦਾ ਹੈ। ਪਰੰਤੂ ਜਿਸ ਤਰ੍ਹਾਂ ਪਾਕਿਸਤਾਨ ਦੇ ਏਅਰ ਬੇਸ ਚੱਕਲਾਲਾ ਏਅਰ ਬੇਸਡਿਫੈਂਸ ਤਬਾਹ ਕੀਤਾ ਗਿਆ ਰਫੀਕੀ ਮੁਰੀਦ ਕੇ ਸ਼ਕੂਰ ਤੇ ਰਹੀਮ ਯਾਰਖਾਨ ਵਰਗੇ ਸਟੇਸ਼ਨਾਂ ਨੂੰ ਤਬਾਹ ਕੀਤਾ ਗਿਆ ਤੇ ਨਾਲ ਹੀ ਪਸਰੂਰ ਰਦਾਰ ਨੂੰ ਤਬਾਹ ਕੀਤਾ ਗਿਆ। ਸਿਆਲਕੋਟ ਏਅਰਪੋਰਟਸ ਵਿੱਚ ਤਬਾਹ ਕੀਤਾ ਗਿਆ। ਉਸ ਤੋਂ ਬਾਅਦ ਪਾਕਿਸਤਾਨ ਨੂੰ ਲੱਗਿਆ ਕਿ ਹੁਣ ਕੋਈ ਸ਼ਾਇਦ ਹੀ ਟਿਕਾਣਾ ਹੈ ਤਾਂ ਉਸਨੇ ਆਪਣੇ ਸਰਕਾਰ ਅਤੇ ਆਪਣੇ ਲੋਕਾਂ ਨੂੰ ਮੂੰਹ ਦਿਖਾਉਣ ਵਾਸਤੇ ਡਿਸ ਇਨਫੋਰਮੇਸ਼ਨ ਦੀ ਜਿਹੜੀ ਨਿਸ਼ਾਨੀ ਅਤੇ ਪ੍ਰਚਾਰ ਕੀਤਾ। ਉਸ ਦਾ ਭਾਰਤ ਸਰਕਾਰ ਅਤੇ ਫੌਜ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਅਸੀਂ ਕਿਸੇ ਵੀ ਧਾਰਮਿਕ ਸਥੱਲ ਨੂੰ ਨੁਕਸਾਨ ਨਹੀਂ ਪਹੁੰਚਾਇਆ। ਸਾਡੇ ਸਭ ਤੋਂ ਵੱਡੀ ਪ੍ਰਾਥਮਿਕਤਾ ਆਤੰਕਵਾਦ ਦੇ ਅੱਡੇ ਖ਼ਤਮ ਕਰਨਾ ਹੈ ਅਤੇ ਉਸਨੂੰ ਭਾਰਤ ਸਰਕਾਰ ਅਤੇ ਭਾਰਤ ਦੀ ਫੌਜ ਨੇ ਇਹ ਕਿਹਾ ਗਿਆ ਹੈ ਕਿ ਜੇਕਰ ਫ਼ਿਰ ਪਾਕਿਸਤਾਨ ਨੇ ਕੋਈ ਇਹ ਹਿਮਾਕਤ ਕੀਤੀ ਤਾਂ ਉਸ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਏਗਾ।

ਉਸ ਤੋਂ ਪਹਿਲੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਦਾ ਇੱਕ ਵੱਡਾ ਬਿਆਨ ਸਾਹਮਣੇ ਆਇਆ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਇਸਹਾਕ ਡਾਰ ਨੇ ਸ਼ਨੀਵਾਰ ਨੂੰ ਕਿਹਾ ਕਿ ਜੇਕਰ ਭਾਰਤ ਹੋਰ ਹਮਲੇ ਨਹੀਂ ਕਰਦਾ ਹੈ ਤਾਂ ਪਾਕਿਸਤਾਨ ਸਥਿਤੀ ਨੂੰ ਘੱਟ ਕਰਨ 'ਤੇ ਵੀ ਵਿਚਾਰ ਕਰੇਗਾ।

**ਘਟਨਾ ਕ੍ਰਮ**

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਭਾਰਤ ਕੋਈ ਨਵਾਂ ਹਮਲਾ ਕਰਦਾ ਹੈ ਤਾਂ ਸਾਡਾ ਜਵਾਬ ਜ਼ਰੂਰ ਦਿੱਤਾ ਜਾਵੇਗਾ। ਅਸੀਂ ਜਵਾਬ ਦਿੱਤਾ ਕਿਉਂਕਿ ਸਾਡਾ ਸਬਰ ਖਤਮ ਹੋ ਗਿਆ ਸੀ। ਜੇਕਰ ਭਾਰਤ ਇੱਥੇ ਰੁਕਦਾ ਹੈ, ਤਾਂ ਅਸੀਂ ਵੀ ਰੁਕਣ ਬਾਰੇ ਵਿਚਾਰ ਕਰ ਸਕਦੇ ਹਾਂ, ਡਾਰ ਨੇ ਪਾਕਿਸਤਾਨੀ ਨਿਊਜ਼ ਚੈਨਲ ਜੀਓ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ। ਡਾਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਇਹ ਸੁਨੇਹਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਵੀ ਦਿੱਤਾ ਜਦੋਂ ਰੂਬੀਓ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਗੱਲ ਕਰਨ ਤੋਂ ਦੋ ਘੰਟੇ ਬਾਅਦ ਉਨ੍ਹਾਂ ਨੂੰ ਫ਼ੋਨ ਕੀਤਾ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਅਤੇ ਪੀਓਕੇ ਵਿੱਚ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਹ ਜਵਾਬੀ ਕਾਰਵਾਈ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਕੀਤੀ ਗਈ ਸੀ, ਜਿਸ ਵਿੱਚ 26 ਨਿਰਦੋਸ਼ ਲੋਕ ਮਾਰੇ ਗਏ ਸਨ। ਭਾਰਤੀ ਵਿਦੇਸ਼ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਨੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਤੇ ਵਿਦੇਸ਼ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਨੇ ਸ਼ਨੀਵਾਰ ਨੂੰ ਆਪ੍ਰੇਸ਼ਨ ਸਿੰਦੂਰ 'ਤੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ। ਪਾਕਿਸਤਾਨ ਨਾਲ ਚੱਲ ਰਹੇ ਤਣਾਅ 'ਤੇ ਫੌਜੀ ਅਧਿਕਾਰੀਆਂ ਨੇ ਕਿਹਾ ਕਿ ਊਧਮਪੁਰ, ਪਠਾਨਕੋਟ, ਆਦਮਪੁਰ ਅਤੇ ਭੁਜ ਹਵਾਈ ਅੱਡੇ ਨੂੰ ਨੁਕਸਾਨ ਪਹੁੰਚਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਨੇ ਮਿਜ਼ਾਈਲਾਂ ਦਾਗੀਆਂ ਅਤੇ ਹਸਪਤਾਲਾਂ ਅਤੇ ਸਕੂਲਾਂ ਨੂੰ ਨਿਸ਼ਾਨਾ ਬਣਾਇਆ ਗਿਆ। ਵਿੰਗ ਕਮਾਂਡਰ ਵਿਓਮਿਕਾ ਸਿੰਘ ਨੇ ਸ਼ਨੀਵਾਰ ਸਵੇਰੇ ਏਅਰ ਫੋਰਸ ਸਟੇਸ਼ਨ ਸਿਰਸਾ ਅਤੇ ਏਅਰ ਫੋਰਸ ਸਟੇਸ਼ਨ ਸੂਰਤਗੜ੍ਹ ਦੀਆਂ ਤਸਵੀਰਾਂ ਦਿਖਾਈਆਂ ਅਤੇ ਕਿਹਾ ਕਿ ਉਹ ਸੁਰੱਖਿਅਤ ਹਨ। ਕਰਨਲ ਸੋਫੀਆ ਕੁਰੈਸ਼ੀ ਨੇ ਕਿਹਾ, 'ਪਾਕਿਸਤਾਨੀ ਫੌਜ ਪੱਛਮੀ ਸਰਹੱਦਾਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ, ਭਾਰਤੀ ਫੌਜੀ ਸਥਾਪਨਾਵਾਂ 'ਤੇ ਹਮਲਾ ਕਰਨ ਲਈ ਡਰੋਨ, ਲੰਬੀ ਦੂਰੀ ਦੇ ਹਥਿਆਰਾਂ, ਲੜਾਕੂ ਹਥਿਆਰਾਂ ਅਤੇ ਲੜਾਕੂ ਜਹਾਜ਼ਾਂ ਦੀ ਵਰਤੋਂ ਕਰ ਰਹੀ ਹੈ। ਭਾਰਤ ਨੇ ਕਈ ਧਮਕੀਆਂ ਨੂੰ ਨਾਕਾਮ ਕਰ ਦਿੱਤਾ, ਪਰ ਪਾਕਿਸਤਾਨ ਨੇ 26 ਤੋਂ ਵੱਧ ਥਾਵਾਂ 'ਤੇ ਹਵਾ ਰਾਹੀਂ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ।

ਜੋ ਕੁੱਝ ਹੈ ਉਹ ਭਾਰਤ ਪਾਕਿਸਤਾਨ ਦੋਨਾਂ ਦੇਸ਼ਾਂ ਦੇ ਆਮ ਲੋਕਾਂ ਲਈ ਇਕ ਸੁੱਖ ਦਾ ਸਾਹ ਹੈ ਅਤੇ ਇਸ ਫ਼ੈਸਲੇ ਨਾਲ ਭਾਰਤ ਨੇ ਵੀ ਸਾਫ਼ ਕੀਤਾ ਹੈ। ਉਹ ਕਿਸੇ ਵੀ ਨੂੰ ਨੀਤੀ ਦਾ ਫ਼ੈਸਲਾ ਨਹੀਂ ਬਦਲੇਗਾ ਤੇ ਪਾਕਿਸਤਾਨ 'ਤੇ ਲੱਗੀਆਂ ਪਾਬੰਦੀਆਂ ਜਾਰੀ ਰਹਿਣਗੀਆਂ। ਹੁਣ ਦੇਖਣਾ ਹੈ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਪਾਕਿਸਤਾਨ ਅਤੇ ਭਾਰਤ ਕਿਸ ਤਰ੍ਹਾਂ ਇਸ ਸੀਜ਼ ਫਾਇਰ ਨੂੰ ਜਿੰਦਾ ਰੱਖਦੇ ਹਨ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

## ਸੰਪਾਦਕੀ

# ਅਲੱਗ-ਥਲੱਗ ਪੈ ਰਿਹੈ ਪਾਕਿਸਤਾਨ

ਹੁਣ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਪਾਕਿਸਤਾਨ ਦੀਆਂ ਗਲਤ ਕਾਰਵਾਈਆਂ ਅਤੇ ਅੱਤਵਾਦੀਆਂ ਦਾ ਸਮਰਥਨ ਕਰਨ ਦੇ ਉਸ ਦੇ ਰੁਝਾਨ ਨੇ ਭਾਰਤ ਲਈ ਆਖਰੀ ਉਪਾਅ ਵਜੋਂ ਅੱਤਵਾਦੀਆਂ ਨੂੰ ਸਖ਼ਤ ਜਵਾਬ ਦੇਣ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਪਹਿਲਗਾਮ ਵਿੱਚ ਹੋਇਆ ਅੱਤਵਾਦੀ ਹਮਲਾ ਸਬਰ ਦੀ ਹੱਦ ਸੀ, ਜਿਸ ਤੋਂ ਬਾਅਦ ਭਾਰਤ ਨੇ ਉਹ ਕੀਤਾ ਜੋ ਸਹੀ ਸੀ। ਹੁਣ, ਸਰਹੱਦ ਪਾਰ ਅੱਤਵਾਦੀ ਟਿਕਾਣਿਆਂ 'ਤੇ ਭਾਰਤ ਦੇ ਹਮਲੇ ਤੋਂ ਬਾਅਦ, ਜਿਸ ਤਰ੍ਹਾਂ ਪਾਕਿਸਤਾਨ ਆਪਣੀ ਦੁਰਦਸ਼ਾ ਨੂੰ ਵਿਸ਼ਵ ਭਾਈਚਾਰੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਆਮ ਤੌਰ 'ਤੇ ਕਿਸੇ ਵੀ ਦੇਸ਼ ਨੇ ਇਸ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਇਸ ਦੇ ਕਾਰਨ ਵੀ ਸਪੱਸ਼ਟ ਹਨ। ਦਰਅਸਲ, ਜ਼ਿਆਦਾਤਰ ਦੇਸ਼ ਜਾਣਦੇ ਹਨ ਕਿ ਅੱਤਵਾਦ ਦੁਨੀਆ ਭਰ ਵਿੱਚ ਇੱਕ ਗੁੰਝਲਦਾਰ ਸਮੱਸਿਆ ਦੇ ਰੂਪ ਵਿੱਚ ਜੜ੍ਹ ਫੜ ਚੁੱਕਾ ਹੈ ਅਤੇ ਵੱਖ-ਵੱਖ ਦੇਸ਼ਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਚੁੱਕਾ ਹੈ, ਤਾਂ ਇਸ ਵਿੱਚ ਪਾਕਿਸਤਾਨ ਦੀ ਕੀ ਭੂਮਿਕਾ ਰਹੀ ਹੈ। ਅੱਤਵਾਦੀਆਂ ਨੂੰ ਵਧਣ-ਫੁੱਲਣ ਅਤੇ ਸਿਖਲਾਈ ਪ੍ਰਾਪਤ ਕਰਨ ਲਈ ਆਸਾਨ ਥਾਵਾਂ ਪ੍ਰਦਾਨ ਕਰਕੇ ਪਾਕਿਸਤਾਨ ਕੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ? ਆਖ਼ਿਰਕਾਰ, ਉਹ ਕੀ ਕਾਰਨ ਹਨ ਕਿ ਕੁਝ ਅੱਤਵਾਦੀ ਸੰਗਠਨ ਪਾਕਿਸਤਾਨ ਨੂੰ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇੱਕ ਸੁਰੱਖਿਅਤ ਜਗ੍ਹਾ ਸਮਝਦੇ ਹਨ? ਸਪੱਸ਼ਟ ਤੌਰ 'ਤੇ ਸਮਰਥਨ ਅਤੇ ਸੁਰੱਖਿਆ ਤੋਂ ਬਿਨਾਂ ਅੱਤਵਾਦੀ ਕਿਸੇ ਵੀ ਅਜਿਹੀ ਜਗ੍ਹਾ ਨੂੰ ਆਪਣੇ ਲਈ ਸੁਰੱਖਿਅਤ ਨਹੀਂ ਸਮਝ ਸਕਦੇ। ਹਾਲਾਂਕਿ, ਜਦੋਂ ਵੀ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਮੰਚਾਂ 'ਤੇ ਪਾਕਿਸਤਾਨ ਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ 'ਤੇ ਸਵਾਲ ਉਠਾਏ ਗਏ ਹਨ, ਤਾਂ ਉਸਨੇ ਹਮੇਸ਼ਾ ਇਸ ਦੋਸ਼ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਪਰ ਭਾਰਤ ਨੇ ਦੁਨੀਆ ਦੇ ਸਾਰੇ ਪ੍ਰਭਾਵਸ਼ਾਲੀ ਦੇਸ਼ਾਂ ਦੇ ਸਾਹਮਣੇ ਅੱਤਵਾਦ ਦੇ ਮੁੱਦੇ 'ਤੇ ਪਾਕਿਸਤਾਨ ਬਾਰੇ ਸਪੱਸ਼ਟ ਤੱਥ ਪੇਸ਼ ਕੀਤੇ। ਇਹ ਬਿਨਾਂ ਵਜ੍ਹਾ ਨਹੀਂ ਹੈ ਕਿ ਪਾਕਿਸਤਾਨ ਹੁਣ ਭਾਰਤ ਦੇ ਜਵਾਬ ਦਾ ਸਾਹਮਣਾ ਕਰਦੇ ਹੋਏ ਇੱਕ ਮੁਸ਼ਕਲ ਸਥਿਤੀ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਦੁਨੀਆ ਦੇ ਦੇਸ਼ ਇਹ ਮਹਿਸੂਸ ਕਰ ਰਹੇ ਹਨ ਕਿ ਇਸ ਸਥਿਤੀ ਲਈ ਪਾਕਿਸਤਾਨ ਦਾ ਆਪਣਾ ਰਵੱਈਆ ਜ਼ਿੰਮੇਵਾਰ ਹੈ। ਇਸ ਕਾਰਨ ਕਰਕੇ, ਇਹ ਆਪਣੀਆਂ ਸਰਹੱਦਾਂ ਦੇ ਅੰਦਰ ਸਥਿਤ ਅੱਤਵਾਦੀ ਠਿਕਾਣਿਆਂ 'ਤੇ ਭਾਰਤ ਦੇ ਹਮਲੇ ਦੇ ਆਧਾਰ 'ਤੇ ਵਿਸ਼ਵ ਭਾਈਚਾਰੇ ਨੂੰ ਆਪਣਾ ਦ੍ਰਿਸ਼ਟੀਕੋਣ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਪਿਛਲੇ ਕਈ ਦਹਾਕਿਆਂ ਤੋਂ ਅੱਤਵਾਦ ਨੂੰ ਗੁੰਝਲਦਾਰ ਬਣਾਉਣ ਦੇ ਇਸ ਦੇ ਰਵੱਈਏ ਨੂੰ ਦੇਖਦੇ ਹੋਏ, ਬਹੁਤ ਸਾਰੇ ਦੇਸ਼ ਭਾਰਤ ਦੇ ਜਵਾਬੀ ਹਮਲੇ ਅਤੇ ਇਸ ਤੋਂ ਪੈਦਾ ਹੋਈ ਸਥਿਤੀ ਬਾਰੇ ਪਾਕਿਸਤਾਨ 'ਤੇ ਭਰੋਸਾ ਕਰਨ ਦੇ ਯੋਗ ਨਹੀਂ ਹਨ। ਦੂਜੇ ਪਾਸੇ, ਭਾਰਤ ਵੱਲੋਂ ਸਬਰ ਗੁਆਉਣ ਤੋਂ ਬਾਅਦ ਕੀਤੀ ਗਈ ਕੇਂਦ੍ਰਿਤ ਅਤੇ ਮਾਪੀ ਗਈ ਕਾਰਵਾਈ ਨੂੰ ਦੁਨੀਆ ਦੇ ਲਗਭਗ ਸਾਰੇ ਪ੍ਰਭਾਵਸ਼ਾਲੀ ਦੇਸ਼ਾਂ ਨੇ ਇੱਕ ਮਜ਼ਬੂਤ ਆਧਾਰ ਵਜੋਂ ਦੇਖਿਆ ਅਤੇ ਇਸਨੂੰ ਢੁਕਵਾਂ ਮੰਨਿਆ। ਫਿਰ ਵੀ, ਇੱਕ ਮਜ਼ਬੂਤ ਅੰਤਰਰਾਸ਼ਟਰੀ ਸਥਿਤੀ ਵਾਲਾ ਦੇਸ਼ ਹੋਣ ਦੇ ਨਾਤੇ, ਭਾਰਤ ਨੇ ਮਹਿਸੂਸ ਕੀਤਾ ਕਿ ਇਹ ਵੱਖ-ਵੱਖ ਦੇਸ਼ਾਂ ਨੂੰ ਸਥਿਤੀ ਸਪੱਸ਼ਟ ਕਰਨਾ ਜ਼ਿੰਮੇਵਾਰ ਹੈ। ਭਾਰਤ ਦੀਆਂ ਕੂਟਨੀਤਕ ਪਹਿਲਕਦਮੀਆਂ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ, ਭਾਰਤੀ ਵਿਦੇਸ਼ ਮੰਤਰੀ ਨੇ ਅਮਰੀਕਾ, ਈਰਾਨ ਅਤੇ ਸਾਊਦੀ ਅਰਬ ਦੇ ਆਪਣੇ ਹਮਰੁਤਬਾ ਨਾਲ ਗੱਲ ਕੀਤੀ ਅਤੇ ਇਹ ਸਪੱਸ਼ਟ ਕੀਤਾ ਕਿ ਭਾਰਤ ਦਾ ਪਾਕਿਸਤਾਨ ਨਾਲ ਤਣਾਅ ਵਧਾਉਣ ਦਾ ਕੋਈ ਇਰਾਦਾ ਨਹੀਂ ਹੈ ਪਰ ਜੇਕਰ ਦੇਸ਼ 'ਤੇ ਫੌਜੀ ਹਮਲਾ ਹੁੰਦਾ ਹੈ ਤਾਂ ਉਹ ਸਖ਼ਤ ਜਵਾਬ ਦੇਵੇਗਾ। ਪਹਿਲਗਾਮ ਵਿੱਚ ਹੋਇਆ ਅੱਤਵਾਦੀ ਹਮਲਾ ਅਤੇ ਉਸ ਤੋਂ ਬਾਅਦ ਜੋ ਸਥਿਤੀ ਪੈਦਾ ਹੋਈ ਹੈ, ਉਹ ਦੁਨੀਆ ਦੀਆਂ ਨਜ਼ਰਾਂ ਵਿੱਚ ਹੈ ਅਤੇ ਇਸੇ ਕਰਕੇ ਕਈ ਦੇਸ਼ਾਂ ਨੇ ਭਾਰਤ ਦੇ ਸਟੈਂਡ ਦਾ ਸਮਰਥਨ ਕੀਤਾ। ਜ਼ਾਹਿਰ ਹੈ ਕਿ ਭਾਰਤ ਦੇ ਇਸ ਅਭਿਆਸ ਤੋਂ ਬਾਅਦ ਪਾਕਿਸਤਾਨ ਦੇ ਅਲੱਗ-ਥਲੱਗ ਹੋਣ ਦੀ ਗਤੀ ਹੋਰ ਵੱਧ ਜਾਵੇਗੀ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਘੱਟੋ ਘੱਟ ਹੁਣ ਉਹ ਅੱਤਵਾਦ ਨੂੰ ਉਤਸ਼ਾਹਿਤ ਕਰਨ ਅਤੇ ਬਚਾਅ ਕਰਕੇ ਜੋ ਗੁਆਇਆ ਹੈ, ਉਸ ਦੀ ਅਸਲੀਅਤ ਨੂੰ ਸਮਝਣ ਅਤੇ ਸਵੀਕਾਰ ਕਰਨ ਲਈ ਤਿਆਰ ਹੈ।

-ਜਗਜੀਤ ਸਿੰਘ ਦਰਦੀ

## ਅਵਤਾਰ ਪੁਰਬ 'ਤੇ ਵਿਸ਼ੇਸ਼

# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥



ਡਾ. ਚਰਨਜੀਤ ਸਿੰਘ ਗੁਮਟਾਲਾ,
9417533060

ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵੈਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ, ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ। ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/ 1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਵਹੁਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆਂ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਓਟਿਆਂ ਦੀ ਓਟ', 'ਨਿਧਿਰਿਆਂ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚੱਲਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1 ਅੱਲਾਯਾਰ ਪਠਾਣ ਸੌਦਾਗਰ 2.



ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ੱਕਰਪੁਰ 3. ਸਾਧਾਰਨ ਗੋਇੰਦਵਾਲ 4.ਸਾਵਣ ਮਲ ਗੋਇੰਦਵਾਲ 5. ਸੁੱਖਣ ਧਮਿਆਲ 6. ਹੰਦਾਲ ਜੰਡਿਆਲਾ 7. ਕੇਦਾਰੀ ਬਟਾਲਾ 8. ਖੇਡਾ ਖੇਮਕਰਨ 9. ਗੰਗੂਸ਼ਾਹ ਗੜ੍ਹ ਸ਼ੰਕਰ 10. ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14. ਬੇਣੀ ਚੂਹਨੀਆਂ 15.ਮਹੇਸ਼ਾ ਸੁਲਤਾਨਪੁਰ 16.ਮਾਈਦਾਸ ਨਰੋਲੀ (ਮਾਝਾ) 17. ਮਾਣਕ ਚੰਦ ਵੈਰੋਵਾਲ 18.ਮੁਰਾਰੀ ਖਾਈ (ਲਾਹੌਰ) 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ) 21. ਰੰਗ ਦਾਸ ਘੜੂਆਂ (ਅੰਬਾਲਾ) 22. ਲਾਲੋ ਡੱਲਾ ਆਪ ਜੀ ਨੇ ਵੈਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਾਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ। ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰੂਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾ ਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੀ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।


ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ, ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ। ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ (1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

# ਅੱਤਵਾਦ ਵਿਰੁੱਧ ਭਾਰਤ ਦੀ ਫ਼ੈਸਲਾਕੁੰਨ ਕਾਰਵਾਈ

ਡਾ. ਪ੍ਰਿਅੰਕਾ ਸੌਰਭ
7015375570



**ਆਪ੍ਰੇਸ਼ਨ ਸਿੰਦੂਰ ਦੀ ਯੋਜਨਾ ਨੂੰ ਗੁਪਤ ਰੱਖਦੇ ਹੋਏ, ਭਾਰਤੀ ਫੌਜ ਨੇ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਠਿਕਾਣਿਆਂ 'ਤੇ ਹਮਲਾ ਕਰਨ ਦੀ ਰਣਨੀਤੀ ਤਿਆਰ ਕੀਤੀ। ਇਸ ਦੇ ਤਹਿਤ, ਭਾਰਤੀ ਹਵਾਈ ਸੈਨਾ ਦੁਆਰਾ ਇੱਕ ਵੱਡੇ ਹਵਾਈ ਹਮਲੇ ਦੀ ਯੋਜਨਾ ਬਣਾਈ ਗਈ ਸੀ, ਜਿਸ ਵਿੱਚ ਪਾਕਿਸਤਾਨ ਦੀ ਸਰਹੱਦ ਵਿੱਚ 100 ਕਿਲੋਮੀਟਰ ਅੰਦਰ ਦਾਖਲ ਹੋ ਕੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਸ ਹਮਲੇ ਵਿੱਚ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਵਰਗੇ ਅੱਤਵਾਦੀ ਸੰਗਠਨਾਂ ਦੇ ਮੁੱਖ ਦਫਤਰਾਂ ਸਮੇਤ 9 ਮਹੱਤਵਪੂਰਨ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਭਾਰਤੀ ਫੌਜ ਨੇ ਇਹ ਯਕੀਨੀ ਬਣਾਇਆ ਕਿ ਆਪ੍ਰੇਸ਼ਨ ਨੂੰ ਹਰ ਪਹਿਲੂ ਤੋਂ ਸਫਲ ਅਤੇ ਪ੍ਰਭਾਵਸ਼ਾਲੀ ਬਣਾਇਆ ਜਾਵੇ, ਤਾਂ ਜੋ ਅੱਤਵਾਦੀਆਂ ਨੂੰ ਕੋਈ ਮੌਕਾ ਨਾ ਮਿਲੇ ਅਤੇ ਭਾਰਤ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।**

ਭਾਰਤ ਨੇ ਅਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਅਤੇ ਪੀਓਕੇ ਵਿੱਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ, ਜਿਸ ਵਿੱਚ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਪ੍ਰਮੁੱਖ ਅੱਤਵਾਦੀ ਸੰਗਠਨਾਂ ਦੇ ਮੁੱਖ ਦਫ਼ਤਰ ਵੀ ਸ਼ਾਮਲ ਸਨ। ਭਾਰਤੀ ਫੌਜ ਨੇ ਪਾਕਿਸਤਾਨ ਦੇ ਇਲਾਕੇ ਵਿੱਚ 100 ਕਿਲੋਮੀਟਰ ਤੱਕ ਘੁਸਪੈਠ ਕੀਤੀ ਅਤੇ ਅੱਤਵਾਦੀ ਠਿਕਾਣਿਆਂ 'ਤੇ ਸਟੀਕ ਹਵਾਈ ਹਮਲੇ ਕੀਤੇ। ਇਸ ਤੋਂ ਇਲਾਵਾ, ਭਾਰਤੀ ਹਵਾਈ ਰੱਖਿਆ ਪ੍ਰਣਾਲੀ ਨੇ ਪਾਕਿਸਤਾਨ ਦੇ ਐਫ-16 ਜਹਾਜ਼ ਨੂੰ ਮਾਰ ਸੁੱਟਿਆ। ਇਸ ਕਾਰਵਾਈ ਨੇ ਸਾਬਤ ਕਰ ਦਿੱਤਾ ਕਿ ਭਾਰਤ ਆਪਣੀ ਸੁਰੱਖਿਆ ਅਤੇ ਅੱਤਵਾਦ ਵਿਰੁੱਧ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਭਾਰਤ ਨੇ ਹਾਲ ਹੀ ਵਿੱਚ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀਆਂ ਵਿਰੁੱਧ ਇੱਕ ਇਤਿਹਾਸਕ ਫੌਜੀ ਕਾਰਵਾਈ ਆਪ੍ਰੇਸ਼ਨ ਸਿੰਦੂਰ ਚਲਾਈ ਹੈ ਜੋ ਕਿ ਸਿਰਫ਼ ਇੱਕ ਫੌਜੀ ਕਾਰਵਾਈ ਨਹੀਂ ਹੈ ਬਲਕਿ ਭਾਰਤੀ ਫੌਜ ਦੀ ਤਾਕਤ, ਹਿੰਮਤ ਅਤੇ ਸਵੈ-ਨਿਰਭਰਤਾ ਦਾ ਪ੍ਰਤੀਕ ਹੈ। ਇਹ ਕਾਰਵਾਈ ਅੱਤਵਾਦ ਵਿਰੁੱਧ ਇੱਕ ਵੱਡਾ ਕਦਮ ਸਾਬਤ ਹੋਈ ਅਤੇ ਇਸ ਨੇ ਪੂਰੀ ਦੁਨੀਆ ਨੂੰ ਇੱਕ ਸੰਦੇਸ਼ ਦਿੱਤਾ ਕਿ ਜਦੋਂ ਗੱਲ ਆਪਣੀ ਸੁਰੱਖਿਆ ਅਤੇ ਸਨਮਾਨ ਦੀ ਆਉਂਦੀ ਹੈ, ਤਾਂ ਭਾਰਤ ਕਦੇ ਵੀ ਪਿੱਛੇ ਨਹੀਂ ਹਟੇਗਾ। ਆਪ੍ਰੇਸ਼ਨ ਸਿੰਦੂਰ ਵਿੱਚ, ਭਾਰਤੀ ਫੌਜ ਨੇ ਪਾਕਿਸਤਾਨ ਅਤੇ ਪੀਓਕੇ ਦੇ ਅੰਦਰ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਥਾਵਾਂ ਵਿੱਚ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਵੱਡੇ ਅੱਤਵਾਦੀ ਸੰਗਠਨਾਂ ਦੇ ਮੁੱਖ ਦਫ਼ਤਰ ਸ਼ਾਮਲ ਸਨ। ਇਸ ਫੌਜੀ ਕਾਰਵਾਈ ਨੂੰ ਸਫਲਤਾਪੂਰਵਕ ਅੰਜਾਮ ਦੇ ਕੇ, ਭਾਰਤੀ ਫੌਜ ਨੇ ਪਾਕਿਸਤਾਨ ਅਤੇ ਅੱਤਵਾਦੀਆਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਕਿ ਭਾਰਤ ਆਪਣੀ ਸੁਰੱਖਿਆ ਦੇ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ।

**ਆਪ੍ਰੇਸ਼ਨ ਸਿੰਦੂਰ ਦਾ ਉਦੇਸ਼ ਅਤੇ ਯੋਜਨਾ :** ਭਾਰਤ ਲਈ, ਅੱਤਵਾਦ ਸਿਰਫ਼ ਇੱਕ ਫੌਜੀ ਚੁਣੌਤੀ ਨਹੀਂ ਸਗੋਂ ਇੱਕ ਰਾਸ਼ਟਰੀ ਸੰਕਟ ਬਣ ਗਿਆ ਹੈ। ਪਾਕਿਸਤਾਨ ਤੋਂ ਲਗਾਤਾਰ ਅੱਤਵਾਦੀ ਹਮਲਿਆਂ ਅਤੇ ਸਰਹੱਦ ਪਾਰ ਅੱਤਵਾਦ ਕਾਰਨ ਭਾਰਤ ਆਪਣੇ ਨਾਗਰਿਕਾਂ ਅਤੇ ਸੈਨਿਕਾਂ ਦੀਆਂ ਜਾਨਾਂ ਗੁਆ ਰਿਹਾ ਸੀ। ਇਨ੍ਹਾਂ ਹਮਲਿਆਂ ਵਿੱਚ ਨਾ ਸਿਰਫ਼ ਭਾਰਤੀ ਫੌਜ ਦੇ ਜਵਾਨ ਸ਼ਹੀਦ ਹੋ ਰਹੇ ਸਨ, ਸਗੋਂ ਮਾਸੂਮ ਨਾਗਰਿਕ ਵੀ ਆਪਣੀਆਂ ਜਾਨਾਂ ਗੁਆ ਰਹੇ ਸਨ। ਭਾਰਤ ਨੇ ਹਮੇਸ਼ਾ ਕੂਟਨੀਤਕ ਅਤੇ ਫੌਜੀ ਤਰੀਕਿਆਂ ਨਾਲ ਅੱਤਵਾਦ ਵਿਰੁੱਧ ਕਦਮ ਚੁੱਕੇ ਹਨ, ਪਰ ਹੁਣ ਇਹ ਸਪੱਸ਼ਟ ਹੋ ਗਿਆ ਸੀ ਕਿ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਇੱਕ ਫੈਸਲਾਕੁੰਨ ਫੌਜੀ ਕਾਰਵਾਈ ਦੀ ਲੋੜ ਸੀ।

ਆਪ੍ਰੇਸ਼ਨ ਸਿੰਦੂਰ ਦੀ ਯੋਜਨਾ ਨੂੰ ਗੁਪਤ ਰੱਖਦੇ ਹੋਏ ਭਾਰਤੀ ਫੌਜ ਨੇ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਠਿਕਾਣਿਆਂ 'ਤੇ ਹਮਲਾ ਕਰਨ ਦੀ ਰਣਨੀਤੀ ਤਿਆਰ ਕੀਤੀ। ਇਸ ਦੇ ਤਹਿਤ, ਭਾਰਤੀ ਹਵਾਈ ਸੈਨਾ ਦੁਆਰਾ ਇੱਕ ਵੱਡੇ ਹਵਾਈ ਹਮਲੇ ਦੀ ਯੋਜਨਾ ਬਣਾਈ ਗਈ ਸੀ, ਜਿਸ ਵਿੱਚ ਪਾਕਿਸਤਾਨ ਦੀ ਸਰਹੱਦ ਵਿੱਚ 100 ਕਿਲੋਮੀਟਰ ਅੰਦਰ ਦਾਖਲ ਹੋ ਕੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਸ ਹਮਲੇ ਵਿੱਚ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਵਰਗੇ ਅੱਤਵਾਦੀ ਸੰਗਠਨਾਂ ਦੇ ਮੁੱਖ ਦਫਤਰਾਂ ਸਮੇਤ 9 ਮਹੱਤਵਪੂਰਨ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਭਾਰਤੀ ਫੌਜ ਨੇ ਇਹ ਯਕੀਨੀ ਬਣਾਇਆ ਕਿ ਆਪ੍ਰੇਸ਼ਨ ਨੂੰ ਹਰ ਪਹਿਲੂ ਤੋਂ ਸਫਲ ਅਤੇ ਪ੍ਰਭਾਵਸ਼ਾਲੀ ਬਣਾਇਆ ਜਾਵੇ, ਤਾਂ ਜੋ ਅੱਤਵਾਦੀਆਂ ਨੂੰ ਕੋਈ ਮੌਕਾ ਨਾ ਮਿਲੇ ਅਤੇ ਭਾਰਤ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

**ਆਪ੍ਰੇਸ਼ਨ ਸਿੰਦੂਰ ਦੀ ਰਣਨੀਤਕ ਸਫਲਤਾ:** ਆਪ੍ਰੇਸ਼ਨ ਸਿੰਦੂਰ ਦੀ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ ਭਾਰਤੀ ਫੌਜ ਨੇ ਬਿਨਾਂ ਕਿਸੇ ਵੱਡੀ ਜੰਗ ਦੇ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਸ ਕਾਰਵਾਈ ਰਾਹੀਂ ਭਾਰਤ ਨੇ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਅੱਤਵਾਦੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਆਪਣੀਆਂ ਸਰਹੱਦਾਂ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕੇਗਾ। ਭਾਰਤੀ ਹਵਾਈ ਸੈਨਾ ਨੇ ਆਪਣੇ ਹਵਾਈ ਹਮਲਿਆਂ ਰਾਹੀਂ ਪਾਕਿਸਤਾਨ ਅਤੇ ਪੀਓਕੇ ਦੇ ਅੰਦਰ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਹ ਹਮਲਾ ਇੰਨੀ ਸਟੀਕਤਾ ਨਾਲ ਕੀਤਾ ਗਿਆ ਕਿ ਨਾ ਸਿਰਫ਼ ਅੱਤਵਾਦੀ ਟਿਕਾਣੇ ਤਬਾਹ ਹੋ ਗਏ, ਸਗੋਂ ਪਾਕਿਸਤਾਨ ਅਤੇ ਅੱਤਵਾਦੀਆਂ ਨੂੰ ਇਹ ਸੁਨੇਹਾ ਵੀ ਦਿੱਤਾ ਗਿਆ ਕਿ ਭਾਰਤ ਆਪਣੀ ਸੁਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹੈ।

ਇਸ ਫੌਜੀ ਕਾਰਵਾਈ ਦੌਰਾਨ, ਭਾਰਤੀ ਹਵਾਈ ਰੱਖਿਆ ਪ੍ਰਣਾਲੀ ਨੇ ਇੱਕ ਪਾਕਿਸਤਾਨੀ ਐਫ-16 ਜਹਾਜ਼ ਨੂੰ ਮਾਰ ਸੁੱਟਿਆ, ਜੋ ਕਿ ਭਾਰਤੀ ਸਰਹੱਦ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਘਟਨਾ ਸਾਬਤ ਕਰਦੀ ਹੈ ਕਿ ਭਾਰਤ ਆਪਣੇ ਹਵਾਈ ਖੇਤਰ ਦੀ ਸੁਰੱਖਿਆ ਪ੍ਰਤੀ ਬਹੁਤ ਚੌਕਸ ਹੈ ਅਤੇ ਕਿਸੇ ਵੀ ਘੁਸਪੈਠ ਨੂੰ ਬਰਦਾਸ਼ਤ ਨਹੀਂ ਕਰੇਗਾ। ਭਾਰਤੀ ਫੌਜ ਅਤੇ ਹਵਾਈ ਸੈਨਾ ਦੇ ਤੇਜ਼ ਜਵਾਬ ਨੇ ਸਾਬਤ ਕਰ ਦਿੱਤਾ ਕਿ ਭਾਰਤ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ।

**ਗਲੋਬਲ ਪ੍ਰਭਾਵ ਅਤੇ ਅੰਤਰਰਾਸ਼ਟਰੀ ਪ੍ਰਤੀਕਿਰਿਆ:** ਆਪ੍ਰੇਸ਼ਨ ਸਿੰਦੂਰ ਨੇ ਨਾ ਸਿਰਫ਼ ਪਾਕਿਸਤਾਨ ਨੂੰ ਸਗੋਂ ਪੂਰੀ ਦੁਨੀਆ ਨੂੰ ਇਹ ਸੁਨੇਹਾ ਦਿੱਤਾ ਕਿ ਭਾਰਤ ਅੱਤਵਾਦ ਵਿਰੁੱਧ ਆਪਣੀ ਨੀਤੀ ਵਿੱਚ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ। ਭਾਰਤ ਦੇ ਇਸ ਦਲੇਰਾਨਾ ਕਦਮ ਨੇ ਅੰਤਰਰਾਸ਼ਟਰੀ ਪੱਧਰ 'ਤੇ ਅੱਤਵਾਦ ਵਿਰੁੱਧ ਇੱਕ ਸਖ਼ਤ ਸੰਦੇਸ਼ ਦਿੱਤਾ। ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਖੇਤਰ ਦੇ ਅੰਦਰ ਕਿਸੇ ਵੀ ਦੇਸ਼ ਤੋਂ ਅੱਤਵਾਦ ਨੂੰ ਬਰਦਾਸ਼ਤ ਨਹੀਂ ਕਰੇਗਾ, ਭਾਵੇਂ ਉਹ ਦੇਸ਼ ਪਾਕਿਸਤਾਨ ਹੋਵੇ ਜਾਂ ਕੋਈ ਹੋਰ ਦੇਸ਼।

ਇਸ ਕਾਰਵਾਈ ਤੋਂ ਬਾਅਦ, ਭਾਰਤ ਦੀ ਫੌਜੀ ਸਮਰੱਥਾਵਾਂ ਅਤੇ ਰਣਨੀਤਕ ਸੋਚ ਦੀ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਸ਼ਲਾਘਾ ਕੀਤੀ ਗਈ। ਪਾਕਿਸਤਾਨ ਦੇ ਕਈ ਸਹਿਯੋਗੀਆਂ ਨੇ ਭਾਰਤ ਦੀ ਫੌਜੀ ਕਾਰਵਾਈ ਬਾਰੇ ਬਿਆਨ ਦਿੱਤੇ, ਪਰ ਇਨ੍ਹਾਂ ਬਿਆਨਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਅੱਤਵਾਦ ਵਿਰੁੱਧ ਭਾਰਤ ਦੀ ਕਾਰਵਾਈ ਪ੍ਰਤੀ ਦੁਨੀਆ ਦੇ ਦੇਸ਼ਾਂ ਦਾ ਰਵੱਈਆ ਸਕਾਰਾਤਮਕ ਸੀ। ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਗਠਨਾਂ ਨੇ ਭਾਰਤ ਦੇ ਇਸ ਕਦਮ ਨੂੰ ਅੱਤਵਾਦ ਵਿਰੁੱਧ ਇੱਕ ਫੈਸਲਾਕੁੰਨ ਕਾਰਵਾਈ ਵਜੋਂ ਦੇਖਿਆ।

**ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ:** ਆਪ੍ਰੇਸ਼ਨ ਸਿੰਦੂਰ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ ਹੈ, ਪਰ ਭਾਰਤ ਦਾ ਇਹ ਕਦਮ ਪੂਰੀ ਤਰ੍ਹਾਂ ਸਵੈ-ਰੱਖਿਆ ਅਤੇ ਅੱਤਵਾਦ ਵਿਰੁੱਧ ਸੀ। ਪਾਕਿਸਤਾਨ ਹਮੇਸ਼ਾ ਭਾਰਤ 'ਤੇ ਅੱਤਵਾਦ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਦਬਾਅ ਪਾਉਂਦਾ ਰਿਹਾ ਹੈ, ਪਰ ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਕੋਈ ਵੀ ਕਦਮ ਚੁੱਕਣ ਤੋਂ ਨਹੀਂ ਝਿਜਕੇਗਾ। ਪਾਕਿਸਤਾਨ ਵੱਲੋਂ ਭਾਰਤੀ ਕਾਰਵਾਈ ਦੀ ਆਲੋਚਨਾ ਕੀਤੀ ਗਈ ਸੀ, ਪਰ ਭਾਰਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਸਦੀ ਕਾਰਵਾਈ ਦਾ ਉਦੇਸ਼ ਸਿਰਫ ਅੱਤਵਾਦ ਨੂੰ ਖਤਮ ਕਰਨਾ ਸੀ ਅਤੇ ਪਾਕਿਸਤਾਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਧਰਤੀ 'ਤੇ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਕਦਮ ਚੁੱਕੇਗਾ।

ਭਾਰਤ ਦੇ ਇਸ ਕਦਮ ਨੇ ਪਾਕਿਸਤਾਨ ਨੂੰ ਸਿਖਾਇਆ ਕਿ ਅੱਤਵਾਦ ਵਿਰੁੱਧ ਲੜਾਈ ਸਿਰਫ਼ ਜੰਗ ਅਤੇ ਫੌਜੀ ਕਾਰਵਾਈਆਂ ਰਾਹੀਂ ਹੀ ਨਹੀਂ ਲੜੀ ਜਾਂਦੀ, ਸਗੋਂ ਕੂਟਨੀਤੀ ਅਤੇ ਅੰਦਰੂਨੀ ਸੁਰੱਖਿਆ ਰਾਹੀਂ ਵੀ ਲੜੀ ਜਾਂਦੀ ਹੈ। ਪਾਕਿਸਤਾਨ ਨੂੰ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਉਹ ਅੱਤਵਾਦ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਦਾ ਹੈ, ਤਾਂ ਉਸਨੂੰ ਨਤੀਜੇ ਭੁਗਤਣੇ ਪੈਣਗੇ।

**ਅੱਤਵਾਦ ਵਿਰੁੱਧ ਭਾਰਤ ਦਾ ਸਥਾਈ ਸਟੈਂਡ:** ਆਪ੍ਰੇਸ਼ਨ ਸਿੰਦੂਰ ਨਾ ਸਿਰਫ਼ ਇੱਕ ਫੌਜੀ ਆਪ੍ਰੇਸ਼ਨ ਵਜੋਂ ਸਫਲ ਰਿਹਾ, ਸਗੋਂ ਇਹ ਭਾਰਤ ਦੀ ਸਵੈ-ਨਿਰਭਰਤਾ ਅਤੇ ਅੱਤਵਾਦ ਵਿਰੁੱਧ ਇਸਦੀ ਨੀਤੀ ਦੀ ਪੁਸ਼ਟੀ ਵੀ ਸੀ। ਇਹ ਕਾਰਵਾਈ ਸਾਬਤ ਕਰਦੀ ਹੈ ਕਿ ਭਾਰਤ ਨੇ ਅੱਤਵਾਦ ਵਿਰੁੱਧ ਆਪਣੀ ਲੜਾਈ ਨੂੰ ਹੋਰ ਵੀ ਫੈਸਲਾਕੁੰਨ ਬਣਾ ਦਿੱਤਾ ਹੈ। ਇਸ ਕਾਰਵਾਈ ਰਾਹੀਂ ਭਾਰਤ ਨੇ ਇਹ ਸੰਦੇਸ਼ ਵੀ ਦਿੱਤਾ ਕਿ ਉਹ ਅੱਤਵਾਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਹਰ ਸੰਭਵ ਕਦਮ ਚੁੱਕੇਗਾ ਅਤੇ ਪਾਕਿਸਤਾਨ ਨੂੰ ਆਪਣੀਆਂ ਅੱਤਵਾਦੀ ਗਤੀਵਿਧੀਆਂ ਦਾ ਸਮਰਥਨ ਕਰਨ ਦਾ ਕੋਈ ਮੌਕਾ ਨਹੀਂ ਦੇਵੇਗਾ।

ਅੱਗੇ ਵਧਦੇ ਹੋਏ, ਇਹ ਦੇਖਣਾ ਬਾਕੀ ਹੈ ਕਿ ਭਾਰਤ ਆਪਣੀ ਫੌਜੀ ਕਾਰਵਾਈ ਦੇ ਨਾਲ-ਨਾਲ ਕੂਟਨੀਤਕ ਤਰੀਕਿਆਂ ਰਾਹੀਂ ਪਾਕਿਸਤਾਨ 'ਤੇ ਅੱਤਵਾਦ ਵਿਰੁੱਧ ਕਾਰਵਾਈ ਕਰਨ ਲਈ ਕਿਵੇਂ ਦਬਾਅ ਪਾਏਗਾ। ਅੱਤਵਾਦ ਦਾ ਖਾਤਮਾ ਤਾਂ ਹੀ ਸੰਭਵ ਹੈ ਜਦੋਂ ਪੂਰੀ ਦੁਨੀਆ ਇਸ ਵਿਰੁੱਧ ਇੱਕਜੁੱਟ ਹੋਵੇ ਅਤੇ ਅੱਤਵਾਦੀਆਂ ਨੂੰ ਪਨਾਹ ਦੇਣ ਵਾਲੇ ਦੇਸ਼ਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ। ਭਾਰਤੀ ਫੌਜ ਅਤੇ ਸਰਕਾਰ ਦੇ ਸੁਮੇਲ ਨਾਲ, ਇਹ ਉਮੀਦ ਕੀਤੀ ਜਾਂਦੀ ਹੈ ਕਿ ਅੱਤਵਾਦ ਵਿਰੁੱਧ ਇਹ ਜੰਗ ਦੁਨੀਆ ਭਰ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਲੜੀ ਜਾਵੇਗੀ।

ਆਪ੍ਰੇਸ਼ਨ ਸਿੰਦੂਰ ਸਿਰਫ਼ ਇੱਕ ਫੌਜੀ ਕਾਰਵਾਈ ਨਹੀਂ ਹੈ, ਸਗੋਂ ਇਹ ਅੱਤਵਾਦ ਵਿਰੁੱਧ ਭਾਰਤ ਦੇ ਹੌਂਸਲੇ, ਦ੍ਰਿੜ ਇਰਾਦੇ ਅਤੇ ਮਜ਼ਬੂਤ ਇੱਛਾ ਸ਼ਕਤੀ ਦਾ ਪ੍ਰਤੀਕ ਹੈ। ਭਾਰਤ ਨੇ ਸਾਬਤ ਕਰ ਦਿੱਤਾ ਕਿ ਉਹ ਆਪਣੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀਆਂ ਵਿਰੁੱਧ ਇਹ ਕਾਰਵਾਈ ਇੱਕ ਠੋਸ ਕਦਮ ਹੈ ਜੋ ਦੁਨੀਆ ਭਰ ਵਿੱਚ ਅੱਤਵਾਦ ਵਿਰੁੱਧ ਇੱਕ ਸੰਦੇਸ਼ ਦਿੰਦਾ ਹੈ। ਭਾਰਤੀ ਫੌਜ ਇਸ ਆਪ੍ਰੇਸ਼ਨ ਦੀ ਸਫਲਤਾ 'ਤੇ ਮਾਣ ਕਰਦੀ ਹੈ ਅਤੇ ਭਾਰਤ ਸਰਕਾਰ ਨੂੰ ਵੀ ਵਧਾਈ ਦਿੰਦੀ ਹੈ, ਜਿਸਨੇ ਇਹ ਦਲੇਰਾਨਾ ਕਦਮ ਚੁੱਕਿਆ।

ਆਪ੍ਰੇਸ਼ਨ ਸਿੰਦੂਰ ਦੇ ਨਤੀਜੇ ਵਜੋਂ, ਇਹ ਸਵਾਲ ਉੱਠਦਾ ਹੈ ਕਿ ਪਾਕਿਸਤਾਨ ਅਤੇ ਦੁਨੀਆ ਦੇ ਹੋਰ ਦੇਸ਼ ਅੱਤਵਾਦ ਵਿਰੁੱਧ ਕੀ ਕਾਰਵਾਈ ਕਰਨਗੇ। ਭਾਰਤ ਵੱਲੋਂ ਕੀਤੀ ਗਈ ਇਹ ਕਾਰਵਾਈ ਸਿਰਫ਼ ਇੱਕ ਸ਼ੁਰੂਆਤ ਹੈ, ਅਤੇ ਉਮੀਦ ਹੈ ਕਿ ਭਵਿੱਖ ਵਿੱਚ ਭਾਰਤ ਹੋਰ ਵੀ ਫੈਸਲਾਕੁੰਨ ਕਦਮ ਚੁੱਕੇਗਾ ਤਾਂ ਜੋ ਅੱਤਵਾਦ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕੇ।

# ਮਾਂ ਦੀ ਸੇਵਾ ਸਭ ਤੋਂ ਉੱਤਮ ਸੇਵਾ

ਕਰਨੈਲ ਸਿੰਘ ਐਮ.ਏ.

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਾਂ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੀ ਸੰਗਿਆ ਮਮਤਾ ਹੈ। ਮਾਂ ਦੇ ਦੁਆਰਾ ਹੀ ਸੰਤਾਨ ਦੀ ਉਤਪਤੀ ਹੁੰਦੀ ਹੈ। ਮਾਂ ਆਪ ਗਿੱਲੀ ਥਾਂ 'ਤੇ ਪੈ ਸਕਦੀ ਹੈ ਪਰ ਬੱਚਿਆਂ ਨੂੰ ਸੁੱਕੀ ਥਾਂ 'ਤੇ ਹੀ ਰੱਖਦੀ ਹੈ। ਮਾਂ ਆਪ ਭੁੱਖ ਬਰਦਾਸ਼ਤ ਕਰ ਸਕਦੀ ਹੈ ਪਰ ਬੱਚਿਆਂ ਨੂੰ ਭੁੱਖੇ ਦੇਖ ਨਹੀਂ ਸਕਦੀ। ਮਾਂ ਆਪ ਖਾਣ-ਪੀਣ ਤੋਂ ਪਹਿਲਾਂ ਬੱਚਿਆਂ ਨੂੰ ਖੁਆਉਂਦੀ ਹੈ।

ਇੱਕ ਵਾਰ ਕੋਈ ਰਾਜਾ ਜ਼ਿੱਦ ਕਰ ਰਿਹਾ ਸੀ ਕਿ ਮਾਂ ਮੈਂ ਤੇਰਾ ਕਰਜ਼ ਉਤਾਰਾਂਗਾ, ਜੋ ਤੁਸੀਂ ਕਹੋਗੇ, ਮੈਂ ਉਹੀ ਕਰਾਂਗਾ। ਮਾਂ ਨੇ ਕਿਹਾ, "ਬੇਟਾ ! ਤੂੰ ਨਹੀਂ ਉਤਾਰ ਸਕਦਾ। ਮਾਂ ਦੇ ਕਈ ਵਾਰ ਸਮਝਾਉਣ 'ਤੇ ਵੀ ਉਹ ਨਾ ਮੰਨਿਆ ਤੇ ਆਪਣੀ ਜ਼ਿੱਦ 'ਤੇ ਪੱਕਾ ਰਿਹਾ। ਅੰਤ ਵਿੱਚ ਮਾਂ ਨੇ ਕਿਹਾ, "ਬੇਟਾ ! ਤੂੰ ਆਪਣੇ ਪੇਟ 'ਤੇ ਕੁਝ ਭਾਰ ਬੰਨ੍ਹ ਕੇ ਨੌਂ ਘੰਟੇ ਖੜ੍ਹਾ ਹੀ ਰਹਿ।" ਬੇਟੇ ਨੇ ਕਿਹਾ, "ਮਾਂ ਤੂੰ ਮੈਨੂੰ ਨੌਂ ਘੰਟੇ ਖੜ੍ਹਾ ਰਹਿਣ ਲਈ ਕਿਹਾ ਹੈ, ਮੈਂ ਤਾਂ ਨੌਂ ਦਿਨ ਖੜ੍ਹਾ ਰਹਿ ਸਕਦਾ।" ਪਰ ਦੋ-ਤਿੰਨ ਘੰਟਿਆਂ ਬਾਅਦ ਹੀ ਉਹ ਥੱਕ ਗਿਆ। ਮਾਂ ਨੇ ਕਿਹਾ, "ਬਸ ਦੋ-ਤਿੰਨ ਘੰਟਿਆਂ ਵਿੱਚ ਹੀ ਥੱਕ ਗਿਆ ਏਂ। ਮੈਂ ਤੈਨੂੰ ਨੌਂ ਮਹੀਨੇ ਪੇਟ 'ਚ ਰੱਖਿਆ, ਦੱਸ ਤੂੰ ਮੇਰਾ ਕਰਜ਼ ਕਿਵੇਂ ਉਤਾਰ ਸਕਦਾ ਏਂ।"

ਰਾਜਾ ਫਿਰ ਵੀ ਨਾ ਮੰਨਿਆ ਤੇ ਉਸ ਨੇ ਮਾਂ ਨੂੰ ਕਿਹਾ, "ਮਾਂ ! ਮੈਨੂੰ ਇੱਕ ਮੌਕਾ ਹੋਰ ਦੇ ਦਿਓ।" ਮਾਂ ਦੇ ਫਿਰ ਸਮਝਾਉਣ 'ਤੇ ਉਹ ਨਾ ਮੰਨਿਆ, ਅੰਤ ਮਾਂ ਨੇ ਕਿਹਾ, ਬੇਟਾ ! ਮੈਂ ਸਮਾਂ ਆਉਣ 'ਤੇ ਤੈਨੂੰ ਦੱਸਾਂਗੀ।" ਜਦੋਂ ਪੋਹ-ਮਾਘ (ਦਸੰਬਰ-ਜਨਵਰੀ) ਦਾ ਮਹੀਨਾ ਆਇਆ ਤਾਂ ਮਾਂ ਨੇ ਕਿਹਾ, "ਬੇਟਾ ! ਜੇ ਮੇਰਾ ਕਰਜ਼ ਉਤਾਰਨਾ ਹੈ ਤਾਂ ਤੂੰ ਅੱਜ ਮੇਰਾ ਮੰਜਾ ਡਾਹ (ਵਿਛਾ) ਕੇ ਪੈਣਾ।" ਜਦ ਬੇਟਾ ਗੂੜ੍ਹੀ ਨੀਂਦ ਸੌਂ ਗਿਆ ਤਾਂ ਮਾਂ ਨੇ ਠੰਡੇ ਪਾਣੀ ਦਾ ਗਲਾਸ, ਉਸ ਦੇ ਬਿਸਤਰੇ 'ਤੇ ਡੋਲ੍ਹ ਦਿੱਤਾ। ਬੇਟਾ ਅੱਬੜਵਾਹੇ ਇਕਦਮ ਉੱਠ




ਕੇ ਖੜ੍ਹਾ ਹੋ ਗਿਆ, ਮਾਂ ਕਹਿਣ ਲੱਗੀ, "ਬੇਟਾ ! ਸੌਂ ਜਾਹ ਉੱਠ ਕਿਉਂ ਗਿਆ ?" ਮਾਂ, ਮੈਂ ਗਿੱਲੇ ਬਿਸਤਰੇ 'ਤੇ ਕਿਵੇਂ ਸੌਂ ਸਕਦਾ ਹਾਂ ? ਮੈਨੂੰ ਤਾਂ ਨੀਂਦ ਨਹੀਂ ਆਉਂਦੀ। ਮਾਂ ਨੇ ਕਿਹਾ, "ਬੇਟਾ ! ਤੂੰ ਉਹ ਦਿਨ ਭੁੱਲ ਗਿਆ ਜਦੋਂ ਤੂੰ ਬਿਸਤਰਾ ਗਿੱਲਾ ਕਰਦਾ ਸੀ ਤੇ ਮੈਂ ਤੈਨੂੰ ਸੁੱਕੀ ਥਾਂ 'ਤੇ ਪਾਉਂਦੀ ਸੀ ਅਤੇ ਆਪ ਗਿੱਲੀ ਥਾਂ 'ਤੇ ਪੈਂਦੀ ਸੀ।" ਰਾਜਾ ਮਾਂ ਦੇ ਚਰਨਾਂ 'ਤੇ ਡਿੱਗ ਪਿਆ ਅਤੇ ਕਹਿਣ ਲੱਗਿਆ ਸੱਚਮੁੱਚ ਕੋਈ ਵੀ ਵਿਅਕਤੀ ਮਾਂ ਦਾ ਕਰਜ਼ਾ ਸਾਰੀ ਉਮਰ ਨਹੀਂ ਉਤਾਰ ਸਕਦਾ।

ਹਰ ਮਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਦੇ ਬੱਚੇ ਪੜ੍ਹ ਲਿਖ ਕੇ ਵੱਡੇ ਅਫਸਰ ਭਾਵ ਉੱਚੇ ਅਹੁਦੇ 'ਤੇ ਪਹੁੰਚਣ। ਮਾਂ ਕਿੰਨੀਆਂ ਮੁਸ਼ਕਲਾਂ ਵਿੱਚ ਆਪਣੇ ਬੱਚਿਆਂ ਨੂੰ ਪਾਲਦੀ-ਪੋਸਦੀ ਹੈ, ਇਹ ਸਿਰਫ਼ ਮਾਂ ਹੀ ਜਾਣਦੀ ਹੈ। ਮਾਂ ਦਾ ਕਰਜ਼ ਬੱਚੇ ਸਾਰੀ ਉਮਰ ਨਹੀਂ ਉਤਾਰ ਸਕਦੇ। ਇਹ ਵੀ ਕਿਹਾ ਜਾਂਦਾ ਹੈ ਕਿ ਮਾਂ ਦਾ ਕਰਜ਼ ਸੱਤ ਜਨਮਾਂ ਤੱਕ ਉਤਾਰਿਆ ਨਹੀਂ ਜਾ ਸਕਦਾ। ਫਿਰ ਵੀ ਪਤਾ ਨਹੀਂ ਕਿਉਂ ਮਾਂ ਜਿਸ ਨੇ ਬੱਚਿਆਂ ਦਾ ਹਰ ਦਰਦ ਆਪਣੇ ਸਰੀਰ 'ਤੇ ਝੱਲਿਆ, ਨੂੰ ਅੱਜ ਦੋ ਰੋਟੀਆਂ ਬਦਲੇ ਬਿਰਧ ਆਸ਼ਰਮ ਵਿੱਚ ਛੱਡ ਦਿੱਤਾ ਜਾਂਦਾ ਹੈ। ਮਾਂ ਜਿਸ ਨੇ ਪੋਤੇ-ਪੋਤੀਆਂ ਨਾਲ ਘਰ 'ਚ ਹੱਸ-ਖੇਡ ਕੇ, ਬੱਚਿਆਂ ਨਾਲ ਲਾਡ-ਪਿਆਰ ਕਰਕੇ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰਨਾ ਹੁੰਦਾ ਹੈ, ਉਹ ਬਿਰਧ ਆਸ਼ਰਮ 'ਚ ਇਕੱਲੀ ਰਹਿੰਦੀ ਹੈ ਤੇ ਆਪਣਾ ਦੁੱਖ ਵੀ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੀ। ਬੇਸ਼ੱਕ ਬਿਰਧ ਆਸ਼ਰਮ ਵਿੱਚ ਉਸ ਨੂੰ ਪੇਟ ਭਰਨ ਲਈ ਰੋਟੀ, ਪਹਿਨਣ ਲਈ ਕੱਪੜਾ, ਰਹਿਣ ਲਈ ਕਮਰਾ ਤੇ ਹੋਰ ਸੁੱਖ ਸਹੂਲਤਾਂ ਮਿਲ ਜਾਂਦੀਆਂ ਹਨ, ਪਰ ਜੋ ਸੁੱਖ ਮਾਂ ਨੂੰ ਬੱਚਿਆਂ ਵੱਲੋਂ ਬੋਲੇ ਬੋਲ 'ਦਾਦੀ', 'ਵੱਡੇ ਮੰਮੀ' ਸੁਣ ਕੇ ਮਿਲਦਾ ਹੈ, ਉਹ ਬਿਰਧ ਆਸ਼ਰਮਾਂ 'ਚ ਨਹੀਂ ਮਿਲਦਾ। ਪਹਿਲਾਂ ਦਾਦੀ ਮਾਂ ਆਪਣੇ ਪੋਤੇ-ਪੋਤੀਆਂ ਨੂੰ ਲਾਡ-ਪਿਆਰ ਕਰਦੀ, ਕਹਾਣੀਆਂ ਸੁਣਾਉਂਦੀ ਹੁੰਦੀ ਸੀ, ਪਰ ਅੱਜ ਬਜ਼ੁਰਗ ਮਾਂ ਨੂੰ ਬਹੁਤੇ ਘਰਾਂ 'ਚ ਦੁਰਕਾਰ ਦਿੱਤਾ ਜਾਂਦਾ ਹੈ।

ਮਾਂ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਜੇਕਰ ਬੱਚਿਆਂ ਨੇ ਬਜ਼ੁਰਗ ਮਾਂ-ਬਾਪ ਦੀ ਸੇਵਾ ਕਰ ਲਈ ਤਾਂ ਉਹਨਾਂ ਨੂੰ ਕਿਸੇ ਵੀ ਧਰਮ ਅਸਥਾਨ 'ਤੇ ਯੱਗ ਜਾਂ ਪੁੰਨ ਕਰਨ ਦੀ ਲੋੜ ਨਹੀਂ। ਜੇਕਰ ਮਾਂ-ਬਾਪ ਦੀ ਸੇਵਾ ਨਹੀਂ ਕੀਤੀ ਤਾਂ ਜਿੰਨੇ ਮਰਜ਼ੀ ਦਾਨ ਪੁੰਨ ਕਰ ਲਉ, ਭੰਡਾਰੇ ਲਾ ਲਉ, ਉਹ ਸੇਵਾ ਪ੍ਰਵਾਨ ਨਹੀਂ ਹੁੰਦੀ। ਹਾਂ, ਅੱਜ-ਕੱਲ੍ਹ ਦੇ ਬੱਚੇ ਪੁਰਾਣੇ ਜ਼ਮਾਨੇ ਦੇ ਖ਼ਿਆਲਾਂ ਵਾਲੇ ਨਹੀਂ। ਇਸ ਲਈ ਬਜ਼ੁਰਗ ਮਾਂ-ਬਾਪ ਨੂੰ ਵੀ ਬੱਚਿਆਂ (ਨੂੰਹਾਂ-ਪੁੱਤਰਾਂ) ਨਾਲ ਪ੍ਰੇਮ-ਪਿਆਰ ਨਾਲ ਬੋਲਣਾ ਚਾਹੀਦਾ ਹੈ। ਕਿਉਂਕਿ ਨਿੱਕੀ-ਨਿੱਕੀ ਗੱਲ ਤੋਂ ਹੀ ਘਰ ਵਿੱਚ ਦਰਾੜ ਪੈ ਜਾਂਦੀ ਹੈ। ਜੇਕਰ ਮਾਂ-ਬਾਪ ਆਪਣੇ ਬੱਚਿਆਂ ਨਾਲ ਪ੍ਰੇਮ-ਪਿਆਰ ਨਾਲ ਵਰਤਾਓ ਕਰਨ ਤਾਂ ਕਦੇ ਕਿਸੇ ਮਾਂ-ਬਾਪ ਨੂੰ ਆਪਣਾ ਘਰ ਤਿਆਗ ਕੇ ਬਿਰਧ ਆਸ਼ਰਮ ਦਾ ਸਹਾਰਾ ਨਹੀਂ ਲੈਣਾ ਪਵੇਗਾ। ਪੰਜਾਬ ਦੇ ਪ੍ਰਸਿੱਧ ਗੀਤਕਾਰ ਪਾਲੀ ਦੇਤਵਾਲੀਆਂ ਨੇ ਮਾਂ ਦੇ ਬਾਰੇ ਇੱਕ ਗੀਤ ਵਿੱਚ ਇੰਜ ਜ਼ਿਕਰ ਕੀਤਾ ਹੈ।

ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।
ਮਾਂ ਹੈ ਠੰਡੜੀ ਛਾਂ, ਓ ਦੁਨੀਆਂ ਵਾਲਿਓ।
ਮਾਂ ਬਿਨਾਂ ਨਾ ਕੋਈ ਲਾਡ ਲਡਾਉਂਦਾ।
ਰੋਂਦਿਆਂ ਨੂੰ ਨਾ ਚੁੱਪ ਕਰਾਉਂਦਾ।
ਕੋਈ ਨਾ ਫੜਦਾ ਬਾਂਹ ਓ ਦੁਨੀਆਂ ਵਾਲਿਓ।
ਮਾਂ ਦੀ ਪੂਜਾ ਰੱਬ ਦੀ ਪੂਜਾ।
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।

ਮਾਂ ਦਾ ਜਿੰਨਾ ਵੀ ਸਤਿਕਾਰ ਤੇ ਸੇਵਾ ਕਰੀਏ ਉਹ ਥੋੜ੍ਹਾ ਹੈ। ਉਸ ਦਾ ਦੇਣਾ (ਕਰਜ਼) ਸਾਰੀ ਉਮਰ ਨਹੀਂ ਉਤਾਰ ਸਕਦੇ। ਅੱਜ ਮਾਂ ਦਿਵਸ 'ਤੇ ਇਹ ਪ੍ਰਣ ਕਰੀਏ ਕਿ ਅਸੀਂ ਮਾਂ ਦੀ ਸੇਵਾ ਤੇ ਸਤਿਕਾਰ ਕਰਾਂਗੇ। ਮਾਂ ਆਪਣੇ ਬੱਚਿਆਂ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨਾਲ ਘਰ ਵਿੱਚ ਸੁੱਖਾਂ ਭਰਿਆ ਜੀਵਨ ਬਤੀਤ ਕਰੇ। ਇਹੀ ਅਸੀਂ ਸਾਰੇ ਚਾਹੁੰਦੇ ਹਾਂ।



# ਮਾਝਾ-ਦੁਆਬਾ

ਆਸ ਪਾਸ



## ਜ਼ਿਲ੍ਹਾ ਅੰਮ੍ਰਿਤਸਰ ਦੇ ਉਦੋਕੇ, ਕਾਜ਼ੀਕੋਟ ਅਤੇ ਮੱਖਣ ਵਿੰਡੀ 'ਚ ਨਸ਼ਟ ਹੋਏ ਮਿਜ਼ਾਇਲ ਦੇ ਟੁਕੜੇ ਡਿੱਗੇ



ਤਰਸਿੱਕਾ, 10 ਮਈ, (ਦਵਿੰਦਰ ਸਿੰਘ ਤਰਸਿੱਕਾ) : ਕਸਬੇ ਦੇ ਨਜ਼ਦੀਕੀ ਪੈਂਦੇ ਪਿੰਡ ਉਦੋਕੇ, ਕਾਜੀਕੋਟ ਅਤੇ ਮੱਖਣ ਵਿੰਡੀ 'ਚ ਮਿਜ਼ਾਇਲ ਦੇ ਵੱਖ-ਵੱਖ ਟੁਕੜੇ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸਾਬਕਾ ਸਰਪੰਚ ਸੁਖਦੇਵ ਸਿੰਘ ਅਤੇ ਸਾਬਕਾ ਸਰਪੰਚ ਸੰਦੀਪ ਸਿੰਘ, ਸਰਪੰਚ ਸੁਖਵਿੰਦਰ ਸਿੰਘ ਉਦੋਕੇ, ਕਿਰਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਬਾਹਰ ਬੈਕੀ ਡੇਰੇ 'ਤੇ ਘਰ ਦੇ ਨਜ਼ਦੀਕ ਦੋ ਹਿੱਸਿਆਂ 'ਚ ਮਿਜ਼ਾਇਲੀ ਟੁਕੜੇ ਮਿਲੇ, ਜੋ ਦੋਵੇਂ ਘਰ ਤੋਂ ਦੋ ਤੋਂ ਚਾਰ ਗਜ ਦੀ ਦੂਰੀ 'ਤੇ ਸੀ ਅਤੇ ਘਰ ਦੇ ਮੈਂਬਰ ਰੋਜ਼ਾਨਾ ਦੀ ਤਰ੍ਹਾਂ ਘਰ 'ਚ ਆਪਣਾ ਕੰਮ ਕਰ ਰਹੇ ਸਨ। ਪਰ ਜਦੋਂ ਇਹ ਮਿਜ਼ਾਇਲੀ ਟੁਕੜੇ ਡਿੱਗੇ ਤਾਂ ਇਕ ਦਮ ਪਰਿਵਾਰ ਨੂੰ ਅਤੇ ਘਰ 'ਚ ਖੇਡ ਰਹੇ ਬੱਚਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਲੋਕਾਂ 'ਚ ਇਸ ਪ੍ਰਤੀ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਕਾਜੀਕੋਟ ਵਿਖੇ ਵੀ ਜਬਰਦਸਤ ਧਮਾਕਾ ਹੋਇਆ, ਜਿੱਥੇ ਪਿੰਡ ਦੇ ਨਜ਼ਦੀਕ ਸੜਕ ਅਤੇ ਨਜ਼ਦੀਕ ਖੇਤਾਂ 'ਚ ਇਕ ਮਿਜ਼ਾਇਲ ਦਾ ਟੁੱਟੜਾ ਵੀ ਡੱਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਘਟਨਾ ਸਥਾਨ 'ਤੇ ਪਹੁੰਚੇ। ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਹਰੇਕ ਜੰਗ 'ਚ ਪੰਜਾਬੀਆਂ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਵੱਧ ਚੜ੍ਹ ਕੇ ਪੰਜਾਬੀਆਂ ਨੇ ਭਾਰਤੀ ਫੌਜਾਂ ਦਾ ਸਾਥ ਦਿੱਤਾ ਹੈ। ਉਨ੍ਹਾਂ ਪਾਕਿਸਤਾਨ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਫੋਰਸਾਂ ਵੱਲੋਂ ਇਨ੍ਹਾਂ ਮਿਜ਼ਾਇਲਾਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ, ਉਹ ਇਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਤ ਸਮੇਂ ਲਾਈਟਾਂ ਬਿਲਕੁੱਲ ਨਾ ਜਗਾਉਣ ਅਤੇ ਦਿਨੇ ਵੀ ਜੇਕਰ ਕੋਈ ਕੰਮ ਹੈ ਤਾਂ ਉਹ ਕਰਨ ਨਹੀਂ ਤਾਂ ਆਪਣੇ ਘਰਾਂ 'ਚ ਹੀ ਅਰਾਮ ਕਰਨ। ਉਨ੍ਹਾਂ ਕਿਹਾ ਕਿ ਉਹ ਸਰਕਾਰ ਅਤੇ ਭਾਰਤੀ ਸੈਨਾ ਦੇ ਹੁਕਮਾਂ ਦੀ ਪਾਲਣਾ ਕਰਨ। ਇਸ ਮੌਕੇ ਥਾਣਾ ਮੱਤੇਵਾਲ ਦੇ ਐੱਸ.ਐੱਚ.ਓ ਮਨਤੇਜ ਸਿੰਘ ਦੀ ਪੁਲਿਸ ਪਾਰਟੀ ਵੱਲੋਂ ਡਿੱਗੇ ਹੋਏ ਮਿਜ਼ਾਇਲੀ ਟੁੱਕੜਿਆਂ ਨੂੰ ਆਪਣੇ ਕਬਜ਼ੇ 'ਚ ਲੈ ਲਿਆ ਹੈ ਅਤੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

ਭਾਰਤ-ਪਾਕਿ ਦਰਮਿਆਨ ਚੱਲ ਰਹੇ ਜੰਗ ਦੇ ਮਾਹੌਲ ਦੌਰਾਨ ਬੀਤੀ ਦੇਰ ਰਾਤ 1:35 ਵਜੇ ਤਰਸਿੱਕਾ ਬਲਾਕ ਦੇ ਪਿੰਡ ਇਤਿਹਾਸਕ ਨਗਰ ਮੱਖਣ ਵਿੰਡੀ ਵਿਖੇ ਇਕ ਮਿਸਾਇਲ ਗੋਲੇ ਦੇ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਮੌਕੇ 'ਤੇ ਪਹੁੰਚੇ ਥਾਣਾ ਜੰਡਿਆਲਾ ਗੁਰੂ ਦੇ ਐੱਸ.ਐੱਚ.ਓ ਹਰਚਰਨ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਜਦ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਵੱਲੋਂ ਇਹ ਸਾਰੀ ਗੱਲ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦੀ ਗਈ ਜਿਸ 'ਤੇ ਪੁਲਿਸ ਅਤੇ ਫੌਜ ਦੇ ਅਧਿਕਾਰੀ ਵੱਡੀ ਗਿਣਤੀ 'ਚ ਪਹੁੰਚਣੇ ਸ਼ੁਰੂ ਹੋ ਗਏ ਅਤੇ ਇਸਦੀ ਜਾਂਚ 'ਚ ਜੁੱਟ ਗਏ। ਇਸ ਮੌਕੇ ਜ਼ਿਲ੍ਹਾ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਵੀ ਉਕਤ ਸਥਾਨ 'ਤੇ ਪਹੁੰਚੇ ਅਤੇ ਉਨ੍ਹਾਂ ਪਾਕਿਸਤਾਨ ਦੀ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ। ਐੱਸ.ਐੱਚ.ਓ ਨੇ ਕਿਹਾ ਕਿ ਦੇਰ ਸ਼ਾਮ ਤੱਕ ਇਸ ਮਿਸਾਇਲ ਨੂੰ ਆਰਮੀ ਵੱਲੋਂ ਨਸ਼ਟ ਕਰ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਸ਼ਾਮ ਨੂੰ 7 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ ਤੱਕ ਘਰਾਂ ਦੀਆਂ ਲਾਈਟਾਂ ਬੰਦ ਰੱਖਣ ਤਾਂ ਜੋ ਦੁਸ਼ਮਣ ਆਪਣੀ ਕਿਸੇ ਵੀ ਚਾਲ 'ਚ ਕਾਮਯਾਬ ਨਾ ਹੋ ਸਕੇ।

## ਸੋਸ਼ਲ ਮੀਡੀਆ 'ਤੇ ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਡੀ.ਸੀ.



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਜ਼ਿਲ੍ਹਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਵੱਖ ਵੱਖ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਉੱਤੇ ਜ਼ਿਲ੍ਹੇ ਸਬੰਧੀ ਚੱਲ ਰਹੀਆਂ ਨਿਰਆਧਾਰ ਖ਼ਬਰਾਂ ਦਾ ਗੰਭੀਰ ਨੋਟਿਸ ਲੈਂਦੇ ਹੋਏ ਕਿਹਾ ਕਿ ਭਵਿੱਖ ਵਿੱਚ ਜੋ ਵੀ ਵਿਅਕਤੀ ਅਫਵਾਹਾਂ ਫੈਲਾਉਣ ਵਿੱਚ ਦੋਸ਼ੀ ਪਾਇਆ ਗਿਆ, ਉਸ ਖਿਲਾਫ ਪੁਲਿਸ ਕੇਸ ਦਰਜ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਮੌਜੂਦਾ ਸਥਿਤੀ ਵਿੱਚ ਅਫਵਾਹਾਂ, ਨਿਰਆਧਾਰ ਖ਼ਬਰਾਂ ਆਮ ਲੋਕਾਂ ਵਿੱਚ ਬੇਲੋੜੀ ਘਬਰਾਹਟ ਅਤੇ ਪ੍ਰਤੀਕੂਲ ਸਥਿਤੀਆਂ ਪੈਦਾ ਕਰ ਸਕਦੀਆਂ ਹਨ। ਜਿਸ ਵਜੋਂ ਲੋਕ ਕਈ ਵਾਰ ਅਜਿਹੀਆਂ ਖ਼ਬਰਾਂ ਦੇ ਮਗਰ ਲੱਗ ਕੇ ਗਲਤ ਫੈਸਲਾ ਕਰ ਲੈਂਦੇ ਹਨ ਜੋ ਕਿ ਜਾਨ ਅਤੇ ਮਾਲ ਲਈ ਹਾਨੀਕਾਰਕ ਹੋ ਸਕਦਾ ਹੈ।

ਉਹਨਾਂ ਸਾਰੇ ਜ਼ਿਲ੍ਹਾ ਵਾਸੀਆਂ ਅਤੇ ਮੀਡੀਆ ਕਰਮੀਆਂ ਦੀ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਵਿੱਚ ਦਿੱਤੇ ਜਾ ਰਹੇ ਸਹਿਯੋਗ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਗੈਰ-ਪ੍ਰਮਾਣਿਤ ਜਾਣਕਾਰੀ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ।

ਉਹਨਾਂ ਸਪੱਸ਼ਟ ਕੀਤਾ ਕਿ ਭਵਿੱਖ ਵਿੱਚ ਅਫਵਾਹਾਂ ਫੈਲਾਉਣ ਵਿੱਚ ਸ਼ਾਮਿਲ ਪਾਏ ਜਾਣ ਵਾਲੇ ਵਿਅਕਤੀਆਂ, ਸੰਸਥਾਵਾਂ ਜਾਂ ਸੋਸ਼ਲ ਮੀਡੀਆ ਹੈਂਡਲਾਂ ਨੂੰ ਸਖ਼ਤ ਕਾਨੂੰਨੀ ਨਤੀਜੇ ਭੁਗਤਣੇ ਪੈਣਗੇ।

## ਪਾਕਿ ਬਾਜ਼ ਨਾ ਆਇਆ ਤਾਂ 1971 ਦੀ ਜੰਗ ਨਾਲੋਂ ਵੀ ਵੱਧ ਟੁਕੜੇ ਹੋਣ ਦਾ ਪਾਕਿ ਨੂੰ ਸੰਤਾਪ ਭੋਗਣਾ ਪਵੇਗਾ : ਧਾਲੀਵਾਲ



ਅਜਨਾਲਾ, 10 ਮਈ, (ਸੁਖਦੇਵ ਸਿੰਘ ਖਾਲਸਾ) : ਅੱਜ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਤੇ ਕੈਬਨਿਟ ਮੰਤਰੀ ਮਹਿੰਦਰ ਲਾਲ ਭਗਤ ਸਮੇਤ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਸ਼ਮੂਲੀਅਤ ਨਾਲ ਪੁਲਿਸ ਥਾਣਾ ਅਜਨਾਲਾ ਤਹਿਤ ਪੈਂਦੇ ਕੌਮਾਂਤਰੀ ਸਰਹੱਦੀ ਪਿੰਡ ਸਾਰੰਗਦੇਵ ਤੇ ਬਲੜਵਾਲ ਸਰਹੱਦੀ ਖੇਤਰ 'ਚ ਬੀਤੀ ਰਾਤ ਪਾਕਿਸਤਾਨ ਵੱਲੋਂ ਆਪਣੀ ਨਾਪਾਕ ਹਰਕਤ ਨੂੰ ਅੰਜਾਮ ਦਿੰਦੇ ਹੋਏ ਮੋਟਰ ਗੋਲੇ ਦਾਗੇ ਜਾਣ ਤੇ ਫਾਇਰਿੰਗ ਕੀਤੇ ਜਾਣ ਤੋਂ ਉਤਪਨ ਹੋਈ ਤਾਜ਼ਾ ਸਥਿਤੀ ਦਾ ਉਚੇਚੇ ਤੌਰ 'ਤੇ ਪਿੰਡ ਸਾਰੰਗਦੇਵ ਵਿਖੇ ਪੁੱਜ ਕੇ ਜਾਇਜ਼ਾ ਲਿਆ। ਸਰਹੱਦੀ ਲੋਕਾਂ ਨੂੰ ਸੰਜਮ ਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਅਤੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਵਾਸੀਆਂ ਦੇ ਨਾਲ ਡਟ ਕੇ ਖੜ੍ਹੀ ਹੈ ਅਤੇ ਪੂਰਨ ਸੁਰੱਖਿਆ ਦੇਣ ਲਈ ਕਾਰਜਸ਼ੀਲ ਹੈ। ਉਪਰੰਤ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪਹਿਲਗਾਮ ਵਿਖੇ ਪਾਕਿਸਤਾਨ ਤੋਂ ਸਿਖਲਾਈ ਹਾਸਲ ਅੱਤਵਾਦੀਆਂ ਵੱਲੋਂ 26 ਨਿਰਦੋਸ਼ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰੇ ਜਾਣ ਦੇ ਪ੍ਰਤੀਕਰਮ ਵਜੋਂ ਭਾਰਤੀ ਜ਼ਾਂਬਾਜ਼ ਫੌਜ ਵੱਲੋਂ ਪਾਕਿਸਤਾਨ ਕਬਜ਼ੇ ਹੇਠਲੇ ਕਸ਼ਮੀਰ (ਪੀ ਓ ਕੇ) 'ਚ ਅਤੰਕਵਾਦੀ ਦੇ 9 ਟਿਕਾਣਿਆਂ ਨੂੰ ਮਲੀਆਮੇਟ ਕੀਤੇ ਜਾਣ ਤੋਂ ਬੁਖਲਾਏ ਪਾਕਿਸਤਾਨ ਨੇ ਆਪਣੀਆਂ ਨਾਪਾਕ ਹਰਕਤਾਂ ਤਹਿਤ ਘਟੀਆ ਮਾਨਸਿਕਤਾ ਦਾ ਸਬੂਤ ਦਿੰਦੇ ਹੋਏ ਜੰਮੂ ਕਸ਼ਮੀਰ 'ਚ ਇਕ ਗੁਰਦੁਆਰਾ ਸਾਹਿਬ ਤੇ ਆਮ ਲੋਕਾਂ ਨੂੰ ਆਪਣੀ ਗੋਲਾਬਾਰੀ ਦਾ ਨਿਸ਼ਾਨਾ ਬਣਾਉਣ ਸਮੇਤ ਪੰਜਾਬ 'ਚ ਵੀ ਆਮ ਨਾਗਰਿਕਾਂ/ਪੰਜਾਬ ਵਾਸੀਆਂ ਨੂੰ ਡਰੋਨ /ਮਿਜ਼ਾਈਲ ਹਮਲੇ ਨਾਲ ਪ੍ਰਭਾਵਿਤ ਕਰਨ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਹੈ। ਅਜੇ ਵੀ ਸਮਾਂ ਹੈ ਕਿ ਪਾਕਿਸਤਾਨ ਆਪਣੀ ਗੰਦੀ ਮਾਨਸਿਕਤਾ ਤੋਂ ਬਾਜ਼ ਆ ਕੇ ਭਾਰਤ ਵਿਰੁੱਧ ਛੇੜੀ ਜੰਗ ਤੇ 'ਤੇ ਪੈਦਾ ਕੀਤੇ ਗਏ ਜੰਗੀ ਹਾਲਾਤ 'ਤੇ ਤੁਰੰਤ ਰੋਕ ਲਾਵੇ ਅਤੇ ਜੇਕਰ ਪਾਕਿਸਤਾਨ ਆਪਣੀਆਂ ਇਸ ਮਾਨਵਤਾ ਵਿਰੋਧੀ ਕੋਝੀਆਂ ਨਾਪਾਕ ਚਾਲਾਂ ਤੋਂ ਬਾਜ਼ ਨਾ ਆਇਆ ਤਾਂ ਭਾਰਤੀ ਜਾਂਬਾਜ਼ ਸੈਨਾ ਆਪਣੀ ਜੁਆਬੀ ਕਾਰਵਾਈ 'ਚ ਪਾਕਿਸਤਾਨ ਨੂੰ ਅਜਿਹਾ ਸਬਕ ਸਿਖਾਏਗੀ ਕਿ 1971 ਦੀ ਜੰਗ 'ਚ ਤਾਂ ਪਾਕਿਸਤਾਨ ਦੇ ਇਕ ਲੱਖ ਦੇ ਕਰੀਬ ਹਥਿਆਰਬੰਦ ਸੈਨਿਕਾਂ ਨੂੰ ਆਤਮ ਸਮਰਪਣ ਕਰਵਾ ਕੇ ਇਕੋ ਹਿੱਸਾ ਬੰਗਲਾਦੇਸ਼ ਨੂੰ ਵੱਖ ਕੀਤਾ ਸੀ, ਜਦੋਂਕਿ ਇਸ ਵਾਰੀ ਬਲੋਚਿਸਤਾਨ, ਮਕਬੂਜ਼ਾ ਕਸ਼ਮੀਰ, ਸਿੰਧ, ਸਮੇਤ 5 ਟੁਕੜਿਆਂ 'ਚ ਵੰਡਿਆ ਜਾਵੇਗਾ। ਬਾਅਦ ਵਿੱਚ ਮੰਤਰੀ ਧਾਲੀਵਾਲ ਤੇ ਮੰਤਰੀ ਮਹਿੰਦਰ ਲਾਲ ਭਗਤ ਵੱਲੋਂ ਅਜਨਾਲਾ ਸ਼ਹਿਰ 'ਚ ਅਗਨੀ ਅਮਰਜੈਂਸੀ ਹਾਲਤਾਂ 'ਤੇ ਫੌਰੀ ਤੌਰ 'ਤੇ ਕਾਬੂ ਪਾਉਣ ਲਈ ਸਥਿਤ ਫਾਇਰ ਬ੍ਰਿਗੇਡ ਸਟੇਸ਼ਨ ਅਤੇ ਬਜ਼ਾਰਾਂ 'ਚ ਦੁਕਾਨਾਂ 'ਤੇ ਪੁੱਜ ਕੇ ਦੁਕਾਨਦਾਰਾਂ ਕੋਲ ਜ਼ਰੂਰੀ ਵਸਤਾਂ ਦੀ ਸਪਲਾਈ ਦੀ ਤਾਜ਼ਾ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ 'ਤੇ ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ, ਵਪਾਰ ਮੰਡਲ ਪ੍ਰਧਾਨ ਰਮੇਸ਼ ਮਹਾਜਨ, ਅਮਿਤ ਪੁਰੀ, ਬੱਬੂ ਮਹਾਜਨ ਆਦਿ ਸਥਾਨਕ ਸ਼ਹਿਰੀ ਆਗੂ ਮੌਜੂਦ ਸਨ।

## ਧਾਲੀਵਾਲ ਪੁੰਛ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਦਾ ਹਾਲ ਪੁੱਛਣ ਲਈ ਹਸਪਤਾਲ ਗਏ



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਬੀਤੇ ਦਿਨ ਜੰਮੂ ਕਸ਼ਮੀਰ ਦੇ ਪੁੰਛ ਇਲਾਕੇ ਵਿੱਚ ਪਾਕਿਸਤਾਨੀ ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਦਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਹਾਲ ਪੁੱਛਣ ਲਈ ਸਥਾਨਕ ਅਮਨਦੀਪ ਹਸਪਤਾਲ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਜਿੱਥੇ ਉਕਤ ਪੁੰਛ ਹਾਦਸੇ ਦੇ ਜਖਮੀਆਂ ਦਾ ਇਲਾਜ ਕਰਵਾਏਗੀ, ਉੱਥੇ ਭਾਰਤ ਪਾਕਿਸਤਾਨ ਜੰਗ ਦੌਰਾਨ ਜਖਮੀ ਹੋਣ ਵਾਲੇ ਸਾਰੇ ਵਿਅਕਤੀਆਂ ਦਾ ਇਲਾਜ ਰਾਜ ਸਰਕਾਰ ਕਰਵਾਏਗੀ। ਉਹਨਾਂ ਕਿਹਾ ਕਿ ਪਾਕਿਸਤਾਨ ਵੱਲੋਂ ਬੀਤੀ ਰਾਤ ਅੰਮ੍ਰਿਤਸਰ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਉੱਤੇ ਬਹੁਤ ਵੱਡੇ ਪੱਧਰ ਉੱਤੇ ਹਮਲੇ ਕੀਤੇ ਗਏ। ਪਰ ਸਾਡੀ ਫੌਜ ਨੇ ਇਹਨਾਂ ਨੂੰ ਨਕਾਮ ਕਰ ਦਿੱਤਾ। ਉਹਨਾਂ ਕਿਹਾ ਕਿ ਇਹਨਾਂ ਬਹਾਦਰ ਫੌਜੀਆਂ ਨੂੰ ਮੇਰਾ ਸਲੂਟ ਹੈ, ਜਿਨ੍ਹਾਂ ਨੇ ਸਾਰੀ ਰਾਤ ਸਾਡੀ ਰੱਖਿਆ ਲਈ ਪਹਿਰਾ ਦਿੱਤਾ।

ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਨੇ ਸਾਰੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੀਆਂ ਲੋੜਾਂ ਅਨੁਸਾਰ ਦਿੱਤੇ ਗਏ ਹਰ ਨਿਰਦੇਸ਼ ਉੱਤੇ ਪਹਿਰਾ ਦੇਣ। ਉਹਨਾਂ ਕਿਹਾ ਕਿ ਜਦੋਂ ਬਲੈਕ ਆਊਟ ਦਾ ਆਰਡਰ ਹੁੰਦਾ ਹੈ ਤਾਂ ਆਪਣਾ ਫਰਜ ਬਣਦਾ ਹੈ ਕਿ ਅਸੀਂ ਆਪਣੇ ਘਰ ਦੇ ਬਾਹਰ ਦੀਆਂ ਲਾਈਟਾਂ ਬੰਦ ਕਰੀਏ, ਖਿੜਕੀਆਂ ਅੱਗੇ ਪਰਦੇ ਕਰੀਏ। ਉਹਨਾਂ ਕਿਹਾ ਕਿ ਅਕਸਰ ਵੇਖਿਆ ਗਿਆ ਹੈ ਕਿ ਜਿੱਥੇ ਲਾਈਟ ਜਗ ਰਹੀ ਹੁੰਦੀ ਹੈ ਦੁਸ਼ਮਣ ਉੱਥੇ ਨਿਸ਼ਾਨਾ ਲਗਾ ਦਿੰਦਾ ਹੈ। ਸੋ ਆਪਣੀ ਸੁਰੱਖਿਆ ਲਈ ਫੌਜ ਜਾਂ ਸਿਵਲ ਪ੍ਰਸ਼ਾਸਨ ਵੱਲੋਂ ਦਿੱਤੇ ਹੋਏ ਨਿਰਦੇਸ਼ਾਂ ਉੱਤੇ ਪਾਲਣਾ ਯਕੀਨੀ ਬਣਾਓ।

## ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਵੱਲੋਂ ਸੁਰੱਖਿਆ ਤਿਆਰੀਆਂ ਦਾ ਜਾਇਜ਼ਾ



ਜਲੰਧਰ, 10 ਮਈ, (ਸੰਦੀਪ ਕੌਲ) : ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਵੱਲੋਂ ਅੱਜ ਜ਼ਿਲ੍ਹੇ ਭਰ ਵਿੱਚ ਕਾਨੂੰਨ ਵਿਵਸਥਾ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ(ਆਈ.ਸੀ.ਸੀ.ਸੀ) ਵਿਖੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਗਈ।

ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਅਗਰਵਾਲ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵਲੋਂ ਵਸਨੀਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ ਰਾਹੀਂ ਜ਼ਿਲ੍ਹੇ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਨਾਗਰਿਕ ਕਿਸੇ ਵੀ ਸ਼ੱਕੀ ਡ੍ਰੋਨ ਗਤੀਵਿਧੀ ਜਾਂ ਹੋਰ ਮੁੱਦਿਆਂ ਸਬੰਧੀ ਜਾਣਕਾਰੀ ਦੇਣ ਲਈ ਕੰਟਰੋਲ ਰੂਮ ਦੇ ਨੰਬਰ 0181-2224417 'ਤੇ ਸੰਪਰਕ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਸਾਰੇ ਸੁਰੱਖਿਆ ਪ੍ਰੋਟੋਕੋਲ, ਖਾਸ ਕਰ ਜਨਤਕ ਸੁਰੱਖਿਆ ਲਈ ਜਾਰੀ ਬਲੈਕਆਊਟ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੇਲੋੜੀ ਆਵਾਜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਆਪਣੇ ਘਰਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਉਨ੍ਹਾਂ ਗਲਤ ਜਾਣਕਾਰੀ ਫੈਲਾਉਣ ਵਿਰੁੱਧ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਫੇਕ ਨਿਊਜ਼ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਵਸਨੀਕਾਂ ਨੂੰ ਘਬਰਾਹਟ ਵਿੱਚ ਖ਼ਰੀਦਦਾਰੀ ਕਰਨ ਤੋਂ ਬਚਣ ਦੀ ਅਪੀਲ ਕਰਨ ਦੇ ਨਾਲ-ਨਾਲ ਅਧਿਕਾਰੀਆਂ ਨੂੰ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ 'ਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ।

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਭਰੋਸਾ ਦਿੱਤਾ ਕਿ ਸ਼ਹਿਰ ਦੀ ਸੁਰੱਖਿਆ ਲਈ ਪੁਲਿਸ ਟੀਮਾਂ ਸਰਗਰਮੀ ਨਾਲ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੀ ਸੂਚਨਾ ਦੇਣ ਲਈ ਨਾਗਰਿਕ 112 ਨੰਬਰ 'ਤੇ ਸੰਪਰਕ ਕਰ ਸਕਦੇ ਹਨ ਅਤੇ ਉਨ੍ਹਾਂ ਅਮਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜਨਤਕ ਸਹਿਯੋਗ ਦੀ ਅਪੀਲ ਵੀ ਕੀਤੀ।

ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਸਾਂਝੇ ਯਤਨ ਪੰਜਾਬ ਸਰਕਾਰ ਦੀ ਸਥਿਤੀ ਨੂੰ ਸਰਗਰਮੀ ਨਾਲ ਸੰਭਾਲਣ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੇ ਹਨ, ਜਿਸ ਨਾਲ ਜਨਤਕ ਹਿੱਤਾਂ ਦੀ ਰਾਖੀ ਕਰਦਿਆਂ ਕਾਨੂੰਨ ਵਿਵਸਥਾ ਵੀ ਬਰਕਰਾਰ ਰਹੇ।

## ਜਥੇਦਾਰ ਗੜਗੱਜ ਵੱਲੋਂ ਪੰਜਾਬ ਦੇ ਸਰਹੱਦੀ ਪਿੰਡਾਂ ਦਾ ਦੌਰਾ



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਦੱਖਣ ਏਸ਼ੀਆ ਵਿੱਚ ਚੱਲ ਰਹੇ ਮੌਜੂਦਾ ਤਣਾਅਪੂਰਨ ਹਾਲਾਤ ਦੇ ਚੱਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿੱਚ ਅਟਾਰੀ ਬਾਰਡਰ ਦੇ ਨੇੜੇ ਵੱਖ-ਵੱਖ ਪਿੰਡਾਂ (ਪੱਕਾ ਧਨੋਆ, ਅਟਾਰੀ, ਨੌਸ਼ਹਿਰਾ ਢਾਲਾ, ਆਦਿ) ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ ਜਾਣਿਆ। ਬਾਰਡਰ ਨਜ਼ਦੀਕ ਪਿੰਡਾਂ ਦੇ ਕਈ ਗੁਰਦੁਆਰਾ ਸਾਹਿਬਾਨ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਰੱਖਿਅਤ ਅਸਥਾਨਾਂ ਉੱਤੇ ਪਹੁੰਚਾਏ ਗਏ ਹਨ। ਸਿੰਘ ਸਾਹਿਬ ਨੇ ਸਮੁੱਚੀ ਕਾਰਵਾਈ ਦਾ ਜਾਇਜ਼ਾ ਲਿਆ ਅਤੇ ਸੰਤੁਸ਼ਟੀ ਪ੍ਰਗਟਾਈ।

ਪਿੰਡ ਵਾਸੀਆਂ ਨੇ ਜਥੇਦਾਰ ਗੜਗੱਜ ਨਾਲ ਮੁਲਾਕਾਤ ਦੌਰਾਨ ਚੜ੍ਹਦੀ ਕਲਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਹਾਲਾਤ ਵਿੱਚ ਵੀ ਡਟੇ ਰਹਿਣ ਦੀ ਗੱਲ ਆਖੀ ਹੈ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਖਣ ਏਸ਼ੀਆ ਵਿੱਚ ਸੁਖ ਸ਼ਾਂਤੀ ਦੀ ਅਰਦਾਸ ਕੀਤੀ ਕਿ ਜੋ ਵੀ ਹਾਲਾਤ ਬਣੇ ਹਨ ਇਹ ਜਲਦ ਹੀ ਸ਼ਾਂਤਮਈ ਹੋਣ। ਜਥੇਦਾਰ ਗੜਗੱਜ ਨੇ ਕਿਹਾ ਕਿ ਬਾਰਡਰ ਦੇ ਪਿੰਡਾਂ ਵਿੱਚ ਗੁਰਦੁਆਰਾ ਸਾਹਿਬਾਨ ਖੁੱਲ੍ਹੇ ਹਨ ਅਤੇ ਉੱਥੋਂ ਦੀ ਸੰਗਤ ਚੜ੍ਹਦੀਕਲਾ ਵਿੱਚ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਬਾਰਡਰ ਦੇ ਇਲਾਕਿਆਂ ਵਿੱਚ ਵੱਸਦੇ ਲੋਕਾਂ ਦੀ ਮਦਦ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਕਿ ਜੇਕਰ ਕਿਸੇ ਨੂੰ ਕੋਈ ਲੋੜ ਪੈਂਦੀ ਹੈ ਤਾਂ ਸੰਸਥਾ ਦੇ ਪ੍ਰਬੰਧ ਵਾਲੇ ਨੇੜਲੇ ਗੁਰਦੁਆਰਾ ਸਾਹਿਬਾਨ ਵਿਖੇ ਲੰਗਰ, ਰਿਹਾਇਸ਼ ਆਦਿ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੀ ਸੰਗਤ ਨੂੰ ਗੁਰਬਾਣੀ ਦਾ ਪਾਠ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਤਾਂ ਕਿ ਸਾਰੇ ਲੋਕ ਸੁਖ ਸ਼ਾਂਤੀ ਦੇ ਨਾਲ ਰਹਿਣ। ਉਨ੍ਹਾਂ ਪਿੰਡ ਵਾਸੀਆਂ ਨੂੰ ਇਸ ਘੜੀ ਵਿੱਚ ਇੱਕ ਦੂਜੇ ਦਾ ਸਾਥ ਦੇਣ ਲਈ ਆਖਿਆ ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਵੀ ਪ੍ਰੇਰਿਤ ਕੀਤਾ।

ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਕੁਝ ਪਿੰਡ ਬਿਲਕੁੱਲ ਹੀ ਬਾਰਡਰ ਲਾਈਨ ਉੱਤੇ ਸਥਿਤ ਹਨ ਜਿਨ੍ਹਾਂ ਵੱਲੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੁਰੱਖਿਅਤ ਅਸਥਾਨਾਂ ਉੱਤੇ ਲਿਜਾਣ ਲਈ ਪਹੁੰਚ ਕੀਤੀ ਗਈ ਸੀ, ਲੇਕਿਨ ਬਹੁਤੇ ਪਿੰਡਾਂ ਵਿੱਚ ਗੁਰੂ ਘਰ ਖੁੱਲ੍ਹੇ ਹਨ।

## ਭਾਰਤ-ਪਾਕਿ 'ਚ ਤਣਾਅ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਨੇ ਸਰਾਵਾਂ ਅਤੇ ਸਕੂਲ-ਕਾਲਜ ਰਿਹਾਇਸ਼ ਲਈ ਖੋਲ੍ਹੇ



ਅੰਮ੍ਰਿਤਸਰ, 10 ਮਈ, (ਗੁਰਦਿਆਲ ਸਿੰਘ) : ਭਾਰਤ-ਪਾਕਿਸਤਾਨ ਵਿਚ ਬਣੇ ਤਣਾਅਪੂਰਨ ਹਾਲਾਤਾਂ ਦੇ ਮੱਦੇਨਜ਼ਰ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਹੱਦੀ ਇਲਾਕਿਆਂ ਵਿੱਚੋਂ ਉਠਾਏ ਜਾ ਰਹੇ ਲੋਕਾਂ ਦੇ ਰਹਿਣ ਲਈ ਜਿੱਥੇ ਗੁਰਦੁਆਰਾ ਸਾਹਿਬਾਨ ਅੰਦਰ ਸਰਾਵਾਂ ਦੇਣ ਦੀ ਪਹਿਲਕਦਮੀ ਕੀਤੀ ਸੀ, ਉੱਥੇ ਹੁਣ ਸੰਸਥਾ ਦੇ ਪ੍ਰਬੰਧ ਵਾਲੇ ਸਕੂਲ ਕਾਲਜ ਵੀ ਰਹਾਇਸ਼ ਲਈ ਖੋਲ੍ਹ ਦਿੱਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖਿੱਤੇ ਅੰਦਰ ਬਣੇ ਤਲਖ਼ ਹਾਲਾਤਾਂ ਕਰਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਵਿਖੇ ਰਹਿਣ ਲਈ ਸਰਾਵਾਂ ਅਤੇ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਸੀ, ਜਿਸ ਵਿਚ ਵਾਧਾ ਕਰਦਿਆਂ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲ ਅਤੇ ਕਾਲਜਾਂ ਵਿੱਚ ਵੀ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਮੁਸੀਬਤ ਸਮੇਂ ਮਨੁੱਖਤਾ ਦੇ ਨਾਲ ਖੜ੍ਹੀ ਹੈ ਅਤੇ ਲੋੜਵੰਦਾਂ ਦੀ ਹਰ ਸੰਭਵ ਮੱਦਦ ਲਈ ਕਾਰਜਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੀਆਂ ਸੰਸਥਾਵਾਂ ਨੂੰ ਲੋੜਵੰਦਾਂ ਲਈ ਖੋਲ੍ਹਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋੜ ਅਨੁਸਾਰ ਆਪਣੇ ਨੇੜਲੇ ਗੁਰਦੁਆਰਾ ਸਾਹਿਬਾਨ ਜਾਂ ਸਕੂਲ ਕਾਲਜਾਂ ਵਿੱਚ ਸੰਪਰਕ ਕਰਨ।

## ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਨੇ ਵਿੱਦਿਅਕ ਅਦਾਰਿਆਂ ਸਬੰਧੀ ਛਪੀ ਖ਼ਬਰ ਦਾ ਕੀਤਾ ਖੰਡਨ



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਇੱਕ ਪੰਜਾਬੀ ਅਖਬਾਰ ਵਿੱਚ ਵਿੱਦਿਅਕ ਅਦਾਰਿਆਂ ਸਬੰਧੀ ਛਪੀ ਖ਼ਬਰ ਦਾ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਖੰਡਨ ਕਰਦਾ ਹੈ । ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖੀ ਸਿਧਾਂਤਾਂ ਦੀ ਵਿਵਹਾਰਕਤਾ ਅਤੇ ਪ੍ਰਫੁੱਲਤਾ ਲਈ ਨਿਰੰਤਰ ਕਾਰਜਸ਼ੀਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਕੂਲਾਂ ਅਤੇ ਕਾਲਜਾਂ ਵਿੱਚ ਮਿਆਰੀ ਵਿਦਿਆ ਦੇ ਨਾਲ ਨਾਲ ਅਧਿਆਤਮਕ ਵਿੱਦਿਆ ਦੀ ਮਹੱਤਤਾ ਨੂੰ ਵੀ ਬਾਖੂਬੀ ਪਛਾਣਦੀ ਹੈ। ਇਸੇ ਲਈ ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਵਿੱਚ ਧਰਮ ਪ੍ਰਚਾਰ ਦੇ ਨਾਲ ਨਾਲ ਵਿੱਦਿਆ ਫੰਡ ਨੂੰ ਸਭ ਤੋਂ ਪ੍ਰਮੁੱਖ ਤਰਜ਼ੀਹ ਦਿੱਤੀ ਜਾਂਦੀ ਹੈ । ਇਸੇ ਉਦੇਸ਼ ਦੀ ਪੂਰਤੀ ਹਿੱਤ ਮਾਨਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਜੀ ਦੀ ਯੋਗ ਅਗਵਾਈ ਵਿਚ ਸੁਖਮਿੰਦਰ ਸਿੰਘ ਜੀ ਸਕੱਤਰ ਵਿੱਦਿਆ/ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲਾਂ /ਕਾਲਜਾਂ ਦੇ ਵਿੱਦਿਅਕ ਢਾਂਚੇ ਨੂੰ ਨਵੀਂ ਸੋਚ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦੀਆਂ ਬੇਅੰਤ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ ਜਿਵੇਂ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਸਮੇ ਦੇ ਹਾਣੀ ਬਣਾਉਣ ਲਈ ਆਧੁਨਿਕਤਾ ਨਾਲ ਲੈਸ ਆਈਸੀਟੀ ਲੈਬਜ਼ ਦਾ ਪ੍ਰਬੰਧ ਕਰਾਉਣਾ , ਸਮਾਰਟ ਕਲਾਸਾਂ ਤਿਆਰ ਕਰਵਾਉਣਾ,ਸਕੂਲਾਂ ਕਾਲਜਾਂ ਦੀਆਂ ਕੰਪਿਊਟਰ ਲੈਬਜ਼ ਵਿੱਚ ਕੰਪਿਊਟਰਾ ਵਿੱਚ ਵਾਧਾ ਆਦਿ। ਸਕੂਲਾਂ ਕਾਲਜਾਂ ਦੇ ਵਿੱਦਿਅਕ ਅਤੇ ਪ੍ਰਬੰਧਕ ਢਾਂਚੇ ਉਨਾ ਚਿਰ ਤੱਕ ਠੀਕ ਦਿਸ਼ਾ ਵਿੱਚ ਨਹੀਂ ਵਹਿੰਦੇ ਜਿੰਨਾ ਚਿਰ ਤੱਕ ਸਮੇਂ ਸਮੇਂ ਉਹਨਾਂ ਦੀ ਪੁਨਰ ਪੜਤਾਲ, ਦੇਖਭਾਲ, ਨਿਰੀਖਣ ਨਾ ਕੀਤਾ ਜਾਵੇ। ਉਪਰੋਕਤ ਸੰਸਥਾਵਾਂ ਦੀ ਦੇਖਭਾਲ ਅਤੇ ਉਸਾਰੂ ਬਣਾਉਣ ਲਈ ਸਕੱਤਰ ਵਿੱਦਿਆ ਜੀ ਵਲੋਂ ਸਮੇਂ ਸਮੇਂ ਵੱਖ-ਵੱਖ ਵਿਭਾਗਾਂ ਦੇ ਸਟਾਫ ਦੀਆਂ ਵਰਕਸ਼ਾਪਾਂ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਬਹੁਤ ਹੀ ਸਾਰਥਕ ਨਤੀਜੇ ਨਿਕਲ ਰਹੇ ਹਨ। ਇਹਨਾਂ ਤੋਂ ਇਲਾਵਾ ਸਟਾਫ ਦੀਆਂ ਐਫਡੀਪੀ ਵੀ ਲਗਾਈਆਂ ਜਾਂਦੀਆਂ ਹਨ ਜਿਨਾਂ ਵਿੱਚ ਵਿਸ਼ੇਸ਼ ਮੁਹਾਰਤ ਰੱਖਣ ਵਾਲੇ ਬੁਲਾਰਿਆਂ ਰਾਹੀਂ ਨਵੀਆਂ ਦਿਸ਼ਾਵਾਂ ਖੋਜੀਆਂ ਜਾਂਦੀਆਂ ਹਨ ।

## ਸਿੱਖ ਦੇਸ਼ ਨੂੰ ਬਚਾਉਣ ਲਈ ਢਾਲ ਬਣ ਕੇ ਖੜ੍ਹੇ : ਔਜਲਾ



ਅੰਮ੍ਰਿਤਸਰ, 10 ਮਈ, (ਗੁਰਦਿਆਲ ਸਿੰਘ) :ਅੱਜ ਸਿੱਖਾਂ ਨੇ ਪਾਕਿਸਤਾਨ ਦੇ ਫੌਜ ਮੁਖੀ ਆਸਿਫ਼ ਮੁਨੀਰ ਦਾ ਝੰਡਾ ਅਤੇ ਪਾਕਿਸਤਾਨ ਦਾ ਝੰਡਾ ਸਾੜਿਆ ਅਤੇ ਹਾਲ ਗੇਟ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਪਾਕਿਸਤਾਨ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਸਿੱਖ ਹਮੇਸ਼ਾ ਦੇਸ਼ ਦੀ ਰੱਖਿਆ ਲਈ ਢਾਲ ਬਣ ਕੇ ਖੜ੍ਹੇ ਰਹੇ ਹਨ। ਪਾਕਿਸਤਾਨ ਸੋਸ਼ਲ ਮੀਡੀਆ 'ਤੇ ਝੂਠੇ ਬਿਆਨ ਫੈਲਾ ਰਿਹਾ ਹੈ ਜਦੋਂ ਕਿ ਭਾਰਤ ਇਸ ਸਮੇਂ ਇਕਜੁੱਟ ਹੈ। ਪੂਰਾ ਦੇਸ਼ ਇੱਕਜੁੱਟ ਹੈ। ਸਿੱਖਾਂ ਦੇ ਪੁਰਖਿਆਂ ਨੇ ਪਹਿਲਾਂ ਮੁਗਲਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਸੀ ਅਤੇ ਹੁਣ ਵੀ ਉਹ ਦੇਸ਼ ਦੀ ਰੱਖਿਆ ਲਈ ਸਰਹੱਦਾਂ 'ਤੇ ਖੜ੍ਹੇ ਹਨ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਹਰ ਸ਼ਹਿਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਨਾਲ ਹੀ ਸਿੱਖਾਂ ਵਿਰੁੱਧ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਐਮਪੀ ਔਜਲਾ ਨੇ ਕਿਹਾ ਕਿ ਸਿੱਖਾਂ 'ਤੇ ਪਹਿਲਾਂ ਵੀ ਹਮਲੇ ਹੋਏ ਹਨ। ਪਹਿਲਾਂ ਉਹਨਾਂ ਦੇ ਗੁਰੂਆਂ 'ਤੇ ਹਮਲਾ ਹੋਇਆ, ਸਾਹਿਬਜ਼ਾਦਿਆਂ ਨੂੰ ਵੀ ਸ਼ਹੀਦ ਕੀਤਾ ਗਿਆ। ਫਿਰ ਦੇਸ਼ ਵੱਖ ਹੋ ਗਏ ਅਤੇ ਬਹੁਤ ਸਾਰੇ ਸਿੱਖ ਹਿੰਦੂ ਪਾਕਿਸਤਾਨ ਵਿੱਚ ਹੀ ਰਹਿ ਗਏ ਅਤੇ ਹਜ਼ਾਰਾਂ ਭਾਰਤ ਵਿੱਚ ਹੀ ਰਹਿ ਗਏ। ਐਮਪੀ ਔਜਲਾ ਨੇ ਕਿਹਾ ਕਿ ਅੱਜ ਤੱਕ ਭਾਰਤ ਵਿੱਚ ਕਿਸੇ ਨੂੰ ਵੀ ਧਰਮ ਪਰਿਵਰਤਨ ਲਈ ਮਜਬੂਰ ਨਹੀਂ ਕੀਤਾ ਗਿਆ। ਇੱਥੇ ਮੁਸਲਮਾਨ ਵੀ ਪੂਰੀ ਸੁਰੱਖਿਆ ਨਾਲ ਰਹਿੰਦੇ ਹਨ ਕਿਉਂਕਿ ਭਾਰਤ ਇੱਕ ਧਰਮ ਨਿਰਪੱਖ ਰਾਜ ਹੈ। ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਇਸ ਤੋਂ ਬਾਅਦ ਕਈ ਵਾਰ ਜੰਗਾਂ ਹੋਈਆਂ ਅਤੇ ਪਾਕਿਸਤਾਨ ਨੂੰ ਮੂੰਹਤੋੜਵਾਂ ਜਵਾਬ ਦਿੱਤਾ ਗਿਆ। ਫਿਰ ਵੀ, ਜਦੋਂ ਪਾਕਿਸਤਾਨ ਸੰਤੁਸ਼ਟ ਨਹੀਂ ਹੋਇਆ, ਤਾਂ ਉਸਨੇ ਭਾਰਤ ਨੂੰ ਨਸ਼ਿਆਂ ਦੀਆਂ ਖੇਪਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਨਸ਼ਿਆਂ ਕਾਰਨ ਲੱਖਾਂ ਨੌਜਵਾਨਾਂ ਨੂੰ ਮਾਰ ਦਿੱਤਾ। ਕਿਉਂਕਿ ਉਹ ਜਾਣਦੇ ਹਨ ਕਿ ਜਿੰਨਾ ਚਿਰ ਸਿੱਖ ਹਨ, ਭਾਰਤ ਵਿੱਚ ਕੋਈ ਨੁਕਸਾਨ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਲਈ ਵੱਖ-ਵੱਖ ਤਰੀਕੇ ਅਪਣਾਉਂਦਾ ਰਿਹਾ ਹੈ ਅਤੇ ਅਜੇ ਵੀ ਅਪਣਾ ਰਿਹਾ ਹੈ। ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਪਰ ਪਾਕਿਸਤਾਨ ਨੇ ਗੁਰਦੁਆਰਿਆਂ ਅਤੇ ਮੰਦਰਾਂ 'ਤੇ ਹਮਲੇ ਕੀਤੇ। ਪਾਕਿਸਤਾਨ ਅੱਤਵਾਦ ਨੂੰ ਪਨਾਹ ਦਿੰਦਾ ਹੈ ਜਦੋਂ ਕਿ ਭਾਰਤ ਨੇ ਕਦੇ ਵੀ ਕੋਈ ਅੱਤਵਾਦੀ ਪਾਕਿਸਤਾਨ ਨਹੀਂ ਭੇਜਿਆ। ਉਸਨੇ ਇਹ ਕਿਹਾ ਪਰ ਉਹ ਇਹ ਕਹਿਣਾ ਚਾਹੁੰਦਾ ਸੀ ਕਿ ਸਿੱਖਾਂ ਨੇ ਨਾ ਤਾਂ ਪਹਿਲਾਂ ਕਦੇ ਦੁਸ਼ਮਣਾਂ ਨੂੰ ਆਪਣੇ ਉੱਤੇ ਕਾਬੂ ਪਾਉਣ ਦਿੱਤਾ ਅਤੇ ਨਾ ਹੀ ਹੁਣ ਅਜਿਹਾ ਕਰਨ ਦੇਣਗੇ।

## ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਤੇ ਐਡੀ.ਆਨਰੇਰੀ ਸਕੱਤਰ ਦਾ ਵਿਸ਼ੇਸ਼ ਸਨਮਾਨ



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਕਰਵਾਏ ਗਏ ਤਿੰਨ ਦਿਨਾਂ ਸਿਖਰ ਸੰਮੇਲਨ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਅਤੇ ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੂੰ ਵਿਸ਼ੇਸ਼ ਐਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ। ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਗਲੋਬਲ ਚੇਅਰਮੈਨ ਪਰਮੀਤ ਸਿੰਘ ਚੱਢਾ ਅਤੇ ਅੰਮ੍ਰਿਤਸਰ ਚੈਪਟਰ ਦੇ ਚੇਅਰਮੈਨ ਰਜਿੰਦਰ ਸਿੰਘ ਮਰਵਾਹਾ ਸਮੇਤ ਦੇਸ਼ ਭਰ ਤੋਂ ਪੁੱਜੀਆਂ ਹੋਰਨਾਂ ਉੱਘੀਆਂ ਕਾਰੋਬਾਰੀ ਸ਼ਖ਼ਸ਼ੀਅਤਾਂ ਦੀ ਹਾਜ਼ਰੀ ਵਿਚ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਨੂੰ ਸਫਲ ਕਾਰੋਬਾਰੀ ਐਵਾਰਡ ਅਤੇ ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੂੰ ਉੱਤਮ ਕਾਰੋਬਾਰੀ ਅਤੇ ਸਫਲ ਪ੍ਰਬੰਧਕੀ ਐਵਾਰਡ ਨਾਲ ਨਿਵਾਜਿਆ ਗਿਆ। ਇਸ ਮੌਕੇ ਜਗਜੀਤ ਸਿੰਘ ਅਤੇ ਸੁਖਜਿੰਦਰ ਸਿੰਘ ਪ੍ਰਿੰਸ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਸਰਬ—ਪੱਖੀ ਵਿਕਾਸ ਪ੍ਰਤੀ ਕੀਤੀਆਂ ਗਈਆਂ ਪਹਿਲ—ਕਦਮੀਆਂ ਅਤੇ ਵੱਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਉਕਤ ਦੋਹਾਂ ਸਨਮਾਨਿਤ ਆਗੂਆਂ ਨੇ ਪੁਰਸਕਾਰ ਲਈ ਸਤਿਕਾਰ ਸਹਿਤ ਧੰਨਵਾਦ ਕਰਦਿਆਂ ਕਿਹਾ ਕਿ ਇਹ ਐਵਾਰਡ ਉਹਨਾਂ ਨੂੰ ਕਾਰੋਬਾਰ ਅਤੇ ਪ੍ਰਬੰਧਕੀ ਖੇਤਰ ਵਿਚ ਹੋਰ ਵੀ ਨਵੀਨ ਤਰੀਕਿਆਂ ਨਾਲ ਕੰਮ ਕਰਦਿਆਂ ਨਵੀਆਂ ਉੱਚਾਈਆਂ ਹਾਸਲ ਕਰਨ ਦੀ ਪ੍ਰੇਰਨਾ ਦੇਵੇਗਾ।

## ਜ਼ਿਲ੍ਹਾ ਅੰਮ੍ਰਿਤਸਰ ਵਿੱਚ ਡਰੋਨ ਚਲਾਉਣ 'ਤੇ ਲਗਾਈ ਪਾਬੰਦੀ

ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਨੁੱਖ ਰਹਿਤ ਹਵਾਈ ਵਾਹਨਾਂ, ਜਿਨ੍ਹਾਂ ਨੂੰ ਆਮ ਤੌਰ 'ਤੇ ਡਰੋਨ ਕਿਹਾ ਜਾਂਦਾ ਹੈ, ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਆਪਣੇ ਹੁਕਮਾਂ ਵਿੱਚ ਉਹਨਾਂ ਕਿਹਾ ਕਿ ਇਹ ਜਨਤਕ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਲਈ ਇੱਕ ਸੰਭਾਵੀ ਖ਼ਤਰਾ ਪੈਦਾ ਕਰਦੀ ਹੈ।

ਇਸ ਤੋਂ ਇਲਾਵਾ ਇਹ ਕੁਝ ਸਮਾਜ ਵਿਰੋਧੀ ਤੱਤ ਜਾਂ ਸ਼ਰਾਰਤੀ ਅਨਸਰ ਨਿਗਰਾਨੀ, ਤਸਕਰੀ, ਸੰਵੇਦਨਸ਼ੀਲ ਸਥਾਪਨਾਵਾਂ ਦੀ ਫੋਟੋਗ੍ਰਾਫੀ, ਸ਼ਾਂਤੀ ਲਈ ਨੁਕਸਾਨਦੇਹ ਹੋਰ ਗਤੀਵਿਧੀਆਂ ਲਈ ਅਜਿਹੇ ਡਰੋਨ ਦੀ ਦੁਰਵਰਤੋਂ ਕਰ ਸਕਦੇ ਹਨ।

ਇਸ ਲਈ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਦੇ ਆਧਾਰ 'ਤੇ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਹਨਾਂ 'ਤੇ ਪਾਬੰਦੀ ਲਗਾਉਂਦੀ ਹਾਂ। ਇਹ ਪਾਬੰਦੀ ਅਗਲੇ ਹੁਕਮਾਂ ਤੱਕ ਲਾਗੂ ਰਹੇਗੀ। ਇਸ ਹੁਕਮ ਦੀ ਉਲੰਘਣਾ ਕਰਨ ਵਾਲਾ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਇਆਲੀ ਦੀ ਅਗਵਾਈ ਹੇਠ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲੰਗਰ ਲਈ 500 ਕੁਇੰਟਲ ਕਣਕ ਭੇਟ



ਅੰਮ੍ਰਿਤਸਰ, 10 ਮਈ, (ਬਬਲੂ ਮਹਾਜਨ):ਹਲਕਾ ਦਾਖਾ ਤੋਂ ਵਿਧਾਇਕ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਇਯਾਲੀ ਦੀ ਅਗਵਾਈ ਹੇਠ ਇੰਦਰਜੀਤ ਸਿੰਘ ਭੱਠਲ ਦਰਸ਼ਨ ਸਿੰਘ ਧਨੋਆ ਦੀ ਅਗਵਾਈ ਹੇਠ 500 ਕੁਇੰਟਲ ਕਣਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲੰਗਰ ਘਰ ਦੇ ਵਾਸਤੇ ਦੇਣ ਲਈ ਪੁੱਜੇ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵਿਕਰਮ ਸਿੰਘ ਨੇ ਲੰਗਰ ਸੇਵਾ ਲੈ ਕੇ ਆਏ ਸਮੂਹ ਮੈਂਬਰਾਂ ਨੂੰ ਸਨਮਾਨ ਕੀਤਾ ਅਤੇ ਸ਼ੁਕਰਾਨਾ ਕੀਤਾ। ਲੰਬੀ ਸੇਵਾ ਲੈ ਕੇ ਆਏ ਇੰਦਰਜੀਤ ਸਿੰਘ ਭੱਠਲ ਦਰਸ਼ਨ ਸਿੰਘ ਧਨੋਆ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲੰਗਰਾਂ ਦੇ ਲਈ ਕਣਕ ਦੀ ਸੇਵਾ ਕਰਦੇ ਆ ਰਹੇ ਹਨ। ਉਹਨਾਂ ਕਿਹਾ ਕੁਲਦੀਪ ਸਿੰਘ ਸੇਖੋਂ ਸਤਵੰਤ ਸਿੰਘ ਸੇਖੋਂ ਤੇ ਡਾਕਟਰ ਹਰਸਿਮਰਤ ਜੋਤ ਸਿੰਘ ਸੇਖੋਂ ਪਰਿਵਾਰ ਵੱਲੋਂ ਹਰ ਸਾਲ ਕਣਕ ਦੀ ਸੇਵਾ ਕੀਤੀ ਜਾਂਦੀ ਹੈ। ਇਸ ਮੌਕੇ ਰਘਬੀਰ ਸਿੰਘ ਗੋਹਰ, ਗੁਰਪ੍ਰੀਤ ਸਿੰਘ ਮੁੱਲਾਪੁਰ ਭਜਨ ਸਿੰਘ ਮੁੱਲਾਪੁਰ ਮਾਹਾਂ ਸਿੰਘ ਬਿੰਦਰ ਸਿੰਘ ਪੰਡੋਰੀ ਅਤੇ ਹੋਰ ਸੰਗਤਾਂ ਇਸ ਮੌਕੇ ਨਾਲ ਸਨ।

## ਜਵਾਹਰ ਨਗਰ ਕੈਂਪ ਦੇ ਨਿਵਾਸੀਆਂ ਵੱਲੋਂ ਐਮ.ਪੀ. ਅਰੋੜਾ ਦੇ ਐਨ.ਜੀ.ਓ. ਦੁਆਰਾ ਲਗਾਏ ਮੁਫ਼ਤ ਅੱਖਾਂ ਦੇ ਕੈਂਪ ਦੀ ਸ਼ਲਾਘਾ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ) : ਕਮਿਊਨਿਟੀ ਹੈਲਥਕੇਅਰ ਦੇ ਉਦੇਸ਼ ਨਾਲ ਇੱਕ ਸ਼ਲਾਘਾਯੋਗ ਪਹਿਲਕਦਮੀ ਵਿੱਚ, ਕ੍ਰਿਸ਼ਨਾ ਪ੍ਰਾਣ ਬ੍ਰੈਸਟ ਕੈਂਸਰ ਚੈਰੀਟੇਬਲ ਟਰੱਸਟ,ਇੱਕ ਪ੍ਰਮੁੱਖ ਗੈਰ-ਸਰਕਾਰੀ ਸੰਸਥਾ ਜਵਾਹਰ ਨਗਰ ਕੈਂਪ ਲੁਧਿਆਣਾ ਦੇ ਨਿਵਾਸੀਆਂ ਲਈ ਇੱਕ ਮਹੀਨਾ ਚੱਲਣ ਵਾਲਾ ਮੁਫ਼ਤ ਅੱਖਾਂ ਦਾ ਚੈੱਕ-ਅੱਪ ਕੈਂਪ ਲਗਾ ਰਹੀ ਹੈ। ਇਹ ਕੈਂਪ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਵਾਹਰ ਨਗਰ ਦੇ ਅਹਾਤੇ ਵਿੱਚ ਲਗਾਇਆ ਜਾ ਰਿਹਾ ਹੈ। ਇਹ ਇਸ ਮਹੀਨੇ ਦੇ ਅੰਤ ਤੱਕ ਸਮਾਪਤ ਹੋ ਜਾਵੇਗਾ।ਚੱਲ ਰਹੇ ਕੈਂਪ ਦੇ 10ਵੇਂ ਦਿਨ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਜੋ ਕ੍ਰਿਸ਼ਨਾ ਪ੍ਰਾਣ ਬ੍ਰੈਸਟ ਕੈਂਸਰ ਚੈਰੀਟੇਬਲ ਟਰੱਸਟ ਦੇ ਮੁਖੀ ਵੀ ਹਨ, ਨੇ ਸੇਵਾਵਾਂ ਦਾ ਜਾਇਜ਼ਾ ਲੈਣ ਅਤੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀਐਮਸੀਐਚ), ਲੁਧਿਆਣਾ ਦੇ ਮਰੀਜ਼ਾਂ ਅਤੇ ਮੈਡੀਕਲ ਟੀਮ ਨਾਲ ਗੱਲਬਾਤ ਕਰਨ ਲਈ ਦੌਰਾ ਕੀਤਾ। ਸੰਸਦ ਮੈਂਬਰ ਅਰੋੜਾ ਨੇ ਪ੍ਰਦਾਨ ਕੀਤੀ ਜਾ ਰਹੀ ਡਾਕਟਰੀ ਦੇਖਭਾਲ ਦੀ ਗੁਣਵੱਤਾ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਸ਼ਾਮਲ ਸਿਹਤ ਸੰਭਾਲ ਪੇਸ਼ੇਵਰਾਂ ਦੇ ਸਮਰਪਣ ਦੀ ਪ੍ਰਸ਼ੰਸਾ ਕੀਤੀ। ਇਸ ਪਹਿਲਕਦਮੀ ਦੀ ਨਿਵਾਸੀਆਂ ਦੁਆਰਾ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ ਹੈ ਜਿਨ੍ਹਾਂ ਨੇ ਐਮਪੀ ਅਰੋੜਾ ਅਤੇ ਟਰੱਸਟ ਦਾ ਉਨ੍ਹਾਂ ਦੇ ਦਰਵਾਜ਼ੇ 'ਤੇ ਜ਼ਰੂਰੀ ਅੱਖਾਂ ਦੀ ਦੇਖਭਾਲ ਸੇਵਾਵਾਂ ਲਿਆਉਣ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੁਫ਼ਤ ਅੱਖਾਂ ਦੀ ਜਾਂਚ ਤੋਂ ਇਲਾਵਾ ਕੈਂਪ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਅਤੇ ਐਨਕਾਂ ਵੀ ਵੰਡ ਰਿਹਾ ਹੈ। ਇਸ ਤੋਂ ਇਲਾਵਾ, ਮੋਤੀਆਬਿੰਦ ਦੇ ਮਰੀਜ਼ਾਂ ਨੂੰ ਮੁਫ਼ਤ ਸਰਜਰੀਆਂ ਲਈ ਡੀਐਮਸੀਐਚ ਭੇਜਿਆ ਜਾ ਰਿਹਾ ਹੈ ਜਿਸ ਨਾਲ ਦੇਖਭਾਲ ਦੀ ਨਿਰੰਤਰਤਾ ਯਕੀਨੀ ਬਣਾਈ ਜਾ ਸਕਦੀ ਹੈ। ਹੁਣ ਤੱਕ ਲਗਭਗ 1000 ਵਿਅਕਤੀਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਕੁੱਲ 12 ਮੋਤੀਆਬਿੰਦ ਦੇ ਸਰਜਰੀ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਲਗਭਗ 500 ਮਰੀਜ਼ਾਂ ਨੂੰ ਮੁਫ਼ਤ ਐਨਕਾਂ ਪ੍ਰਦਾਨ ਕੀਤੀਆਂ ਗਈਆਂ ਹਨ। ਨਗਰ ਕੌਂਸਲਰ ਕਪਿਲ ਕੁਮਾਰ ਸੋਨੂੰ ਨੇ ਐਮਪੀ ਅਰੋੜਾ ਅਤੇ ਟਰੱਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇਸ ਖੇਤਰ ਵਿੱਚ ਇੰਨਾ ਵਿਆਪਕ ਅਤੇ ਵਿਸਤ੍ਰਿਤ ਅੱਖਾਂ ਦੀ ਦੇਖਭਾਲ ਕੈਂਪ ਲਗਾਇਆ ਗਿਆ ਹੈ।

## ਜੰਗ ਦੇ ਹਾਲਾਤਾਂ ਦੇ ਮੱਦੇਨਜ਼ਰ 13 ਨੂੰ ਸਰਹਿੰਦ ਤੱਕ ਜਾਣ ਵਾਲਾ ਫਤਿਹ ਮਾਰਚ ਰੱਦ : ਬਾਵਾ



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਮਲਕੀਤ ਸਿੰਘ ਦਾਖਾ, ਜਗਜੀਤ ਸਿੰਘ ਅਰੋੜਾ, ਡਾ. ਜਗਤਾਰ ਸਿੰਘ ਧੀਮਾਨ, ਰਾਕੇਸ਼ ਕਪੂਰ, ਜਸਵੰਤ ਸਿੰਘ ਛਾਪਾ, ਮਨਜੀਤ ਸਿੰਘ ਝੰਮਟ, ਦਲਜੀਤ ਸਿੰਘ ਯੂ.ਐਸ.ਏ ਅਤੇ ਪ੍ਰਿੰ. ਸਤੀਸ਼ ਸ਼ਰਮਾ ਦੀ ਅਗਵਾਈ ਵਿੱਚ ਇੱਕ ਵਫਦ ਪ੍ਰਸਾਸਨ ਨੂੰ ਮਿਲਿਆ ਜੋ 13 ਮਈ ਨੂੰ ਰਕਬਾ ਭਵਨ ਤੋਂ ਸਰਹਿੰਦ ਫਤਿਹ ਦੇ ਇਤਿਹਾਸਿਕ ਦਿਹਾੜੇ 'ਤੇ ਹਰ ਸਾਲ ਦੀ ਤਰ੍ਹਾਂ ਕੱਢੇ ਜਾ ਰਹੇ ਫਤਿਹ ਮਾਰਚ ਬਾਰੇ ਵਿਚਾਰ ਚਰਚਾ ਕੀਤੀ ਜਿਸ ਨੂੰ ਪ੍ਰਸਾਸਨ ਨੇ ਮੌਜੂਦਾ ਜੰਗ ਵਰਗੇ ਹਾਲਾਤਾਂ ਵਿੱਚ ਫਤਿਹ ਮਾਰਚ ਨਾ ਕੱਢਣ ਬਾਰੇ ਕਿਹਾ ਤਾਂ ਉਹਨਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਹੁਣ ਸਿਰਫ ਚੋਣਵੇ ਅਹੁਦੇਦਾਰ ਰਕਬਾ ਭਵਨ ਤੋਂ ਚੱਲ ਕੇ ਚੱਪੜਚਿੜੀ ਅਤੇ ਫਿਰ ਸਰਹਿੰਦ ਜਾਣਗੇ। ਜੋ ਰਸਤੇ ਵਿੱਚ ਥਾਂ-ਥਾਂ 'ਤੇ 51 ਸਥਾਨਾਂ 'ਤੇ ਜੋ ਸਵਾਗਤ ਦਾ ਪ੍ਰੋਗਰਾਮ ਸੀ, ਉਹ ਵੀ ਰੱਦ ਕਰ ਦਿੱਤਾ ਗਿਆ ਹੈ।

ਬਾਵਾ ਨੇ ਦੱਸਿਆ ਕਿ ਹਾਲਾਤ ਸੁਖਾਵੇਂ ਹੋਣ 'ਤੇ ਦਿੱਲੀ ਮਹਿਰੋਲੀ ਵਿਖੇ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ 740 ਸਿੰਘਾਂ ਸਮੇਤ 9 ਜੂਨ 1716 ਨੂੰ ਸ਼ਹਾਦਤ ਹੋਈ ਸੀ, ਉਹ ਸ਼ਹੀਦੀ ਦਿਹਾੜਾ ਅਸੀਂ ਦਿੱਲੀ ਜਾ ਕੇ 9 ਜੂਨ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਵੱਲੋਂ ਮਨਾਇਆ ਜਾਵੇਗਾ। ਇਸ ਸਮੇਂ ਉਨ੍ਹਾਂ ਨਾਲ ਰਣਵੀਰ ਸਿੰਘ, ਰਿੱਕੀ ਬਾਵਾ, ਜਸਪ੍ਰੀਤ ਸਿੰਘ, ਗੁਲਸ਼ਨ ਬਾਵਾ, ਕੈਪਟਨ ਕੁਲਵੰਤ ਸਿੰਘ, ਦਵਿੰਦਰ ਢੇਸੀ, ਸਰਪੰਚ ਮਨਮੋਹਨ ਸਿੰਘ ਆਦਿ ਹਾਜ਼ਰ ਸਨ।

## ਟੈਕਸੀ ਚਾਲਕਾਂ ਦਾ ਜੱਥਾ ਸ੍ਰੀ ਹਜ਼ੂਰ ਸਾਹਿਬ ਦੀ 15ਵੀਂ ਯਾਤਰਾ ਲਈ ਰਵਾਨਾ



ਮੁੱਲਾਂਪੁਰ ਦਾਖਾ, 10 ਮਈ (ਦਵਿੰਦਰ ਸਿੰਘ ਲੰਮੇਂ) : ਸਥਾਨਕ ਸ਼ਹਿਰ ਦੇ ਗੁਰੂ ਨਾਨਕ ਟੈਕਸੀ ਯੂਨੀਅਨ ਦੇ ਚਾਲਕਾਂ ਦਾ 18 ਮੈਂਬਰੀ ਜੱਥਾ ਗੁਰਦੁਆਰਾ ਸ਼ਹੀਦ ਗੰਜ ਮੁਸ਼ਕਿਆਣਾ ਸਾਹਿਬ ਪਿੰਡ ਮੁੱਲਾਂਪੁਰ ਵਿਖੇ ਅਰਦਾਸ ਕਰਨ ਉਪਰੰਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ 15ਵੀਂ ਯਾਤਰਾ ਲਈ ਪ੍ਰਧਾਨ ਫੁੱਲਰਾਜ ਸਿੰਘ ਗਿੱਲ ਦੀ ਅਗਵਾਈ ਹੇਠ ਰਵਾਨਾ ਹੋਇਆ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਫੁੱਲਰਾਜ ਸਿੰਘ ਗਿੱਲ ਨੇ ਦੱਸਿਆ ਕਿ ਇਸ ਜੱਥੇ ਦੇ ਮੈਂਬਰ ਗੁਰਦੁਆਰਾ ਬਾਬਾ ਜੀ ਇੰਦੌਰ, ਗੁਰਦੁਆਰਾ ਬੜੀ ਸੰਗਤ ਮਹਾਰਾਸ਼ਟਰ, ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁਰਦੁਆਰਾ ਮਾਲਟੇਕਰੀ ਸਾਹਿਬ, ਗੁਰਦੁਆਰਾ ਨਗੀਨਾ ਘਾਟ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਜੀ, ਗੁਰਦੁਆਰਾ ਨਾਨਕ ਝੀਰਾ, ਗੁਰਦੁਆਰਾ ਸ਼ਿਕਾਰਘਾਟ ਤੇ ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਆਦਿ ਦੇ ਦਰਸ਼ਨ ਕਰਨ ਉਪਰੰਤ ਵਾਪਸ ਆਵੇਗਾ। ਪ੍ਰਧਾਨ ਗਿੱਲ ਨੇ ਦੱਸਿਆ ਕਿ ਇਸ 15ਵੀਂ ਯਾਤਰਾ ਦੌਰਾਨ ਜੱਥੇ ਵਿੱਚ ਹੈਰੀ ਪੰਡੋਰੀ, ਰਾਜੀ ਮੁੱਲਾਂਪੁਰ, ਵੈਕਟਰ ਪੰਡੋਰੀ, ਨਿੰਦਰ ਖੰਜਰਵਾਲ, ਬਿੱਲਾ ਮੁੱਲਾਂਪੁਰ, ਮਨੀ ਦਾਖਾ, ਕਾਲਾ ਚੱਕ ਕਲਾਂ, ਬਿੱਲੂ ਦਾਖਾ, ਜੱਸੀ ਮੋਰਕਰੀਮਾ, ਪਰਮਜੀਤ ਸਿੰਘ ਕੈਲਪੁਰ, ਗੁਰਵਿੰਦਰ ਸਿੰਘ ਚੱਕ ਕਲਾਂ, ਰਾਜੂ ਮੁੱਲਾਂਪੁਰ, ਗੁਰਤੇਜ ਸਿੰਘ ਦਾਖਾ ਅਤੇ ਬਿੱਟੂ ਸਹੌਲੀ ਆਦਿ ਸ਼ਾਮਲ ਹਨ।

## ਰੁੱਸ ਕੇ ਘਰ ਬੈਠੇ ਸੀਨੀਅਰ ਅਕਾਲੀ ਨੇਤਾ ਲੀਲ ਨੂੰ ਮਨਾਉਣ ਪਹੁੰਚੇ ਜਥੇਦਾਰ ਗਾਬੜੀਆ, ਜਥੇਦਾਰ ਖ਼ਾਲਸਾ, ਮਿੱਠੂਖੇੜਾ ਤੇ ਹਰਗੋਬਿੰਦ ਕੌਰ



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਨਿਧੜਕ ਦੇ ਜਰਨੈਲ ਆਗੂ ਬੀਬੀ ਹਰਗੋਬਿੰਦ ਕੌਰ, ਸ਼੍ਰੋਮਣੀ ਅਕਾਲੀ ਦਲ ਦੀ ਬੁਲੰਦ ਅਵਾਜ਼ ਤੇ ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ, ਰਛਪਾਲ ਸਿੰਘ ਫੌਜੀ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਰਕਰ ਗੁਰਦੀਪ ਸਿੰਘ ਲੀਲ ਦੇ ਦਫਤਰ ਵਿੱਖੇ ਪਹੁੰਚੇ। ਲੀਲ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਵਿਸ਼ਵਾਸ਼ ਦਿਵਾਇਆ ਕਿ ਉਹ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਵੋਟਾਂ ਪਾ ਕੇ ਵੱਡੇ ਫਰਕ ਨਾਲ ਜਿਤਾਉਣਗੇ। ਇਸ ਸਮੇ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਦਾ ਇਸਤਰੀ ਅਕਾਲੀ ਦਲ ਬੀਬੀਆਂ ਬੀਬੀ ਰਾਜਵਿੰਦਰ ਕੌਰ, ਬੀਬੀ ਸਮਿੰਦਰ ਕੌਰ ਤੇ ਬੀਬੀ ਅਮਰਜੀਤ ਕੌਰ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਗੁਰਦੀਪ ਸਿੰਘ ਲੀਲ, ਪ੍ਰਧਾਨ ਰਘਬੀਰ ਸਿੰਘ, ਕੁਲਦੀਪ ਸਿੰਘ ਖਾਲਸਾ, ਬਾਬੂ ਰਮੇਸ ਕੁਮਾਰ ਨੇ ਜਥੇਦਾਰ ਹੀਰਾ ਸਿੰਘ ਗਾਬੜੀਆ, ਰਛਪਾਲ ਸਿੰਘ ਫੌਜੀ ਦਾ ਸਨਮਾਨ ਕੀਤਾ। ਇਸ ਮੌਕੇ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਲੰਮਾ ਸਮਾਂ ਵਿਚਾਰ ਵਟਾਂਦਰਾ ਕੀਤਾ ਗਿਆ।

## ਗੋਦੀ ਮੀਡੀਆ ਜੰਗ ਸਬੰਧੀ ਖ਼ਬਰਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਨਾ ਕਰੇ : ਕ੍ਰਿਸਟਲ



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਭੁਪਿੰਦਰ ਸਿੰਘ ਕ੍ਰਿਸਟਲ ਨੇ ਆਖਿਆ ਹੈ ਕਿ ਭਾਰਤ ਪਾਕਿਸਤਾਨ ਵਿੱਚ ਜੰਗ ਦੇ ਹਾਲਾਤ ਬਣੇ ਹੋਏ ਹਨ ਇਸ ਨੂੰ ਕਿਹਾ ਜਾ ਸਕਦਾ ਹੈ ਕਿ ਜੰਗ ਮੁੱਢਲੇ ਦੌਰ ਵਿੱਚ ਹੈ। ਉਹਨਾਂ ਕਿਹਾ ਕਿ ਇਹ ਵੇਲਾ ਬਹੁਤ ਹੀ ਸੰਜਮ ਤੇ ਸੰਤੋਖ ਤੋਂ ਕੰਮ ਲੈਣ ਵਾਲਾ ਹੈ। ਜਿੱਥੇ ਆਮ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਝੂਠੀਆਂ ਅਫਵਾਹਾਂ ਫੈਲਾਉਣ ਵਾਲਿਆਂ ਤੋਂ ਸੁਚੇਤ ਰਹੇ ਅਤੇ ਨਾ ਹੀ ਝੂਠੀਆਂ ਅਫਵਾਹਾਂ 'ਤੇ ਯਕੀਨ ਕਰੇ। ਉਨ੍ਹਾਂ ਕਿਹਾ ਕਿ ਜਿੱਥੇ ਗੋਦੀ ਮੀਡੀਆ ਜੋ ਕਿ ਕਈ ਖਬਰਾਂ ਨੂੰ ਕਥਿਤ ਤੌਰ 'ਤੇ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ ਉਸ ਨੂੰ ਵੀ ਚਾਹੀਦਾ ਹੈ ਕਿ ਆਪਣੀ ਜਿੰਮੇਵਾਰੀਆਂ ਸਮਝਦੇ ਹੋਏ ਉਹੀ ਖਬਰਾਂ ਪ੍ਰਸਾਰਿਤ ਕਰੇ ਜੋ ਅਸਲੀਅਤ ਵਿੱਚ ਵਾਪਰ ਰਹੀਆਂ ਘਟਨਾਵਾਂ 'ਤੇ ਅਧਾਰਿਤ ਹਨ। ਉਹਨਾਂ ਕਿਹਾ ਕਿ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਰਾਈ ਦਾ ਪਹਾੜ ਬਣਾਉਣਾ ਗੋਦੀ ਮੀਡੀਆ ਲਈ ਤਾਂ ਖਤਰਨਾਕ ਹੈ ਹੀ ਆਮ ਜਨਤਾ ਵਿੱਚ ਵੀ ਇਸ ਨਾਲ ਡਰ ਦਾ ਮਹੌਲ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਗੋਦੀ ਮੀਡੀਆ ਦਾ ਵਿਸਵਾਸ਼ ਪਹਿਲਾਂ ਹੀ ਖਤਮ ਹੋਣ ਕੰਢੇ ਹੈ ਗੁੰਮਰਾਹ ਕੁੰਨ ਖਬਰਾਂ ਪ੍ਰਸਾਰਿਤ ਹੋਣ ਨਾਲ ਇਹ ਹੋਰ ਵੀ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਇਸ ਤਰ੍ਹਾਂ ਦੀਆਂ ਝੂਠੀਆਂ ਮੂਠੀਆਂ ਜਾਂ ਵਧਾ ਕੇ ਖਬਰਾਂ ਫੈਲਾਉਣ ਵਾਲੇ ਮੀਡੀਆ ਅਦਾਰਿਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰੇ।

## ਲੋਕ ਗਾਇਕ ਜਗਦੇਵ ਦਾ ਸਿੰਗਲ ਟ੍ਰੈਕ 'ਸੁਪਨਿਆਂ ਦੀ ਰਾਣੀ' ਰਿਲੀਜ਼



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਉੱਘੇ ਪੰਜਾਬੀ ਲੋਕ ਗਾਇਕ ਜਗਦੇਵ ਖਾਨ ਦੇ ਨਵੇਂ ਸਿੰਗਲ ਟ੍ਰੈਕ 'ਸੁਪਨਿਆਂ ਦੀ ਰਾਣੀ' ਨੂੰ ਅੱਜ ਜ਼ੀਆ ਪ੍ਰੋਡਕਸ਼ਨ ਕੰਪਨੀ ਵੱਲੋਂ ਅੱਜ ਵਰਲਡ ਵਾਈਡ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅੱਜ ਇੱਥੇ ਹੋਏ ਇੱਕ ਸਾਦੇ ਰਸਮੀ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਦੇਵ ਖਾਨ ਨੇ ਕਿਹਾ ਕਿ ਇਨਸਾਨ ਨੂੰ ਆਪਣੇ ਕਿਸੇ ਅਜ਼ੀਜ਼ ਮਿੱਤਰ ਪਿਆਰੇ ਦੀ ਕੀਮਤ ਉਦੋਂ ਹੀ ਪਤਾ ਲੱਗਦੀ ਹੈ ਜਦ ਉਹ ਸਦਾ ਲਈ ਉਸ ਕੋਲੋਂ ਦੂਰ ਹੋ ਜਾਂਦਾ ਹੈ ਅਤੇ ਫਿਰ ਉਹ ਸੱਜਣ ਪਿਆਰਾ ਰਹਿੰਦੀ ਉਮਰ ਲਈ ਇੱਕ ਅਣਭੁੱਲੀ ਯਾਦ ਬਣਕੇ ਰਹਿ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸੇ ਕੇਂਦਰੀ ਭਾਵ ਵਾਲੇ ਇਸ ਗੀਤ ਨੂੰ ਉੱਘੇ ਪੰਜਾਬੀ ਗੀਤਕਾਰ ਸੁਖਵੰਤ ਕਿੰਗਰਾ ਨੇ ਖੂਬਸੂਰਤ ਸ਼ਬਦਾਵਲੀ ਵਿੱਚ ਪਰੋਇਆ ਹੈ ਜਿਸਨੂੰ ਸੰਗੀਤਕਾਰ ਅਵਤਾਰ ਧੀਮਾਨ ਨੇ ਮਧੁਰ ਸੰਗੀਤਿਕ ਧੁਨਾਂ ਨਾਲ ਸ਼ਿੰਗਾਰਿਆ ਹੈ। ਉਹਨਾਂ ਦੱਸਿਆ ਕਿ ਇਸ ਗੀਤ ਦਾ ਵੀਡੀਓ ਫ਼ਿਲਮਾਂਕਣ ਸੋਨੀ ਸੋਹਲ ਦੀ ਨਿਰਦੇਸ਼ਨਾ ਵਿੱਚ ਪੰਜਾਬ ਦੀਆਂ ਬੇਹੱਦ ਖੂਬਸੂਰਤ ਲੋਕੇਸ਼ਨਾਂ ਉੱਪਰ ਕੀਤਾ ਗਿਆ ਹੈ, ਜਿਸ ਵਿੱਚ ਮਾਡਲ ਵਜੋਂ ਸੋਨੂੰ ਗੁੱਜਰਵਾਲ ਤੇ ਮਿਸ ਰਮਨਦੀਪ ਰਾਜਸਥਾਨੀ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਡਿਊਸਰ ਕੀਰਤੀ ਖਾਨ, ਲੋਕ ਗਾਇਕ ਪਰਗਟ ਖਾਨ, ਕੁਲਦੀਪ ਸਿੰਘ ਦੁੱਗਲ, ਵੀਡੀਓ ਡਾਇਰੈਕਟਰ ਸੋਨੀ ਸੋਹਲ, ਬਲਬੀਰ ਗੁੱਜਰਵਾਲ, ਜਸ਼ਨ ਪ੍ਰਿੰਸ, ਵੰਸ਼ਵੀਰ, ਸਹਿਜਲੀਨ ਆਦਿ ਸ਼ਖ਼ਸ਼ੀਅਤਾਂ ਵੀ ਹਾਜ਼ਰ ਸਨ।

## ਮੌਜੂਦਾ ਮਾਹੌਲ ਨੂੰ ਦੇਖਦੇ ਹੋਏ ਘਬਰਾਉਣਾ ਨਹੀਂ ਪਰ ਸੁਚੇਤ ਰਹਿਣਾ ਜ਼ਰੂਰੀ : ਮੰਤਰੀ ਸੌਂਦ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ/ ਅਰਵਿੰਦਰ ਸਿੰਘ ਸਵੰਦ/ਨਰਿੰਦਰ ਸ਼ਾਹਪੁਰ) : ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਖੰਨਾ ਨਿਵਾਸੀਆਂ ਨੂੰ ਇੱਕ ਅਪੀਲ ਕਰਦਿਆਂ ਕਿਹਾ ਹੈ ਕਿ ਮੌਜੂਦਾ ਤਨਾਅਪੂਰਨ ਹਾਲਾਤਾਂ ਨੂੰ ਦੇਖਦਿਆਂ ਕਿਸੇ ਨੂੰ ਵੀ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਹੈ ਅਤੇ ਸਾਰੇ ਲੋਕ ਸੁਚੇਤ ਰਹਿਣ। ਸੌਂਦ ਨੇ ਕਿਹਾ ਕਿ ਅਸੀਂ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਲਗਾਤਾਰ ਸੰਪਰਕ ਵਿੱਚ ਹਾਂ। ਉਨ੍ਹਾਂ ਕਿਹਾ ਕਿ ਖੰਨਾ ਦੇ ਸਿਵਲ ਹਸਪਤਾਲ ਵਿੱਚ ਜਾ ਕੇ ਚੈਕਿੰਗ ਕੀਤੀ ਗਈ ਹੈ ਉੱਥੇ ਜਿੰਨੀਆਂ ਵੀ ਸਹੂਲਤਾਂ ਦੀ ਜ਼ਰੂਰਤ ਹੈ ਉਹ ਉੱਥੇ ਉਪਲੱਬਧ ਹਨ। ਸਾਰਾ ਪ੍ਰਸ਼ਾਸਨ ਸਾਡੇ ਲਈ ਹਰ ਸਮੇਂ ਮੌਜੂਦ ਹੈ। ਇਸ ਲਈ ਘਬਰਾਉਣ ਦੀ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਭ ਤੋਂ ਜ਼ਰੂਰੀ ਅਪੀਲ ਇਹ ਹੈ ਕਿ ਪਾਕਿਸਤਾਨ ਦੀ ਤਰਫੋਂ ਜਿੰਨੇ ਵੀ ਡਰੋਨ ਆਉਂਦੇ ਹਨ ਇਹ ਡਰੋਨ ਲਾਈਟ ਨੂੰ ਖੋਜਦੇ ਹਨ, ਇਸ ਲਈ ਸ਼ਾਮ ਦੇ ਸਮੇਂ ਤੋਂ ਬਾਅਦ ਸਾਰੇ ਘਰਾਂ ਦੀਆਂ ਸਾਰੀਆਂ ਲਾਈਟਾਂ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਬੰਦ ਕਰਨੀਆਂ ਹਨ। ਜੇਕਰ ਕਿਸੇ ਜਨਤਕ ਥਾਂ ਉੱਤੇ ਲਾਈਟ ਚੱਲਦੀ ਰਹਿ ਜਾਂਦੀ ਹੈ ਤਾਂ ਉਸ ਨੂੰ ਵੀ ਬੰਦ ਕਰਵਾਉਣਾ ਹੈ। ਖਾਸ ਕਰਕੇ ਸੀ.ਸੀ.ਟੀ.ਵੀ ਕੈਮਰੇ ਦੇ ਅੰਦਰ ਜੋ ਤਿੱਖੀ ਲਾਈਟ ਲੱਗੀ ਹੁੰਦੀ ਹੈ ਉਸ ਲਾਈਟ ਨੂੰ ਵੀ ਬੰਦ ਕਰੋ। ਇਸ ਦੇ ਨਾਲ ਹੀ ਦੁਕਾਨਾਂ ਅਤੇ ਘਰਾਂ ਦੇ ਬਾਹਰ ਲੱਗੇ ਚਮਕਦਾਰ ਬੋਰਡਾਂ ਦੀ ਲਾਈਟ ਵੀ ਜ਼ਰੂਰ ਬੰਦ ਕਰਨੀ ਹੈ। ਉਨ੍ਹਾਂ ਕਿਹਾ ਕਿ ਬਲੈਕਆਊਟ ਦਾ ਮਤਲਬ ਬਲੈਕਆਊਟ ਹੈ ਕਿਉਂਕਿ ਕਿ ਇਹ ਸਿਰਫ ਤੇ ਸਿਰਫ ਸਾਡੀ ਸੁਰੱਖਿਆ ਲਈ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਰਾਸ਼ਨ ਦੀ ਕੋਈ ਕਮੀ ਨਹੀਂ ਹੈ ਇਸ ਲਈ ਜਮਾਂਖੋਰੀ ਤੋਂ ਬਚਣਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਹਮੇਸ਼ਾਂ ਤੁਹਾਡੇ ਨਾਲ ਹੈ।

## ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ 'ਤੇ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕੀਤੀ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੇ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਨੂੰ ਰੋਕਣ ਲਈ ਜ਼ਰੂਰੀ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਵੇਚਣ ਵਾਲੇ ਪੈਟਰੋਲ, ਡੀਜ਼ਲ, ਰਾਸ਼ਨ ਦੁਕਾਨਾਂ ਅਤੇ ਪ੍ਰਚੂਨ ਅਦਾਰਿਆਂ ਵਿੱਚ ਵਿਆਪਕ ਨਿਰੀਖਣ ਸ਼ੁਰੂ ਕੀਤੇ ਹਨ।

ਸਬ-ਡਵੀਜ਼ਨ ਪੱਧਰ 'ਤੇ ਬਣਾਈਆਂ ਗਈਆਂ ਵਿਸ਼ੇਸ਼ ਟੀਮਾਂ ਸਪਲਾਈ ਚੇਨਾਂ ਦੀ ਨਿਗਰਾਨੀ ਕਰਨ ਅਤੇ ਅਨੈਤਿਕ ਅਭਿਆਸਾਂ ਨੂੰ ਰੋਕਣ ਲਈ ਸਖ਼ਤ ਜਾਂਚ ਕਰ ਰਹੀਆਂ ਹਨ। ਇਨ੍ਹਾਂ ਟੀਮਾਂ ਨੂੰ ਨਿਰੰਤਰ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਰੋਜ਼ਾਨਾ ਰਿਪੋਰਟਾਂ ਜਮ੍ਹਾਂ ਕਰਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਜੈਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੁਝ ਵਪਾਰੀ ਅਤੇ ਸਟਾਕਿਸਟ ਭੋਜਨ, ਪੈਟਰੋਲ, ਡੀਜ਼ਲ, ਡੇਅਰੀ ਉਤਪਾਦਾਂ, ਚਾਰੇ ਅਤੇ ਹੋਰ ਜ਼ਰੂਰੀ ਚੀਜ਼ਾਂ ਸਮੇਤ ਮਹੱਤਵਪੂਰਨ ਵਸਤੂਆਂ ਦੇ ਅਨੈਤਿਕ ਭੰਡਾਰਨ ਵਿੱਚ ਸ਼ਾਮਲ ਰਹੇ ਹਨ। ਅਜਿਹੇ ਅਭਿਆਸਾਂ ਨਾਲ ਨਕਲੀ ਕੀਮਤਾਂ ਵਿੱਚ ਵਾਧਾ ਅਤੇ ਸਪਲਾਈ ਦੀ ਘਾਟ ਹੋ ਸਕਦੀ ਹੈ। ਜੈਨ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਜਮ੍ਹਾਂਖੋਰੀ ਜਾਂ ਕਾਲਾਬਾਜ਼ਾਰੀ ਦੀਆਂ ਘਟਨਾਵਾਂ ਦੀ ਰਿਪੋਰਟ ਅਧਿਕਾਰੀਆਂ ਨਾਲ 0161-2403100 ਜਾਂ ਐਮਰਜੈਂਸੀ ਹੈਲਪਲਾਈਨ 112 'ਤੇ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਜ਼ਰੂਰੀ ਵਸਤਾਂ ਦੀ ਜਨਤਕ ਪਹੁੰਚ ਨੂੰ ਸੁਰੱਖਿਅਤ ਰੱਖਣ ਲਈ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਗੁਰੂ ਨਾਨਕ ਸਹਾਰਾ ਸੁਸਾਇਟੀ ਜਗਰਾਉਂ ਦਾ 202ਵਾਂ ਮਹੀਨਾਵਾਰ ਪੈਨਸ਼ਨ ਅਤੇ ਰਾਸ਼ਨ ਵੰਡ ਸਮਾਗਮ



ਜਗਰਾਓਂ, 10 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਗੁਰੂ ਨਾਨਕ ਸਹਾਰਾ ਸੁਸਾਇਟੀ ਜਗਰਾਓਂ ਵੱਲੋਂ ਚੇਅਰਮੈਨ ਗੁਰਮੇਲ ਸਿੰਘ ਢਿੱਲੋਂ ਯੂ.ਕੇ ਅਤੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਦੀ ਯੋਗ ਅਗਵਾਈ ਹੇਠ 202 ਵਾ ਸਵਰਗੀ ਸੰਸਾਰ ਚੰਦ ਵਰਮਾ ਯਾਦਗਾਰੀ ਮਹੀਨਾਵਾਰ ਪੈਨਸ਼ਨ ਅਤੇ ਰਾਸ਼ਨ ਵੰਡ ਸਮਾਗਮ ਸਥਾਨਕ ਤਾਰਾ ਦੇਵੀ ਜਿੰਦਲ ਸਕੂਲ ਵਿੱਚ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਮਾਜਸੇਵੀ ਰਵੀ ਮਲਹੋਤਰਾ ਨੇ ਅਪਨੇ ਵੱਲੋਂ ਅਪਨੇ ਪਿਤਾ ਸਵਰਗੀ ਸਰਦਾਰੀ ਲਾਲ ਮਲਹੋਤਰਾ ਦੀ ਸਲਾਨਾ ਬਰਸੀ ਤੇ 27 ਬਜ਼ੁਰਗਾਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ.ਇਸ ਮੌਕੇ ਰਵੀ ਮਲਹੋਤਰਾ ਵਲੋ ਕੇਵਲ ਮਲਹੋਤਰਾ ਅਤੇ ਸਾਜਨ ਮਲਹੋਤਰਾ ਦੇ ਨਾਲ ਸਾਰੇ ਬਜ਼ੁਰਗਾਂ ਲਈ ਚਾਹ ਅਤੇ ਭੋਜਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਸਾਰੇ ਬਜ਼ੁਰਗਾਂ ਨੇ ਸਮਾਜ ਸੇਵੀ ਰਵੀ ਮਲਹੋਤਰਾ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਅਰਦਾਸ ਕੀਤੀ.ਰਵੀ ਮਲਹੋਤਰਾ ਦਿੱਲੀ ਵਾਲੇ ਹਰ ਸਾਲ ਬਜ਼ੁਰਗਾਂ ਨੂੰ ਅਪਨੇ ਮਾਤਾ ਪਿਤਾ ਦੀ ਸਲਾਨਾ ਬਰਸੀ ਤੇ ਪੈਨਸ਼ਨ ਅਤੇ ਰਾਸ਼ਨ ਦਿੰਦੇ ਨੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਪੰਕਜ ਅਗਰਵਾਲ( ਪ੍ਰਧਾਨ ਕੈਮਿਸਟ ਐਸੋਸੀਏਸ਼ਨ ) ਨੇ ਮਲਹੋਤਰਾ ਪਰਵਾਰ ਦੇ ਇਸ ਸਮਾਗਮ ਵਿੱਚ ਸਭ ਬਜ਼ੁਰਗਾਂ ਨੂੰ ਰਾਸ਼ਨ ਵੰਡਿਆ ਅਤੇ ਇੱਕ ਵਿਦਿਆਰਥੀ ਦੀ ਦਾਖਲਾ ਫੀਸ ਭੀ ਦਿੱਤੀ। ਕਰ ਭਲਾ ਹੋ ਭਲਾ ਸੁਸਾਇਟੀ ਵਲੋਂ ਸਭ ਬਜ਼ੁਰਗਾਂ ਨੂੰ ਬਿਸਕੁਟਾਂ ਦੇ ਪੈਕੇਟ ਅਤੇ ਪੈਕਡ ਲੰਚ ਦਿੱਤਾ ਗਿਆ। ਬਰਤਨ ਬੈਂਕ ਵੱਲੋਂ ਮੋਹਿਤ ਗੁਪਤਾ ਨੇ ਬਰਤਨਾਂ ਦੀ ਸੇਵਾ ਕੀਤੀ। ਇਸ ਮੌਕੇ ਪ੍ਰਿੰਸੀਪਲ ਮਨੁ ਪ੍ਰਿਯਾ ਨੇ ਸੱਭ ਮੇਹਮਾਨਾਂ ਦਾ ਧੰਨਵਾਦ ਕੀਤਾ। ਕੇਵਲ ਮਲਹੋਤਰਾ, ਸਾਜਨ ਮਲਹੋਤਰਾ ਅਤੇ ਰਵੀ ਮਲਹੋਤਰਾ ਨੇ ਸਕੂਲ ਦੇ ਸਭ ਅਧਿਆਪਕਾ ਨੂੰ ਸਨਮਾਨਿਤ ਕੀਤਾ। ਪ੍ਰਧਾਨ ਕੈਪਟਨ ਨਰੇਸ਼ ਵਰਮਾ ਨੇ ਅਪਣੇ ਵਲੋ ਦਾਨੀ ਸੱਜਣ ਸਮਾਜ ਸੇਵੀ ਕੇਵਲ ਮਲਹੋਤਰਾ, ਸਾਜਨ ਮਲਹੋਤਰਾ, ਡਾਕਟਰ ਪੰਕਜ ਅੱਗਰਵਾਲ, ਮੋਹਿਤ ਗੁਪਤਾ ਅਤੇ ਪ੍ਰਿੰਸੀਪਲ ਮਨੁ ਪ੍ਰਿਯਾ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ।

## 350 ਸਾਲਾਂ ਸ਼ਹੀਦੀ ਸ਼ਤਾਬਦੀ ਸਬੰਧੀ ਜਵੱਦੀ ਟਕਸਾਲ ਵਿਖੇ ਤਿੰਨ ਰੋਜ਼ਾ ਵਿਸ਼ਵ ਕਾਨਫ਼ਰੰਸ ਆਰੰਭ




ਲੁਧਿਆਣਾ, 10 ਮਈ (ਕਰਨੈਲ ਸਿੰਘ ਐੱਮ.ਏ./ਵਿਸ਼ਾਲ ਸ਼ਰਮਾ) : ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਵਿਸਮਾਦ ਨਾਦ ਸੰਸਥਾ ਵੱਲੋਂ ਤਿੰਨ ਰੋਜ਼ਾ ਵਿਸ਼ਵ ਕਾਨਫਰੰਸ ਦੀ ਆਰੰਭਤਾ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਗੁਰ ਸ਼ਬਦ ਸੰਗੀਤ ਅਕੈਡਮੀ ਦੇ ਹੋਣਹਾਰ ਵਿਦਿਆਰਥੀ ਭਾਈ ਭਾਰਤ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਤੰਤੀ ਸਾਜ਼ਾਂ ਦੇ ਸੁਮੇਲ ਕੀਤੇ ਕੀਰਤਨ ਨਾਲ ਹੋਈ। ਕਾਨਫਰੰਸ ਦੇ ਆਰੰਭ 'ਚ ਸੰਤ ਬਾਬਾ ਅਮੀਰ ਸਿੰਘ ਜੀ ਵੱਲੋਂ ਦਿੱਤੇ ਸੰਦੇਸ਼ 'ਚ ਉਨ੍ਹਾਂ ਆਪਣੇ ਵੱਡੇ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਕਰਵਾਈਆਂ ਵੀਚਾਰ ਗੋਸ਼ਟੀਆਂ ਅਤੇ ਗੁਰਮਤਿ ਸੰਗੀਤ ਦੇ ਖੇਤਰ ਤੋਂ ਇਲਾਵਾ ਗੁਰਬਾਣੀ ਸਿੱਖ ਇਤਿਹਾਸ ਆਦਿ ਪੱਖਾਂ ਦੇ ਪ੍ਰਚਾਰ ਪ੍ਰਸਾਰ ਆਦਿ ਦੇ ਨਿਰੰਤਰ ਕਾਰਜਸ਼ੀਲ ਰਹਿਣ ਦੇ ਸੰਕਲਪ ਨੂੰ ਦ੍ਰਿੜਾਇਆ। ਉਨ੍ਹਾਂ ਅੱਜ ਦੀ ਕਾਨਫਰੰਸ ਸਬੰਧੀ ਬੋਲਦਿਆਂ ਕਿਹਾ ਕਿ ਸੰਗਤ ਨੂੰ ਯੂਨੀਵਰਸਿਟੀਆਂ ਦੇ ਵਿਦਵਾਨਾਂ ਵੱਲੋਂ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਘਾਲਣਾਵਾਂ ਨੂੰ ਕਿਸ ਪੱਖ ਨਾਲ ਲਿਆ ਜਾਂਦਾ ਹੈ ਕਿਵੇਂ ਖੋਜ ਕੀਤੀ ਜਾਂਦੀ ਹੈ ਆਦਿ ਪੱਖਾਂ ਨੂੰ ਨੇੜਿਓਂ ਹੋ ਕੇ ਜਾਨਣ ਦਾ ਸਬੱਬ ਬਣੇਗਾ। ਕਾਨਫਰੰਸ ਦੇ ਕੋਆਡੀਨੇਟਰ ਡਾ: ਹਰਜੋਧ ਸਿੰਘ ਦੀ ਕਾਨਫਰੰਸ ਪ੍ਰਤੀ ਸਖ਼ਤ ਘਾਲਣਾ ਦੇ ਪਿਆਰ ਅਤੇ ਸ਼ਿੱਦਤ ਸਦਕਾ ਕਾਨਫਰੰਸ ਵਿੱਚ ਪੁੱਜੇ।

ਮੁੱਖ ਮਹਿਮਾਨ ਪ੍ਰੋਫੈਸਰ ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸ਼ਹਾਦਤ ਦੇ ਮੂਲ ਸ਼ਬਦ, ਸਿੱਖ ਸੁਰਤਿ ਵੱਲੋਂ ਯਾਦ ਅਤੇ ਸੰਭਾਲ, ਸਮਭਾਵੀ ਸ਼ਬਦ ਆਦਿ ਪੱਖਾਂ ਦੇ ਹਵਾਲਿਆਂ ਨਾਲ ਸਿੱਖ ਪ੍ਰੰਪਰਾ 'ਚ ਸ਼ਹਾਦਤ ਦੇ ਨਿਵੇਕਲੇ ਅਰਥ ਉਜਾਗਰ ਕਰਨ ਵਾਲੇ ਵਰਤਾਰਿਆਂ ਨੂੰ ਆਪੋ ਆਪਣੇ ਪਰਚਿਆਂ 'ਚ ਪੜ੍ਹਦਿਆਂ ਸਿੱਖ ਸਭਿਆਚਾਰ ਵੱਲੋਂ ਇੱਕ ਫ਼ਲਸਫ਼ੇ ਦੇ ਤੌਰ 'ਤੇ ਅਪਣਾਉਣ, ਸਿੱਖ ਇਤਿਹਾਸ ਵਿਚਲੀਆਂ ਸ਼ਹਾਦਤਾਂ ਦੇ ਅੰਤਰੀਵ ਭੇਦ ਖੋਲ੍ਹੇ। ਕਾਨਫਰੰਸ ਪ੍ਰਧਾਨਗੀ ਡਾ: ਸੁਲੱਖਣ ਸਿੰਘ ਅਤੇ ਡਾ: ਚੇਤਨ ਸਿੰਘ ਨੇ ਕੀਤੀ।

## ਪੁਲਿਸ ਨੇ ਸੋਸ਼ਲ ਮੀਡੀਆ 'ਤੇ ਫੇਕ ਵੀਡੀਓ ਫ਼ੈਲਾਉਣ ਦੇ ਦੋਸ਼ 'ਚ ਦੋ ਨੌਜਵਾਨਾਂ ਨੂੰ ਹਿਰਾਸਤ 'ਚ ਲਿਆ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਮੌਜੂਦਾ ਹਾਲਾਤਾਂ ਵਿੱਚ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਦੇ ਫੈਲਾਅ ਨੂੰ ਰੋਕਣ ਲਈ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਸ਼ਨੀਵਾਰ ਨੂੰ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜਾਅਲੀ ਵੀਡੀਓ ਫੈਲਾਉਣ ਦੇ ਦੋਸ਼ ਵਿੱਚ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਵੀਡੀਓਜ਼ ਨੇ ਲੋਕਾਂ ਵਿੱਚ ਬੇਲੋੜੀ ਦਹਿਸ਼ਤ ਫੈਲਾ ਦਿੱਤੀ। ਇੱਕ ਪ੍ਰੈਸ ਕਾਨਫਰੰਸ ਦੌਰਾਨ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਡੀ.ਸੀ.ਪੀ) ਰੁਪਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੇ ਆਪਣੇ ਨਿੱਜੀ ਸੋਸ਼ਲ ਮੀਡੀਆ ਖਾਤਿਆਂ ਤੋਂ ਗੁੰਮਰਾਹਕੁੰਨ ਵੀਡੀਓ ਸਾਂਝੇ ਕੀਤੇ ਸਨ। ਵੀਡੀਓਜ਼ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਲੁਧਿਆਣਾ ਪੁਲਿਸ ਦੇ ਸਾਈਬਰ ਸੈੱਲ ਨੇ ਜਾਂਚ ਸ਼ੁਰੂ ਕੀਤੀ ਜਿਸ ਨਾਲ ਦੋਵਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਉਨ੍ਹਾਂ ਕਿਹਾ ਕਿ ਸਾਈਬਰ ਸੈੱਲ ਸ਼ੱਕੀਆਂ ਦੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰ ਰਿਹਾ ਹੈ ਤਾਂ ਜੋ ਕਿਸੇ ਵੀ ਵਾਧੂ ਉਲੰਘਣਾ ਜਾਂ ਸਬੰਧਿਤ ਗਤੀਵਿਧੀਆਂ ਦਾ ਪਤਾ ਲਗਾਇਆ ਜਾ ਸਕੇ। ਡੀ.ਸੀ.ਪੀ ਸਿੰਘ ਨੇ ਲੋਕਾਂ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਜਾਅਲੀ ਵੀਡੀਓ ਅਤੇ ਗੁੰਮਰਾਹਕੁੰਨ ਸਮੱਗਰੀ ਦੇ ਹੋਰ ਰੂਪਾਂ ਨੂੰ ਬਣਾਉਣ ਸਾਂਝਾ ਕਰਨ ਜਾਂ ਪ੍ਰਚਾਰ ਕਰਨ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਨਾ ਸਿਰਫ਼ ਜਨਤਕ ਵਿਵਸਥਾ ਨੂੰ ਭੰਗ ਕਰਦੀਆਂ ਹਨ ਬਲਕਿ ਸੁਰੱਖਿਆ ਬਣਾਈ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਯਤਨਾਂ ਨੂੰ ਵੀ ਕਮਜ਼ੋਰ ਕਰਦੀਆਂ ਹਨ। ਰੁਪਿੰਦਰ ਸਿੰਘ ਨੇ ਕਿਹਾ ਗਲਤ ਜਾਣਕਾਰੀ ਫੈਲਾਉਣਾ ਇੱਕ ਗੰਭੀਰ ਅਪਰਾਧ ਹੈ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਲੁਧਿਆਣਾ ਪੁਲਿਸ ਦੀ ਸੋਸ਼ਲ ਮੀਡੀਆ ਦੀ ਦੁਰਵਰਤੋਂ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

## ਨਗਰ-ਨਿਗਮ ਦੇ ਜਨਰਲ ਹਾਊਸ ਨੇ ਇਤਿਹਾਸਕ ਫ਼ੈਸਲੇ ਲਏ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ) : ਮੁਲਾਜ਼ਮਾਂ ਦੀ ਭਲਾਈ ਅਤੇ ਸ਼ਹਿਰ ਦੇ ਸਮੁੱਚੇ ਟਿਕਾਊ ਵਿਕਾਸ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਨਗਰ ਨਿਗਮ ਦੇ ਜਨਰਲ ਹਾਊਸ ਨੇ ਸ਼ੁੱਕਰਵਾਰ ਨੂੰ ਗੁਰੂ ਨਾਨਕ ਦੇਵ ਭਵਨ ਵਿਖੇ ਮੇਅਰ ਇੰਦਰਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਨਗਰ ਨਿਗਮ ਦੇ ਜਨਰਲ ਹਾਊਸ ਦੀ ਮੀਟਿੰਗ ਦੌਰਾਨ ਲੱਗਭੱਗ 800 ਵੱਧ ਉਮਰ ਦੇ ਕਰਮਚਾਰੀਆਂ ਅਤੇ ਲੱਗਭੱਗ 470 ਬੇਲਦਾਰਾਂ, ਮਾਲੀਆਂ,ਡਰਾਈਰਾਂ ਆਦਿ ਦੀਆਂ ਨੌਕਰੀਆਂ ਨੂੰ ਨਿਯਮਤ ਕਰਨ ਲਈ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਇਸ ਤੋਂ ਇਲਾਵਾ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਵਿੱਚ ਜਨਰਲ ਹਾਊਸ ਨੇ ਪਾਰਦਰਸ਼ਤਾ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਨਗਰ ਨਿਗਮ ਵਿੱਚ ਈ-ਨਿਗਮ ਵੀ ਲਾਗੂ ਕੀਤਾ ਹੈ। ਡਿਜੀਟਲਾਈਜ਼ੇਸ਼ਨ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਗਈ, ਇਸ ਪਹਿਲਕਦਮੀ ਤਹਿਤ ਪੰਜਾਬ ਵਿਧਾਨ ਸਭਾ ਦੀ ਤਰਜ਼ 'ਤੇ ਨਗਰ ਨਿਗਮ ਜਨਰਲ ਹਾਊਸ ਅਤੇ ਵਿੱਤ ਅਤੇ ਇਕਰਾਰਨਾਮਾ ਕਮੇਟੀ (ਐਫ.ਐਂਡ.ਸੀ.ਸੀ) ਦੀਆਂ ਮੀਟਿੰਗਾਂ ਕਾਗਜ਼ ਰਹਿਤ ਹੋਣਗੀਆਂ। ਭਵਿੱਖ ਵਿੱਚ ਵਰਤੋਂ ਲਈ ਇੱਕ ਔਨਲਾਈਨ ਰਿਕਾਰਡ ਵੀ ਰੱਖਿਆ ਜਾਵੇਗਾ।

ਨਗਰ ਨਿਗਮ ਦੇ ਜਨਰਲ ਹਾਊਸ ਨੇ ਮਹਾਰਿਸ਼ੀ ਵਾਲਮੀਕਿ ਨਗਰ, ਰਾਜਗੁਰੂ ਨਗਰ, ਸ਼ਹੀਦ ਭਗਤ ਸਿੰਘ ਨਗਰ (ਐਸ.ਬੀ.ਐਸ) ਨਗਰ, ਭਾਰਤ ਨਗਰ ਐਕਸਟੈਂਸ਼ਨ, ਸੰਤ ਈਸ਼ਰ ਸਿੰਘ ਨਗਰ ਅਤੇ ਸੁਖਦੇਵ ਐਨਕਲੇਵ ਸਮੇਤ ਵੱਖ-ਵੱਖ ਲੁਧਿਆਣਾ ਇੰਪਰੂਵਮੈਂਟ ਟਰੱਸਟ (ਐਲ.ਆਈ.ਟੀ) ਸਕੀਮ ਖੇਤਰਾਂ ਨੂੰ ਰੱਖ-ਰਖਾਅ ਲਈ ਆਪਣੇ ਅਧੀਨ ਕਰਨ ਦੇ ਮਤੇ ਨੂੰ ਵੀ ਪ੍ਰਵਾਨਗੀ ਦਿੱਤੀ। ਇਸ ਨਾਲ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ।

ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਕ ਮੈਂਬਰ ਨੂੰ ਤਰਸ ਦੇ ਆਧਾਰ 'ਤੇ ਨੌਕਰੀਆਂ ਦੇਣ ਲਈ ਵੀ ਮਤੇ ਪਾਸ ਕੀਤੇ ਗਏ ਹਨ। ਕਰਮਚਾਰੀਆਂ ਦੀਆਂ ਤਰੱਕੀਆਂ,ਭਲਾਈ ਸੰਬੰਧੀ ਕਈ ਹੋਰ ਮਤਿਆਂ ਨੂੰ ਵੀ ਜਨਰਲ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਮੇਅਰ ਇੰਦਰਜੀਤ ਕੌਰ ਨੇ ਕਿਹਾ ਕਿ ਵੱਧ ਉਮਰ ਦੇ ਕਰਮਚਾਰੀਆਂ, ਬੇਲਦਾਰਾਂ, ਮਾਲੀਆਂ,ਡਰਾਈਵਰਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਹੁਣ ਨਗਰ ਨਿਗਮ ਦੇ ਜਨਰਲ ਹਾਊਸ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾਂ ਦੀਆਂ ਨੌਕਰੀਆਂ ਨੂੰ ਨਿਯਮਤ ਕਰਨ ਦੇ ਮਤਿਆਂ ਨੂੰ ਜਨਰਲ ਹਾਊਸ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਹੁਣ ਇਨ੍ਹਾਂ ਨੂੰ ਅਗਲੀ ਕਾਰਵਾਈ ਲਈ ਸਥਾਨਕ ਸਰਕਾਰਾਂ ਵਿਭਾਗ ਨੂੰ ਭੇਜਿਆ ਜਾਵੇਗਾ। ਮਿਊਂਸੀਪਲ ਇੰਪਲਾਇਜ਼ ਯੂਨੀਅਨ ਦੇ ਮੈਂਬਰਾਂ ਨੇ ਇਸ ਇਤਿਹਾਸਕ ਫੈਸਲਿਆਂ ਲਈ ਮੇਅਰ ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਡਿਪਟੀ ਮੇਅਰ ਪ੍ਰਿੰਸ ਜੌਹਰ ਅਤੇ ਸ਼ਹਿਰ ਦੇ ਵਿਧਾਇਕਾਂ ਦਾ ਸਨਮਾਨ ਕੀਤਾ। ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਕੌਂਸਲਰਾਂ ਨੂੰ ਸ਼ਹਿਰ ਦੀ ਬਿਹਤਰੀ ਲਈ ਇਕੱਠੇ ਕੰਮ ਕਰਨ ਦੀ ਅਪੀਲ ਕਰਦੇ ਹੋਏ ਮੇਅਰ ਇੰਦਰਜੀਤ ਕੌਰ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਧਿਆਨ ਟਿਕਾਊ ਵਿਕਾਸ 'ਤੇ ਹੈ।

## ਪਰਸ਼ੂਰਾਮ ਜੀ ਦੇ ਜਨਮ ਦਿਨ ਸਬੰਧੀ ਸਮਾਗਮ ਅੱਜ




ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਸ੍ਰੀ ਪਰਸ਼ੂਰਾਮ ਬ੍ਰਾਹਮਣ ਕਲਿਆਣ ਸਭਾ ਲੁਧਿਆਣਾ ਵੱਲੋਂ ਪਰਸ਼ੂਰਾਮ ਜੀ ਦਾ 16ਵਾਂ ਸ੍ਰੀ ਪਰਸ਼ੂਰਾਮ ਜਨਮ ਉਤਸਵ 11 ਮਈ ਐਤਵਾਰ ਨੂੰ ਢੰਡ ਪੈਲੇਸ ਡਾਬਾ ਰੋਡ, ਨਿਊ ਸ਼ਿਮਲਾਪੁਰੀ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸੰਸਥਾ ਦੇ ਚੇਅਰਮੈਨ ਕਮਲ ਸਰਮਾ, ਪ੍ਰਧਾਨ ਲਖਵੀਰ ਚੰਦ ਸਰਮਾ, ਜਨਰਲ ਸਕੱਤਰ ਐਡਵੋਕੇਟ ਵਿਜੇ ਸਰਮਾ ਅਤੇ ਡਾ ਓਂਕਾਰ ਚੰਦ ਸ਼ਰਮਾ ਨੇ ਦੱਸਿਆ ਕਿ ਸਮਾਗਮ ਦੌਰਾਨ ਸਵੇਰੇ 9 ਵਜੇ ਜੱਗ ਹੋਵੇਗਾ, 10:30 ਵਜੇ ਤੱਕ ਸ਼ਮ੍ਹਾਂ ਰੋਸ਼ਨ ਕੀਤੀ ਜਾਵੇਗੀ। ਉਸ ਤੋਂ ਬਾਅਦ ਸਾਡੇ 12 ਵਜੇ ਤੱਕ ਸੁਆਮੀ ਸੁਖਪਾਲ ਹੈਬੋਵਾਲ ਵਾਲੇ ਸਤਸੰਗ ਕਰਨਗੇ। ਉਸ ਉਪਰੰਤ 1 ਵਜੇ ਤੱਕ ਭਗਵਾਨ ਪਰਸ਼ੂਰਾਮ ਦੇ ਜੀਵਨ ਤੇ ਚਰਚਾ ਹੋਵੇਗੀ। ਇੱਕ ਵਜੇ ਆਰਤੀ ਉਪਰੰਤ ਮਾਤਾ ਰੇਣੂਕਾ ਦਾ ਭੰਡਾਰਾ ਚੱਲੇਗਾ। ਉਹਨਾਂ ਦੱਸਿਆ ਕਿ ਸੰਤ ਸਮਾਜ ਸਮਾਗਮ ਦੇ ਮੁੱਖ ਮਹਿਮਾਨ ਹਨ।

## ਨਗਰ-ਨਿਗਮ ਤੋਂ ਨਾ ਆਪਣੇ ਤੇ ਨਾ ਹੀ ਬੇਗਾਨੇ ਖੁਸ਼

ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਬੇਸ਼ੱਕ ਲੁਧਿਆਣੇ ਨਗਰ ਨਿਗਮ ਦੀ ਚੋਣ ਉਪਰੰਤ ਆਮ ਆਦਮੀ ਪਾਰਟੀ ਨੇ ਕਾਂਗਰਸ ਦੇ ਕੁਝ ਕੌਂਸਲਰ ਤੋੜ ਕੇ ਆਪਣਾ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਬਣਾ ਲਏ ਹਨ। ਪਰੰਤੂ ਪਾਰਟੀ ਦੇ ਅੰਦਰ ਸਭ ਕੁਝ ਅੱਛਾ ਨਹੀਂ ਚੱਲ ਰਿਹਾ। ਇੱਕ ਪਾਸੇ ਵਿਰੋਧੀ ਪਾਰਟੀਆਂ ਦੇ ਕੌਂਸਲਰ ਇਸ ਗੱਲ ਨੂੰ ਲੈ ਕੇ ਮੇਅਰ ਤੋਂ ਕਥਿਤ ਤੌਰ 'ਤੇ ਖਫਾ ਹਨ ਕਿ ਵਿਰੋਧੀ ਧਿਰ ਦੇ ਕੌਂਸਲਰਾਂ ਵੱਲ ਉੱਕਾ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਸੱਤਾਧਾਰੀ ਪਾਰਟੀ ਵੱਲੋਂ ਕਥਿਤ ਤੌਰ 'ਤੇ ਆਪਣੇ ਕੌਂਸਲਰਾਂ ਦੀ ਹੀ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਅਪਣੇ ਕੌਂਸਲਰਾਂ ਦੇ ਇਲਾਕਿਆਂ ਵਿੱਚ ਹੀ ਕਥਿਤ ਤੌਰ 'ਤੇ ਵਿਕਾਸ ਦੇ ਵੱਧ ਤੋਂ ਵੱਧ ਕੰਮ ਕਰਵਾ ਕੇ ਵਾਹ ਵਾਹ ਖੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉੱਥੇ ਦੇਖਿਆ ਜਾਵੇ ਤਾਂ ਸੱਤਾ ਧਿਰ ਆਮ ਆਦਮੀ ਪਾਰਟੀ ਦੇ ਸਾਰੇ ਕੌਂਸਲਰ ਵੀ ਖੁਸ਼ ਨਜ਼ਰ ਨਹੀਂ ਆ ਰਹੇ। ਇਸ ਦਾ ਮੁੱਖ ਕਾਰਣ ਇਨ੍ਹਾਂ ਦੀ ਆਪਸੀ ਧੜੇਬੰਦੀ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਧੜੇਬੰਦੀ ਦੌਰਾਨ ਖਿੱਚੋਤਾਣ ਇਸ ਕਦਰ ਨਜ਼ਰ ਆ ਰਹੀ ਹੈ ਕਿ ਇੱਕ ਧੜੇ ਨਾਲ ਸਬੰਧਤ ਕੌਂਸਲਰਾਂ ਦੀ ਤਾਂ ਨਗਰ ਨਿਗਮ ਹਾਊਸ ਵਿੱਚ ਬੱਲੇ ਬੱਲੇ ਹੈ। ਜਦੋਂ ਕਿ ਦੂਜੀ ਧਿਰ ਦੇ ਕੌਂਸਲਰਾਂ ਨੂੰ ਕੋਈ ਬੇਰਾਂ ਵੱਟੇ ਨਹੀਂ ਸਿਆਣ ਰਿਹਾ।

## ਬੇਅਦਬੀ ਦੀਆਂ ਘਟਨਾਵਾਂ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਨੇ ਮੀਟਿੰਗ ਕੀਤੀ



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ) : ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਵੱਖ ਵੱਖ ਜਥੇਬੰਦੀਆ ਦੀ ਇੱਕ ਸਾਂਝੀ ਮੀਟਿੰਗ ਹੋਈ। ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਇਨਸਾਫ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਕੌਮੀ ਇਨਸਾਫ ਮੋਰਚੇ ਨੂੰ ਹੋਰ ਮਜਬੂਤ ਕਰਨ ਲਈ ਸਰਬ ਸੰਮਤੀ ਦੇ ਨਾਲ ਇੱਕ 15 ਮੈਂਬਰੀ ਤਾਲਮੇਲ ਕਮੇਟੀ ਵੀ ਬਣਾਈ ਗਈ ਅਤੇ 15 ਮਈ ਦੇ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਜਿਸ ਦੌਰਾਨ ਆਪਣੇ ਸੰਬੋਧਨ ਸਮੇਂ ਕੌਮੀ ਇਨਸਾਫ ਮੋਰਚੇ ਦੇ ਕਨਵੀਨਰ ਪਾਲ ਸਿੰਘ ਫਰਾਂਸ, ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਡਾ. ਦਰਸਨ ਪਾਲ ਨੇ ਕਿਹਾ ਕਿ ਸੂਬੇ ਅਤੇ ਕੇਂਦਰ ਦੇ ਹੁਕਮਰਾਨ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਦੀ ਪਾਲਣਾ ਕਰਨ ਦੀ ਥਾਂ ਮਨਮਰਜੀ ਨਾਲ ਰਾਜ ਚਲਾ ਰਹੇ ਹਨ ਅਤੇ ਦੇਸ ਨੂੰ ਫਿਰਕਾਪ੍ਰਸਤ ਲੀਹਾਂ ਉੱਤੇ ਤੋਰ ਕੇ ਆਪਣੀਆਂ ਰਾਜਸੀ ਰੋਟੀਆਂ ਸੇਕ ਰਹੇ ਹਨ। ਇਸ ਮੀਟਿੰਗ ਦੌਰਾਨ 15 ਮਈ ਨੂੰ ਸਬ-ਡਿਵੀਜ਼ਨ ਪੱਧਰ 'ਤੇ ਸਾਰੇ ਐੱਸਡੀਐੱਮ ਰਾਹੀਂ ਰਾਜਪਾਲ ਪੰਜਾਬ ਅਤੇ ਰਾਸਟਰਪਤੀ ਨੂੰ ਚਿਤਾਵਨੀ ਪੱਤਰ ਦੇਣ ਬਾਰੇ ਰੂਪ ਰੇਖਾ ਵੀ ਉਲੀਕੀ ਗਈ। ਇਸ ਮੀਟਿੰਗ ਦੌਰਾਨ 15 ਮੈਂਬਰੀ ਕਮੇਟੀ ਦਾ ਹਿੱਸਾ ਬਣੇ ਜਗਜੀਤ ਸਿੰਘ ਅਰੋੜਾ, ਕੈਪਟਨ ਕੁਲਵੰਤ ਸਿੰਘ, ਭਾਈ ਸਮਸੇਰ ਸਿੰਘ ਆਸੀ ਅਤੇ ਕੈਪਟਨ ਮਲਕੀਤ ਸਿੰਘ ਵਾਲੀਆ ਆਦਿ ਨੇ ਵੀ ਗੱਲਬਾਤ ਦੌਰਾਨ ਕਿਹਾ ਕਿ ਇਸ ਮੋਰਚੇ ਦੇ ਵੱਲੋਂ ਸਾਨੂੰ ਆਪਣੇ ਨਾਲ ਜੋੜ ਕੇ ਜੋ ਮਾਣ ਸਨਮਾਨ ਦਿੱਤਾ ਗਿਆ ਹੈ। ਉਸ ਦੇ ਲਈ ਅਸੀਂ ਇਨ੍ਹਾਂ ਦੇ ਬਹੁਤ ਹੀ ਧੰਨਵਾਦੀ ਹਾਂ ਕਿਉਂਕਿ ਕੌਮੀ ਇਨਸਾਫ ਮੋਰਚੇ ਦੀ ਸਮੁੱਚੀ ਟੀਮ ਲੰਬੇ ਸਮੇਂ ਤੋਂ ਵੱਖ ਵੱਖ ਮੁੱਦਿਆਂ ਦੇ ਉੱਪਰ ਸੰਘਰਸ਼ ਕਰਦੇ ਹੋਏ ਇਨਸਾਫ ਲਈ ਯਤਨਸ਼ੀਲ ਹੈ। ਜਿਨਾਂ ਦੇ ਵੱਲੋਂ ਪੰਜਾਬ ਅਤੇ ਪੰਥ ਹਿਤੈਸੀ ਮੁੱਦਿਆਂ ਦੇ ਉੱਪਰ ਕੀਤੇ ਜਾ ਰਹੇ ਹੋ ਉਪਰਾਲੇ ਬਹੁਤ ਹੀ ਸਲਾਘਾਯੋਗ ਹਨ। ਮੀਟਿੰਗ ਦਾ ਸੰਚਾਲਨ ਕਰਨ ਵਾਲੇ ਬਲਵਿੰਦਰ ਸਿੰਘ ਜੀ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਵਿਸੇਸ ਤੌਰ 'ਤੇ ਧੰਨਵਾਦ ਵੀ ਕੀਤਾ।

## ਮਾਮੂਲੀ ਝਗੜੇ ਕਾਰਨ ਨੌਜਵਾਨ ਨੇ ਗੁਆਂਢੀ ਨੂੰ ਗੋਲ਼ੀਆਂ ਮਾਰ ਕੇ ਜ਼ਖ਼ਮੀ ਕੀਤਾ



ਮੁੱਲਾਂਪੁਰ ਦਾਖਾ, 10 ਮਈ (ਦਵਿੰਦਰ ਸਿੰਘ ਲੰਮੇਂ) : ਬੀਤੀ ਰਾਤ ਲਾਗਲੇ ਪਿੰਡ ਮੁੱਲਾਂਪੁਰ ਵਿਖੇ ਮਾਮੂਲੀ ਝਗੜੇ ਕਾਰਨ ਗੁੱਸੇ ਵਿੱਚ ਆਏ ਨੌਜਵਾਨ ਨੇ ਆਪਣੇ ਲਾਈਸੰਸੀ ਰਿਵਾਲਵਰ ਨਾਲ ਗੁਆਂਢੀ ਨੌਜਵਾਨ 'ਤੇ ਗੋਲੀਆਂ ਚਲਾਕੇ ਉਸਨੂੰ ਜਖਮੀ ਕਰ ਦਿੱਤਾ। ਜਖਮੀ ਨੌਜਵਾਨ ਨੂੰ ਉਸਦੇ ਉਸਦੇ ਪਰਿਵਾਰਿਕ ਮੈਂਬਰਾਂ ਨੇ ਪਹਿਲਾਂ ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੋਂ ਉਸਨੂੰ ਡਾਕਟਰਾਂ ਵੱਲੋਂ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਰੈਫਰ ਕਰ ਦਿੱਤਾ।

ਪਿੰਡ ਮੁੱਲਾਂਪੁਰ ਦੇ ਰਹਿਣ ਵਾਲੇ ਜਖਮੀ ਨੌਜਵਾਨ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਟਰੱਕ ਚਲਾਉਂਦਾ ਹੈ ਅਤੇ ਵੀਰਵਾਰ ਰਾਤ ਨੂੰ ਜਦੋਂ ਉਹ ਖਾਣਾ ਖਾਣ ਉਪਰੰਤ ਆਪਣੇ ਘਰ ਸੌਂ ਰਿਹਾ ਸੀ, ਤਾਂ ਉਸਦੇ ਗੁਆਂਢੀ ਜਗਦੀਪ ਸਿੰਘ ਨੇ ਉਸਦੇ ਘਰ ਦੇ ਬਾਹਰ ਖੜ੍ਹਕੇ ਉਸਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹ ਬਾਹਰ ਗੱਲ ਕਰਨ ਲਈ ਨਿਕਲਿਆ ਤਾਂ ਜਗਦੀਪ ਸਿੰਘ ਨੇ ਆਪਣੇ ਰਿਵਾਲਵਰ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਣ ਉਸਦੀਆਂ ਦੋਵੇਂ ਬਾਂਹਾਂ 'ਤੇ ਗੋਲੀਆਂ ਦੇ ਛਰ੍ਹੇ ਲੱਗੇ। ਉਸਨੇ ਦੱਸਿਆ ਕਿ ਉਸਦੀ ਗੁਆਂਢੀ ਜਗਦੀਪ ਨਾਲ ਕੋਈ ਰੰਜਿਸ਼ ਨਹੀਂ ਸੀ ਅਤੇ ਉਸ ਵੱਲੋਂ ਬਿਨਾਂ ਕਿਸੇ ਕਾਰਨ ਹੀ ਉਸ 'ਤੇ ਗੋਲੀਆਂ ਚਲਾਈਆਂ ਗਈਆਂ ਹਨ। ਜਦੋਂ ਇਸ ਮਾਮਲੇ ਸਬੰਧੀ ਡੀ.ਐਸ.ਪੀ. ਦਾਖਾ ਵਰਿੰਦਰ ਸਿੰਘ ਖੋਸਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਦੋਸ਼ੀ ਦੇ ਖਿਲਾਫ ਮਾਮਲਾ ਦਰਜ ਕਰਕੇ ਉਸਨੂੰ ਕਾਬੂ ਕਰਨ ਉਪਰੰਤ ਘਟਨਾ ਵਿੱਚ ਵਰਤਿਆ ਗਿਆ ਰਿਵਾਲਵਰ ਵੀ ਬਰਾਮਦ ਕਰ ਲਿਆ ਗਿਆ ਹੈ।

## ਪਹਿਲਗਾਮ ਘਟਨਾ ਤੋਂ ਬਾਅਦ ਜੰਗ ਰਾਹੀਂ ਆਮ ਲੋਕਾਂ ਦੀ ਬਰਬਾਦੀ ਕਰਨ ਵਿਰੁੱਧ ਆਵਾਜ਼ ਉਠਾਈ



ਲੁਧਿਆਣਾ, 10 ਮਈ (ਰਵਿੰਦਰ ਸਿੰਘ ਨਿੱਝਰ): ਲੁਧਿਆਣੇ ਦੀਆਂ ਵੱਖ ਵੱਖ ਜਨਤਕ-ਜਮਹੂਰੀ , ਨੌਜਵਾਨ, ਤਰਕਸੀਲ ਜੱਥੇਬੰਦੀਆਂ ਵੱਲੋਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ, ਦੇਸ ਨੂੰ ਜੰਗ ਦੇ ਦੌਰ ਵੱਲ ਧੱਕ ਕੇ ਬਰਬਾਦੀ ਦੇ ਰਾਹ ਤੋਰਨ ਖਿਲਾਫ ਰੋਸ ਪ੍ਰਦਰਸਨ ਕੀਤਾ ਗਿਆ। ਪਹਿਲਗਾਮ (ਕਸਮੀਰ) ਵਿੱਚ ਹੋਏ ਅਤਿਵਾਦੀ ਦਰਦਨਾਕ ਕਤਲੇਆਮ ਲਈ ਲੋਕਾਂ ਲਈ ਸਰੱਖਿਆ ਪ੍ਰਬੰਧਾਂ ਵਿੱਚ ਨਾਕਾਮ ਰਹਿਣ ਲਈ ਸਰਕਾਰ ਵੱਲੋਂ ਆਪਣੀ ਨਾਕਾਮੀ ਛਪਾਉਣ ਲਈ ,ਲੋਕਾਂ ਨੂੰ ਜੰਗ ਦੀ ਅੱਗ ਵਿੱਚ ਝੋਕਣਾ ਦੇਸ ਦੀ ਬਰਬਾਦੀ ਦਾ ਸਾਧਨ ਬਣੇਗਾ। ਇਸ ਲਈ ਦੋਵਾਂ ਦੇਸਾਂ ਦੇ ਅਮਨ ਪਸੰਦ ਲੋਕ ਨਹੀਂ ਚਾਹੁੰਦੇ ਕਿ ਸਰਕਾਰਾਂ ਦੀ ਨਾਕਾਮੀ ਦਾ ਇਵਜਾਨਾ ਦੇਸ ਦੀ ਬਰਬਾਦੀ ਦਾ ਕਾਰਣ ਬਣੇ। ਇਸ ਨਿਹੱਕੀ ਜੰਗ ਵਿੱਚ ਕੇਵਲ ਨਿਹੱਕੇ ਮਜਦੂਰ, ਕਿਸਾਨ ਅਤੇ ਗਰੀਬ ਹੀ ਮਰਨਗੇ ਅਤੇ ਹੁਕਮਰਾਨਾ ਦੇ ਮਨਸੂਬੇ ਸਫਲ ਹੋਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਦੇ ਰੋਸ ਪ੍ਰਦਰਸਨ ਸਮੇਂ ਕਾ ਸੁਰਿੰਦਰ ਸਿੰਘ, ਬਾਪੂ ਬਲਕੌਰ ਸਿੰਘ, ਜਸਵੰਤ ਜੀਰਖ, ਕਸਤੂਰੀ ਲਾਲ , ਡਾ ਹਰਬੰਸ ਗਰੇਵਾਲ , ਬਲਵਿੰਦਰ ਔਲਖ ਵੱਲੋਂ ਪੇਸ ਕਰਦਿਆਂ ਲੋਕਾਂ ਨੂੰ ਧਰਮਾਂ, ਜਾਤਾਂ ਤੋਂ ਉੱਪਰ ਉੱਠਕੇ ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ ਜੰਗ ਖਿਲਾਫ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਮਹਾਂ ਸਭਾ ਲੁਧਿਆਣਾ, ਜਮਹੂਰੀ ਅਧਿਕਾਰ ਸਭਾ ਪੰਜਾਬ, ਗਦਰੀ ਸਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸੀਲ ਸਿਸਾਇਟੀ ਪੰਜਾਬ, ਇਨਕਲਾਬੀ ਮਜਦੂਰ ਕੇਂਦਰ ਦੇ ਕਾਰਕੁੰਨਾ ਵਿੱਚ ਉਪਰੋਕਤ ਸਮੇਤ, ਮਾ ਸੁਰਜੀਤ ਸਿੰਘ, ਡਾ ਬਲਵਿੰਦਰ ਔਲਖ, ਪ੍ਰਿੰਸੀਪਲ ਅਜਮੇਰ ਦਾਖਾ ਆਦਿ ਮਾਟੋ ਫੜਕੇ ਨਾਅਰੇਬਾਜੀ ਕੀਤੀ।

## ਮੰਤਰੀ ਚੀਮਾ ਅਤੇ ਐਮ.ਪੀ. ਅਰੋੜਾ ਨੇ ਡੀ.ਐਮ.ਸੀ.ਐਚ. ਵਿਖੇ ਪਾਕਿਸਤਾਨੀ ਡਰੋਨ ਹਮਲੇ ਦੇ ਪੀੜਤਾਂ ਨਾਲ ਮੁਲਾਕਾਤ ਕੀਤੀ



ਲੁਧਿਆਣਾ, 10 ਮਈ (ਵਿਸ਼ਾਲ ਸ਼ਰਮਾ) : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀਐਮਸੀਐਚ), ਲੁਧਿਆਣਾ ਦਾ ਦੌਰਾ ਕੀਤਾ ਅਤੇ ਸ਼ੁੱਕਰਵਾਰ ਰਾਤ ਨੂੰ ਫਿਰੋਜ਼ਪੁਰ ਦੇ ਖਾਈ ਫੇਮ ਪਿੰਡ ਵਿਖੇ ਪਾਕਿਸਤਾਨ ਵੱਲੋਂ ਕੀਤੇ ਗਏ ਡਰੋਨ ਹਮਲੇ ਵਿੱਚ ਜ਼ਖਮੀ ਹੋਏ ਦੋ ਪੀੜਤਾਂ ਦਾ ਹਾਲ-ਚਾਲ ਪੁੱਛਿਆ। ਐਮਪੀ ਅਰੋੜਾ ਜੋ ਕਿ ਡੀਐਮਸੀਐਚ ਮੈਨੇਜਿੰਗ ਸੋਸਾਇਟੀ ਦੇ ਉਪ-ਪ੍ਰਧਾਨ ਵੀ ਹਨ ਨੇ ਕਿਹਾ ਕਿ ਜ਼ਖਮੀਆਂ ਲਖਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸੁਖਵਿੰਦਰ ਕੌਰ ਨੂੰ ਡੀਐਮਸੀਐਚ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦੋਂ ਕਿ ਉਨ੍ਹਾਂ ਦੇ ਪੁੱਤਰ ਦਾ ਫਿਰੋਜ਼ਪੁਰ ਦੇ ਇੱਕ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਲਖਵਿੰਦਰ 70% ਸੜ ਗਿਆ ਹੈ, ਜਦਕਿ ਸੁਖਵਿੰਦਰ 100% ਸੜ ਗਈ ਹੈ। ਦੋਵਾਂ ਦੀ ਹਾਲਤ ਗੰਭੀਰ ਹੈ। ਉਨ੍ਹਾਂ ਦਾ ਪੁੱਤਰ ਜੋ 40% ਸੜ ਗਿਆ ਹੈ, ਸਥਿਰ ਹੈ ਪਰ ਨਿਗਰਾਨੀ ਹੇਠ ਹੈ। ਐਮਪੀ ਅਰੋੜਾ ਨੇ ਪੀੜਤਾਂ ਦੇ ਰਿਸ਼ਤੇਦਾਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਲੁਧਿਆਣਾ ਵਿੱਚ ਠਹਿਰਨ ਲਈ ਜ਼ਰੂਰੀ ਪ੍ਰਬੰਧ ਕੀਤੇ। ਉਨ੍ਹਾਂ ਕਿਹਾ ਕਿ ਦੋਵਾਂ ਮਰੀਜ਼ਾਂ ਨੂੰ ਡੀਐਮਸੀਐਚ ਦੇ ਬਰਨ ਵਾਰਡ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਉਮੀਦ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਮੰਤਰੀ ਚੀਮਾ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਇਸ ਚੁਣੌਤੀਪੂਰਨ ਸਮੇਂ ਵਿੱਚ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਸ਼੍ਰੋਮਣੀ ਕਮੇਟੀ ਵੱਲੋਂ 12 ਤੋਂ 14 ਮਈ ਤੱਕ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ 'ਸਰਹਿੰਦ ਫਤਹਿ ਦਿਵਸ' : ਚੀਮਾ/ਰੀਆ

### ☛ 12 ਨੂੰ ਖ਼ਾਲਸਾਈ ਜਾਹੋ-ਜਲਾਲ ਨਾਲ ਸਜਾਇਆ ਜਾਵੇਗਾ 'ਸਰਹੰਦ ਫਤਿਹ ਮਾਰਚ'



ਫਤਹਿਗੜ੍ਹ ਸਾਹਿਬ, 10 ਮਈ (ਹਰਪ੍ਰੀਤ ਕੌਰ ਟਿਵਾਣਾ): ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਮੁਗ਼ਲ ਹਕੂਮਤ ਦਾ ਖ਼ਾਤਮਾ ਕਰਨ ਵਾਲੇ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਸਰਹੰਦ ਫਤਹਿ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਧਾਰਮਿਕ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀਆਂ ਤਿਆਰੀਆਂ ਵੱਡੇ ਪੱਧਰ 'ਤੇ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਤਹਿਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਰੀਆ ਨੇ ਫਤਹਿਗੜ੍ਹ ਸਾਹਿਬ ਵਿਖੇ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਰੱਖੀ ਗਈ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਵੱਖ-ਵੱਖ ਪੱਧਰ 'ਤੇ ਸੇਵਾ ਕਾਰਜਾਂ ਵਿੱਚ ਹਿੱਸਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਹਾਨ ਸੂਰਬੀਰ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਵੱਲੋਂ ਸਰਹਿੰਦ ਦੇ ਜਾਬਰ ਹੁਕਮਰਾਨ ਵਜ਼ੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਦੇ ਜ਼ੁਲਮੀ ਰਾਜ ਨੂੰ ਸਮਾਪਤ ਕਰਕੇ 12 ਮਈ ਨੂੰ ਸਰਹਿੰਦ ਫਤਿਹ ਕੀਤੀ ਅਤੇ 14 ਮਈ, 1710 ਈ: ਨੂੰ ਇਸ ਧਰਤੀ ਉੱਤੇ ਖ਼ਾਲਸਾ ਰਾਜ ਸਥਾਪਤ ਕੀਤਾ ਤੇ ਖ਼ਾਲਸਾ ਪੰਥ ਦੀ ਇਸ ਗੌਰਵਮਈ ਗਾਥਾ ਅਤੇ ਮਾਨਮੱਤੀ ਵਿਰਾਸਤ ਦੇ ਪਵਿੱਤਰ ਦਿਹਾੜੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਗੁਰਦੁਆਰਾ ਸ੍ਰੀ ਚੱਪੜਚਿੜੀ ਸਾਹਿਬ ਵਿਖੇ 10 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਗਏ ਹਨ, ਜਿਨ੍ਹਾਂ ਦੇ ਭੋਗ 12 ਮਈ ਨੂੰ ਪਾਏ ਜਾਣਗੇ, 11 ਮਈ ਰਾਤ ਨੂੰ ਗੁਰਦੁਆਰਾ ਸਾਹਿਬ ਚੱਪੜਚਿੜੀ ਵਿਖੇ ਧਾਰਮਿਕ ਦੀਵਾਨ ਦੀਵਾਨ ਸਜਾਏ ਜਾਣਗੇ ਤੇ 12 ਮਈ ਨੂੰ ਗੁਰਦੁਆਰਾ ਸ੍ਰੀ ਚੱਪੜਚਿੜੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਵਿਸ਼ਾਲ ਫਤਿਹ ਮਾਰਚ ਆਰੰਭ ਹੋਵੇਗਾ ਜੋ ਕਿ ਲਾਂਡਰਾਂ ਤੋਂ ਹੁੰਦਾ ਹੋਇਆ ਚੁੰਨੀ, ਬਡਾਲੀ ਆਲਾ ਸਿੰਘ, ਮੁਕਾਰੋਂਪੁਰ ਪੀਰਜੈਨ, ਕੌਲਾ ਬਜਵਾੜਾ, ਅੱਤੇਵਾਲੀ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਪਹੁੰਚ ਕੇ ਸਮਾਪਤ ਹੋਵੇਗਾ, ਜਿੱਥੇ ਫਤਿਹ ਦੇ ਨਿਸ਼ਾਨ ਝੁਲਾਏ ਜਾਣਗੇ। ਉਨ੍ਹਾਂ ਕਿਹਾ ਕਿ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਲੰਗਰ ਵੀ ਲਗਾਏ ਜਾਣਗੇ ਅਤੇ ਉਨ੍ਹਾਂ ਵੱਲੋਂ ਗੱਤਕੇ ਦੇ ਜੌਹਰ ਵਿਖਾਏ ਜਾਣਗੇ। ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਵੇਰੇ 12 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, 13 ਮਈ ਨੂੰ ਇੰਟਰਨੈਸ਼ਨਲ ਗੱਤਕਾ ਮੁਕਾਬਲਾ ਸ਼ਾਮ 4:00 ਵਜੇ ਤੋਂ 7:00 ਵਜੇ ਤੱਕ ਕਰਵਾਇਆ ਜਾਵੇਗਾ, ਜਿਸ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਗਤਕੇ ਦੀਆਂ ਨਾਮਵਰ ਟੀਮਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ ਤੇ ਗੁਰਮਤਿ ਸਮਾਗਮ ਸ਼ਾਮ 7:00 ਵਜੇ ਤੋਂ ਰਾਤ 11:00 ਵਜੇ ਤੱਕ ਤੇ 14 ਮਈ ਮਹਾਨ ਢਾਡੀ ਦਰਬਾਰ ਸਵੇਰੇ 9:00 ਵਜੇ ਤੋਂ 02:00 ਵਜੇ ਤੱਕ ਕਰਵਾਏ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਰਲੋਂ ਤਲਵਾਰੀ ਪ੍ਰਚਾਰਕ ਤੇ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਸਾਹਿਬਾਨ ਵੀ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਜ਼ਰੂਰੀ ਵਸਤਾਂ ਦੇ ਭੰਡਾਰ ਕਰਨ ਉੱਤੇ ਲਗਾਈ ਪਾਬੰਦੀ



ਫਾਜ਼ਿਲਕਾ, 10 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮੌਜੂਦਾ ਹਾਲਾਤ ਦੌਰਾਨ ਕੁਝ ਦੁਕਾਨਦਾਰਾਂ ਵੱਲੋਂ ਖਾਣ-ਪੀਣ ਦੀਆਂ ਵਸਤੂਆਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਵਾਲੀਆਂ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਤੇ ਕਾਲਾਬਾਜ਼ਾਰੀ ਰੋਕਣ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ 2023 ਦੀ ਧਾਰਾ 163 ਅਤੇ ਅੱਤ-ਜ਼ਰੂਰੀ ਵਸਤੂਆਂ ਐਕਟ, 1955 ਦੇ ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜ਼ਰੂਰੀ ਵਸਤਾਂ ਜਿਨ੍ਹਾਂ ਵਿੱਚ ਅਨਾਜ ਅਤੇ ਹੋਰ ਖਾਣ ਪੀਣ ਦੀਆਂ ਵਸਤੂਆਂ, ਚਾਰਾ, ਦੁੱਧ ਤੇ ਡੇਅਰੀ ਉਤਪਾਦਾਂ, ਪੈਟਰੋਲ ਤੇ ਹੋਰ ਬਾਲਣ ਅਤੇ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਦਾ ਭੰਡਾਰ ਕਰਨ ਉੱਤੇ ਪਾਬੰਦੀ ਲਗਾਈ ਹੈ। ਜਾਰੀ ਹੁਕਮਾਂ ਵਿੱਚ ਉਹਨਾਂ ਕਿਹਾ ਕਿ ਜ਼ਿਲ੍ਹਾ ਵਾਸੀ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਆਦਿ ਸਬੰਧੀ ਸਬੰਧਤ ਅਧਿਕਾਰੀ ਨੂੰ ਇਸ ਦੀ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਰੂਰੀ ਵਸਤੂਆਂ ਤੇ ਪੈਟਰੋਲ ਡੀਜ਼ਲ ਆਦਿ ਸਬੰਧੀ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਸ਼੍ਰੀਮਤੀ ਵੰਦਨਾ ਕੰਬੋਜ ਨਾਲ ਮੋਬਾਇਲ ਨੰਬਰ 94632-35400 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਵੈਟਨਰੀ ਸੇਵਾਵਾਂ ਸਬੰਧੀ ਐਸ ਵੀ ਓ ਵਿਜੇ ਕੁਮਾਰ ਨਾਲ ਮੋਬਾਇਲ ਨੰਬਰ 81469-14470 ਤੇ ਸੁਨੀਲ ਨਰੂਲਾ ਨਾਲ ਮੋਬਾਇਲ ਨੰਬਰ 70095-57889 'ਤੇ ਮੰਡੀਆਂ ਵਿੱਚ ਸਬਜ਼ੀਆਂ ਤੇ ਫਲਾਂ ਆਦਿ ਸਬੰਧੀ ਜ਼ਿਲ੍ਹਾ ਮੰਡੀ ਅਫ਼ਸਰ ਸ੍ਰੀ ਸੁਲੋਚ ਬਿਸ਼ਨੋਈ ਨਾਲ ਸੰਪਰਕ ਨੰਬਰ 95010-00250 'ਤੇ ਰਾਬਤਾ ਕੀਤਾ ਜਾ ਸਕਦਾ ਹੈ ਅਤੇ ਪਸ਼ੂਆਂ ਦੇ ਚਾਰੇ ਆਦਿ ਸਬੰਧੀ ਮਾਰਕਫੈਡ ਦੇ ਡੀਐਮ ਕਮਲਦੀਪ ਸਿੰਘ ਨਾਲ ਫੋਨ ਨੰਬਰ 98760-93347 ਅਤੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡੀਐਮ ਮਨੀਸ਼ ਧਿਮਾਨ ਨਾਲ ਫੋਨ ਨੰਬਰ 98032-17814 'ਤੇ ਕਾਲ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕਾਲਾਬਾਜ਼ਾਰੀ, ਜਮ੍ਹਾਂਖੋਰੀ ਅਤੇ ਵਸਤੂਆਂ ਦੀ ਫਰਜ਼ੀ ਘਾਟ ਨੂੰ ਰੋਕਣ ਲਈ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣ।

# ਭਾਰਤੀ ਫੌਜ ਵੱਲੋਂ ਪਾਕਿਸਤਾਨ ਵੱਲੋਂ ਛੱਡੇ ਜਾ ਰਹੇ ਡਰੋਨਾਂ ਨੂੰ ਹਵਾ ਦੇ 'ਚ ਹੀ ਖ਼ਤਮ ਕੀਤਾ ਜਾ ਰਿਹੈ



ਰਈਆਂ, 10 ਮਈ (ਰਾਕੇਸ਼ ਸਲਵਾਨ): ਹਲਕਾ ਬਾਬਾ ਬਕਾਲਾ ਸਾਹਿਬ ਦੇ ਲਾਗੇ ਲਗਦੇ ਇਲਾਕਿਆਂ ਵਿੱਚ ਦੇਰ ਰਾਤ ਤਕਰੀਬਨ 9 ਵਜੇ ਤੋਂ ਹੀ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ, ਧਮਾਕੇ ਇਨੇ ਜ਼ੋਰ ਦੇ ਸਨ ਕਿ ਲੋਕ ਇੱਕ ਵਾਰ ਤਾਂ ਆਪਣੇ ਘਰਾਂ ਦੀਆਂ ਛੱਤਾਂ ਉਪਰ ਆਏ ਜਦੋਂ ਕੀ ਸਰਕਾਰ ਵੱਲੋਂ ਹਦਾਇਤਾਂ ਦਿੱਤੀਆਂ ਗਈਆਂ ਹਨ ਕੀ ਆਪਣੇ ਆਪਣੇ ਘਰਾਂ ਦੇ ਅੰਦਰ ਹੀ ਰਹੋ ਇਹ ਧਮਾਕਿਆਂ ਦਾ ਸਿਲਸਿਲਾ ਸਵੇਰ ਵੇਲੇ ਤੱਕ ਚਲਦਾ ਰਿਹਾ। ਇਹ ਸਾਰੇ ਡਰੋਨਾਂ ਨੂੰ ਭਾਰਤੀ ਸੈਨਾ ਵੱਲੋਂ ਹਵਾ ਵਿੱਚ ਹੀ ਖ਼ਤਮ ਕੀਤਾ ਗਿਆ। ਇੱਕ ਡਰੋਨ ਸਵੇਰੇ 9 ਵਜੇ ਦੇ ਕਰੀਬ ਪਿੰਡ ਭਲੋਜਲਾ ਦੇ ਲਾਗੇ ਡਿੱਗਣ ਦੀ ਵੀ ਖ਼ਬਰ ਆਈ, ਜਿਸ ਨੂੰ ਕਿ ਹਵਾ ਵਿੱਚ ਹੀ ਖ਼ਤਮ ਕਰ ਦਿੱਤਾ ਗਿਆ ਸੀ ਏਸੇ ਤਰ੍ਹਾਂ ਪਿੰਡ ਜਲੂਪੁਰ ਖੇੜਾ ਵਿਖਆਸ ਭਲੋਜਲਾ ਜਗ੍ਹਾ ਜਗ੍ਹਾ ਤੋਂ ਧਮਾਕਿਆਂ ਦੀਆਂ ਮਿਲੀਆਂ ਖ਼ਬਰਾਂ ਤੋਂ ਇਲਾਵਾ ਕਿਸੇ ਵੀ ਜਾਨੀ ਨੁਕਸਾਨ ਦੀ ਖ਼ਬਰ ਸਾਹਮਣੇ ਨਹੀਂ ਆਈ, ਜਿਸ 'ਤੇ ਲੋਕਾਂ ਨੇ ਪ੍ਰਮਾਤਮਾ ਦਾਂ ਸ਼ੁੱਕਰ ਵੀ ਕੀਤਾ। ਏਥੇ ਦੱਸਣਯੋਗ ਇਹ ਵੀ ਹੈ ਕਿ ਪਿੰਡ ਜਲੂਪੁਰ ਵਿੱਚ ਜੋ ਧਮਾਕਾ ਹੋਇਆ, ਉਸ ਨੂੰ ਪਾਕਿਸਤਾਨ ਤੋਂ ਡਰੋਨ ਨਹੀਂ ਮਿਜ਼ਾਇਲ ਡਿੱਗਣ ਦੀ ਖ਼ਬਰ ਸਾਹਮਣੇ ਆ ਰਹੀ ਹੈ, ਜਿਸ ਦੇ ਖਿਲਰੇ ਪੁਰਜੇ ਪੁਲਿਸ ਵੱਲੋਂ ਆਪਣੇ ਕਬਜ਼ੇ ਵਿੱਚ ਲੈ ਲਏ ਗਏ। ਹਲਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਵੀ ਦੇਖਿਆ ਗਿਆ ਪਰ ਫਿਰ ਵੀ ਲੋਕਾਂ ਵੱਲੋਂ ਸਰਕਾਰ ਤੇ ਭਾਰਤੀ ਫੌਜ ਦਾ ਪੂਰਾ ਸਾਥ ਦੇਣ ਬਾਰੇ ਵੀ ਆਖਿਆ ਅਤੇ ਸਰਕਾਰ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਮੁਤਾਬਕ ਪੂਰਨ ਤੌਰ 'ਤੇ ਹਨੇਰਾ ਰੱਖਿਆ ਗਿਆ, ਕਿਸੇ ਵੀ ਇੱਕ ਜਗ੍ਹਾ 'ਤੇ ਰੋਸ਼ਨੀ ਨਜ਼ਰ ਨਹੀਂ ਆਈ ਪੰਜਾਬ ਪੁਲਿਸ ਵੱਲੋਂ ਵੀ ਪੂਰੀ ਤਰ੍ਹਾਂ ਚੌਕਸੀ ਰੱਖੀ ਜਾ ਰਹੀ ਹੈ, ਜਿੱਥੇ ਵੀ ਕਿਤੇ ਕਿਸੇ ਤਰ੍ਹਾਂ ਦੀ ਘਟਨਾ ਦੀ ਖ਼ਬਰ ਮਿਲਦਿਆਂ ਉੱਥੇ ਉਸੇ ਵੇਲੇ ਪਹੁੰਚ ਕੇ ਘਟਨਾ ਨੂੰ ਦੇਖਿਆ ਜਾਂਦਾ ਅਤੇ ਘਟਨਾ ਮੁਤਾਬਕ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਏਥੇ ਦੱਸਣਯੋਗ ਗੱਲ ਇਹ ਵੀ ਹੈ ਕਿ ਰਸ਼ੀਆ ਕੋਲੋਂ ਖਰੀਦੇ ਗਏ ਐਸ 400 ਜਿਹੜਾ ਕਿ ਪਾਕਿਸਤਾਨ ਦੇ ਹਰ ਇੱਕ ਮਾੜੇ ਇਰਾਦਿਆਂ ਨੂੰ ਹਵਾ ਵਿੱਚ ਹੀ ਖ਼ਤਮ ਕਰ ਰਿਹੈ ਜੋ ਕਿ ਇੱਕ ਬਹੁਤ ਵੱਡੇ ਨੁਕਸਾਨ ਤੋਂ ਬਚਾਅ ਰਿਹੈ, ਉਸ ਦੀ ਵੀ ਸ਼ਲਾਘਾ ਕੀਤੀ ਗਈ।

# ਵਿਧਾਇਕ ਬੜਿੰਗ ਦੇ ਯਤਨਾਂ ਨਾਲ ਸੰਚਿਤ ਸਿੰਗਲਾ 100 ਪਰਿਵਾਰਾਂ ਸਮੇਤ 'ਆਪ' 'ਚ ਸ਼ਾਮਲ



ਮੰਡੀ ਗੋਬਿੰਦਗੜ੍ਹ, 10 ਮਈ (ਸੂਦ): ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ। ਉਹ ਇਥੇ ਸਮਾਜ ਸੇਵੀ ਸੰਚਿਤ ਸਿੰਗਲਾ ਅਤੇ 100 ਪਰਿਵਾਰਾਂ ਨੂੰ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਉਣ ਲਈ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਮਾਨਵਤਾ ਦੇ ਆਧਾਰ 'ਤੇ ਪੀਣ ਲਈ ਲੋੜੀਂਦਾ ਪਾਣੀ ਦਿੱਤਾ ਜਾ ਰਿਹਾ। ਭਾਰਤ-ਪਾਕਿ ਵਿਚਾਲੇ ਜੰਗ ਦੀ ਸਥਿਤੀ ਸਬੰਧੀ ਉਨ੍ਹਾਂ ਕਿਹਾ ਕਿ ਦੇਸ਼ ਦੀ ਆਨ, ਬਾਨ ਤੇ ਸ਼ਾਨ ਨੂੰ ਕੋਈ ਖਤਰਾ ਹੋਵੇਗਾ ਤਾਂ ਤਿੰਨ ਕਰੋੜ ਪੰਜਾਬੀ ਤੇ ਪੰਜਾਬ ਸਰਕਾਰ, ਫ਼ੌਜ ਨਾਲ ਡਟ ਕੇ ਇਸ ਦਾ ਮੁਕਾਬਲਾ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਵੀ ਦੇਸ਼ ਦੀ ਸੁਰੱਖਿਆ ਲਈ ਹਮੇਸ਼ਾਂ ਮੋਹਰੀ ਹੋ ਕੇ ਲੜਾਈਆਂ ਲੜੀਆਂ ਹਨ ਅਤੇ ਹੁਣ ਵੀ ਜੇਕਰ ਲੋੜ ਪਈ ਤਾਂ ਪੰਜਾਬ ਦੇ ਲੋਕ ਪਿੱਛੇ ਨਹੀਂ ਹਟਣਗੇ। ਉਦਯੋਗਿਕ ਵਿਕਾਸ ਸਬੰਧੀ ਉਨ੍ਹਾਂ ਕਿਹਾ ਕਿ ਉਦਯੋਗਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸਾਲ ਦੇ ਬਜਟ ਵਿੱਚ ਉਦਯੋਗਾਂ ਲਈ 3400 ਕਰੋੜ ਰੁਪਏ ਦਾ ਪ੍ਰੋਤਸਾਹਨ ਦੇਣ ਦਾ ਪ੍ਰਬੰਧ ਕੀਤਾ ਹੈ ਅਤੇ ਹੁਣ ਉਦਯੋਗਾਂ ਨੂੰ 250 ਕਰੋੜ ਰੁਪਏ ਦੀ ਹੋਰ ਸਹਾਇਤਾ ਦਿੱਤੀ ਜਾਵੇਗੀ। ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਵੱਡੀ ਗਿਣਤੀ 'ਚ ਲੋਕ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਮਿਹਨਤੀ ਤੇ ਇਮਾਨਦਾਰ ਲੋਕਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਹੈ। ਇਸ ਮੌਕੇ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਮਾਰਕਿਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ, ਮਾਰਕਿਟ ਕਮੇਟੀ ਮੰਡੀ ਗੋਬਿੰਦਗੜ੍ਹ ਦੇ ਚੇਅਰਮੈਨ ਜਗਦੀਪ ਸਿੰਘ ਚੱਠਾ, ਨਗਰ ਕੌਂਸਲ ਅਮਲੋਹ ਦੇ ਪ੍ਰਧਾਨ ਸਿਕੰਦਰ ਸਿੰਘ ਗੋਗੀ, ਓਂਕਾਰ ਸਿੰਘ ਚੌਹਾਨ, ਸ਼ਿੰਗਾਰਾ ਸਿੰਘ ਸਲਾਣਾ, ਟਕਸਾਲੀ ਆਗੂ ਗੁਲਸ਼ਨ ਛਾਬੜਾ, ਕੌਂਸਲਰ ਅਤੁੱਲ ਲੁਟਾਵਾ, ਮੋਹਿਤ ਮਿੱਤਲ, ਦੀਪਕ ਖੁੱਲਰ, ਰਾਜੀਵ ਗਰਗ, ਪੰਕਜ ਕੁਮਾਰ, ਦਿਵਿਆਂਸ਼ੂ ਗਰਗ, ਦੀਪਕ ਧਾਰੀਵਾਲ ਤੇ ਸੁਮਿਤ ਗਰਗ ਆਦਿ ਹਾਜ਼ਰ ਸਨ।

# ਮੁਸ਼ਕਲ ਵੇਲੇ 'ਚ ਪੰਜਾਬ ਦੀ ਮਾਨ ਸਰਕਾਰ ਬਣੀ ਲੋਕਾਂ ਦੀ ਢਾਲ, ਤਰੁਨਪ੍ਰੀਤ ਸਿੰਘ ਸੌਂਦ ਤੇ ਡਾ. ਬਲਜੀਤ ਕੌਰ ਵੱਲੋਂ ਫਾਜ਼ਿਲਕਾ ਦਾ ਦੌਰਾ



ਫਾਜ਼ਿਲਕਾ, 10 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਜਾਰੀ ਕੀਤੇ ਨਿਰਦੇਸ਼ਾਂ ਅਨੁਸਾਰ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਡਾ. ਬਲਜੀਤ ਕੌਰ ਨੇ ਅੱਜ ਫਾਜ਼ਿਲਕਾ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਬੈਠਕ ਕਰਨ ਦੇ ਨਾਲ ਨਾਲ ਸਿਵਲ ਹਸਪਤਾਲ ਵਿਖੇ ਤਿਆਰੀਆਂ ਦਾ ਜਾਇਜ਼ਾ ਲਿਆ। ਦੋਵਾਂ ਮੰਤਰੀਆਂ ਨੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਲੋਕਾਂ ਨੂੰ ਮਿਲ ਕੇ ਉਨ੍ਹਾਂ ਦਾ ਹੌਸਲਾ ਵੀ ਵਧਾਇਆ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸਰਹੱਦੀ ਇਲਾਕੇ ਦੇ ਲੋਕਾਂ ਨਾਲ ਡਟ ਕੇ ਖੜ੍ਹੀ ਹੈ। ਸਰਕਾਰ ਵੱਲੋਂ ਸਾਡੀਆਂ ਸੈਨਾਵਾਂ ਨੂੰ ਵੀ ਹਰ ਪ੍ਰਕਾਰ ਦੀ ਮਦਦ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿਵਲ ਪ੍ਰਸ਼ਾਸਨ ਦੀਆਂ ਤਿਆਰੀਆਂ ਦੀ ਸਮੀਖਿਆ ਲਈ ਉਹ ਜ਼ਿਲ੍ਹੇ ਦਾ ਦੌਰਾ ਕਰ ਰਹੇ ਹਨ ਅਤੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਫਾਜ਼ਿਲਕਾ ਵਾਸੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹੂਲਤ ਲਈ ਸਭ ਤਿਆਰੀਆਂ ਮੁਕੰਮਲ ਹਨ। ਇਸ ਦੌਰਾਨ ਦੋਹਾਂ ਮੰਤਰੀਆਂ ਨੇ ਫਾਜ਼ਿਲਕਾ ਦੇ ਸਿਵਲ ਹਸਪਤਾਲ ਦਾ ਦੌਰਾ ਵੀ ਕੀਤਾ ਅਤੇ ਦੱਸਿਆ ਕਿ ਇੱਥੇ ਬੈੱਡ ਅਤੇ ਦਵਾਈਆਂ ਲੋੜ ਅਨੁਸਾਰ ਉਪਲੱਬਧ ਹਨ। ਉਨ੍ਹਾਂ ਕਿਹਾ ਕਿ ਸਾਰਾ ਸਿਵਲ, ਪੁਲਿਸ ਅਤੇ ਸਿਹਤ ਵਿਭਾਗ ਦਾ ਅਮਲਾ 24 ਘੰਟੇ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ ਤੇ ਆਪਣੇ ਲੋਕਾਂ ਦੀ ਬਿਹਤਰੀ ਲਈ ਕੰਮ ਕਰ ਰਿਹਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਪ੍ਰਕਾਰ ਦੇ ਡਰ ਜਾਂ ਘਬਰਾਹਟ ਵਿੱਚ ਆਉਣ ਦੀ ਲੋੜ ਨਹੀਂ ਹੈ, ਸਰਕਾਰ ਨੇ ਹਰ ਸਥਿਤੀ 'ਤੇ ਨਜ਼ਰ ਰੱਖੀ ਹੋਈ ਹੈ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਬਲੱਡ ਬੈਂਕ, ਸਿਵਿਲ ਸੇਵਾਵਾਂ ਅਤੇ ਸਿਹਤ ਸਹੂਲਤਾਂ ਦੀ ਸਮੀਖਿਆ ਵੀ ਕੀਤੀ। ਦੋਹਾਂ ਮੰਤਰੀਆਂ ਵੱਲੋਂ ਫਾਜ਼ਿਲਕਾ ਦੇ ਬਾਜ਼ਾਰਾਂ ਦਾ ਦੌਰਾ ਕਰਕੇ ਇੱਥੇ ਆਮ ਲੋਕਾਂ ਅਤੇ ਦੁਕਾਨਦਾਰਾਂ ਨਾਲ ਵੀ ਗੱਲਬਾਤ ਕੀਤੀ ਗਈ। ਇਸ ਮੌਕੇ ਐਸਐਸਪੀ ਵਰਿੰਦਰ ਸਿੰਘ ਬਰਾੜ, ਏਡੀਸੀ ਜਨਰਲ ਡਾ. ਮਨਦੀਪ ਕੌਰ, ਏਡੀਸੀ ਵਿਕਾਸ ਸੁਭਾਸ਼ ਚੰਦਰ ਐਸਡੀਐਮ ਕੰਵਰਜੀਤ ਸਿੰਘ ਮਾਨ ਅਤੇ ਵੀਰਪਾਲ ਕੌਰ ਵੀ ਹਾਜ਼ਰ ਸਨ।

# ਮਨਿਸਟਰੀਅਲ ਸਟਾਫ਼ ਵੱਲੋਂ ਡਾਇਰੈਕਟਰ ਆਫ਼ ਐਜੂਕੇਸ਼ਨ ਸੈਕੰਡਰੀ ਗੁਰਿੰਦਰ ਸਿੰਘ ਸੋਢੀ ਦਾ ਸਵਾਗਤ

ਗੁਰਦਾਸਪੁਰ, 10 ਮਈ (ਨਾਹਰ): ਪਿਛਲੇ ਦਿਨੀਂ ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ, ਸਰਬਜੀਤ ਸਿੰਘ ਡਿਗਰਾ ਵੱਲੋਂ ਆਪਣੀ ਟੀਮ ਨਾਲ ਨਵੇਂ ਆਏ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ ਸੈਕੰਡਰੀ ਚੰਡੀਗੜ੍ਹ ਸ੍ਰੀ ਗੁਰਿੰਦਰ ਸਿੰਘ ਸੋਢੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ ਅਤੇ ਸ਼੍ਰੀ ਡਿਗਰਾ ਵਲੋਂ ਜਥੇਬੰਦੀ ਦੀਆਂ ਹੱਕੀ ਮੰਗਾਂ ਸਬੰਧੀ ਉਹਨਾਂ ਨਾਲ ਗੱਲਬਾਤ ਕੀਤੀ। ਜਿਸ ਸਬੰਧੀ ਉਹਨਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਸੀਨੀਆਰਤਾ ਸੂਚੀ ਜਲਦ ਜਾਰੀ ਹੋ ਜਾਵੇਗੀ ਅਤੇ ਸੀਨੀਅਰ ਸਹਾਇਕ ਦੀਆਂ ਪ੍ਰਮੋਸ਼ਨਾਂ ਦੇ ਕੇਸ ਜਲਦ ਮੰਗ ਲਏ ਜਾਣਗੇ। ਜਥੇਬੰਦੀ ਦੀਆਂ ਮੰਗਾਂ ਸਬੰਧੀ ਅਗਲੇ ਹਫਤੇ ਮੀਟਿੰਗ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਪਰਮਪਾਲ ਸਿੰਘ, ਪ੍ਰਧਾਨ ਜ਼ਿਲ੍ਹਾ ਮੋਗਾ, ਦਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਫ਼ਤਹਿਗੜ੍ਹ ਸਾਹਿਬ, ਨਿਸ਼ਾਨ ਸਿੰਘ ਵਰਾਣਾ, ਸੂਬਾ ਵਿੱਤ ਸਕੱਤਰ ਪੰਜਾਬ/ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਦਿਲਬਾਗ ਸਿੰਘ ਬਬਲਜੀਤ ਸਿੰਘ, ਜਸਕਰਨ ਸਿੰਘ, ਤੇਜਿੰਦਰ ਕੁਮਾਰ ਜਨਰਲ ਸਕੱਤਰ ਅੰਮ੍ਰਿਤਸਰ ਆਦਿ ਤੋਂ ਇਲਾਵਾ ਜ਼ਿਲ੍ਹਾ ਜਲੰਧਰ ਪਠਾਨਕੋਟ ਤੇ ਨਵਾਂ ਸ਼ਹਿਰ ਦੇ ਸਾਥੀ ਹਾਜ਼ਰ ਸਨ।

# ਹਰੀਪੁਰ ਸਹਿਕਾਰੀ ਸਭਾ ਦੀ ਚੋਣ 'ਚ ਸਰਬਸੰਮਤੀ ਨਾਲ ਯਾਦਵਿੰਦਰ ਸਿੰਘ ਮਾਨਗੜ੍ਹ ਪ੍ਰਧਾਨ ਬਣੇ



ਅਮਲੋਹ, 10 ਮਈ (ਜਸਵੰਤ ਸਿੰਘ): ਅਮਲੋਹ ਬਲਾਕ ਦੇ ਪਿੰਡ ਹਰੀਪੁਰ ਵਿਚ ਦੀ ਹਰੀਪੁਰ ਕੋਆਪਰੇਟਿਵ ਸੁਸਾਇਟੀ ਦੀ 11 ਮੈਂਬਰੀ ਦੀ ਚੋਣ ਸਰਬ ਸੰਮਤੀ ਨਾਲ ਹੋਈ, ਜਿਸ ਵਿਚ ਯਾਦਵਿੰਦਰ ਸਿੰਘ ਮਾਨਗੜ੍ਹ ਪ੍ਰਧਾਨ, ਜਸਵੀਰ ਸਿੰਘ ਅਲੀਪੁਰ ਸੰਦਲ ਸੀਨੀਅਰ ਮੀਤ ਪ੍ਰਧਾਨ, ਪ੍ਰਗਟ ਸਿੰਘ ਭਾਂਬਰੀ ਮੀਤ ਪ੍ਰਧਾਨ ਅਤੇ ਮਨਦੀਪ ਸਿੰਘ ਭੱਟੋ ਖਜ਼ਾਨਚੀ ਚੁਣੇ ਗਏ। ਸ੍ਰੀ ਯਾਦਵਿੰਦਰ ਸਿੰਘ ਮਾਨਗੜ੍ਹ ਨੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਆਪਣਾ ਕਾਰਜ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਤੇ ਸਭਾ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਸਭਾ ਦੇ ਮੈਂਬਰ ਜਗਮੀਤ ਸਿੰਘ, ਦਰਸ਼ਨ ਕੌਰ, ਕੁਲਵੰਤ ਕੌਰ, ਬਲਵੀਰ ਸਿੰਘ, ਅਰਵਿੰਦਰ ਸਿੰਘ, ਜਸਵੰਤ ਸਿੰਘ, ਸ਼ੇਰ ਸਿੰਘ, ਪਾਰਟੀ ਦੇ ਬਲਾਕ ਪ੍ਰਧਾਨ ਮਨਿੰਦਰ ਸਿੰਘ ਭੱਟੋ, ਸਰਪੰਚ ਜਸਮੇਲ ਸਿੰਘ ਮਾਨਗੜ੍ਹ, ਪੰਚ ਸਰਬਜੀਤ ਸਿੰਘ ਮਾਨਗੜ੍ਹ, ਹਰਜਿੰਦਰ ਸਿੰਘ ਸਾਹੀ, ਹਰਪਾਲ ਸਿੰਘ ਸੈਕਟਰੀ ਅਤੇ ਗੁਰਪਾਲ ਸਿੰਘ ਸੇਲਜ਼ਮੈਨ ਸਭਾ ਆਦਿ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨੇ ਨਸ਼ਿਆਂ ਵਿਰੁੱਧ ਮੁਹਿੰਮ 'ਚ ਸਹਿਯੋਗ ਦਾ ਕੀਤਾ ਐਲਾਨ



ਅਮਲੋਹ, 10 ਮਈ (ਜਸਵੰਤ ਸਿੰਘ): ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਸੁਖਦੇਵ ਸਿੰਘ ਭਾਂਬਰੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਜੋ ਪੰਜਾਬ ਸਰਕਾਰ ਵੱਲੋਂ ਜ਼ੋਰਦਾਰ ਢੰਗ ਨਾਲ ਸ਼ੁਰੂ ਕੀਤਾ ਗਿਆ ਉਸ ਸਬੰਧ ਵਿੱਚ ਡੀਐਸਪੀ ਅਮਲੋਹ ਗੁਰਦੀਪ ਸਿੰਘ ਸੰਧੂ ਨਾਲ ਮੀਟਿੰਗ ਕਰਕੇ ਇਸ ਮੁਹਿੰਮ ਵਿਚ ਪੂਰਨ ਸਹਿਯੋਗ ਦਾ ਐਲਾਨ ਕੀਤਾ। ਡੀਐਸਪੀ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸ ਦੀ ਤੁਰੰਤ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ, ਜਿਸ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਨਸ਼ਾ ਛੱਡਣਾ ਚਾਹੁੰਦਾ ਹੈ, ਉਸ ਦਾ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ ਜਿਥੇ ਮੁਹਿੰਮ 'ਚ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਇਸ ਮੁਹਿੰਮ ਵਿਚ ਸਹਿਯੋਗ ਦੀ ਅਪੀਲ ਕੀਤੀ। ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਮੈਂਬਰ ਡਾ. ਸੁਰਿੰਦਰ ਪਾਲ ਸ਼ਰਮਾ, ਜਨਰਲ ਸਕੱਤਰ ਬਹਾਦਰ ਸਿੰਘ, ਸਰਬੱਤ ਦਾ ਭਲਾ ਟਰੱਸਟ ਦੇ ਪਰਮਜੀਤ ਸਿੰਘ, ਮੱਘਰ ਸਿੰਘ, ਪ੍ਰੈਸ ਸਕੱਤਰ ਗੁਰਚਰਨ ਰੁੜਕੀ, ਬਲਾਕ ਪ੍ਰਧਾਨ ਰੋਹਿਤ ਕੁਮਾਰ, ਬਲਵੀਰ ਸਿੰਘ, ਸੁਰਿੰਦਰ ਸਿੰਘ, ਨੇਕ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਹਰਮੇਸ ਸਿੰਘ, ਹਰਜਿੰਦਰ ਸਿੰਘ, ਗੁਰਜੰਟ ਸਿੰਘ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

# ਕਿਸੇ ਵੀ ਖ਼ਤਰੇ ਵਾਲੀ ਵਸਤੂ ਦੇ ਨੇੜੇ ਨਾ ਜਾਇਆ ਜਾਵੇ : ਐੱਸ.ਐੱਸ.ਪੀ.



ਫਾਜ਼ਿਲਕਾ, 10 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫਾਜ਼ਿਲਕਾ ਦੇ ਐਸਐਸਪੀ ਵਰਿੰਦਰ ਸਿੰਘ ਬਰਾੜ ਨੇ ਜ਼ਿਲ੍ਹਾ ਵਾਸੀਆਂ ਨੂੰ ਵਰਤਮਾਨ ਹਲਾਤਾਂ ਦੇ ਮੱਦੇਨਜ਼ਰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਕਿਤੇ ਕੋਈ ਖਤਰੇ ਵਾਲੀ ਵਸਤੂ ਮਿਲਦੀ ਹੈ ਤਾਂ ਉਸਦੇ ਨੇੜੇ ਨਾ ਜਾਇਆ ਜਾਵੇ ਸਗੋਂ ਇਸਦੀ ਸੂਚਨਾ ਪੁਲਿਸ ਨੂੰ ਫੋਨ ਨੰਬਰ 112 'ਤੇ ਦਿੱਤੀ ਜਾਵੇ। ਅਜਿਹੀ ਕਿਸੇ ਵਸਤੂ ਦੀ ਫੋਟੋਗ੍ਰਾਫੀ ਵੀਡੀਓਗ੍ਰਾਫੀ ਕਰਕੇ ਸ਼ੋਸਲ ਮੀਡੀਆ 'ਤੇ ਸ਼ੇਅਰ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਇਸੇ ਤਰ੍ਹਾਂ ਬਲੈਕ ਆਊਟ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ ਅਤੇ ਬਲੈਕ ਆਊਟ ਦੇ ਸਮੇਂ ਵਿਚ ਕੋਈ ਵੀ ਰੌਸ਼ਨੀ ਨਾ ਕੀਤੀ ਜਾਵੇ। ਐਸਐਸਪੀ ਵਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਹਰ ਸਥਿਤੀ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਪਰ ਅਜਿਹੇ ਸੰਵੇਦਨਸ਼ੀਲ ਸਮੇਂ ਲੋਕ ਵੀ ਅਫਵਾਹਾਂ ਤੋਂ ਸਾਵਧਾਨ ਰਹਿਣ। ਉਨ੍ਹਾਂ ਨੇ ਅਪੀਲ ਕੀਤੀ ਕਿ ਕੋਈ ਵੀ ਅਜਿਹੀ ਫੋਟੋ ਜਾਂ ਵੀਡੀਓ ਅੱਗੇ ਸ਼ੇਅਰ ਨਾ ਕੀਤੀ ਜਾਵੇ ਜਿਸਦੇ ਸੱਚੇ ਹੋਣ ਦੀ ਪੁਸ਼ਟੀ ਨਾ ਹੋਈ ਹੋਵੇ। ਉਨ੍ਹਾਂ ਨੇ ਕਿਹਾ ਕਿ ਸਾਇਬਰ ਸੈਲ ਸੋਸ਼ਲ ਮੀਡੀਆ ਦੀ ਨਿਗਰਾਨੀ ਕਰ ਰਿਹਾ ਹੈ। ਇਸੇ ਤਰ੍ਹਾਂ ਸੁਰੱਖਿਆ ਬਲਾਂ ਦੀ ਆਵਾਜਾਈ ਜਾਂ ਕਿਸੇ ਆਪ੍ਰੇਸ਼ਨ ਦੀ ਲਾਈਵ ਕਵਰੇਜ ਨਾ ਕਰਨ ਸਬੰਧੀ ਵੀ ਰੱਖਿਆ ਮੰਤਰਾਲੇ ਵੱਲੋਂ ਸਲਾਹ ਜਾਰੀ ਕੀਤੀ ਗਈ ਹੈ। ਇਸ ਲਈ ਲੋਕ ਅਜਿਹੀ ਕੋਈ ਵੀ ਫੋਟੋ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਨਾ ਕਰਨ। ਬਹੁਤ ਸਾਰੀਆਂ ਵੀਡੀਓ ਸੋਸ਼ਲ ਮੀਡੀਆ ਵਿਚ ਘੁੰਮ ਰਹੀਆਂ ਹਨ, ਜਿਨ੍ਹਾਂ ਨੂੰ ਸ਼ਰਾਰਤੀ ਲੋਕ ਕਿਸੇ ਵਿਸ਼ੇਸ਼ ਥਾਂ ਦੀਆਂ ਦੱਸ ਕੇ ਸ਼ੇਅਰ ਕਰਦੇ ਹਨ ਜਦ ਕਿ ਇਹ ਫੇਕ ਹੁੰਦੀਆਂ ਹਨ ਜਾਂ ਕਿਸੇ ਹੋਰ ਥਾਂ ਨਾਲ ਸਬੰਧਤ ਜਾਂ ਪੁਰਾਣੀਆਂ ਹੁੰਦੀਆਂ ਹਨ। ਇਸ ਲਈ ਅਜਿਹੀ ਕਿਸੇ ਗਤੀਵਿਧੀ ਤੋਂ ਲੋਕ ਦੂਰ ਰਹਿਣ ਅਤੇ ਕੋਈ ਵੀ ਅਜਿਹੀ ਵੀਡੀਓ ਜਾਂ ਸੋਸ਼ਲ ਮੀਡੀਆ ਸੁਨੇਹਾ ਅੱਗੇ ਸ਼ੇਅਰ ਨਾ ਕਰਨ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸੂਚਨਾ ਜਾਂ ਜਾਣਕਾਰੀ ਲਈ ਪੁਲਿਸ ਦੇ ਕੰਟਰੋਲ ਰੂਮ ਵਿਖੇ 85588-00900 ਜਾਂ 01638-262800 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦੇਸ਼ ਭਗਤ ਯੂਨੀਵਰਸਿਟੀ ਦੇ ਪਲੇਸਬੋ ਕਲੱਬ ਵੱਲੋਂ ਮਲੇਰੀਆ ਜਾਗਰੂਕਤਾ ਕੈਂਪ




ਮੰਡੀ ਗੋਬਿੰਦਗੜ੍ਹ, 10 ਮਈ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਦੇ ਫਾਰਮੇਸੀ ਫੈਕਲਟੀ ਅਧੀਨ ਪਲੇਸਬੋ ਕਲੱਬ ਵੱਲੋਂ ਨੇੜਲੇ ਪਿੰਡ ਸੌਂਟੀ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸਦਾ ਉਦੇਸ਼ ਆਲੇ ਦੁਆਲੇ ਦੇ ਲੋਕਾਂ ਨੂੰ ਮਲੇਰੀਆ ਦੇ ਕਾਰਨਾਂ, ਲੱਛਣਾਂ, ਰੋਕਥਾਮ ਅਤੇ ਇਲਾਜ ਬਾਰੇ ਜਾਗਰੂਕ ਕਰਨਾ ਹੈ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਸਥਾਨਕ ਨਿਵਾਸੀਆਂ ਨੇ ਉਤਸ਼ਾਹ ਨਾਲ ਭਾਗੀਦਾਰੀ ਵਿਖਾਈ। ਇਸ ਕੈਂਪ ਦੀ ਸ਼ੁਰੂਆਤ ਇੱਕ ਜਾਣਕਾਰੀ ਭਰਪੂਰ ਸੈਸ਼ਨ ਨਾਲ ਹੋਈ, ਜਿਸ ਵਿੱਚ ਦੱਸਿਆ ਗਿਆ ਕਿ ਸੰਕਰਮਿਤ ਐਨੋਫਲੀਜ਼ ਮੱਛਰ ਦੇ ਕੱਟਣ ਨਾਲ ਮਲੇਰੀਆ ਕਿਵੇਂ ਫੈਲਦਾ ਹੈ। ਬੁਲਾਰਿਆਂ ਨੇ ਬਿਮਾਰੀ ਦੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਲਈ ਜਲਦੀ ਨਿਦਾਨ ਅਤੇ ਸਮੇਂ ਸਿਰ ਡਾਕਟਰੀ ਦਖਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਕੈਂਪ ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਫਾਰਮੇਸੀ ਦੀ ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਦੀ ਅਗਵਾਈ ਹੇਠ ਲਗਾਇਆ ਗਿਆ ਸੀ। ਇਸ ਕੈਂਪ ਵਿੱਚ ਮੁਫ਼ਤ ਸਿਹਤ ਜਾਂਚ ਅਤੇ ਕਾਊਂਸਲਿੰਗ ਸੈਸ਼ਨ ਵੀ ਪੇਸ਼ ਕੀਤੇ ਗਏ, ਇਹ ਯਕੀਨੀ ਬਣਾਉਂਦੇ ਹੋਏ ਕਿ ਭਾਗੀਦਾਰਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਅਤੇ ਸਲਾਹ ਮਿਲੇ। ਸਿੱਖਣ ਨੂੰ ਹੋਰ ਦਿਲਚਸਪ ਬਣਾਉਣ ਲਈ, ਪ੍ਰਬੰਧਕਾਂ ਨੇ ਇੰਟਰਐਕਟਿਵ ਗਤੀਵਿਧੀਆਂ ਵੀ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਕੁਇਜ਼ ਅਤੇ ਰੋਲ-ਪਲੇਅ ਸ਼ਾਮਲ ਸਨ। ਇਸ ਪ੍ਰੋਗਰਾਮ ਦੀ ਸਮਾਪਤੀ ਭਾਗੀਦਾਰਾਂ ਦੁਆਰਾ ਆਪਣੇ ਆਲੇ ਦੁਆਲੇ ਦੀ ਸਫਾਈ ਬਣਾਈ ਰੱਖਣ ਅਤੇ ਮਲੇਰੀਆ ਦੀ ਰੋਕਥਾਮ ਲਈ ਸਰਗਰਮ ਕਦਮ ਚੁੱਕਣ ਦੇ ਸਮੂਹਿਕ ਪ੍ਰਣ ਨਾਲ ਹੋਈ। ਇਸ ਪਹਿਲਕਦਮੀ ਨੇ ਨਾ ਸਿਰਫ਼ ਮਲੇਰੀਆ ਬਾਰੇ ਜਾਗਰੂਕਤਾ ਪੈਦਾ ਕੀਤੀ ਸਗੋਂ ਦੇਸ਼ ਭਗਤ ਯੂਨੀਵਰਸਿਟੀ ਦੀ ਜਨਤਕ ਸਿਹਤ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ।

# ਸੁੰਦਰ ਕਾਂਡ ਪਾਠਾਂ ਦੀ ਲੜੀ 'ਚ ਸ਼ਰਧਾਲੂਆਂ ਨੇ ਪੂਜਾ ਅਰਚਨਾ ਕੀਤੀ



ਮੰਡੀ ਗੋਬਿੰਦਗੜ੍ਹ, 10 ਮਈ (ਸੂਦ): ਇਸਤਰੀ ਸਭਾ ਸ਼ਿਵ ਮੰਦਿਰ ਹਿਮਾਂਯੂੰਪੁਰ ਸਰਹਿੰਦ ਵਿਖੇ ਚੱਲ ਰਹੀ ਸੁੰਦਰ ਕਾਂਡ ਪਾਠਾਂ ਦੀ ਲੜੀ ਵਿੱਚ ਸ਼ਰਧਾਲੂਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ ਅਤੇ ਪ੍ਰਭੂ ਦੀਆਂ ਭੇਟਾਂ ਦਾ ਗੁਣਗਾਣ ਕੀਤਾ ਗਿਆ। ਮੰਦਿਰ ਕਮੇਟੀ ਦੇ ਪ੍ਰਧਾਨ ਗੁਲਸ਼ਨ ਰਾਏ ਬੌਬੀ ਨੇ ਕਿਹਾ ਕਿ ਮੰਦਰ ਕਮੇਟੀ ਵੱਲੋਂ ਸ਼ਰਧਾਲੂਆਂ ਨੂੰ ਪ੍ਰਭੂ ਭਗਤੀ ਨਾਲ ਜੋੜਨ ਲਈ ਲੰਬੇ ਸਮੇਂ ਤੋਂ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ 20 ਮਈ ਨੂੰ ਪਾਠਾਂ ਦੀ ਲੜੀ ਦੀ ਸੰਪੂਰਨਤਾ ਸਮਾਪਤੀ ਹੋਵੇਗੀ, ਜਿਸ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ। ਬਰਫਾਨੀ ਸੇਵਾ ਦਲ ਦੇ ਪ੍ਰਧਾਨ ਅਰਨ ਸੂਰੀ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਧਾਰਮਿਕ ਸਮਾਗਮ ਸਾਡੀ ਸਾਂਝ ਨੂੰ ਮਜ਼ਬੂਤ ਕਰਦੇ ਹਨ ਅਤੇ ਇਲਾਕੇ ਦੀ ਸੰਗਤ ਵੱਲੋਂ ਅਜਿਹੇ ਸਮਾਗਮਾਂ ਵਿੱਚ ਹਿੱਸਾ ਲੈ ਕੇ ਭਗਵਾਨ ਵਿਸ਼ਨੂੰ ਜੀ ਅਤੇ ਸ਼ਿਵ ਭੋਲੇ ਨਾਥ ਜੀ ਦਾ ਅਸ਼ੀਰਵਾਦ ਹਾਸਲ ਕਰਨਾ ਚਾਹੀਦਾ ਹੈ। ਇਸ ਮੌਕੇ ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ ਸੈਲਾਨੀਆਂ ਦੀ ਆਤਮਿਕ ਸ਼ਾਂਤੀ ਲਈ ਵੀ ਅਰਦਾਸ ਕੀਤੀ ਗਈ। ਇਸ ਮੌਕੇ ਪੰਡਤ ਅਨੂਪ ਸ਼ਰਮਾ, ਕੌਂਸਲਰ ਪ੍ਰਵੀਨ ਕੁਮਾਰੀ, ਸ਼ੋਭਨਾ ਸੂਰੀ, ਨਮਰਤਾ ਸ਼ਰਮਾ, ਪ੍ਰਤਿਭਾ ਬਾਂਸਲ, ਆਰਤੀ ਪਾਠਕ, ਸੁਤੰਤਰ ਰਾਣੀ, ਪਰਵੀਨ ਧਿੰਗੜਾ, ਮੀਨਾ ਕੁਮਾਰੀ, ਲਕਸ਼ਮੀ ਸ਼ਰਮਾ, ਰਮੀਲਾ ਦੇਵੀ, ਸੰਤੋਸ਼ ਕਾਲੜਾ, ਸੁਵਿਤਾ ਰਾਣੀ, ਊਸ਼ਾ ਦੇਵੀ, ਸੋਨੀਆ ਪਾਠਕ, ਸੁਸ਼ਮਾ ਬੇਦੀ, ਆਰਤੀ ਪਾਠਕ ਤੇ ਪ੍ਰਤਿਭਾ ਬਾਂਸਲ ਆਦਿ ਹਾਜ਼ਰ ਸਨ।

# ਵਿਕਾਸ ਕੰਮਾਂ 'ਚ ਅੜਿੱਕਾ ਪਾਉਣ ਵਾਲਿਆਂ ਨੂੰ ਲੋਕ ਬਖਸ਼ਣਗੇ ਨਹੀਂ : ਚੇਤ ਰਾਮ ਰਤਨ



ਨਵਾਂਸ਼ਹਿਰ, 10 ਮਈ (ਸੁਖਦੇਵ ਸਿੰਘ ਉੜਾਪੜ): ਗਰੀਬਾਂ, ਲੋੜਵੰਦ ਬੇਸਹਾਰਾ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜਿਆ ਰਹਿੰਦਾ ਹਾਂ ਅਤੇ ਉਨ੍ਹਾਂ ਦੀ ਅਵਾਜ ਬਣਕੇ ਖੜਦਾ ਅਤੇ ਹੱਕਾਂ ਲਈ ਲੜਦਾ ਹਾਂ। ਜਿਸ ਕਰਕੇ ਲੋਕਾਂ ਨੇ ਮੈਨੂੰ ਚੌਥੀ ਵਾਰ ਕੌਂਸਲਰ ਦੀ ਸੀਟ ਤੋਂ ਜਿੱਤਾਇਆ। ਇਹ ਸਭ ਕੁਝ ਮੇਰੇ ਸਿਆਸੀ ਵਿਰੋਧੀ ਕਾਂਗਰਸੀ ਕੌਂਸਲਰਾਂ ਨੂੰ ਮੇਰੀ ਲੋਕਪ੍ਰਿਅਤਾ ਬਰਦਾਸ਼ਤ ਨਹੀਂ ਹੋ ਰਹੀ। ਇਸ ਗੱਲ ਦਾ ਪ੍ਰਗਟਾਵਾ ਚੇਤ ਰਾਮ ਰਤਨ ਸੀਨੀਅਰ ਟਕਸਾਲੀ ਕਾਂਗਰਸੀ ਕੌਂਸਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੈਂ ਲੋਕਾਂ ਨਾਲ ਇੰਨਸਾਨੀਅਤ ਦੇ ਤੌਰ 'ਤੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਅਤੇ ਉਨ੍ਹਾਂ ਦੇ ਕੰਮ ਕਾਰਜ ਕਰਵਾਉਣ ਵਿੱਚ ਵਿਸਵਾਸ਼ ਰੱਖਦਾ ਹਾਂ। ਮੈਂ ਕਿਸੇ ਲੀਡਰ ਦੀ ਕਦੇ ਚਮਚਾਗਿਰੀ ਨਹੀਂ ਕੀਤੀ ਨਾ ਹੀ ਮੇਰੀ ਜ਼ਮੀਰ ਇਜਾਜ਼ਤ ਦਿੰਦੀ ਹੈ। ਕੌਂਸਲਰ ਨੇ ਕਿਹਾ ਕਿ ਅੱਜ ਕੱਲ ਕੁਝ ਵਿਅਕਤੀ ਪਾਰਟੀ ਦਾ ਹਿਤੈਸ਼ੀ ਹੋਣ ਦਾ ਵਿਖਾਵਾ ਕਰਕੇ ਲੀਡਰਾਂ ਦੀਆਂ ਫੋਕੀਆਂ ਸਿਫਤਾਂ ਅਤੇ ਚੁਗਲੀਆਂ ਕਰਕੇ ਲੀਡਰ ਬਣਨ ਦੇ ਸੁਫਨੇ ਲੈ ਰਹੇ ਹਨ। ਜਦੋਂ ਕਿ ਉਨ੍ਹਾਂ ਦਾ ਅਧਾਰ ਸੀਮਤ ਸਮਰਥਕਾਂ ਤੱਕ ਹੈ। ਨਗਰ ਕੌਂਸਲ ਮੀਟਿੰਗ ਵਿੱਚ ਮੈਂ ਗਰੀਬ ਬੇਸਹਾਰਾ ਵਾਲਮੀਕਿ ਅਤੇ ਆਦਿਧਰਮੀ ਭਾਈਚਾਰੇ ਦੇ ਵਿਅਕਤੀਆਂ ਨੂੰ ਤਰਸ ਦੇ ਅਧਾਰ 'ਤੇ ਉਨ੍ਹਾਂ ਦੇ ਪਿਤਾ ਦੀ ਮੌਤ ਉਪਰੰਤ ਨੌਕਰੀ ਦੇਣ ਵਾਲੇ ਮਤੇ ਦੀ ਹਮਾਇਤ ਕੀਤੀ ਅਤੇ ਸ਼ਹਿਰ ਦੇ ਵਿਕਾਸ ਲਈ ਕੌਂਸਲ ਪ੍ਰਧਾਨ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਇੱਕ ਕਾਂਗਰਸੀ ਕੌਂਸਲਰ ਜੋ ਐਸੀ ਸਮਾਜ ਅਤੇ ਮੁਲਾਜ਼ਮ ਵਿਰੋਧੀ ਸਾਬਤ ਹੋ ਚੁੱਕਿਆ। ਇਹ ਬੁਖਲਾਹਟ ਵਿੱਚ ਆਪਣਾ ਸੰਤੁਲਨ ਗੁਆ ਬੈਠਾ ਹੈ। ਮੈਨੂੰ ਇਸ ਤੋਂ ਕਾਗਰਸੀ ਹੋਣ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਮੈਂ ਕਾਗਰਸੀ ਹਾਂ ਅਤੇ ਕਾਂਗਰਸੀ ਰਹਾਂਗਾ। ਆਉਣ ਵਾਲੇ ਸਮੇਂ ਵਿੱਚ ਲੋਕ ਇਨ੍ਹਾਂ ਨੂੰ ਸਬਕ ਸਿਖਾਉਣਗੇਦੀ ਉਡੀਕ ਵਿੱਚ ਹਨ। ਸੀਨੀਅਰ ਕੌਂਸਲਰ ਰਤਨ ਨੇ ਕਿਹਾ ਕਿ ਇੱਕਾ ਦੁੱਕਾ ਆਪਣੇ ਸਿਆਸੀ ਵਿਰੋਧੀਆਂ ਦੀ ਕੋਈ ਪ੍ਰਵਾਹ ਨਹੀਂ ਕਰਦਾ। ਲੋਕਾਂ ਦੇ ਹੱਕਾਂ ਅਤੇ ਸ਼ਹਿਰ ਵਿਕਾਸ ਅਤੇ ਵਾਰਡ ਨੂੰ ਸੁੰਦਰ ਬਨਾਉਣ ਲਈ ਅਵਾਜ਼ ਬੁਲੰਦ ਕਰਦਾ ਰਹਾਂਗਾ। ਮੈਨੂੰ ਲੋਕਾਂ ਅਤੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਡਿਪਟੀ ਲੀਡਰ ਵਿਧਾਨ ਸਭਾ, ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ, ਐਮਪੀ ਮੁਨਸ਼ੀ ਤਿਵਾੜੀ, ਕੌਮੀ ਚੇਅਰਮੈਨ ਐਸੀ ਡਿਪਾਰਟਮੈਂਟ, ਸਮਸ਼ੇਰ ਸਿੰਘ ਦੂਲੋ ਸਾਬਾਕਾ ਐਮਪੀ, ਭੈਣ ਮੀਰਾ ਕੁਮਾਰ ਸਾਬਕਾ ਕੇਂਦਰੀ ਮੰਤਰੀ, ਚੋਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ, ਸੰਤੋਸ਼ ਚੌਧਰੀ ਸਾਬਕਾ ਐਮ ਪੀ ਸਮੇਤ ਕੇਂਦਰੀ ਅਤੇ ਪੰਜਾਬ ਕਾਗਰਸ ਹਾਈਕਮਾਂਡ ਲੀਡਰਸ਼ਿਪ ਦਾ ਅਸ਼ੀਰਵਾਦ ਪ੍ਰਾਪਤ ਹੈ।

# ਫਿਰੋਜ਼ਪੁਰ ਜ਼ਿਲ੍ਹੇ ਦੀ ਹਦੂਦ ਅੰਦਰ ਆਤਿਸ਼ਬਾਜ਼ੀ/ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

ਫ਼ਿਰੋਜ਼ਪੁਰ, 10 ਮਈ (ਤਿਵਾੜੀ): ਜ਼ਿਲ੍ਹਾ ਮੈਜਿਸਟਰੇਟ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਹਦੂਦ ਅੰਦਰ ਵਿਆਹ-ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੰਕਟਕਾਲ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿੱਲ ਕੀਤੀਆਂ ਜਾ ਰਹੀਆਂ ਹਨ। ਜਦਕਿ ਇਹ ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਕਿ ਆਏ ਦਿਨ ਵਿਆਹ-ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਆਤਿਸ਼ਬਾਜ਼ੀ, ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹੁੰਦੇ ਹਨ, ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਪਟਾਖਿਆਂ ਨਾਲ ਸ਼ੋਰ ਸ਼ਰਾਬਾ ਹੋਣ ਕਰਕੇ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਹ ਹੁਕਮ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਦੇਸ਼ ਦੀ ਸੁਰੱਖਿਆ ਦੇ ਮੱਦੇਨਜ਼ਰ ਆਰਮੀ ਗਤੀਵਿਧੀਆਂ ਅਤੇ ਗੱਡੀਆਂ ਆਦਿ ਦੀ ਮੂਵਮੈਂਟ ਦੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਨਾ ਕਰਨ ਦੀ ਵੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਆਮ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ 'ਤੇ ਕਾਰਵਾਈਆਂ ਜਾਣ ਵਾਲੀਆਂ ਮੋਕ ਡਰਿੱਲਾਂ ਅਤੇ ਬਲੈਕਆਊਟ ਦੌਰਾਨ ਵੀ ਲੋਕਾਂ ਨੂੰ ਵੀਡੀਓਗ੍ਰਾਫੀ ਜਾਂ ਫੋਟੋਗ੍ਰਾਫੀ ਨਾ ਕਰਨ ਲਈ ਅਪੀਲ ਕੀਤੀ ਗਈ ਹੈ।

# ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ ਦੇ ਵਿਦਿਆਰਥੀ ਗੁਨਜੋਤ ਸਿੰਘ ਇੰਡੀਅਨ ਆਰਮੀ 'ਚ ਬਤੌਰ ਲੈਫਟੀਨੈਂਟ ਚੁਣੇ



ਫਤਹਿਗੜ੍ਹ ਸਾਹਿਬ, 10 ਮਈ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਦੇ ਵਿਦਿਆਰਥੀ ਗੁਨਜੋਤ ਸਿੰਘ ਇੰਡੀਅਨ ਆਰਮੀ ਵਿੱਚ ਬਤੌਰ ਲੈਫਟੀਨੈਂਟ ਚੁਣੇ ਗਏ। ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਲਈ ਇਹ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਵਿਦਿਆਰਥੀ ਗੁਨਜੋਤ ਸਿੰਘ, ਜੋ ਕਿ ਬੀ.ਟੈਕ. ਬੈਚ 2019-2023 ਅਤੇ ਐੱਮ.ਟੈਕ. ਦੇ ਵਿਦਿਆਰਥੀ ਹਨ ਅਤੇ ਐਨ.ਸੀ.ਸੀ. ਏਅਰ ਵਿੰਗ ਦੇ ਕੈਡੇਟ ਵੀ ਹਨ, ਇੰਡੀਅਨ ਆਰਮੀ ਵਿੱਚ ਬਤੌਰ ਲੈਫਟੀਨੈਂਟ ਚੁਣੇ ਗਏ ਹਨ। ਉਨ੍ਹਾਂ ਨੇ ਚੇਨਈ ਸਥਿਤ ਆਫੀਸਰ ਟ੍ਰੇਨਿੰਗ ਅਕਾਦਮੀ (+OOA) 'ਚ ਸ਼ਾਮਲ ਹੋ ਕੇ ਲੈਫਟੀਨੈਂਟ ਰੈਂਕ 'ਚ ਪਰੋਬੇਸ਼ਨ 'ਤੇ ਸ਼ੌਟ ਸਰਵਿਸ ਕਮਿਸ਼ਨ ਪ੍ਰਾਪਤ ਕੀਤਾ ਹੈ। ਫਲਾਈਂਗ ਅਫਸਰ ਗਗਨਦੀਪ ਸਿੰਘ ਏ.ਐਨ.ਓ. ਨੇ ਦੱਸਿਆ ਕਿ ਗੁਨਜੋਤ ਏਅਰ ਵਿੰਗ ਦਾ ਇੱਕ ਹੋਣਹਾਰ ਕੈਡੇਟ ਰਿਹਾ ਹੈ ਅਤੇ ਉਸ ਨੇ ਐਨ ਸੀ ਸੀ ਦਾ ਸੀ ਸਰਟੀਫਿਕੇਟ ਏ ਗਰੇਡ ਵਿੱਚ ਪ੍ਰਾਪਤ ਕੀਤਾ ਹੈ। ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਕਿਹਾ ਕਿ ਗੁਨਜੋਤ ਸਿੰਘ ਦੀ ਇਹ ਪ੍ਰਾਪਤੀ ਸਾਡੇ ਕਾਲਜ ਲਈ ਮਾਣ ਦੀ ਗੱਲ ਹੈ। ਇੱਕ ਵਿਦਿਆਰਥੀ ਤੋਂ ਇੰਡੀਅਨ ਆਰਮੀ ਦੇ ਅਧਿਕਾਰੀ ਤੱਕ ਦੀ ਉਨ੍ਹਾਂ ਦੀ ਯਾਤਰਾ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਬਣੇਗਾ। ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ, ਸਕੱਤਰ ਸ. ਜਸਵਿੰਦਰ ਸਿੰਘ ਨੇ ਵੀ ਗੁਨਜੋਤ ਸਿੰਘ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਉਸ ਦੀ ਪ੍ਰਾਪਤੀ 'ਤੇ ਮਾਣ ਹੈ। ਅਸੀਂ ਉਸਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਪੂਰਾ ਬੀਬੀਐੱਸਬੀਈਸੀ ਪਰਿਵਾਰ ਗੁਨਜੋਤ ਸਿੰਘ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਤਹਿ ਦਿਲੋਂ ਵਧਾਈਆਂ ਤੇ ਭਵਿੱਖ ਵਿੱਚ ਹੋਰ ਉਚਾਈਆਂ ਹਾਸਲ ਕਰਨ ਦੀ ਕਾਮਨਾ ਕਰਦਾ ਹੈ।

## ਅੱਤਵਾਦ ਪੂਰੀ ਦੁਨੀਆਂ ਲਈ ਖ਼ਤਰਾ

### ☛ਪਾਕਿਸਤਾਨ ਨੂੰ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਦੀ ਦਿੱਤੀ ਚਿਤਾਵਨੀ : ਸੰਤ ਸੀਚੇਵਾਲ

ਜਲੰਧਰ, 10 ਮਈ (ਚ.ਨ.ਸ.): ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਤਵਾਦ ਨੂੰ ਉਤਸ਼ਾਹ ਦੇ ਰਹੇ ਪਾਕਿਸਤਾਨ ਨੂੰ ਉਸ ਦੀਆਂ ਹਰਕਤਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਹੈ।



ਫਿਲੀਪੀਨਜ਼ ਦੀ ਯਾਤਰਾ ਤੋਂ ਦੇਰ ਰਾਤ ਵਾਪਸ ਆਏ ਸੰਤ ਸੀਚੇਵਾਲ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ 'ਤੇ ਤਿੱਖੀ ਟਿੱਪਣੀ ਕਰਦੇ ਹੋਏ ਕਿਹਾ ਕਿ ਪੂਰੀ ਦੁਨੀਆਂ ਨੂੰ ਪਤਾ ਹੈ ਕਿ ਪਾਕਿਸਤਾਨ ਅੱਤਵਾਦ ਨੂੰ ਪਨਾਹ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਏਅਰਪੋਰਟ ਮੌਜੂਦਾ ਹਾਲਾਤ ਕਾਰਨ ਬੰਦ ਹੋਣ ਕਰਕੇ ਉਨ੍ਹਾਂ ਨੂੰ ਦਿੱਲੀ ਉਤਰਨਾ ਪਿਆ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਫੌਜ ਨੇ ਪਾਕਿ ਮਕਬੂਜ਼ਾ ਕਸ਼ਮੀਰ ਵਿੱਚ ਅੱਤਵਾਦੀਆਂ ਦੇ ਟਿਕਾਣਿਆਂ 'ਤੇ ਹਮਲੇ ਕਰਕੇ ਇਹ ਸਖ਼ਤ ਸੁਨੇਹਾ ਦਿੱਤਾ ਹੈ ਕਿ ਭਾਰਤ ਕਿਸੇ ਵੀ ਤਰ੍ਹਾਂ ਅੱਤਵਾਦ ਨੂੰ ਵੱਧਣ-ਫੁੱਲਣ ਨਹੀਂ ਦੇਵੇਗਾ। ਅੱਤਵਾਦ ਪੂਰੀ ਦੁਨੀਆਂ ਲਈ ਖ਼ਤਰਾ ਹੈ ਪਰ ਫੌਜ ਦੇ ਹੱਥਾਂ 'ਚ ਦੇਸ਼ ਸੁਰੱਖਿਅਤ ਹੈ ਤੇ ਤਿੰਨਾਂ ਫੌਜਾਂ 'ਤੇ ਦੇਸ਼ ਨੂੰ ਮਾਣ ਹੈ। ਦੇਸ਼ ਵਾਸੀਆਂ ਨੂੰ ਮੌਜੂਦਾ ਹਾਲਾਤ ਦਾ ਡੱਟ ਕੇ ਸਾਹਮਣਾ ਕਰਨਾ ਚਾਹੀਦਾ ਹੈ ਤੇ ਇਕਜੁੱਟ ਰਹਿਣਾ ਚਾਹੀਦਾ ਹੈ। ਸੰਤ ਸੀਚੇਵਾਲ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਤੋਂ ਦੂਰ ਰਹਿਣ ਤੇ ਡਰ ਕਾਰਨ ਰਾਸ਼ਨ ਜਮ੍ਹਾਂ ਨਾ ਕਰਨ। ਇਸ ਨਾਲ ਹਫੜਾ-ਦਫੜੀ ਦਾ ਮਾਹੌਲ ਬਣਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਕਈ ਝੂਠੀਆਂ ਘਟਨਾਵਾਂ ਵਿਖਾਈਆਂ ਜਾ ਰਹੀਆਂ ਹਨ।

# ਕੈਬਨਿਟ ਮੰਤਰੀ ਕਟਾਰੂਚੱਕ ਤੇ ਡਾ. ਰਵਜੋਤ ਸਿੰਘ ਵੱਲੋਂ ਕਲਾਨੌਰ ਤੇ ਗੁਰਦਾਸਪੁਰ ਦਾ ਦੌਰਾ

ਗੁਰਦਾਸਪੁਰ/ਨੁਸ਼ਹਿਰਾ ਮੱਝਾ ਸਿੰਘ, 10 ਮਈ (ਜਗਮੋਹਣ ਬਾਗੋਵਾਨੀ/ਡਾ. ਸਰਵਨ ਸਿੰਘ/ਇਕਬਾਲ ਸਿੰਘ ਵਾਲਿਆ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਬੀਤੀ ਸ਼ਾਮ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਕਲਾਨੌਰ ਤੇ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ




ਮੌਜੂਦ ਸਨ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਸਭ ਤੋਂ ਪਹਿਲਾਂ ਸਰਕਾਰੀ ਹਸਪਤਾਲ ਕਲਾਨੌਰ ਦਾ ਦੌਰਾ ਕਰਕੇ ਉਥੇ ਐਮਰਜੈਂਸੀ ਹਾਲਾਤਾਂ ਦੇ ਮੱਦੇਨਜ਼ਰ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਐੱਸ.ਐੱਮ.ਓ. ਕਲਾਨੌਰ ਨੇ ਦੱਸਿਆ ਕਿ ਸੀ.ਐੱਚ.ਸੀ. ਕਲਾਨੌਰ ਵਿਖੇ 38 ਬੈੱਡ ਦੀ ਸਹੂਲਤ ਉਪਲੱਬਧ ਹੈ ਤੇ ਨਾਲ ਹੀ ਐਮਰਜੈਂਸੀ ਲਈ ਸਾਰੀਆਂ ਸਹੂਲਤਾਂ ਉਪਲੱਬਧ ਹਨ। ਇਸ ਤੋਂ ਇਲਾਵਾ ਡੇਰਾ ਬਾਬਾ ਨਾਨਕ ਹਸਪਤਾਲ ਵਿੱਚ ਵੀ 50 ਬੈੱਡ ਦੀ ਸਹੂਲਤ ਤੇ ਐਮਰਜੈਂਸੀ ਸਹੂਲਤਾਂ ਮੌਜੂਦ ਹਨ। ਇਸੇ ਤਰ੍ਹਾਂ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਤੇ ਸਿਵਲ ਹਸਪਤਾਲ ਬਟਾਲਾ ਵਿੱਚ ਵੀ ਐਮਰਜੈਂਸੀ ਸੇਵਾਵਾਂ ਪੂਰੀ ਤਰ੍ਹਾਂ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ ਬਲੱਡ ਬੈਂਕਾਂ ਵਿੱਚ ਲੋੜੀਂਦੀ ਮਾਤਰਾ ਵਿੱਚ ਖ਼ੂਨ ਦੀ ਉਪਲਬਧਤਾ ਮੌਜੂਦ ਹੈ। ਇਸ ਤੋਂ ਬਾਅਦ ਦੋਵਾਂ ਮੰਤਰੀ ਸਾਹਿਬਾਨ ਵੱਲੋਂ ਫਾਇਰ ਬ੍ਰਿਗੇਡ ਦਫ਼ਤਰ ਗੁਰਦਾਸਪੁਰ ਦਾ ਦੌਰਾ ਕਰਕੇ ਉਥੇ ਹੰਗਾਮੀ ਮੌਕੇ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਵੀ ਲਿਆ ਗਿਆ ਤੇ ਕੀਤੇ ਪ੍ਰਬੰਧਾਂ ਉੱਪਰ ਤਸੱਲੀ ਜ਼ਾਹਿਰ ਕੀਤੀ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਐਮਰਜੈਂਸੀ ਹਾਲਾਤਾਂ ਨਾਲ ਨਿਪਟਣ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਦੀ ਸੁਰੱਖਿਆ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜ਼ਿਲ੍ਹੇ ਵਿੱਚ ਰਾਤ ਸਮੇਂ ਬਲੈਕ-ਆਊਟ ਜਾਰੀ ਹੈ ਤੇ ਲੋਕਾਂ ਨੂੰ ਕਿਸੇ ਵੀ ਹੰਗਾਮੀ ਹਾਲਤ ਤੋਂ ਬਚਣ ਲਈ ਮੌਕ ਡਰਿੱਲ ਕਰਵਾਈ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਹੋਰ ਤਿਆਰੀਆਂ ਬਾਰੇ ਵਿਸਥਾਰ ਵਿੱਚ ਦੱਸਿਆ।

## ਭਾਰਤ-ਪਾਕਿ 'ਚ ਬਣੇ ਤਣਾਅ ਨਾਲ ਵਿਰਾਸਤੀ ਸਮਾਰਕਾਂ 'ਚ ਸੈਲਾਨੀਆਂ ਦੀ ਗਿਣਤੀ 80 ਫ਼ੀਸਦੀ ਘਟੀ

ਅੰਮ੍ਰਿਤਸਰ, 10 ਮਈ (ਚ.ਨ.ਸ): ਭਾਰਤ ਅਤੇ ਪਾਕਿਸਤਾਨ ਵਿਚਾਲੇ ਲਗਾਤਾਰ ਵੱਧ ਰਹੇ ਤਣਾਅ ਦੇ ਮੱਦੇਨਜ਼ਰ ਉਡਾਣਾ ਬੰਦ ਹੋਣ ਕਰਕੇ ਅਤੇ ਖ਼ੌਫ ਕਾਰਨ ਵਿਰਾਸਤੀ ਸਮਾਰਕਾਂ ਵਿਖੇ ਸੈਲਾਨੀਆਂ ਦੀਆਂ ਰੌਣਕਾਂ ਫਿੱਕੀਆਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਕਿਲ੍ਹਾ ਗੋਬਿੰਦਗੜ੍ਹ ਦੀ ਪ੍ਰਬੰਧਕੀ ਟੀਮ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੋਵਾਂ ਮੁਲਕਾਂ 'ਚ ਤਣਾਅ ਬਣਨ ਤੋਂ ਪਹਿਲਾਂ ਕਿਲ੍ਹਾ ਵੇਖਣ ਲਈ ਰੋਜ਼ਾਨਾ 1000 ਤੋਂ 1500 ਅਤੇ ਹਫ਼ਤਾਵਾਰੀ ਜਾਂ ਸਰਕਾਰੀ ਛੁੱਟੀ ਵਾਲੇ ਦਿਨਾਂ 'ਚ 2500 ਤੋਂ 3000 ਲੋਕ ਪਹੁੰਚਦੇ ਸਨ, ਜਦਕਿ ਹੁਣ ਪਿਛਲੇ ਦੋ-ਤਿੰਨ ਦਿਨਾਂ ਤੋਂ ਇੱਥੇ ਪਹੁੰਚਣ ਵਾਲੇ ਸੈਲਾਨੀਆਂ ਅਤੇ ਸਥਾਨਕ ਨਾਗਰਿਕਾਂ ਦੀ ਗਿਣਤੀ 'ਚ ਵੱਡੀ ਕਮੀ ਆਈ ਹੈ। ਜਦਕਿ ਰੋਜ਼ਾਨਾ ਭਾਰਤ-ਪਾਕਿ ਸਰਹੱਦ 'ਤੇ ਹੋਣ ਵਾਲੀ ਰਿਟਰੀਟ ਸੈਰਾਮਨੀ 'ਤੇ ਲਗਾਈ ਗਈ ਤਾਜ਼ਾ ਰੋਕ ਕਾਰਨ 'ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਤੇ ਮਿਊਜ਼ੀਅਮ' ਵਿਖੇ ਜਾਣ ਵਾਲੇ ਦਰਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਘਟ ਚੁੱਕੀ ਹੈ। ਪਾਰਟੀਸ਼ਨ ਮਿਊਜ਼ੀਅਮ 'ਚ ਰੋਜ਼ਾਨਾ ਲਗਭਗ 2000 ਤੋਂ ਵੱਧ ਲੋਕ ਆਉਂਦੇ ਹਨ ਅਤੇ ਹਫ਼ਤਾਵਾਰੀ ਛੁੱਟੀ ਦੌਰਾਨ ਇਹ ਗਿਣਤੀ 3000 ਤੋਂ ਵੀ ਵੱਧ ਜਾਂਦੀ ਸੀ, ਜਦਕਿ ਹੁਣ ਇਹ ਗਿਣਤੀ 100 ਤੱਕ ਸੀਮਿਤ ਹੋ ਕੇ ਰਹਿ ਗਈ ਹੈ। ਗੋਲਡਨ ਟੈਂਪਲ ਪਲਾਜ਼ਾ ਵਿਖੇ ਵੀ ਸ਼ਰਧਾਲੂ/ਵਿਜ਼ਟਰ ਪਹਿਲਾਂ ਦੇ ਮੁਕਾਬਲੇ ਘੱਟ ਗਿਣਤੀ 'ਚ ਪਹੁੰਚ ਰਹੇ ਹਨ। ਜਲ੍ਹਿਆਂਵਾਲਾ ਬਾਗ ਦੇ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਤਾਜ਼ਾ ਸਰਹੱਦੀ ਹਾਲਾਤਾਂ 'ਚ ਵਿਗਾੜ ਆਉਣ ਕਾਰਨ ਸ਼ਹੀਦੀ ਸਮਾਰਕ ਵਿਖੇ ਆਉਣ ਵਾਲੇ ਸੈਲਾਨੀਆਂ ਅਤੇ ਸਥਾਨਕ ਨਾਗਰਿਕਾਂ ਦੀ ਗਿਣਤੀ 'ਚ ਭਾਰੀ ਅੰਤਰ ਆਇਆ ਹੈ।

# ਸਿਨੇਮਾ ਹਾਲ, ਸ਼ਾਪਿੰਗ ਮਾਲ ਰਾਤ 8 ਵਜੇ ਤੋਂ ਸਵੇਰੇ 6 ਵਜੇ ਤੱਕ ਬੰਦ ਰੱਖਣ ਦੇ ਹੁਕਮ

ਡੇਰਾ ਬਾਬਾ ਨਾਨਕ, 10 ਮਈ (ਹੈਪੀ ਕੋਟਲੀ): ਮੌਜੂਦਾ ਹਾਲਾਤਾਂ ਤੇ ਪਾਕਿਸਤਾਨ ਤੋਂ ਸੰਭਾਵੀ ਹਵਾਈ ਹਮਲੇ ਦੇ ਖ਼ਤਰੇ ਦੇ ਸੰਕੇਤ ਦੇਣ ਵਾਲੇ ਖ਼ੁਫ਼ੀਆ ਜਾਣਕਾਰੀ ਦੇ ਮੱਦੇਨਜ਼ਰ, ਜਨਤਕ ਸੁਰੱਖਿਆ ਤੇ ਰਣਨੀਤਕ ਹਿੱਤਾਂ ਦੀ ਰਾਖੀ ਲਈ ਰਾਤ ਦੇ ਸਮੇਂ ਪੂਰੀ ਤਰ੍ਹਾਂ ਬਲੈਕ-ਆਊਟ ਦੀ ਲੋੜ ਹੋ ਸਕਦੀ ਹੈ। ਇਸ ਲਈ ਇਨਵਰਟਰ, ਜਨਰੇਟਰ ਤੇ ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ, ਸੋਲਰ ਲਾਈਟਾਂ ਆਦਿ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਦੀ ਵਰਤੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਿਸੇ ਵੀ ਅੱਤਵਾਦੀ/ਡਰੋਨ ਹਮਲੇ ਨੂੰ ਸੱਦਾ ਦੇ ਸਕਦੀ ਹੈ। ਭਾਰਤ ਤੇ ਪਾਕਿਸਤਾਨ ਵਿਚਕਾਰ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਆਮ ਲੋਕਾਂ ਦੀ ਸੁਰੱਖਿਆ ਤੇ ਜਾਨ-ਮਾਲ ਦੀ ਸੁਰੱਖਿਆ ਲਈ ਸਿਨੇਮਾਘਰਾਂ ਤੇ ਸ਼ਾਪਿੰਗ ਮਾਲ ਵਰਗੀਆਂ ਜਨਤਕ ਥਾਵਾਂ ਨੂੰ ਬੰਦ ਕਰਨਾ ਵੀ ਜ਼ਰੂਰੀ ਹੋ ਗਿਆ ਹੈ ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਖ਼ਤਰੇ ਤੋਂ ਬਚਿਆ ਜਾ ਸਕੇ। ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਦਲਵਿੰਦਰਜੀਤ ਸਿੰਘ, ਆਈ.ਏ.ਐੱਸ., ਜ਼ਿਲ੍ਹਾ ਮੈਜਿਸਟ੍ਰੇਟ, ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੇ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਅਗਲੇ ਹੁਕਮਾਂ ਤੱਕ ਇਨਵਰਟਰ, ਜਨਰੇਟਰ ਤੇ ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ ਆਦਿ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਦੀ ਵਰਤੋਂ ਅਤੇ ਬਲੈਕ-ਆਊਟ ਹੋਣ ਦੀ ਸਥਿਤੀ ਵਿੱਚ ਸੋਲਰ ਲਾਈਟਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ਹੁਕਮਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਾਰੇ ਸਿਨੇਮਾ ਹਾਲ, ਸ਼ਾਪਿੰਗ ਮਾਲ ਅਗਲੇ ਹੁਕਮਾਂ ਤੱਕ ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤੱਕ (ਰਾਤ 8:00 ਵਜੇ ਤੋਂ ਸਵੇਰੇ 6:00 ਵਜੇ ਤੱਕ) ਬੰਦ ਰਹਿਣਗੇ। ਖ਼ਾਸ ਤੌਰ 'ਤੇ ਸ਼ਾਮ ਦੇ ਸਮੇਂ ਦੌਰਾਨ ਪਟਾਕੇ ਅਤੇ ਲੰਬੀ ਬੀਮ ਲੇਜ਼ਰ/ਡੀਜੇ ਲਾਈਟਾਂ ਦੀ ਵਰਤੋਂ 'ਤੇ ਪਾਬੰਦੀ ਰਹੇਗੀ। ਸ਼ਾਮ ਦੇ ਸਮੇਂ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਜ਼ਰੂਰੀ ਨਾ ਹੋਵੇ, ਆਪਣੇ ਘਰ ਨਾ ਛੱਡਣ। ਜੇਕਰ ਕੋਈ ਸਾਇਰਨ/ਸਿਗਨਲ ਵੱਜਦਾ ਹੈ, ਤਾਂ ਜਨਤਾ ਨੂੰ ਸਮੇਂ-ਸਮੇਂ 'ਤੇ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਤੁਰੰਤ ਪਾਲਣਾ ਕਰਨੀ ਚਾਹੀਦੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਮਨਾਹੀ ਦਾ ਇਹ ਹੁਕਮ ਪੁਲਿਸ, ਪੈਰਾ-ਮਿਲਟਰੀ, ਹਵਾਈ ਸੈਨਾ, ਐੱਸ.ਪੀ.ਜੀ. ਕਰਮਚਾਰੀਆਂ ਤੇ ਸਮਰੱਥ ਸਰਕਾਰੀ ਅਥਾਰਟੀ ਦੁਆਰਾ ਅਧਿਕਾਰਤ ਵਿਅਕਤੀਆਂ ਸਮੇਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਹਸਪਤਾਲਾਂ ਤੇ ਐਮਰਜੈਂਸੀ ਸੇਵਾਵਾਂ ਆਦਿ 'ਤੇ ਲਾਗੂ ਨਹੀਂ ਹੋਵੇਗਾ।



## ਡਰੋਨ ਉਡਾਉ, ਲੇਜ਼ਰ ਲਾਈਟ, ਮਨੁੱਖ ਰਹਿਤ ਹਵਾਈ ਵਾਹਨ 'ਤੇ ਸਖ਼ਤ ਪਾਬੰਦੀ ਲਗਾਈ

ਗੁਰਦਾਸਪੁਰ, 10 ਮਈ (ਜਗੀਰ ਸਿੰਘ ਮੰਡ): ਹਿੰਦ-ਪਾਕਿ ਸਰਹੱਦ 'ਤੇ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਦੇਸ਼ ਭਰ ਵਿੱਚ ਤਣਾਅ ਦੀ ਸਥਿਤੀ ਪੈਦਾ ਹੋ ਗਈ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦਾ ਹੋਣ ਕਰਕੇ ਤੇ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਡਰੋਨ ਉਡਾਉਣ/ਲੇਜ਼ਰ ਲਾਈਟ/ਮਨੁੱਖ ਰਹਿਤ ਹਵਾਈ ਵਾਹਨ (ਯੂ.ਏ.ਵੀ.) ਚਲਾਉਣ 'ਤੇ ਮੁਕੰਮਲ ਪਾਬੰਦੀ ਲਗਾਉਣੀ ਜ਼ਰੂਰੀ ਹੈ। ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਅੰਦਰ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਰੋਨ ਉਡਾਉਣ/ਲੇਜ਼ਰ ਲਾਈਟ ਮਨੁੱਖ ਰਹਿਤ ਹਵਾਈ ਵਾਹਨ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ ਹੈ। ਮਨਾਹੀ ਦੇ ਇਹ ਹੁਕਮ 10 ਮਈ 2025 ਤੋਂ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ।



## ਚੇਅਰਮੈਨ ਬਹਿਲ ਵੱਲੋਂ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਦਾ ਦੌਰਾ

### ☛ਐਮਰਜੈਂਸੀ ਹਾਲਾਤਾਂ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲਿਆ

ਗੁਰਦਾਸਪੁਰ, 10 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਭਾਰਤ-ਪਾਕਿ ਸਰਹੱਦ ਉੱਪਰ ਬਣੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਿਹਤ ਵਿਭਾਗ ਵੱਲੋਂ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਜ਼ਿਲ੍ਹਾ ਹਸਪਤਾਲ ਬੱਬਰੀ (ਗੁਰਦਾਸਪੁਰ) ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਹਸਪਤਾਲ ਦੇ ਐਮਰਜੈਂਸੀ ਵਾਰਡ ਦਾ ਨਿਰੀਖਣ ਕਰਨ ਦੇ ਨਾਲ ਆਈਸੋਲੇਸ਼ਨ ਵਾਰਡ, ਜਨਰਲ ਵਾਰਡ, ਬਲੱਡ ਬੈਂਕ ਤੇ ਲੈਬਾਰਟਰੀ ਦਾ ਨਿਰੀਖਣ ਵੀ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਹਸਪਤਾਲ ਵਿੱਚ ਦਵਾਈਆਂ ਦੇ ਸਟਾਕ ਦੀ ਉਪਲਬਧਤਾ ਨੂੰ ਵੀ ਚੈੱਕ ਕੀਤਾ ਗਿਆ। ਇਸ ਮੌਕੇ ਚੇਅਰਮੈਨ



ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਇਸ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਸਮੇਤ ਜ਼ਿਲ੍ਹੇ ਦੇ ਸਾਰੇ ਹਸਪਤਾਲਾਂ ਵਿੱਚ ਵੀ ਐਮਰਜੈਂਸੀ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਾਰੇ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਰਾਊਂਡ ਦਾ ਕਲਾਕ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ।

# ਡੀ.ਸੀ. ਨੇ ਸਮਾਜ ਸੇਵੀ ਸੰਸਥਾਵਾਂ ਨੂੰ ਖ਼ੂਨ ਦਾਨ ਕਰਨ ਲਈ ਕੀਤਾ ਪ੍ਰੇਰਿਤ

ਗੁਰਦਾਸਪੁਰ, 10 ਮਈ (ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਅਤੇ ਹੋਰ ਲੋਕਾਂ ਨੂੰ ਵੀ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਮਹਾਨ ਦਾਨ ਹੈ ਅਤੇ ਖ਼ੂਨ ਦਾਨ ਕਰਕੇ ਦਿਨਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਜ ਸੇਵੀ ਸੰਸਥਾਵਾਂ ਅਤੇ ਬਲੱਡ ਡੋਨਰ ਸੁਸਾਇਟੀਆਂ ਦੇ ਸਹਿਯੋਗ ਨਾਲ ਜ਼ਿਲ੍ਹੇ



ਵਿੱਚ ਵਿਸ਼ੇਸ਼ ਖ਼ੂਨਦਾਨ ਕੈਂਪ ਲਗਾਏ ਜਾਣਗੇ ਤੇ ਪ੍ਰਸ਼ਾਸਨ ਨੂੰ ਇਨ੍ਹਾਂ ਕੈਂਪਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਦੇ ਸਾਥ ਦੀ ਬੇਹੱਦ ਲੋੜ ਹੈ। ਇਸ ਦੇ ਨਾਲ ਹੀ

ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਆਪਣੇ ਦਫ਼ਤਰ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਬਲੱਡ ਡੋਨਰ ਸੁਸਾਇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪ ਖ਼ੁਦ ਖ਼ੂਨ ਦਾਨ ਕਰਨ ਦੇ ਨਾਲ ਕਿਸੇ ਦੀ ਬੇਸ਼ਕੀਮਤੀ ਜਾਨ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਵਾਲੇ ਦਾਨੀਆਂ ਦੇ ਨਾਵਾਂ ਅਤੇ ਉਨ੍ਹਾਂ ਦੇ ਬਲੱਡ ਗਰੁੱਪ ਦੀ ਲਿਸਟ ਸਿਹਤ ਵਿਭਾਗ, ਬਲੱਡ ਬੈਂਕਾਂ ਵਿੱਚ ਸ਼ੇਅਰ ਕਰਨ ਦੇ ਨਾਲ ਡਿਪਟੀ ਕਮਿਸ਼ਨਰ ਦਫ਼ਤਰ ਵੀ ਦਿੱਤੀ ਜਾਵੇ ਤਾਂ ਜੋ ਲੋੜ ਪੈਣ 'ਤੇ ਦਾਨੀਆਂ ਨਾਲ ਰਾਬਤਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਆਉਂਦੇ ਉਨ੍ਹਾਂ ਆਮ ਸ਼ਹਿਰੀਆਂ ਨੂੰ ਵੀ ਖ਼ੂਨ ਦਾਨ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਅਤੇ ਬਲੱਡ ਡੋਨਰ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿੱਤਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਹਨ ਅਤੇ ਖ਼ੂਨਦਾਨ ਕੈਂਪਾਂ ਵਿੱਚ ਉਨ੍ਹਾਂ ਵੱਲੋਂ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇਗਾ।

# ਰਮਨ ਬਹਿਲ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਹੱਦੀ ਪਿੰਡ ਹਰਦੋਛੰਨੀ ਤੇ ਕਮਾਲਪੁਰ ਦਾ ਦੌਰਾ



ਗੁਰਦਾਸਪੁਰ, 10 ਮਈ (ਸੰਧੂ/ਬਸਰਾ): ਭਾਰਤ-ਪਾਕਿ ਸਰਹੱਦ 'ਤੇ ਬਣੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਹੱਦ ਨਾਲ ਲੱਗਦੇ ਪਿੰਡਾਂ ਹਰਦੋਛੰਨੀ ਤੇ ਕਮਾਲਪੁਰ ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੌਰਾਨ ਉਨ੍ਹਾਂ ਸਰਹੱਦੀ ਪਿੰਡਾਂ ਦੇ ਵਸਨੀਕਾਂ ਨਾਲ ਗੱਲਬਾਤ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਸਰਹੱਦੀ ਖੇਤਰ ਦੇ ਲੋਕਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਅੱਤਵਾਦ ਦੇ ਖ਼ਿਲਾਫ਼ ਇਸ ਲੜਾਈ ਵਿੱਚ ਪੂਰਾ ਦੇਸ਼ ਇਕਜੁੱਟ ਹੈ ਤੇ ਸਾਨੂੰ ਸਾਡੀ ਭਾਰਤੀ ਫ਼ੌਜ ਤੇ ਆਪਣੇ ਵੀਰ ਜਵਾਨਾਂ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ 140 ਕਰੋੜ ਦੇਸ਼ ਵਾਸੀ ਭਾਰਤੀ ਫ਼ੌਜ ਦੇ ਨਾਲ ਖੜ੍ਹੇ ਹਨ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਬਹਾਦਰ ਲੋਕ ਹਮੇਸ਼ਾ ਹੀ ਜਵਾਨਾਂ ਦੀ ਹਿੰਮਤ ਤੇ ਹੌਸਲੇ ਲਈ ਦੇਸ਼ ਦੀ ਫ਼ੌਜ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਇਸ ਯੁੱਧ ਦੀ ਸਥਿਤੀ ਮੌਕੇ ਵੀ ਸਰਹੱਦੀ ਖੇਤਰ ਦੇ ਵਾਸੀਆਂ ਦੇ ਜਜ਼ਬੇ ਨੂੰ ਸਲਾਮ ਹੈ, ਜੋ ਭਾਰਤੀ ਫ਼ੌਜ ਦਾ ਸਾਥ ਦੇਣ ਲਈ ਹਮੇਸ਼ਾ ਦੀ ਵਾਂਗ ਤਿਆਰ ਬਰ ਤਿਆਰ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਆਪਣੀਆਂ ਨਾ-ਪਾਕ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜੇ ਵੀ ਪਾਕਿਸਤਾਨ ਬਾਜ਼ ਨਾ ਆਇਆ ਤਾਂ ਭਾਰਤ ਵੱਲੋਂ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਸਰਹੱਦੀ ਪਿੰਡਾਂ ਦੇ ਲੋਕਾਂ ਨਾਲ ਗੱਲ ਕਰਦੇ ਹੋਏ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਸ ਤਣਾਅਪੂਰਨ ਸਥਿਤੀ ਵਿੱਚ ਸਰਹੱਦੀ ਖੇਤਰ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਾ ਆਵੇ। ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੀ ਕੈਬਨਿਟ ਦੇ ਸਾਥੀ ਮੰਤਰੀਆਂ ਦੀ ਡਿਊਟੀ ਸਰਹੱਦੀ ਜ਼ਿਲ੍ਹਿਆਂ ਵਿੱਚ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਮੰਤਰੀ ਸਾਹਿਬਾਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਤਿਆਰੀਆਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਜ਼ਰੂਰੀ ਵਸਤਾਂ ਦੀ ਉਪਲੱਬਧਤਾ ਹੋਣ ਦੇ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਾ ਆਵੇ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਉਹ ਆਪਣੇ ਲੋਕਾਂ ਦੇ ਹਮੇਸ਼ਾ ਨਾਲ ਹਨ ਤੇ ਕਿਸੇ ਵੀ ਤਰ੍ਹਾਂ ਦੀ ਲੋੜ ਪੈਣ 'ਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਦਿਨ-ਰਾਤ ਜਾਗਰੂਕ ਕਰਨ ਦੇ ਬਾਵਜੂਦ ਵੀ ਲੋਕ ਦੇ ਰਹੇ ਨੇ ਮੂਰਖਤਾ ਦਾ ਸਬੂਤ

ਭੋਗਪੁਰ, 10 ਮਈ (ਜੰਡੀਰ ਸੈਣੀ): ਪੁਲਿਸ, ਪ੍ਰਸ਼ਾਸਨ ਤੇ ਸਰਕਾਰ ਵੱਲੋਂ ਨਿਤ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਕਿ ਰਾਤ ਸਮੇ ਲਾਈਟਾਂ ਬੰਦ ਰੱਖੀਆਂ ਜਾਣ। ਕੈਮਰਾ ਹੋਵੇ ਜਾਂ ਕੇਬਲ ਤਾਰ ਕੋਈ ਵੀ ਬਿਜਲੀ ਦੀ ਚਮਕ ਨਜ਼ਰ ਨਹੀਂ ਆਉਣੀ ਚਾਹੀਦੀ। ਨਿਤ ਖਬਰਾਂ ਲਗਾਈਆਂ ਜਾ ਰਹੀਆਂ ਹਨ, ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਪਰ ਕੁਝ ਲੋਕ ਆਪਣੀ ਮੂਰਖਤਾ ਦਾ ਸਬੂਤ ਦਿੰਦੇ ਹੋਏ ਨਜ਼ਰ ਆਉਂਦੇ ਹਨ। ਬਹੁਤ ਸਾਰੇ ਘਰਾਂ ਦੀਆਂ ਲਾਈਟਾਂ 10 ਵਜੇ ਤੋਂ ਬਾਅਦ ਉਨ੍ਹਾਂ ਦੀਆਂ ਆਵਾਜ਼ਾਂ ਮਾਰ ਕੇ ਬੰਦ ਕਰਵਾਈਆਂ ਗਈਆਂ। ਬਾਹਰ ਕੈਮਰੇ ਦੀਆਂ ਜੱਗ ਰਹੀਆਂ ਲਾਈਟਾਂ ਵੀ ਬੰਦ ਕਰਵਾਈਆਂ ਗਈਆਂ। ਇੱਥੇ ਹੀ ਬਸ ਨਹੀਂ ਭੋਗਪੁਰ ਮੰਦਰ ਵਾਲੀ ਗਲੀ ਨਾਲ ਚੋਬਾਰੇ 'ਤੇ ਰਹਿ ਰਹੇ ਕਿਰਾਏਦਾਰ ਭਈਏ ਤਕਰੀਬਨ 11 ਵਜੇ ਜੱਗਦੀਆਂ ਟਾਰਚਾਂ ਉੱਪਰ ਨੂੰ ਮਾਰਦੇ ਦੇਖੇ ਗਏ। ਨਜ਼ਦੀਕ ਲੋਕਾਂ ਨੇ ਪੱਤਰਕਾਰ ਜੰਡੀਰ ਸੈਣੀ ਨੂੰ ਫੋਨ ਕਰਕੇ ਦੱਸਿਆ ਤਾਂ ਉਨ੍ਹਾਂ ਭਈਆਂ ਜੱਗਦੀਆਂ ਟਾਰਚਾਂ ਬੰਦ ਕਰਵਾਈਆਂ ਗਈਆਂ ਤੇ ਦਿਨ ਚੜ੍ਹਦੇ ਪੁਲਿਸ ਅਧਿਕਾਰੀਆਂ ਨੂੰ ਵੀ ਦੱਸਿਆ ਗਿਆ ਕਿ ਇਹੋ ਜਿਹੇ ਮੂਰਖ ਲੋਕਾਂ ਨੂੰ ਸਮਝਾਇਆ ਜਾਵੇ, ਕਿਉਂਕਿ ਕੁਝ ਲੋਕ ਇਸ ਮਾਹੌਲ ਨੂੰ ਸੀਰੀਅਸ ਨਹੀਂ ਲੈ ਰਹੇ, ਜਦ ਕਿ ਰਾਤ ਦੇ ਟਾਈਮ ਭੋਗਪੁਰ ਵਿੱਚ ਧਮਾਕੇ ਹੁੰਦੇ ਹੋਏ ਵੀ ਨਜ਼ਰ ਆਏ ਹਨ।

## ਪਿੰਡ ਕਰੇਸ਼ੀਆ 'ਚ ਹੋਇਆ ਜ਼ੋਰਦਾਰ ਧਮਾਕਾ, ਲੋਕਾਂ 'ਚ ਦਹਿਸ਼ਤ ਦਾ ਮਾਹੌਲ

ਭੋਗਪੁਰ, 10 ਮਈ (ਜੰਡੀਰ ਸੈਣੀ): ਜ਼ਿਲ੍ਹਾ ਜਲੰਧਰ ਹਲਕਾ ਆਦਮਪੁਰ ਭੋਗਪੁਰ ਨਜ਼ਦੀਕ ਪਿੰਡ ਕਰੇਸ਼ੀਆ ਵਿੱਚ ਰਾਤ ਤਕਰੀਬਨ 1:40 'ਤੇ ਜ਼ੋਰਦਾਰ ਧਮਾਕਾ ਹੋਇਆ।



ਪਾਕਿਸਤਾਨ ਵੱਲੋਂ ਜਲੰਧਰ ਵਿੱਚ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਰੋਜ਼ਾਨਾ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਰਾਤ ਸਮੇਂ ਲਾਈਟਾਂ ਬੰਦ ਰੱਖੀਆਂ ਜਾਣ। ਕੋਈ ਵੀ ਡਰੋਨ ਵਰਗੀ ਵਸਤੂ ਨਜ਼ਰ ਆਉਂਦੀ ਹੈ ਤਾਂ ਤੁਰੰਤ ਨਜ਼ਦੀਕ ਥਾਣਾ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਜਾਂ ਫਿਰ ਜ਼ਿਲ੍ਹਾ ਪ੍ਰਸ਼ਾਸਨ ਨੂੰ 112 'ਤੇ ਕੰਟਰੋਲ ਰੂਮ 01812224417 'ਤੇ ਕਾਲ ਕੀਤੀ ਜਾਵੇ। ਇਸ ਦੇ ਸਬੰਧ ਵਿੱਚ ਥਾਣਾ ਮੁਖੀ ਭੋਗਪੁਰ ਰਵਿੰਦਰ ਪਾਲ ਸਿੰਘ ਨਾਲ ਮੋਬਾਈਲ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਜ਼ਰੂਰੀ ਕੰਮ ਲਈ ਕੀਤੇ ਬਾਹਰ ਹਨ। ਲੋਕ ਪੁਲਿਸ ਦਾ ਸਾਥ ਦੇਣ ਡਰੋਨ ਵਰਗੀ ਕੋਈ ਵੀ ਵਸਤੂ ਨੂੰ ਹੱਥ ਨਾ ਲਗਾਇਆ ਜਾਵੇ ਤੇ ਤੁਰੰਤ ਕੋਈ ਵੀ ਚੀਜ਼ ਨਜ਼ਰ ਆਉਂਦੀ ਹੈ ਤਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

## ਚੇਅਰਮੈਨ ਦੀ ਪ੍ਰੇਰਨਾ ਸਦਕਾ ਪੁਰਾਣੇ ਸਿਵਲ ਹਸਪਤਾਲ 'ਚ ਲਗਾਇਆ ਖ਼ੂਨਦਾਨ ਕੈਂਪ

ਗੁਰਦਾਸਪੁਰ, 10 ਮਈ (ਜਸਵਿੰਦਰ ਸਿੰਘ) : ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ



ਦੀ ਪ੍ਰੇਰਨਾ ਤੇ ਯਤਨਾਂ ਸਦਕਾ ਅੱਜ ਪੁਰਾਣੇ ਸਿਵਲ ਹਸਪਤਾਲ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਕਿਉਂਕਿ ਖ਼ੂਨਦਾਨ ਮਹਾਂਦਾਨ ਹੈ ਤੇ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖ਼ੂਨ ਦੀ ਇੱਕ-ਇੱਕ ਬੂੰਦ ਕੀਮਤੀ ਹੈ, ਜੋ ਕਿਸੇ ਵੀ ਮਰਦੇ ਹੋਏ ਵਿਅਕਤੀ ਨੂੰ ਜੀਵਨ ਦਾਨ ਦੇ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ, ਬਲਕਿ ਮਨ ਨੂੰ ਇੱਕ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਇਹ ਦਾਨ ਕਰਕੇ ਇਕ ਕੀਮਤੀ ਜਾਨ ਬਚਾਉਣ ਵਿੱਚ ਆਪਣਾ ਯੋਗਦਾਨ ਪਾ ਸਕੇ ਹਾਂ। ਉਨ੍ਹਾਂ ਆਮ ਲੋਕਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਖ਼ੂਨ ਦਾਨ ਕਰਨ ਲਈ ਅੱਗੇ ਆਉਣ। ਇਸ ਮੌਕੇ ਚੇਅਰਮੈਨ ਰਮਨ ਬਹਿਲ ਵੱਲੋਂ ਖ਼ੂਨ ਦਾਨ ਕਰਨ ਵਾਲੇ ਵਿਅਕਤੀਆਂ ਦੀ ਹੌਂਸਲਾ ਅਫ਼ਜ਼ਾਈ ਵੀ ਕੀਤੀ ਗਈ।

# ਪਾਣੀਆਂ ਦੇ ਮਾਮਲੇ ਨੂੰ ਲੈ ਕੇ 'ਆਪ' ਵਰਕਰਾਂ ਵੱਲੋਂ ਲੋਹੰਡ ਖੱਡ ਗੇਟਾਂ 'ਤੇ ਰੋਸ ਧਰਨਾ ਜਾਰੀ

ਸ੍ਰੀ ਕੀਰਤਪੁਰ ਸਾਹਿਬ, 10 ਮਈ (ਬੀ.ਐੱਸ. ਰਾਣਾ): ਕੇਂਦਰ ਸਰਕਾਰ ਤੇ ਬੀਬੀਐੱਮਬੀ ਪ੍ਰਸ਼ਾਸਨ ਵੱਲੋਂ ਹਰਿਆਣਾ ਸੂਬੇ ਨੂੰ ਵਾਧੂ ਪਾਣੀ ਦੇਣ ਸਬੰਧੀ ਦਿੱਤੀ ਸਹਿਮਤੀ ਤੋਂ ਬਾਅਦ ਜਿੱਥੇ ਪੰਜਾਬ ਸਰਕਾਰ ਤੇ ਪੰਜਾਬ ਨਾਲ ਸਬੰਧਤ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਹੈ, ਉੱਥੇ ਹੀ ਕੇਂਦਰ ਸਰਕਾਰ ਦੀ ਸ਼ਹਿ 'ਤੇ ਬੀਬੀਐੱਮਬੀ ਵੱਲੋਂ ਲਏ ਗਏ ਫੈਸਲੇ ਦੇ ਵਿਰੋਧ ਵਿੱਚ ਆਪ ਵਰਕਰਾਂ ਵੱਲੋਂ ਮੁੱਖ ਮੰਤਰੀ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਹੰਡ ਖੱਡ ਗੇਟਾਂ ਦੇ ਨਜ਼ਦੀਕ ਰੋਸ ਧਰਨਾ ਜਾਰੀ ਹੈ। ਅੱਜ ਜ਼ਿਲ੍ਹਾ ਮਾਨਸਾ ਦੀ ਟੀਮ ਤੋਂ ਇਲਾਵਾ ਅਮਰਜੀਤ ਸਿੰਘ ਸੰਦੋਆ ਸਾਬਕਾ ਵਿਧਾਇਕ ਆਪਣੇ ਸਾਥੀਆਂ ਸਮੇਤ ਧਰਨੇ ਵਿੱਚ ਸ਼ਾਮਲ ਹੋਏ। ਇਸ ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਅਮਰਜੀਤ ਸਿੰਘ ਸੰਦੋਆ, ਨਰਿੰਦਰ ਸ਼ੇਰਗਿੱਲ, ਚੇਅਰਮੈਨ ਕਮਿੱਕਰ ਸਿੰਘ ਢਾਡੀ, ਰਾਮ ਕੁਮਾਰ ਮੁਕਾਰੀ ਚੇਅਰਮੈਨ ਇੰਪਰੂਵਮੈਂਟ ਟਰੱਸਟ ਨੰਗਲ ਆਦਿ ਨੇ ਕਿਹਾ ਕਿ ਪੰਜਾਬ ਦੀ ਸਹਿਮਤੀ 'ਤੇ



ਬੀਬੀਐੱਮਬੀ ਵੱਲੋਂ ਪਹਿਲਾਂ ਹੀ ਹਰਿਆਣਾ ਤੇ ਰਾਜਸਥਾਨ ਨੂੰ ਨਿਰਧਾਰਤ ਕੋਟੇ ਤੋਂ ਵਾਧੂ ਪਾਣੀ ਦਿੱਤਾ ਜਾ ਰਿਹਾ। ਇਸ ਸਮੇਂ ਹਰਿਆਣਾ ਤੇ ਰਾਜਸਥਾਨ ਆਪਣੇ ਕੋਟੇ ਦਾ ਪਾਣੀ ਵਰਤ ਚੁੱਕਾ ਹੈ। ਹੁਣ ਹਰਿਆਣਾ ਵੱਲੋਂ 8500 ਕਿਊਸਿਕ ਪਾਣੀ ਦੀ ਮੰਗ ਕੀਤੀ ਜਾ ਰਹੀ ਹੈ ਜੋ ਕਿ ਜਾਇਜ਼ ਨਹੀਂ ਹੈ ਪਰ ਕੇਂਦਰ ਸਰਕਾਰ ਸ਼ਹਿ ਉੱਪਰ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਪਾਣੀ ਦੇਣ ਦੀ ਸਹਿਮਤੀ ਭਰੀ ਗਈ ਹੈ, ਜਦਕਿ ਪੰਜਾਬ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਨੂੰ ਵਾਧੂ ਪਾਣੀ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀਂ ਹੈ। ਜਿਸ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਪਹਿਲਾਂ ਹੀ ਨੰਗਲ ਡੈਮ 'ਤੇ ਆ ਕੇ ਆਪਣੀ ਨੀਤੀ ਸਪੱਸ਼ਟ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਪਹਿਲਾਂ ਹੀ ਲੈ ਚੁੱਕਿਆ ਹੈ, ਤੇ ਇਸ ਸਮੇਂ ਵੀ ਹਰਿਆਣਾ ਨੂੰ 4 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਹੁਣ ਅਗਰ ਬੀਬੀਐੱਮਬੀ ਪ੍ਰਸ਼ਾਸਨ ਵੱਲੋਂ ਕੇਂਦਰ ਸਰਕਾਰ ਦੇ ਦਬਾਅ ਹੇਠ ਹਰਿਆਣੇ ਨੂੰ ਵਾਧੂ ਪਾਣੀ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਇਸ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪਾਣੀਆਂ ਦੀ ਰਾਖੀ ਲਈ ਉਹ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਹਮੇਸ਼ਾ ਹੀ ਪੰਜਾਬ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਕਿਉਂਕਿ ਪੰਜਾਬੀਆਂ ਨੇ ਪੰਜਾਬ ਵਿੱਚ ਬੀਜੇਪੀ ਨੂੰ ਕਦੇ ਮੂੰਹ ਨਹੀਂ ਲਗਾਇਆ, ਜਿਸ ਕਾਰਨ ਉਸ ਨੂੰ ਹਮੇਸ਼ਾ ਪੰਜਾਬ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਜਿਸ ਕਾਰਨ ਕੇਂਦਰ ਸਰਕਾਰ ਵਿੱਚ ਬੈਠੇ ਭਾਜਪਾ ਦੇ ਆਗੂ ਪੰਜਾਬ ਨਾਲ ਰੰਜਿਸ਼ ਰੱਖਦੇ ਹਨ। ਇਸ ਮੌਕੇ ਬੁਲਾਰਿਆਂ ਨੇ ਦੱਸਿਆ ਕਿ ਇਹ ਰੋਸ ਧਰਨਾ 20 ਮਈ ਤੱਕ ਜਾਰੀ ਰਹੇਗਾ। ਇਸ ਮੌਕੇ ਰੋਸ ਧਰਨੇ ਵਿੱਚ ਗਫੂਰ ਮੁਹੰਮਦ ਜਨਰਲ ਸਕੱਤਰ ਘੱਟ ਗਿਣਤੀ ਸੈੱਲ ,ਪਰਮਿੰਦਰ ਸਿੰਘ ਜਿੰਮੀ ਯੂਥ ਆਗੂ, ਕੇਸਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਅਰੋੜਾ, ਯੂਨਿਸ ਖਾਨ, ਜੁਝਾਰ ਸਿੰਘ ਮੁਲਤਾਨੀ, ਕੁਲਵਿੰਦਰ ਕੌਸ਼ਲ, ਕਰਤਾਰ ਸਿੰਘ ਕੁਲਵੰਤ ਸਿੰਘ ਬਲਾਕ ਪ੍ਰਧਾਨ, ਦਰਸ਼ਨ ਸਿੰਘ ਅਟਾਰੀ ਆਦਿ ਸਮੇਤ ਭਾਰੀ ਤਦਾਦ ਵਿੱਚ ਆਪ ਵਰਕਰ ਹਾਜ਼ਰ ਸਨ।


## ਸਮੂਹ ਦੇਸ਼ ਵਾਸੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ : ਅਮਰਜੀਤ ਸਿੰਘ ਚਾਹਲ

ਧਾਰੀਵਾਲ, 10 ਮਈ (ਅਸ਼ੋਕ ਕੁਮਾਰ): ਮੈਂ ਅਮਰਜੀਤ ਸਿੰਘ ਚਾਹਲ ਡਾਇਰੈਕਟਰ ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟ ਧਾਰੀਵਾਲ ਸਮੂਹ ਦੇਸ਼ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅਪੂਰਨ ਮਾਹੌਲ



ਕਾਰਨ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਜ਼ਰੂਰ ਕੀਤੀ ਜਾਵੇ। ਇਨ੍ਹਾਂ ਹਦਾਇਤਾਂ ਵਿੱਚ ਜਿਵੇਂ ਕਿ ਬਲੈਕ ਆਊਟ ਨੂੰ ਪੂਰਨ ਤੌਰ 'ਤੇ ਸਮਰਥਨ ਦਿੱਤਾ ਜਾਵੇ। ਆਪਣੇ ਫੋਨਾਂ ਰਾਹੀਂ ਸੋਸ਼ਲ ਮੀਡੀਆ 'ਤੇ ਗਲਤ ਅਫਵਾਵਾਂ ਨਾ ਫੈਲਾਈਆਂ ਜਾਣ। ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰਕੇ ਵਧੀਆ ਨਾਗਰਿਕ ਹੋਣ ਦਾ ਪ੍ਰਮਾਣ ਦਿਓ। ਸਮੂਹ ਵਿਦਿਆਰਥੀਆਂ ਨੂੰ ਅਪੀਲ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਆਪਣਾ ਸਮਾਂ ਬਰਬਾਦ ਨਾ ਕਰਨ ਸਗੋਂ ਘਰ ਬੈਠ ਕੇ ਆਪਣੀਆਂ ਆਨਲਾਈਨ ਕਲਾਸਾਂ ਅਟੈਂਡ ਕਰਨ ਤਾਂ ਜੋ ਉਨ੍ਹਾਂ ਦੀ ਸਿੱਖਿਆ ਦਾ ਨੁਕਸਾਨ ਨਾ ਹੋਵੇ। ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਹੈ ਕਿ ਉਹ ਇਸ ਤਣਾਅਪੂਰਨ ਮਾਹੌਲ ਵਿੱਚ ਆਪਣੇ ਬੱਚਿਆਂ ਦੀ ਪੂਰਨ ਸੰਭਾਲ ਕਰਨ ਤੇ ਉਨ੍ਹਾਂ ਦੀ ਵਿੱਦਿਆ ਨੂੰ ਜਾਰੀ ਰੱਖਣ ਲਈ ਅਧਿਆਪਕਾਂ ਦਾ ਪੂਰਨ ਸਹਿਯੋਗ ਦੇਣ।

# ਦੇਸ਼ ਭਗਤੀ ਜਾਗਰੂਕਤਾ ਸੈਮੀਨਾਰ




ਸ਼ਹੀਦ ਭਗਤ ਸਿੰਘ ਨਗਰ, 10 ਮਈ (ਸੁਖਦੇਵ ਸਿੰਘ ਉੜਾਪੜ): ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੁਝ ਸਵੈ-ਇੱਛੁਕ ਸਮਾਜ ਸੇਵਕਾਂ ਨੇ ਯੁੱਧ ਆਫ਼ਤ ਪ੍ਰਬੰਧਨ ਨੂੰ ਮਜ਼ਬੂਤ ਕਰਨ ਲਈ ਇੱਕ ਦੇਸ਼ ਪ੍ਰੇਮ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ। ਸੈਮੀਨਾਰ ਵਿੱਚ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਸਮੇਤ ਸੈਮੀਨਾਰ ਕਨਵੀਨਰ ਅਸ਼ਵਨੀ ਜੋਸ਼ੀ ਤੇ ਪ੍ਰੋਫੈਸਰ ਜੀ.ਐੱਸ.ਸੰਧੂ, ਗੁਰਚਰਨ ਅਰੋੜਾ, ਕੌਂਸਲਰ ਕੁਲਵੰਤ ਕੌਰ, ਬਹਾਦਰ ਚੰਦ ਅਰੋੜਾ, ਇੰਦਰਪਾਲ ਢੱਲ, ਵਾਸੂਦੇਵ ਪ੍ਰਦੇਸੀ, ਅਰੁਣਾ ਸ਼ਰਮਾ ਨੇ ਮੁੱਖ ਭੂਮਿਕਾਵਾਂ ਨਿਭਾਈਆਂ। ਇਸ ਸੈਮੀਨਾਰ ਵਿੱਚ ਨਵਾਂਸ਼ਹਿਰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਵੀ ਇੱਕ ਵਲੰਟੀਅਰ ਵਜੋਂ ਸ਼ਾਮਲ ਹੋਏ ਤੇ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਸੈਮੀਨਾਰ ਵਿੱਚ ਆਯੂਸ਼ ਵਿਭਾਗ ਦੇ ਡਾ. ਸ਼ੁਭ ਕਾਮਨਾ, ਕੌਂਸਲਰ ਕੁਲਵੰਤ ਕੌਰ, ਜੈਦੇਵ ਗੋਗਾ, ਅਰੁਣਾ ਸ਼ਰਮਾ, ਮੋਹਿਤ ਢੱਲ, ਲਲਿਤ ਓਗੀ, ਸੁਖਵਿੰਦਰ ਸਿੰਘ ਤੂਰ, ਗੁਰਜੀਤ ਸਿੰਘ ਤੂਰ, ਪਰਵਿੰਦਰ ਬੱਤਰਾ, ਦੀਪਕ ਕੁਮਾਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਕਨਵੀਨਰ ਅਸ਼ਵਨੀ ਜੋਸ਼ੀ ਜੋ ਕਿ ਨੇਵੀ ਵੈਟਰਨ ਵੀ ਹਨ, ਨੇ ਯੁੱਧ ਆਫ਼ਤ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਕਿਹਾ ਕਿ ਆਫ਼ਤ ਪ੍ਰਬੰਧਨ ਦੀ ਤਿਆਰੀ ਜੰਗ ਦੌਰਾਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਜਿਸ ਵਿੱਚ ਪ੍ਰਭਾਵਿਤ ਆਬਾਦੀ ਦੀਆਂ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜਵਾਬ ਦੇਣਾ ਵੀ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਪ੍ਰਤੀਕਿਰਿਆ ਦੌਰਾਨ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨਾ ਹੈ, ਜਿਵੇਂ ਕਿ ਭੋਜਨ, ਅਸਥਾਈ ਆਸਰਾ ਤੇ ਡਾਕਟਰੀ ਦੇਖਭਾਲ। ਨਾਗਰਿਕਾਂ ਖਾਸ ਕਰਕੇ ਕਮਜ਼ੋਰ ਸਮੂਹਾਂ ਜਿਵੇਂ ਕਿ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ। ਸਰਕਾਰੀ ਏਜੰਸੀਆਂ, ਗੈਰ-ਸਰਕਾਰੀ ਸੰਗਠਨਾਂ ਤੇ ਅੰਤਰਰਾਸ਼ਟਰੀ ਸੰਗਠਨਾਂ ਸਮੇਤ ਵੱਖ-ਵੱਖ ਹਿੱਸੇਦਾਰਾਂ ਨਾਲ ਤਾਲਮੇਲ ਬਣਾਉਣਾ।

# ਰੇਲਵੇ ਸੜਕ 'ਤੇ ਪੌਣੇ ਨੌਂ ਕਰੋੜ ਦੀ ਲਾਗਤ ਨਾਲ ਵਾਟਰ ਸਪਲਾਈ ਦਾ ਕੰਮ ਆਰੰਭ ਹੋਇਆ : ਲਲਿਤ ਮੋਹਨ ਪਾਠਕ

ਨਵਾਂਸ਼ਹਿਰ, 10 ਮਈ (ਸੁਖਦੇਵ ਸਿੰਘ ਉੜਾਪੜ): ਨਗਰ ਕੌਂਸਲ ਨਵਾਂ ਸ਼ਹਿਰ ਦੇ ਪ੍ਰਧਾਨ ਬਲਵਿੰਦਰ ਕੌਰ ਦੀ ਰਹਿਨੁਮਾਈ ਹੇਠ ਰੇਲਵੇ ਸੜਕ 'ਤੇ ਵਾਟਰ ਸਪਲਾਈ ਪਾਈਪਾਂ ਪਾਉਣ ਦੇ ਕੰਮ ਆਰੰਭ ਕਰਨ ਦਾ ਉਦਘਾਟਨ ਲਲਿਤ ਮੋਹਨ ਪਾਠਕ ਆਪ ਦੇ ਹਲਕਾ ਇੰਚਾਰਜ ਨਵਾਂਸ਼ਹਿਰ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸ਼ਹਿਰੀ ਲੋਕਾਂ ਤੇ ਦੁਕਾਨਦਾਰਾਂ ਨੇ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਤੁਹਾਡੇ ਨਾਲ ਨਗਰ ਕੌਂਸਲ ਪ੍ਰਧਾਨ ਬਣਨ 'ਤੇ ਵਾਅਦਾ ਕੀਤਾ ਸੀ ਕਿ ਅਸੀਂ ਸਭ ਤੋਂ ਪਹਿਲਾਂ ਰੇਲਵੇ ਰੋਡ ਸੜਕ ਸੜਕ ਦਾ ਨਿਰਮਾਣ ਆਰੰਭ ਕਰਾਂਗੇ। ਉਹ ਵਾਅਦਾ ਪੂਰਾ ਕਰਦਿਆਂ ਸਭ ਤੋਂ ਪਹਿਲਾਂ ਸੜਕ ਦੇ ਦੋਵੇਂ ਪਾਸਿਆਂ 'ਤੇ ਵਾਟਰ ਸਪਲਾਈ ਪਾਈਪ ਲਾਈਨਾਂ ਵਿਛਾਈਆਂ ਜਾਣ ਦਾ ਕੰਮ ਆਰੰਭ ਕੀਤਾ ਗਿਆ। ਨਵ-ਨਿਯੁਕਤ ਪ੍ਰਧਾਨ ਬਲਵਿੰਦਰ ਕੌਰ ਦੀ ਰਹਿਨੁਮਾਈ ਹੇਠ ਆਰੰਭ ਕੀਤਾ ਗਿਆ।



ਉਨ੍ਹਾਂ ਕਿਹਾ ਕਿ ਇਸ ਕੰਮ 'ਤੇ ਪੌਣੇ ਨੌਂ ਕਰੋੜ ਰੁਪਏ ਦੀ ਲਾਗਤ ਆਵੇਗੀ। ਪੱਤਰਕਾਰਾਂ ਦੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇਹ ਸੜਕ ਰੇਲਵੇ ਰੋਡ ਤੋਂ ਨਹਿਰੂ ਗੇਟ ਤੋਂ ਲੈ ਕੇ ਕਰਿਆਮ ਰੋਡ ਫਾਟਕ ਤੱਕ ਲੋਕਾਂ ਦੀ ਮੰਗ ਤਹਿਤ ਕੰਕਰੀਟ ਵਾਲੀ ਬਣਾਈ ਜਾਵੇਗੀ। ਇਸ ਕੰਮ ਦੇ ਨਿਰਮਾਣ ਲਈ ਘੱਟੋ-ਘੱਟ ਦੋ-ਤਿੰਨ ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਦੁਕਾਨਦਾਰਾਂ ਨੂੰ ਮੇਰੀ ਅਪੀਲ ਹੈ ਕਿ ਉਹ ਵਾਟਰ ਸਪਲਾਈ ਦੇ ਕਨੈਕਸ਼ਨ ਜ਼ਰੂਰ ਲੈਣ। ਸੜਕ ਬਣਨ 'ਤੇ ਪੰਜ ਤੱਕ ਕੋਈ ਪੱਟ-ਪੁਟਾਈਆਂ ਦਾ ਕੰਮ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਰਣਜੀਤ ਸਿੰਘ ਐੱਸ.ਡੀ.ਓ., ਮੁਖ਼ਤਿਆਰ ਸਿੰਘ ਜੇ.ਈ. ਸੀਵਰੇਜ ਵਿਭਾਗ, ਚੇਅਰਮੈਨ ਗਗਨ ਅਹੋਤਰੀ ਮਾਰਕੀਟ ਕਮੇਟੀ, ਚਿੰਟੂ ਅਰੋੜਾ ਪ੍ਰਧਾਨ ਵਪਾਰ ਮੰਡਲ, ਰਮਨ ਕੁਮਾਰ ਉਮਟ, ਰਾਜਦੀਪ ਸ਼ਰਮਾ, ਵਿਨੋਦ ਪਿੰਕਾ ਤੇ ਮਹਿੰਦਰ ਸਿੰਘ ਸਾਬਕਾ ਐੱਮ.ਸੀ., ਮਨਮੋਹਨ ਸਿੰਘ ਗੁਲਾਟੀ, ਕਰਨ ਦੱਤਾ, ਮੰਗਲ ਸਿੰਘ ਦੁਰਗਾਪੁਰ, ਬਲਵਿੰਦਰ ਕੁਮਾਰ ਨੰਬਰਦਾਰ, ਗੁਰਦੀਪ ਸਿੰਘ ਹਫਾਜਾਵਾਦੀ ਆਦਿ ਹਾਜ਼ਰ ਸਨ।

## ਦੀ ਭੱਦਕ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਅੰਤਰਰਾਸ਼ਟਰੀ ਸਾਲ ਕੋ-ਆਪਰੇਟਿਵ-2025 ਤਹਿਤ ਸੈਮੀਨਾਰ

ਰਾਜਪੁਰਾ, 10 ਮਈ (ਸੰਜੀਵ ਕੁਮਾਰ): ਪਿੰਡ ਭੱਦਕ ਵਿਖੇ ਦੀ ਭਦਕ ਬਹੁ ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਡ ਦੀ ਪ੍ਰਬੰਧਕ ਕਮੇਟੀ ਦੇ ਅਨਿਲ ਕੁਮਾਰ ਨੀਲਪੁਰ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਸਾਲ ਕੋ-ਆਪਰੇਟਿਵ-2025 ਤਹਿਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਉਤੇ ਏ.ਆਰ ਈਸਾ ਸ਼ਰਮਾ, ਇੰਸਪੈਕਟਰ ਖੁਸ਼ਹਾਲ ਸਿੰਘ, ਵਿਪਨ ਗਾਬਾ, ਸਰਬਜੀਤ ਸਿੰਘ, ਸਮਾਇਲੀ ਬਾਂਸਲ, ਗੁਰਦੀਪ ਕੌਰ ਨੇ ਸ਼ਿਰਕਤ ਕੀਤੀ। ਇਸ ਮੌਕੇ ਨੇੜਲੇ ਪਿੰਡਾਂ ਦੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਏਆਰ ਈਸਾ ਸ਼ਰਮਾ ਨੇ ਕਿਹਾ ਕਿ ਸਾਨੂੰ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿੱਚੋਂ ਨਿਕਲ ਕੇ ਦਾਲਾਂ, ਸਬਜ਼ੀਆਂ ਅਤੇ ਹੋਰਨਾਂ ਫਸਲਾਂ ਦੀ ਖੇਤੀ ਕਰਨੀ ਚਾਹੀਦੀ ਹੈ। ਇਸ ਨਾਲ ਜਿੱਥੇ ਇੱਕ ਪਾਸੇ ਧਰਤੀ ਵਿੱਚੋਂ ਪਾਣੀ ਬਚੇਗਾ ਤੇ ਉਸ ਦੇ ਨਾਲ ਹੀ ਕਿਸਾਨਾਂ ਦੀ ਫਸਲ ਦੀ ਪੈਦਾਵਾਰ ਵਧਣ ਦੇ ਨਾਲ ਨਾਲ ਕਿਸਾਨ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਨਿਕਲਣਗੇ। ਸੈਮੀਨਾਰ ਤੋਂ ਉਪਰੰਤ ਏਆਰ ਈਸਾ ਸ਼ਰਮਾ ਵੱਲੋਂ ਸੁਸਾਇਟੀ ਦੇ ਪ੍ਰਧਾਨ ਅਨਿਲ ਕੁਮਾਰ ਨੀਲਪੁਰ ਤੇ ਸਮੂਹ ਸਟਾਫ ਦੇ ਨਾਲ ਕੋਆਪਰੇਟਿਵ ਸੁਸਾਇਟੀ ਦੇ ਅਹਾਤੇ ਤੇ ਪਿੰਡ 'ਚ ਵੱਖ-ਵੱਖ ਕਿਸਮ ਦੇ ਪੌਦੇ ਲਗਾਏ ਗਏ। ਇਸ ਮੌਕੇ ਸਹਿਕਾਰੀ ਸਭਾ ਦੇ ਡਾਇਰੈਕਟਰ ਅਮਰਜੀਤ ਸਿੰਘ ਭੱਦਕ, ਅਵਤਾਰ ਸਿੰਘ ਭੱਦਕ, ਉਜਾਗਰ ਸਿੰਘ ਖੈਰਪੁਰ ਜੱਟਾਂ, ਗੁਰਮੀਤ ਸਿੰਘ ਮਹਿਮਾ, ਹਰਵਿੰਦਰ ਸਿੰਘ ਨੀਲਪੁਰ, ਈਸ਼ਵਰ ਸ਼ਰਮਾ ਗਾਜ਼ੀਪੁਰ, ਰਾਜ ਕੁਮਾਰ ਭੱਦਕ, ਰਜਨੀਸ਼ ਦੇਵੀ ਪਤਨੀ ਅਨਿਲ ਕੁਮਾਰ ਨੀਲਪੁਰ, ਪ੍ਰਹਿਲਾਦ ਸਿੰਘ ਭੱਦਕ ਤੇ ਰਾਜ ਕੌਰ ਸਮੇਤ ਨੇੜਲੇ ਪਿੰਡਾਂ ਦੇ ਕਿਸਾਨ ਹਾਜ਼ਰ ਸਨ।

## ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of**
**Sh. Manpreet Sohi**
**Civil Judge (Junior Division), Dasuya**
CNR No. PBHOA0-000513-2024
Next Date: 03.07.2025
Lakhwinder Kaur w/o Late Balwinder Singh S/o Puran Singh R/o Village chak Bamu Tehsil Dasuya Distt. Hoshiarpur
......Plaintiff
Versus
Surjit Kaur W/o Balwinder Singh R/o Near Bibian da Gurdwara Vill. Begowal Teh. Bholath Distt. Kapurthala and others
.........Defendants
Suit for Decree of Permanent Injunction
Notice to: 1) Surjit Kaur W/o Balwinder Singh 2) Baljit Kaur D/o Balwinder Singh 3) Manjit Singh S/o Balwinder Singh All R/o Near Bibian Da Gurdwara Village Begowal Teh. Bholath Distt. Kapurthala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 03.07.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 08-05-2025
**Sd/- Civil Judge (Junior Division), Dasuya**

(U/o 5 Rule 20 CPC)
**In the Court of**
**Sh. Jagmohan Singh Sanghe**
**Principal Judge, Family Court, Jalandhar**
CNR No:- PBJL01-010528-2023
Next Date:- 25-07-2025
GW/204/2023
Gurpreet Singh S/o Amritpal Singh Address: Jattan Mohalla, Bhogpur, Ward No. 1, Jalandhar
Versus
1) General Public Addres:- General Public 2) Ranjana W/o Gurreet Singh D/o Lally Address:- Chauri Gali, Raiway Road, Bhogpur Tehsil and Distt. Jalandhar
Petition under Guardian and Wards Act
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 07-05-2025
**Sd/- Principal Judge, Family Court, Jalandhar**

(U/o 5 Rule 20 CPC)
**In the Court of**
**Sh. Jagmohan Singh Sanghe**
**Principal Judge, Family Court, Jalandhar**
CNR No:- PBJL010173322023
Next Date:- 02-06-2025
CRM/2025/2023
Rajwinder Kaur W/o Sunder Sethi D/o Jaswant Singh Address: Village Garhi Baksha POP Panchranga PS Kartarpur Distt. Jalandhar Deceased Through Surinder Kaur
Versus
Sunder Sethi S/o Sham Pal Address; VPO Kathgarh Distt. Nawanshahr
Petition Under Section 125 of C.R.P.C for grant of maintenance Act
Notice to: Sunder Sethi S/o Sham Pal Address; VPO Kathgarh Distt. Nawanshahr
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 02.06.2025 at 10:00 A.M.
For details logon to https://highcourtchd.gov.in/?trs=district_notice&district=Jalandhar
Dated, this day of 08-05-2025
**Sd/- Principal Judge, Family Court, Jalandhar**

(U/o 5 Rule 20 CPC)
**In the Court of**
**Ms. Rajbeer Kaur**
**Additional Civil Judge Senior Division, Muktsar**
CNR No. PBSM02-000665-2023
Next Date: 02.07.2025
UCO Bank
Versus
Jaswinder Singh
Notice to: Jaswinder Singh:- son of Gurbans Singh son of Inder Singh R/o Village Warring Tehsil and District sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 02.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 08-05-2025
**Sd/- Additional Civil Judge Senior Division, Muktsar**

(U/o 5 Rule 20 CPC)
**In the Court of Ms. Rajwant Kaur Civil Judge (Senior Division), Pathankot**
CNR No. PBPO02-000354-2025
Next Date: 04.07.2025
Rajesh Kumar
Versus
General Public
Petiton under the right of parsons with disability act 2016 for an appointing the petitioner above names as guardian of the person
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.07.2025 at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 06-05-2025
**Sd/- Civil Judge (Senior Division), Pathankot**

**In the Court of**
**Hon'ble Shefalika Suneja Judicial Magistrate - Ist Class-4, Fatehgarh Sahib**
CNR No. PBFG03-002521-2023
Next Date: 12.06.2025
U/s 138 of NI Act PS Bassi Pathana
Kulwant Kaur
Versus
Jasvinder Singh
Notice to: Jasvinder Singh S/o Sh. Gopal Singh S/o Sh. Sardara Singh, R/o Village Rattan Tibba, Tehsil Malaut, District Shri Muktsar Sahib.
In above titled case the accused could not be served. It is ordered that accused should appear in person or through counsel on 12.06.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Judicial Magistrate - Ist Class-4, Fatehgarh Sahib**

(U/o 5 Rule 20 CPC)
**In the Court of**
**Sh. Kanwal Jit Singh**
**Civil Judge Junior Division -1 Rajpura,**
CNR No. PBPTA0-001343-2022
Next Date: 01.07.2025
Punjab Gramin Bank
Versus
Manjit Singh
Suit for Recovery
Notice to: Manjit Singh Father:- Ram Singh Village Chappar, Sub Tehsil Ghanaur, Tehsil Rajpura, Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.07.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 08-05-2025
**Sd/- Civil Judge Junior Division -1 Rajpura,**

(U/o 5 Rule 20 CPC)
**In the Court of**
**Sh. Baljinder Singh Maan**
**Principal Judge, Family Court, Shaheed Bhagat Singh Nagar**
CNR No. PBSB01-003308-2021
Next Date: 04.06.2025
MNT//154/2021
Kajal
Versus
Gagan Kumar
Notice to: Gagan Kumar S/o Jinder Gir R/o H.No. 3516/1390, Manmohan Nagar, Ambala City, Haryana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.06.2025 at 10:00 A.M.
For details logon to https://highcourtchd.gov.in/?trs=district_notice&district=SBS Nagar
Dated, this day of 07-05-2025
**Sd/- Principal Judge, Family Court, Shaheed Bhagat Singh Nagar**

**DOABA COLLEGE OF EDUCATION GHATAUR, KHARAR, MOHALI-140103**
(Approved by NCTE and affiliated to S.C.E.R.T, Punjab)
(Mid-Way Kharar & Kurali on Chandigarh - Ropar Highway)
**REQUIRES ON REGULAR BASIS ((For D.El.Ed)**
Lecturer-one each in Teaching of Science, Mathematics, English, Hindi, Punjabi and Social Studies.
**Qualification-**
B.A, M.A/ B.Ed, M.Ed. Pay scale as per Pb. Govt/ NCTE/ S.C.E.R.T Punjab Norms. Apply within 21 days after publishing, to the College office email
(principaldcedu@gmail.com)
**HELPLINE NO. 94175-22300**
Website: www.dgc.edu.in

**DOABA COLLEGE OF EDUCATION GHATAUR, KHARAR, MOHALI-140103**
(Approved by NCTE and affiliated to Punjabi University Patiala)
(Mid-Way Kharar & Kurali on Chandigarh - Ropar Highway)
**REQUIRES ON REGULAR BASIS (For B.Ed)**
Asstt. Professor- one each in Teaching of Science, Mathematics, Economics, Commerce, English, Hindi, Computer Science and Social Studies.
Qualification & Pay scale as per Pb. Govt/ UGC/ NCTE/ Punjab University Patiala Norms. Apply within 15 days on the Punjabi University portal, collegejobs.punjabiuniversity.ac.in (Various details are available on this link)
**HELPLINE NO. 94175-22300**
Email id: principaldcedu@gmail.com

**Change of Name**
I, Simranjeet Kaur W/o Varinder Singh VPO Bohan Distt. and Tehsil Hoshiarpur Punjab, have changed of my name Simranjit Kaur. Please note.

(U/o 5 Rule 20 CPC)
**In the Court of Ms. Amandeep Kaur-II Additional Civil Judge Sr. Division, Sri Anandpur Sahib**
CNR No. PBROA0-000528-2022
Next Date: 03.07.2025
State Bank of India, a Body Corporate constituted under the State Bank of India Act, 1955 having its Corporate Centre at Madam Cama Road, Nariman Point, Mumbai and one of its Local Head Office at Sector 17, Chandigarh, One of its administrative offices at the Mohali, carrying on the business of Banking and having branches at different places including one of its Agricultural Development Branch offices at Nurpur Bedi Sub Tehsil Nurpur Bedi, Tehsil Sri Anandpur Sahib District Ropar through its Branch Manager
Versus
Surinder Singh Son of Shanker Dass @ Shanker Singh Resident of Village Mothapur ub Tehsil Nurpur Bedi, Tehsil Sri Anandpur Sahib District Ropar Son of Shanker Dass @ Shanker Singh Resident of Village Mothapur ub Tehsil Nurpur Bedi, Tehsil Sri Anandpur Sahib District Ropar
Notice u/s u/o34Rule4,5
Surinder Singh Son of Shanker Dass @ Shanker Singh Resident of Village Mothapur ub Tehsil Nurpur Bedi, Tehsil Sri Anandpur Sahib District Ropar Son of Jaswant Singh Resident of Village Mothapur ub Tehsil Nurpur Bedi, Tehsil Sri Anandpur Sahib District Ropar now deceased having behind his following legal Representatives 1. Gurmukh Singh Son of Surinder Singh Son of Shanker Dass @ Shanker Singh R/o Village Mothapur ub Tehsil Nurpur Bedi, Tehsil Sri Anandpur Sahib District Ropar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 03.07.2025 at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 21-01-2025
**Sd/- Additional Civil Judge Sr. Division, Sri Anandpur Sahib**

ਬਾ-ਅਦਾਲਤ ਮਾਨਯੋਗ ਸ੍ਰੀਮਤੀ ਅੰਜੂ ਬਾਲਾ, ਸਹਾਇਕ ਕੁਲੈਕਟਰ ਦਰਜਾ ਪਹਿਲਾ, ਸੀਤੋਗੁੰਨੋ।
1) ਹਰਦਮ ਸਿੰਘ ਪੁੱਤਰ ਅਜੈਬ ਸਿੰਘ 2) ਗੁਰਜਿੰਦਰ ਸਿੰਘ ਪੁੱਤਰ ਹਰਦਮ ਸਿੰਘ 3) ਮਨਜੋਤ ਕੌਰ ਪਤਨੀ ਗੁਰਜਿੰਦਰ ਸਿੰਘ ਵਾਸੀਆਨ ਪਿੰਡ ਘੁਮਿਆਰਾ ਖੇੜਾ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਹਿੱਸੇਦਾਰ ਪਿੰਡ ਰਾਮਪੂਰਾ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ।
... ਫਰੀਕਅਵਲ.....
ਬਨਾਮ
(1) ਸੁਭਾਸ਼ ਚੰਦਰ ਪੁੱਤਰ ਜਗਦੀਸ਼ (2) ਪੁਨੀਤਾ ਪੁੱਤਰੀ ਪਰਦੀਪ (3) ਗੋਰਾਂ ਮਾਤਾ ਰਾਮ ਚੰਦਰ ਮੁਤਵਫੀ ਬਜਰੀਆ ਗਾਰਸਾਨ ੳ) ਅਨਿਲ ਕੁਮਾਰ ਅ) ਹਰੀ ਨਰੈਣ ਪੁੱਤਰਾਨ ਰਾਮ ਚੰਦਰ ਪੁੱਤਰ ਧੰਨ ਰਾਜ 4) ਸ਼ਾਰਦਾ ਵਿਧਵਾ ਰਾਮ ਚੰਦਰ 5) ਅਨਿਲ ਕੁਮਾਰ ਪੁੱਤਰ ਰਾਮ ਚੰਦਰ 6) ਹਰੀ ਨਰੈਣ ਪੁੱਤਰ ਰਾਮ ਕਰਨ 7) ਰਾਜ ਕੁਮਾਰ ਉਰਫ ਰਾਜ ਕਮਲ ਪੁੱਤਰ ਵਿਸ਼ਨੂੰ ਭਗਵਾਨ 8) ਨਿਰਮਨ ਕੁਮਾਰ ਪੁੱਤਰ ਜਗਦੀਸ਼ 9) ਵਿਜੈਪਾਲ ਉਰਫ ਵਿਜੈ ਕੁਮਾਰ ਪੁੱਤਰ ਭਗਵਾਨ ਦੱਤ 10) ਸੰਜੀਵ ਕੁਮਾਰ ਪੁੱਤਰ ਦਿਨੇਸ਼ (11) ਅਮਨ ਕੁਮਾਰ ਪੁੱਤਰ ਦਿਨੇਸ਼ ਕੁਮਾਰ (12) ਮਨੀਸ਼ ਕੁਮਾਰ ਪੁੱਤਰ ਦਿਨੇਸ਼ ਕੁਮਾਰ (13) ਸਰੋਜ ਪਤਨੀ ਵਿਜੈ ਕੁਮਾਰ ਪੁੱਤਰ ਭਗਵਾਨ ਦੱਤ (14) ਸ਼ਿਖਾ ਭੱਲਾ ਪਤਨੀ ਗਜਿੰਦਰ ਕੁਮਾਰ 15) ਨਰਿੰਦਰ ਕੁਮਾਰ ਪੁੱਤਰ ਤਿਲਕ ਰਾਜ 16) ਰਮੇਸ਼ ਚੰਦਰ ਪੁੱਤਰ ਤਿਲਕ ਰਾਜ 17) ਕੁਸ਼ਲਿਆ ਦੇਵੀ ਪਤਨੀ ਜਗਦੀਸ਼ 18) ਖੁਸ਼ੀਆ ਪਤਨੀ ਪਰਵੀਨ 19) ਜਗਮੋਹਨ ਪੁੱਤਰ ਬਨਵਾਰੀ 20) ਮੁਕਲ ਪੁੱਤਰ ਪਰਦੀਪ 21) ਸਰੋਜ ਪਤਨੀ ਵਿਜੈ ਕੁਮਾਰ 22) ਜਸਵੀਰ ਸਿੰਘ ਪੁੱਤਰ ਸ਼ਾਮ ਸਿੰਘ 23) ਹਰਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 24) ਅਲਕਾ ਵਿਧਵਾ ਰਾਜੇਸ਼ ਕੁਮਾਰ ਪੁੱਤਰ ਰਾਮ ਕੁਮਾਰ 25) ਅਮਨ ਪੂਨੀਆ ਪੁੱਤਰ ਰਾਜੇਸ਼ ਕੁਮਾਰ 26) ਸ਼ਿਵ ਕੁਮਾਰ ਪੁੱਤਰ ਧੰਨਾ ਪੁੱਤਰ ਸਰਦਾਰ 27) ਨਰਾਇਨੀ ਪੁੱਤਰੀ ਧੰਨਾ ਪੁੱਤਰ ਸਰਦਾਰਾ 28) ਚੰਦਰਾਵਲੀ ਪੁੱਤਰੀ ਧੰਨਾ ਪੁੱਤਰ ਸਰਦਾਰਾ 29) ਰਮੇਸ਼ਵਰੀ ਦੇਵੀ ਪੁੱਤਰੀ ਧੰਨਾ ਪੁੱਤਰ ਸਰਦਾਰਾ ਵਾਸੀਆਨ ਪਿੰਡ ਰਾਮਪੁਰਾ 30) ਬੈਂਕ ਆਫ ਇੰਡੀਆ ਬਰਾਂਚ ਸੀਤੋ ਗੁੰਨੋਂ ਬਜਰੀਆ ਬਰਾਂਚ ਮੈਨੇਜਰ। (31) ਆਈ.ਸੀ.ਆਈ.ਸੀ. ਬੈਂਕ ਲਿਮ. ਬਰਾਂਚ ਸਰਦੂਲਗੜ੍ਹ ਰੋਡ ਓਪੋਜਿਟ ਨਹਿਰੂ ਪਾਰਕ ਅਬੋਹਰ ਬਜਰੀਆ ਬਰਾਂਚ ਮੈਨੇਜਰ (32) ਐਚ.ਡੀ.ਐਫ.ਸੀ. ਬੈਂਕ ਲਿਮ. ਬਰਾਂਚ ਸ੍ਰੀ ਗੰਗਾਨਗਰ ਬਜਰੀਆ ਬਰਾਂਚ ਮੈਨੇਜਰ ।
.....ਫਰੀਕਸਾਨੀਆਨ
ਦਾਵਾ :ਤਕਸੀਮ ਪਿੰਡ ਰਾਮਪੂਰਾ।
ਫਰੀਕਅੱਵਲਾਨ ਸ੍ਰੀ ਹਰਦਮ ਸਿੰਘ ਪੁੱਤਰ ਅਜੈਬ ਸਿੰਘ 2) ਗੁਰਜਿੰਦਰ ਸਿੰਘ ਪੁੱਤਰ ਹਰਦਮ ਸਿੰਘ 3) ਮਨਜੋਤ ਕੌਰ ਪਤਨੀ ਗੁਰਜਿੰਦਰ ਸਿੰਘ ਨੇ 372 ਕਨਾਲ 11ਮਰਲੇ ਖੇਵਟ ਨੰ. 279/243 ਖਤੌਨੀ ਨੰ. 430 ਤੋਂ 438 ਵਾਕਿਆ ਰਕਬਾ ਪਿੰਡ ਰਾਮਪੂਰਾ ਤਹਿਸੀਲ ਅਬੋਹਰ ਸਬੰਧੀ ਤਕਸੀਮ ਦਾ ਦਾਵਾ ਦਾਇਰ ਕੀਤਾ ਹੈ। ਇਸ ਸਬੰਧੀ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਧਿਰ/ਵਿਅਕਤੀ ਨੂੰ ਉਕਤ ਗਿਰਦਾਵਰੀ ਸਬੰਧੀ ਇਤਰਾਜ਼ ਹੈ ਤਾਂ ਨਿਮਨ-ਹਸਤਾਖਰ ਦੀ ਅਦਾਲਤ ਵਿਚ ਮਿਤੀ 26.05.2025 ਨੂੰ ਅਸਾਲਤਨ/ਵਕਾਲਤਨ ਹਾਜ਼ਰ ਹੋ ਕੇ ਆਪਣੀ ਚਾਰਾਜੋਈ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ ਸੀਤੋਗੁੰਨੋ

ਬਾ-ਅਦਾਲਤ ਮਾਨਯੋਗ ਸ੍ਰੀਮਤੀ ਅੰਜੂ ਬਾਲਾ, ਸਹਾਇਕ ਕੁਲੈਕਟਰ ਦਰਜਾ ਪਹਿਲਾ, ਸੀਤੋਗੁੰਨੋ।
ਕਰਮਜੀਤ ਕੌਰ ਪਤਨੀ ਹਰਦਮ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਪਿੰਡ ਘੁਮਿਆਰਾ ਖੇੜਾ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਹਿੱਸੇਦਾਰ ਪਿੰਡ ਰਾਮਪੂਰਾ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ।
.....ਫਰੀਕਅਵਲ
ਬਨਾਮ
(1) ਸੁਭਾਸ਼ ਚੰਦਰ ਪੁੱਤਰ ਜਗਦੀਸ਼ (2) ਪੁਨੀਤਾ ਪੁੱਤਰੀ ਪਰਦੀਪ ... ਵਾਸੀਆਨ ਪਿੰਡ ਰਾਮਪੁਰਾ 7) ਸਟੇਟ ਬੈਂਕ ਆਫ ਇੰਡੀਆ ਬਰਾਂਚ ਸੀਤੋ ਗੁੰਨੋ ਬਜਰੀਆ ਬਰਾਂਚ ਮੈਨੇਜਰ 8) ਐਚ.ਡੀ.ਐਫ.ਸੀ. ਬੈਂਕ ਅਬੋਹਰ ਬਜਰੀਆ ਬਰਾਂਚ ਮੈਨੇਜਰ।
.....ਫਰੀਕਸਾਨੀਆਨ
ਦਾਵਾ:ਤਕਸੀਮ ਪਿੰਡ ਰਾਮਪੂਰਾ।
ਫਰੀਕਅੱਵਲਾਨ ਸ੍ਰੀ ਮਤੀ ਕਰਮਜੀਤ ਕੌਰ ਪਤਨੀ ਹਰਦਮ ਸਿੰਘ ਪੁੱਤਰ ਅਜੈਬ ਸਿੰਘ ਨੇ 201 ਕਨਾਲ 05.5ਮਰਲੇ ਖੇਵਟ ਨੰ. 142/148 ਖਤੌਨੀ ਨੰ. 204ਤੋਂ 206 ਵਾਕਿਆ ਰਕਬਾ ਪਿੰਡ ਰਾਮਪੂਰਾ ਤਹਿਸੀਲ ਅਬੋਹਰ ਸਬੰਧੀ ਤਕਸੀਮ ਦਾ ਦਾਵਾ ਦਾਇਰ ਕੀਤਾ ਹੈ। ਇਸ ਸਬੰਧੀ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਧਿਰ/ਵਿਅਕਤੀ ਨੂੰ ਉਕਤ ਗਿਰਦਾਵਰੀ ਸਬੰਧੀ ਇਤਰਾਜ਼ ਹੈ ਤਾਂ ਨਿਮਨ-ਹਸਤਾਖਰ ਦੀ ਅਦਾਲਤ ਵਿਚ ਮਿਤੀ 26.05.2025 ਨੂੰ ਅਸਾਲਤਨ/ਵਕਾਲਤਨ ਹਾਜ਼ਰ ਹੋ ਕੇ ਆਪਣੀ ਚਾਰਾਜੋਈ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ ਸੀਤੋਗੁੰਨੋ

**ਨਿਲਾਮੀ ਨੋਟਿਸ**
ਦੀ ਨਿਊ ਚੀਮਾ ਬਾਠ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਚੀਮਾ ਬਾਠ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਪਿੰਡ ਚੀਮਾ ਬਾਠ ਕਮਰਸ਼ੀਅਲ ... ਦੀ ਨਿਲਾਮੀ ਮਿਤੀ 26.05.2025 ਨੂੰ ਸਭਾ ਦੇ ਦਫਤਰ ਵਿੱਚ ਸਵੇਰੇ 11 ਵਜੇ ਕੀਤੀ ਜਾਵੇਗੀ।

**ਬੇਦਖਲੀ ਸੂਚਨਾ**
ਮੈਂ, ਰਜਿੰਦਰ ਸਿੰਘ ਪੁੱਤਰ ਸ਼ਿਵ ਸਿੰਘ ਵਾਸੀ ਪਿੰਡ ਲਖੂਤ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੁਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਪੁੱਤਰ ਸੁਖਵਿੰਦਰ ਸਿੰਘ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਜਿਹੜਾ ਕੋਈ ਵੀ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

**ਬੇਦਖਲੀ ਵਾਪਸੀ ਸੂਚਨਾ**
ਮੈਂ, ਊਧਾ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ ਵਾਸੀ ਪਿੰਡ ਘੱਲੂ ਤਹਿਸੀਲ ਫਾਜ਼ਿਲਕਾ ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੈਂ ਮਿਤੀ 07.04.2025 ਨੂੰ ਆਪਣੀਆਂ ਲੜਕੀਆਂ (1) ਰਜਿੰਦਰ ਕੌਰ, (2) ਮਨਜੀਤ ਕੌਰ ਅਤੇ ਲੜਕੇ (3) ਕ੍ਰਿਸ਼ਨ ਸਿੰਘ ਅਤੇ ਆਪਣੇ ਜਵਾਈ ਰਣਜੀਤ ਸਿੰਘ ਨੂੰ ਬੇਦਖਲ ਕੀਤਾ ਸੀ। ਹੁਣ ਮੇਰੀਆਂ ਲੜਕੀਆਂ, ਲੜਕੇ ਅਤੇ ਜਵਾਈ ਨੂੰ ਗਲਤੀ ਦਾ ਅਹਿਸਾਸ ਹੋ ਗਿਆ ਹੈ ਅਤੇ ਮੇਰੀ ਦੇਖ ਭਾਲ ਕਰਦੇ ਹਨ। ਮੈਂ ਆਪਣੀਆਂ ਲੜਕੀਆਂ, ਲੜਕੇ ਅਤੇ ਆਪਣੇ ਜਵਾਈ ਦੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਅੱਜ ਤੋਂ ਬਾਅਦ ਮੇਰੀ ਹਰ ਤਰ੍ਹਾਂ ਦੀ ਚੱਲ ਅਚੱਲ ਜਾਇਦਾਦ ਦੇ ਪਹਿਲਾਂ ਦੀ ਤਰ੍ਹਾਂ ਹੀ ਹੱਕਦਾਰ ਹੋਣਗੇ।

**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਦਾ ਸਮਰਥਨ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ


# ਮਾਂ-ਪਿਆਰ, ਸਨੇਹ ਅਤੇ ਲਗਾਅ ਦਾ ਅਨੰਤ ਸਰੋਤ



ਮੋਹਿਤ ਸਿੰਗਲਾ ਤਪਾ
90412-95900



ਮਾਂ... ਇੱਕ ਛੋਟਾ ਜਿਹਾ ਸ਼ਬਦ ਹੈ ਪਰ ਆਪਣੇ ਅੰਦਰ ਅਰਥਾਂ ਦਾ ਇੱਕ ਅਨੰਤ ਅਸਮਾਨ ਰੱਖਦਾ ਹੈ। ਮਾਂ ਸਿਰਫ਼ ਇੱਕ ਆਵਾਜ਼ ਨਹੀਂ ਹੈ ਇਹ ਇੱਕ ਸੰਪੂਰਨ ਅਹਿਸਾਸ ਹੈ। ਮਾਂ ਸਿਰਫ਼ ਇੱਕ ਸਰੀਰ ਨਹੀਂ ਹੈ ਉਹ ਇੱਕ ਜਿਉਂਦੀ ਚੇਤਨਾ ਹੈ - ਉਹ ਪਹਿਲਾ ਪਰਛਾਵਾਂ ਹੈ ਜਿਸ ਵਿੱਚ ਜ਼ਿੰਦਗੀ ਸਾਹ ਲੈਣਾ ਸਿੱਖਦੀ ਹੈ ਇਹ ਪਹਿਲਾ ਵਾਈਬ੍ਰੇਸ਼ਨ ਹੈ ਜਿਸ ਨਾਲ ਆਤਮਾ ਆਪਣੀ ਯਾਤਰਾ ਸ਼ੁਰੂ ਕਰਦੀ ਹੈ। ਮਾਂ ਦੇ ਦਿਲ ਵਿੱਚ ਲਗਾਤਾਰ ਵਗਦਾ ਪਿਆਰ ਤਾਂ ਅੰਮ੍ਰਿਤ ਦੀ ਵਰਖਾ ਤੋ ਵੱਧ ਕੇ ਹੈ ਅਤੇ ਇੱਕ ਅਜਿਹਾ ਝਰਨਾ ਜੋ ਸਮੇਂ ਦੂਰੀ ਅਤੇ ਹਾਲਾਤਾਂ ਦੀਆਂ ਸਾਰੀਆਂ ਸੀਮਾਵਾਂ ਤੋਂ ਪਰੇ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਅਤੇ ਦੁੱਖਾਂ ਵਿੱਚ ਨਿਰਸਵਾਰਥ ਵਗਦਾ ਹੈ। ਪਿਆਰ ਉਹ ਅਦਿੱਖ ਧਾਗਾ ਹੈ ਜੋ ਜਨਮ ਤੋਂ ਪਹਿਲਾਂ ਹੀ ਮਾਂ ਨੂੰ ਉਸਦੇ ਬੱਚੇ ਨਾਲ ਜੋੜਦਾ ਹੈ ਅਤੇ ਮੌਤ ਤੱਕ ਜਾਰੀ ਰਹਿੰਦਾ ਹੈ। ਮਾਂ ਦੇ ਪਿਆਰ ਵਿੱਚ ਕੋਈ ਵੱਡੇ ਸ਼ਬਦ ਨਹੀਂ ਹੁੰਦੇ ਪਰ ਹਰ ਛੂਹ ਵਿੱਚ ਅਸੀਸ ਦੀ ਗੂੰਜ ਹੁੰਦੀ ਹੈ। ਜਦੋਂ ਕੋਈ ਬੱਚਾ ਪਹਿਲੀ ਵਾਰ ਮੁਸਕਰਾਉਂਦਾ ਹੈ ਤਾਂ ਮਾਂ ਦੀ ਦੁਨੀਆਂ ਖਿੜ ਜਾਂਦੀ ਹੈ ਜਦੋਂ ਉਹ ਰੋਂਦਾ ਹੈ ਤਾਂ ਮਾਂ ਦਾ ਦਿਲ ਭਿੱਜ ਜਾਂਦਾ ਹੈ। ਮਾਂ ਦੇ ਪਿਆਰ ਵਿੱਚ ਕੁਰਬਾਨੀ, ਤਪੱਸਿਆ ਅਤੇ ਇੱਕ ਅਦਭੁਤ ਸ਼ਕਤੀ ਹੁੰਦੀ ਹੈ ਜੋ ਹਰ ਸੰਕਟ ਨੂੰ ਆਪਣੀ ਗੋਦ ਵਿੱਚ ਲੈਣ ਦੀ ਹਿੰਮਤ ਰੱਖਦੀ ਹੈ। ਇੱਕ ਭਾਵਨਾਤਮਕ ਬੰਧਨ ਜੋ ਇੱਕ ਮਾਂ ਨੂੰ ਉਸਦੇ ਬੱਚੇ ਦੇ ਹਰ ਸਾਹ ਅਤੇ ਹਰ ਦਿਲ ਦੀ ਧੜਕਣ ਨਾਲ ਜੋੜਦਾ ਹੈ। ਪਰ ਇਹੀ ਲਗਾਅ ਹੈ ਜੋ ਇੱਕ ਮਾਂ ਨੂੰ ਰਾਤ ਦੇ ਸੰਨਾਟੇ ਵਿੱਚ ਵੀ ਆਪਣੇ ਬੱਚੇ ਦੇ ਮੁੜਨ ਦੀ ਆਵਾਜ਼ ਸੁਣਨ ਦੀ ਸਮਰੱਥਾ ਦਿੰਦਾ ਹੈ। ਇਹੀ ਲਗਾਅ ਹੈ ਜੋ ਉਸਨੂੰ ਮੁਸ਼ਕਲ ਸਮਿਆਂ ਵਿੱਚ ਵੀ ਪਹਿਲਾਂ ਆਪਣੇ ਬੱਚੇ ਦੀ ਸੁਰੱਖਿਆ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। ਇਹ ਲਗਾਅ ਉਸਨੂੰ ਆਪਣੇ ਬੱਚੇ ਦੀਆਂ ਕਮੀਆਂ ਵਿੱਚ ਵੀ ਚੰਗਾ ਦੇਖਣ ਲਈ ਪ੍ਰੇਰਿਤ ਕਰਦਾ ਹੈ ਅਤੇ ਉਸਨੂੰ ਆਪਣੀ ਚੁੰਨੀ ਦੇ ਪੱਲੇ ਨਾਲ ਹਰ ਗਲਤੀ ਨੂੰ ਛੁਪਾਉਣ ਲਈ ਵੀ ਮਜਬੂਰ ਕਰਦਾ ਹੈ। ਇੱਕ ਮਾਂ ਦਾ ਪਿਆਰ ਉਸਨੂੰ ਕੁਰਬਾਨੀ ਦੇ ਸਿਖਰ ਤੇ ਲੈ ਜਾਂਦਾ ਹੈ ਉਹ ਪਿੱਛੇ ਰਹਿ ਕੇ ਆਪਣੇ ਬੱਚਿਆਂ ਨੂੰ ਤਰੱਕੀ ਕਰਦੇ ਦੇਖਣਾ ਚਾਹੁੰਦੀ ਹੈ। ਉਹ ਭਾਵੇਂ ਕਿੰਨੀ ਵੀ ਦੂਰ ਜਾਣ ਮਾਂ ਦੀ ਨਿਗਾਹ ਹਮੇਸ਼ਾ ਉਨ੍ਹਾਂ ਨੂੰ ਅਸੀਸਾਂ ਦੀ ਛਾਂ ਪ੍ਰਦਾਨ ਕਰਦੀ ਹੈ। ਫਿਰ ਆਉਂਦਾ ਹੈ ਮਾਂ ਦਾ ਜਾਦੂ - ਅਦਿੱਖ ਜਾਦੂ ਜੋ ਮਾਂ ਦੇ ਵਜੂਦ ਤੋਂ ਪੈਦਾ ਹੁੰਦਾ ਹੈ। ਇਹ ਮਾਇਆ ਸਿਰਫ਼ ਸੰਸਾਰਿਕ ਹੀ ਨਹੀਂ ਹੈ ਇਹ ਅਧਿਆਤਮਿਕ ਵੀ ਹੈ। ਇਹ ਉਹੀ ਮਾਇਆ ਹੈ ਜੋ ਮਾਂ ਦੇ ਪੱਲੂ ਨੂੰ ਢਾਲ ਵਿੱਚ ਬਦਲ ਦਿੰਦੀ ਹੈ; ਇਹ ਉਹੀ ਮਾਇਆ ਹੈ ਜੋ ਬੱਚਿਆਂ ਲਈ ਸੁੱਕੀ ਰੋਟੀ ਨੂੰ ਸੁਆਦ ਦੇ ਸਮੁੰਦਰ ਨਾਲ ਭਰ ਦਿੰਦੀ ਹੈ। ਇਹ ਇੱਕ ਮਾਂ ਦਾ ਜਾਦੂ ਹੈ ਜੋ ਬਿਨਾਂ ਸ਼ਬਦਾਂ ਦੇ ਵੀ ਦੁੱਖ ਦੂਰ ਕਰ ਦਿੰਦਾ ਹੈ ਅਤੇ ਜਿਸਦਾ ਇੱਕ ਆਸ਼ੀਰਵਾਦ ਕਿਸਮਤ ਦੀ ਦਿਸ਼ਾ ਬਦਲ ਸਕਦਾ ਹੈ। ਮਾਂ ਦੇ ਪਿਆਰ ਵਿੱਚ ਨਿਰਾਸ਼ਾ ਵਿੱਚ ਵੀ ਉਮੀਦ ਦਾ ਦੀਵਾ ਜਗਾਉਣ ਅਤੇ ਹਨੇਰੇ ਰਸਤਿਆਂ ਤੇ ਵੀ ਵਿਸ਼ਵਾਸ ਦੀ ਰੌਸ਼ਨੀ ਫੈਲਾਉਣ ਦੀ ਸ਼ਕਤੀ ਹੈ।

ਮਾਂ ਦਾ ਪਿਆਰ, ਸਨੇਹ ਅਤੇ ਲਗਾਅ - ਇਹ ਤਿੰਨੋਂ ਮਿਲ ਕੇ ਇੱਕ ਅਜਿਹਾ ਸੰਗਮ ਬਣਾਉਂਦੇ ਹਨ ਜਿੱਥੇ ਆਤਮਾ ਨੂੰ ਸਭ ਤੋਂ ਡੂੰਘੀ ਸ਼ਾਂਤੀ ਮਿਲਦੀ ਹੈ, ਜ਼ਿੰਦਗੀ ਨੂੰ ਸਭ ਤੋਂ ਸੁੰਦਰ ਦਿਸ਼ਾ ਮਿਲਦੀ ਹੈ ਅਤੇ ਪਿਆਰ ਆਪਣੀ ਅਸਲ ਪਰਿਭਾਸ਼ਾ ਲੱਭ ਲੈਂਦਾ ਹੈ। ਮਾਂ ਤੋਂ ਬਿਨਾਂ ਪਿਆਰ ਅਧੂਰਾ ਹੈ ਲਗਾਅ ਬੇਸੁਆਦ ਹੈ ਅਤੇ ਪਿਆਰ ਅਰਥਹੀਣ ਹੈ। ਜੇਕਰ ਮਾਂ ਨਹੀਂ ਹੈ ਤਾਂ ਇਹ ਦੁਨੀਆਂ ਰੌਸ਼ਨੀ ਤੋਂ ਬਿਨਾਂ ਦੀਵੇ ਵਾਂਗ ਹੈ ਦੇਵਤੇ ਤੋਂ ਬਿਨਾਂ ਮੰਦਰ ਵਾਂਗ ਹੈ।

ਜਿਸ ਘਰ ਵਿੱਚ ਮਾਂ ਰਹਿੰਦੀ ਹੈ ਉੱਥੇ ਅਸੀਸਾਂ ਆਪਣੇ ਆਪ ਆਉਂਦੀਆਂ ਹਨ। ਮਾਂ ਖੁਦ ਇੱਕ ਮੰਦਰ ਬਣ ਜਾਂਦੀ ਹੈ -ਪਿਆਰ ਦਾ ਰੂਪ, ਮੋਹ ਦਾ ਸਮੁੰਦਰ ਅਤੇ ਭਰਮ ਦਾ ਮੁਸਕਰਾਉਂਦਾ ਪਰਛਾਵਾਂ। ਉਸਦੀ ਗੋਦ ਪਹਿਲੀ ਸਕੂਲ ਹੈ, ਉਸਦੇ ਆਸ਼ੀਰਵਾਦ ਸਭ ਤੋਂ ਮਜ਼ਬੂਤ ਢਾਲ ਹਨ। ਇਸ ਮਾਂ ਦਿਵਸ ਤੇ ਆਓ ਅਸੀਂ ਸਾਰੇ ਉਸ ਬੇਅੰਤ ਪਿਆਰ ਨੂੰ ਸਿਜਦਾ ਕਰੀਏ ਜੋ ਮਾਂ ਸਾਡੀ ਜ਼ਿੰਦਗੀ ਵਿੱਚ ਬਿਨਾਂ ਕਿਸੇ ਉਮੀਦ ਦੇ ਵਰ੍ਹਾਉਂਦੀ ਹੈ। ਮਾਂ ਦੀ ਬੁੱਕਲ਼ ਵਿੱਚ ਪਿਆ ਆਸ਼ੀਰਵਾਦ ਸਾਡਾ ਸਭ ਤੋਂ ਕੀਮਤੀ ਖਜ਼ਾਨਾ ਹੈ। ਮਾਂ ਦੀ ਮੁਸਕਰਾਹਟ ਤੋਂ ਵੱਡਾ ਕੋਈ ਜਸ਼ਨ ਨਹੀਂ ਹੈ ਅਤੇ ਮਾਂ ਦੀ ਪ੍ਰਾਰਥਨਾ ਤੋਂ ਵੱਡਾ ਕੋਈ ਆਸ਼ੀਰਵਾਦ ਨਹੀਂ ਹੈ।

## ਯੁੱਧ ਨਸ਼ਿਆਂ ਵਿਰੁੱਧ : ਜਲੰਧਰ ਦਿਹਾਤੀ ਪੁਲਿਸ ਨੇ ਨਸ਼ਾ ਤਸਕਰ ਤੇ ਗੈਂਗਸਟਰ ਦੀ ਨਾਜਾਇਜ਼ ਉਸਾਰੀ ਢਾਹੀ

ਜਲੰਧਰ, 10 ਮਈ (ਸੰਦੀਪ ਕੌਲ) : ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਪਹਿਲਕਦਮੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਲੰਧਰ ਦਿਹਾਤੀ ਪੁਲਿਸ ਨੇ ਅੱਜ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਅਤੇ ਐਸ.ਪੀ. ਸਰਬਜੀਤ ਰਾਏ ਦੀ ਅਗਵਾਈ ਵਿੱਚ ਕਾਰਵਾਈ ਕਰਦਿਆਂ ਇਕ ਨਸ਼ਾ ਤਸਕਰ ਵੱਲੋਂ ਕੀਤੀ ਨਾਜਾਇਜ਼ ਉਸਾਰੀ ਨੂੰ ਢਾਹ ਦਿੱਤਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਨਸ਼ਾ ਤਸਕਰ ਅਤੇ ਗੈਂਗਸਟਰ ਵਿਜੇ ਮਸੀਹ ਵਾਸੀ ਮੁਹੱਲਾ ਉੱਚੀ ਘਾਟੀ ਫਿਲੌਰ, ਜੋ ਕਿ ਥਾਣਾ ਫਿਲੌਰ ਦਾ ਹਿਸਟਰੀ ਸ਼ੀਟਰ ਹੈ, ਖਿਲਾਫ਼ ਨਸ਼ਾ ਤਸਕਰੀ, ਇਰਾਦਾ ਕਤਲ ਆਦਿ ਵੱਖ ਵੱਖ ਧਾਰਾਵਾਂ ਤਹਿਤ ਵੱਖ-ਵੱਖ ਥਾਣਿਆਂ ਵਿੱਚ ਕੁੱਲ 21 ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਾਰਵਾਈ ਕਰਦਿਆਂ ਮੁਲਜ਼ਮ ਵਿਜੇ ਮਸੀਹ ਦੀ ਦੁਕਾਨ ਨੂੰ ਢਾਹਿਆ ਗਿਆ ਹੈ ਅਤੇ ਈ.ਓ. ਫਿਲੌਰ ਪਾਸੋਂ ਨਾਜਾਇਜ਼ ਕੀਤੀ ਗਈ ਉਸਾਰੀ ਸਬੰਧੀ ਯੋਗ ਆਰਡਰ ਲਏ ਗਏ ਸਨ।

ਜ਼ਿਕਰਯੋਗ ਹੈ ਕਿ ਮੁਲਜ਼ਮ ਵੱਲੋਂ ਫਿਲੌਰ ਸ਼ਹਿਰ ਵਿੱਚ ਨਸ਼ਾ ਵੇਚ ਕੇ ਖ਼ਰੀਦ ਕੀਤੀ ਡੇਢ ਕਿੱਲੇ ਜ਼ਮੀਨ ਪਹਿਲਾਂ ਹੀ ਨਵੀਂ ਦਿੱਲੀ ਦੀ ਕੰਪੀਟੈਂਟ ਅਥਾਰਟੀ ਵੱਲੋਂ ਫਰੀਜ਼ ਕਰਵਾਏ ਜਾ ਚੁੱਕੀ ਹੈ। ਐਸ.ਐਸ.ਪੀ. ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਵੱਲੋਂ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਅਜਿਹੀਆਂ ਕਾਰਵਾਈਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।

ਉਨ੍ਹਾਂ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਦੀ ਜਾਣਕਾਰੀ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 'ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਆਮ ਲੋਕਾਂ ਦੇ ਮਿਲਟਰੀ ਰੰਗ ਦੀ ਵਰਦੀ ਅਤੇ ਵਹੀਕਲਾਂ ਦੀ ਖਰੀਦ, ਵੇਚ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਜਾਰੀ

ਫਿਰੋਜ਼ਪੁਰ, 10 ਮਈ 2025 (ਤਿਵਾੜੀ): ਵਧੀਕ ਜ਼ਿਲ੍ਹਾ ਮੈਜਿਸਟਰੇਟ, ਫਿਰੋਜ਼ਪੁਰ ਡਾ. ਨਿਧੀ ਕੁਮੁਦ ਬੰਬਾਹ, ਪੀ.ਸੀ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਿਰੋਜ਼ਪੁਰ ਦੀ ਹਦੂਦ ਅੰਦਰ ਆਮ ਲੋਕਾਂ ਦੇ ਮਿਲਟਰੀ ਰੰਗ ਦੀ ਵਰਦੀ ਅਤੇ ਵਹੀਕਲਾਂ ਦੀ ਖਰੀਦ, ਵੇਚ ਅਤੇ ਵਰਤੋਂ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਵਰਦੀਧਾਰੀ ਪੁਲਿਸ ਜਾਂ ਪੈਰਾ ਮਿਲਟਰੀ ਫੋਰਸਜ਼ ਦੇ ਸਰਕਾਰੀ ਡਿਊਟੀ 'ਤੇ ਤੈਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਭਾਰਤ ਵਿੱਚ ਮਿਲਟਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਮਿਲਟਰੀ ਰੰਗ ਦੀ ਵਰਦੀ ਪਹਿਨੀ ਜਾਂਦੀ ਹੈ ਅਤੇ ਮਿਲਟਰੀ ਰੰਗ ਦੇ ਵਹੀਕਲਾਂ ਜਿਵੇਂ ਕਿ ਜੀਪਾਂ, ਮੋਟਰਸਾਈਕਲਾਂ, ਟਰੱਕਾਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮਿਲਟਰੀ ਰੰਗ ਦੀਆਂ ਵਰਦੀਆਂ/ਵਹੀਕਲਾਂ ਦਾ ਗਲਤ ਇਸਤੇਮਾਲ ਕਰਕੇ ਦੇਸ਼ ਅੰਦਰ ਅਮਨ ਅਤੇ ਸ਼ਾਂਤੀ ਵਿੱਚ ਖੱਲਲ ਪੈਦਾ ਕਰਕੇ ਮਾਨਵ ਜੀਵਨ ਹੋਂਦ ਨੂੰ ਖਤਰਾ ਪੈਦਾ ਕੀਤਾ ਜਾਂਦਾ ਹੈ। ਇਸ ਨਾਲ ਹੁੰਦੇ ਬੁਰੇ ਪ੍ਰਭਾਵ ਨੂੰ ਰੋਕਣ ਲਈ ਤੁਰੰਤ ਆਮ ਲੋਕਾਂ ਨੂੰ ਮਿਲਟਰੀ ਰੰਗ ਦੀ ਵਰਦੀ ਅਤੇ ਵਹੀਕਲਾਂ ਦੀ ਵਰਤੋਂ ਕਰਨ ਅਤੇ ਵੇਚਣ 'ਤੇ ਰੋਕ ਲਗਾਉਣੀ ਜ਼ਰੂਰੀ ਹੋ ਗਈ ਹੈ। ਇਹ ਹੁਕਮ ਮਿਤੀ 10-05-2025 ਤੋਂ ਅਗਲੇਰੇ ਹੁਕਮਾਂ ਤੱਕ ਜਾਰੀ ਰਹਿਣਗੇ।

## ਸੜਕ ਹਾਦਸੇ ਲਈ ਜ਼ਿੰਮੇਵਾਰ ਅਲਟੋ ਕਾਰ ਦੇ ਅਣਪਛਾਤੇ ਚਾਲਕ ਖਿਲਾਫ਼ ਮਾਮਲਾ ਦਰਜ

ਸ੍ਰੀ ਕੀਰਤਪੁਰ ਸਾਹਿਬ, 10 ਮਈ (ਬੀ ਐਸ ਰਾਣਾ): ਬੀਤੇ ਕੱਲ ਦੇਰ ਸ਼ਾਮ ਰੂਪਨਗਰ-ਸ੍ਰੀ ਕੀਰਤਪੁਰ ਸਾਹਿਬ ਕੌਮੀ ਮਾਰਗ ਤੇ ਥਾਣਾ ਸ੍ਰੀ ਕੀਰਤਪੁਰ ਸਾਹਿਬ ਅਧੀਨ ਪੈਂਦੇ ਪਿੰਡ ਭਾਓਵਾਲ ਅਤੇ ਪਿੰਡ ਬੇਲੀ ਨਜ਼ਦੀਕ ਕੁੰਡਲੂ ਨਦੀ ਦੇ ਪੁਲ ਉੱਪਰ ਵਾਪਰੇ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਲਈ ਜ਼ਿੰਮੇਵਾਰ ਅਲਟੋ ਕਾਰ ਅਤੇ ਉਸਦੇ ਨਾਮਲੂਮ ਚਾਲਕ ਖਿਲਾਫ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਬੀਐਨਐਸ ਦੀਆਂ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਭਰਤਗੜ੍ਹ ਪੁਲਿਸ ਚੌਕੀ ਦੇ ਇੰਚਾਰਜ ਏਐਸਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਨਰਿੰਦਰ ਸਿੰਘ ਪੁੱਤਰ ਸਰਬਣ ਸਿੰਘ ਵਾਸੀ ਪਿੰਡ ਬੇਲੀ ਨੇ ਦੱਸਿਆ ਕਿ ਉਹ ਕੱਲ ਸ਼ਾਮ ਨੂੰ ਭਰਤਗੜ੍ਹ ਤੋਂ ਆਪਣੇ ਪਿੰਡ ਬੇਲੀ ਨੂੰ ਜਾ ਰਿਹਾ ਸੀ, ਤਾਂ ਇਸ ਦੌਰਾਨ ਭਰਤਗੜ੍ਹ ਦੀ ਸਾਈਡ ਤੋਂ ਸ੍ਰੀ ਕੀਰਤਪੁਰ ਸਾਹਿਬ ਵੱਲ ਜਾ ਰਹੀ ਇੱਕ ਆਲਟੋ ਕਾਰ ਨੰਬਰ ਪੀਬੀ 12 ਏਜੀ 6703 ਨੇ ਇੱਕ ਮੋਟਰਸਾਈਕਲ ਨੰਬਰ ਪੀਬੀ 65ਏਬੀ4581 ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਮੋਟਰਸਾਈਕਲ ਕੁੰਡਲੂ ਨਦੀ ਉੱਪਰ ਬਣੇ ਪੁਲ ਦੀ ਰੈਲਿੰਗ ਨਾਲ ਟਕਰਾ ਗਿਆ, ਜਿਸ ਕਾਰਨ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਦੇ ਸਿਰ ਅਤੇ ਹੋਰ ਥਾਵਾਂ 'ਤੇ ਗੰਭੀਰ ਸੱਟਾਂ ਲੱਗੀਆਂ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਮੂਲ ਤੌਰ ਤੇ ਮੌਕੇ ਤੇ ਹੀ ਦਮ ਤੋੜ ਗਿਆ। ਇਸ ਹਾਦਸੇ ਵਿੱਚ ਤਿੰਨੋਂ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਅਣਪਛਾਤਾ ਆਲਟੋ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

ਉਹਨਾਂ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਧਰਮਿੰਦਰ ਸਿੰਘ (34) ਪੁੱਤਰ ਜਗਦੀਸ਼ ਚੰਦ ਵਾਸੀ ਭਰਤਗੜ੍ਹ, ਅਨੂਪ ਕੁਮਾਰ (46) ਪੁੱਤਰ ਗੁਰਮੇਲ ਸਿੰਘ ਵਾਸੀ ਸਰਹੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਰਾਮਨਾਥ (47) ਪੁੱਤਰ ਰਾਮ ਪਿਆਰਾ ਵਾਸੀ ਪਿੰਡ ਫਤਿਹਪੁਰ ਬੁੰਗਾ ਵਜੋਂ ਹੋਈ ਹੈ। ਇਹ ਤਿੰਨੋਂ ਵਿਅਕਤੀ ਨਾਲਾਗੜ੍ਹ ਹਿਮਾਚਲ ਪ੍ਰਦੇਸ਼ ਵਿਖੇ ਸਥਿਤ ਇੱਕ ਫੈਕਟਰੀ ਵਿੱਚ ਕੰਮ ਕਰਦੇ ਸਨ। ਮੋਟਰਸਾਈਕਲ ਸਵਾਰ ਆਪਣੇ ਇੱਕ ਸਾਥੀ ਰਾਮ ਨਾਥ ਨੂੰ ਉਸ ਦੇ ਪਿੰਡ ਛੱਡਣ ਜਾ ਰਹੇ ਸਨ। ਚੌਕੀ ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਨਿਰਮਲ ਸਿੰਘ ਦੇ ਬਿਆਨਾਂ ਦੇ ਆਧਾਰ ਉੱਪਰ ਅਲਟੋ ਕਾਰ ਦੇ ਅਣਪਛਾਤੇ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ, ਉਹਨਾਂ ਦੱਸਿਆ ਕਿ ਕੱਲ ਨੂੰ ਤਿੰਨੋਂ ਵਿਅਕਤੀਆਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਜਾਣਗੀਆਂ।

## ਜ਼ਿਲ੍ਹਾ ਮੈਜਿਸਟਰੇਟ ਨੇ ਆਮ ਲੋਕਾਂ ਵੱਲੋਂ ਚਲਾਈ ਜਾਣ ਵਾਲੀ ਉਚੀ ਆਵਾਜ਼ ਵਾਲੀ ਆਤਿਸ਼ਬਾਜ਼ੀ 'ਤੇ ਲਗਾਈ ਪੂਰਨ ਪਾਬੰਦੀ

ਜਲੰਧਰ, 10 ਮਈ (ਸੰਦੀਪ ਕੌਲ) : ਜ਼ਿਲ੍ਹਾ ਮੈਜਿਸਟਰੇਟ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਆਮ ਲੋਕਾਂ ਵੱਲੋਂ ਚਲਾਈ ਜਾਂਦੀ ਉੱਚੀ ਆਵਾਜ਼ ਵਾਲੀ ਆਤਿਸ਼ਬਾਜ਼ੀ, ਜਿਸ ਵਿੱਚ ਪਟਾਖਾ ਬੰਬ, ਹਵਾਈ ਪਟਾਖੇ ਆਦਿ ਸ਼ਾਮਲ ਹਨ, ਦੇ ਚਲਾਉਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਹੁਕਮ 9 ਮਈ 2025 ਤੋਂ ਅਗਲੇ 10 ਦਿਨਾਂ ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਾਰੇ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿੱਲਾਂ ਕੀਤੀਆਂ ਜਾ ਰਹੀਆਂ ਹਨ। ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਕੁਝ ਲੋਕਾਂ ਵੱਲੋਂ ਆਮ ਸਮਾਗਮਾਂ ਦੌਰਾਨ ਜਾਂ ਜਾਣ-ਬੁੱਝ ਕੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਨ ਲਈ ਆਤਿਸ਼ਬਾਜ਼ੀ, ਜਿਸ ਵਿੱਚ ਪਟਾਖਾ ਬੰਬ, ਹਵਾਈ ਪਟਾਖੇ ਆਦਿ ਸ਼ਾਮਲ ਹੁੰਦੇ ਹਨ, ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਪਟਾਖਿਆਂ ਦੇ ਸ਼ੋਰ-ਸ਼ਰਾਬੇ ਨਾਲ ਆਮ ਪਬਲਿਕ ਵਿੱਚ ਡਰ ਅਤੇ ਤਣਾਅ ਦਾ ਮਾਹੌਲ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਬਣਿਆ ਰਹਿੰਦਾ ਹੈ।

## ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਵੱਲੋਂ ਭਾਰਤ-ਪਾਕਿ 'ਚ ਗੋਲੀਬੰਦੀ ਦੇ ਫ਼ੈਸਲੇ ਦਾ ਸਵਾਗਤ



ਸ੍ਰੀ ਅਨੰਦਪੁਰ ਸਾਹਿਬ, 10 ਮਈ (ਸੇਵਾ ਸਿੰਘ ਸਤਿੰਦਰਪਾਲ ਸਿੰਘ): ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੀ ਇੱਕ ਅਹਿਮ ਮੀਟਿੰਗ ਸਰਬਜੀਤ ਸਿੰਘ ਰੈਣੂੰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੀ ਜੰਗ ਨੂੰ ਖਤਮ ਕਰਨ ਲਈ ਬਣੀ ਸਹਿਮਤੀ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ। ਯੂਨਿਟ ਦੇ ਸਰਪ੍ਰਸਤ ਸੀਨੀਅਰ ਐਡਵੋਕੇਟ ਪਾਖਰ ਸਿੰਘ ਭੱਠਲ ਅਤੇ ਪ੍ਰਧਾਨ ਸਰਬਜੀਤ ਸਿੰਘ ਰੈਣੂੰ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਭਾਰਤ ਦੀਆਂ ਹਥਿਆਰਬੰਦ ਫੌਜਾਂ ਨੇ ਇਸ ਯੁੱਧ ਵਿੱਚ ਬਹੁਤ ਹੀ ਬਹਾਦਰੀ ਅਤੇ ਕੁਸ਼ਲਤਾ ਦਾ ਸਬੂਤ ਦਿੱਤਾ ਹੈ, ਜਿਸ 'ਤੇ ਸਾਰੇ ਦੇਸ਼ ਵਾਸੀਆਂ ਨੂੰ ਮਾਣ ਹੈ। ਉਹਨਾਂ ਕਿਹਾ ਕਿ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਨੇ ਦੇਸ਼ ਦੇ ਝੰਡੇ ਦਾ ਮਾਣ ਬੁਲੰਦ ਕੀਤਾ ਹੈ। ਉਹਨਾਂ ਕਿਹਾ ਕਿ ਸਾਨੂੰ ਸਾਰੇ ਦੇਸ਼ ਵਾਸੀਆਂ ਨੂੰ ਭਾਰਤ ਦੀਆਂ ਸਾਰੀਆਂ ਹਥਿਆਰਬੰਦ ਸੈਨਾਵਾਂ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਨਾ ਸਿਰਫ ਅੱਤਵਾਦ ਦੇ ਖਾਤਮੇ ਲਈ ਲੜਾਈ ਲੜੀ ਹੈ, ਸਗੋਂ ਦੁਸ਼ਮਣ ਦੇ ਹਮਲਿਆਂ ਦਾ ਵੀ ਮੂੰਹ ਤੋੜ ਜਵਾਬ ਦਿੱਤਾ ਹੈ। ਉਹਨਾਂ ਕਿਹਾ ਕਿ ਅੱਜ ਸੀਜ਼ ਫਾਇਰ ਹੋਣ ਨਾਲ ਦੋਵਾਂ ਦੇਸ਼ਾਂ ਦੀ ਆਮ ਜਨਤਾ ਜੋ ਪਿਛਲੇ ਕੁਝ ਦਿਨਾਂ ਤੋਂ ਸਹਿਮ ਤੇ ਡਰ ਦੇ ਮਾਹੌਲ ਵਿੱਚ ਸੀ, ਉਸਨੂੰ ਵੀ ਕਾਫੀ ਰਾਹਤ ਮਿਲੀ ਹੈ। ਇਸ ਮੌਕੇ ਨੰਬਰਦਾਰ ਕੁਲਦੀਪ ਸਿੰਘ, ਠੇਕੇਦਾਰ ਕਰਨੈਲ ਸਿੰਘ ਬਜਰੂੜ, ਸਮਾਜ ਸੇਵੀ ਰਸ਼ਵਿੰਦਰ ਸਿੰਘ, ਸਾਬਕਾ ਬੈਂਕ ਅਫਸਰ ਆਤਮਾ ਸਿੰਘ ਘੱਟੀਵਾਲ, ਨਾਨਕ ਸਿੰਘ ਢੇਰ, ਉੱਘੇ ਰੰਗ ਕਰਮੀ ਤੇ ਸੀਨੀਅਰ ਪੱਤਰਕਾਰ ਰਾਜ ਘਈ, ਸੇਵਾ ਸਿੰਘ ਆਦਿ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਨੇ ਵੰਡੀਆ ਮਹੀਨਾਵਾਰ ਪੈਨਸ਼ਨਾਂ

ਫਤਿਹਗੜ੍ਹ ਸਾਹਿਬ, 10 ਮਈ (ਹਰਪ੍ਰੀਤ ਕੌਰ ਟਿਵਾਣਾ) : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾਂ ਫਤਿਹਗੜ੍ਹ ਸਾਹਿਬ ਵੱਲੋਂ



ਲੋੜਵੰਦਾਂ, ਵਿਧਵਾਵਾਂ, ਅੰਗਹੀਣਾ ਤੇ ਬੀਮਾਰੀ ਤੋ ਪੀੜਤ ਨੂੰ ਮਹੀਨਾਵਾਰ ਪੈਨਸਨਾਂ ਵੰਡੀਆਂ ਗਈਆਂ। ਇਸ ਮੌਕੇ ਮੀਤ ਪ੍ਰਧਾਨ ਸ੍ਰੀ ਜੈਕ੍ਰਿਸਨ ਕਸ਼ਿਅਪ, ਸੈਕਟਰੀ ਪਰਮਜੀਤ ਸਿੰਘ ਹਰੀਪੁਰ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਸ੍ਰੀ ਐਸ ਪੀ ਐਸ ਓਬਰਾਏ ਜਿਹੜੇ ਕਿ ਆਪਣੀ ਕਮਾਈ ਦਾ 98 ਪ੍ਰਤੀਸ਼ਤ ਹਿੱਸਾ ਲੋੜਵੰਦਾ, ਅੰਗਹੀਣਾਂ, ਵਿਧਵਾਵਾਂ ਤੇ ਬੀਮਾਰੀ ਨਾਲ ਪੀੜਤ ਲੋਕ ਨੂੰ ਵੰਡਦੇ ਹਨ ਅਤੇ ਮਾਨਵਤਾ ਦੀ ਸੇਵਾ ਕਰਨਾ ਹੀ ਉਨ੍ਹਾਂ ਦਾ ਮੁੱਖ ਮਨੋਰਥ ਹੈ। ਉਨ੍ਹਾਂ ਦੱਸਿਆ ਕਿ ਉਕਤ ਤੋ ਇਲਾਵਾ ਸਰਬੱਤ ਦਾ ਭਲਾ ਟਰੱਸਟ ਵੱਲੋ ਸਨੀ ਓਬਰਾਏ ਸਕੀਮ ਤਹਿਤ ਹੁਸਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜੀਫੇ ਤੇ ਫੀਸਾਂ ਵੀ ਅਦਾ ਕੀਤੀਆਂ ਜਾਦੀਆਂ ਹਨ। ਜਦੋ ਕਿ ਹੋਣਹਾਰ ਲੜਕੀਆਂ ਨੂੰ ਕੰਪਿਊਟਰ ਤੇ ਸਿਲਾਈ ਕਢਾਈ ਕੋਰਸ ਫਰੀ ਕਰਵਾਏ ਜਾਂਦੇ ਹਨ। ਇਸ ਮੌਕੇ ਦਲਵਿਦਰ ਸਿੰਘ ਤੇ ਦਫਤਰ ਇੰਚਾਰਜ ਜਸਵੰਤ ਸਿੰਘ ਨੇ ਦੱਸਿਆ ਕਿ ਹਰ ਮਹੀਨੇ 150 ਦੇ ਕਰੀਬ ਲੋੜਵੰਦਾਂ ਨੂੰ ਪੈਨਸਨ ਦੇ ਰੂਪ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

## ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਮਹੀਨਾਵਾਰ ਮੀਟਿੰਗ ਦੌਰਾਨ ਸੂਬਾ ਕਮੇਟੀ ਵੱਲੋਂ ਉਲੀਕੇ ਸੰਘਰਸ਼ਾਂ ਨੂੰ ਲਾਗੂ ਕਰਨ ਸਬੰਧੀ ਵਿਚਾਰਾਂ

ਸਮਰਾਲਾ, 10 ਮਈ ( ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੇਨ ਚੌਂਕ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਅਤੇ ਮਸਲਿਆਂ ਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਮੀਟਿੰਗ ਦੇ ਅਰੰਭ ਵਿੱਚ ਪੁਲਵਾਮਾ ਦੇ ਹਮਲੇ ਵਿੱਚ ਮਾਰੇ ਗਏ ਬੇਗੁਨਾਹ ਸੈਲਾਨੀਆਂ, ਪੁੰਛ ਵਿੱਚ ਗੁਰਦੁਆਰਾ ਸਾਹਿਬ ਤੇ ਹਮਲੇ ਦੌਰਾਨ ਬੇਦੋਸ਼ੇ ਲੋਕਾਂ ਦੇ ਮਾਰੇ ਜਾਣ ਅਤੇ ਹਰਭਜਨ ਸਿੰਘ ਸੰਗਤਪੁਰਾ ਦੇ ਨੌਜਵਾਨ ਬੇਟੇ ਦੀ ਹੋਈ ਮੌਤ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪਾਕਿਸਤਾਨ ਵੱਲੋਂ ਕੀਤਾ ਹਮਲੇ ਦੀ ਨਿਖੇਧੀ ਕੀਤੀ ਗਈ। ਇਸ ਉਪਰੰਤ ਸਕਿੰਦਰ ਸਿੰਘ ਪ੍ਰਧਾਨ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੇ ਕਮਿਸ਼ਨ ਦੇ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਜੋ ਕਿਸਤਾਂ ਵਿੱਚ ਜੋ ਅਦਾਇਗੀ ਕਰਨ ਲਈ ਹੁਕਮਾਂ ਅਨੁਸਾਰ ਅਪਰੈਲ ਮਹੀਨੇ ਤੋਂ ਪੈਨਸ਼ਨ ਨਾਲ ਪੇ ਸਕੇਲ ਦਾ ਏਰੀਅਰ ਦੇਣਾ ਚਾਲੂ ਕਰਨਾ ਸੀ, ਜੋ ਮਹਿਕਮੇ ਵੱਲੋਂ ਅਜੇ ਨਹੀਂ ਦਿੱਤਾ ਗਿਆ ਇਸ ਲਈ ਪੈਨਸ਼ਨਰਜ਼ ਐਸੋ: ਪਾਵਰਕਾਮ ਵੱਲੋਂ ਮੰਡਲ ਦਫਤਰਾਂ ਦੇ ਧਰਨੇ ਦੇਣ ਦਾ ਐਲਾਨ ਕੀਤਾ ਗਿਆ, ਜਿਸਨੂੰ ਸਮਰਾਲਾ ਡਵੀਜਨ ਵੀ ਇੰਨ ਬਿੰਨ ਲਾਗੂ ਕਰੇਗੀ



ਅਤੇ ਆਉਂਦੇ ਦਿਨਾਂ ਵਿੱਚ ਮੰਡਲ ਅਧਿਕਾਰੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਕਿ ਮਈ ਮਹੀਨੇ ਦੀ ਪੈਨਸ਼ਨ ਨਾਲ ਦੋ ਕਿਸ਼ਤਾਂ ਪੇ ਸਕੇਲ ਦੀਆਂ ਦਿੱਤੀਆਂ ਜਾਣ ਅਤੇ ਪੈਨਸ਼ਨਰਾਂ ਦੇ ਲੰਬਤ ਕੰਮਾਂ ਨੂੰ ਨੇਪਰੇ ਚਾੜਨ ਲਈ ਕਿਹਾ ਜਾਵੇਗਾ। 15 ਮਈ ਨੂੰ ਰੋਪੜ ਸਰਕਲ ਕਮੇਟੀ ਦੀ ਚੋਣ ਕਰਵਾਈ ਜਾਣੀ ਹੈ, ਜਿਸ ਵਿੱਚ ਸਾਰੇ ਡੈਲੀਗੇਟ ਅਤੇ ਮੈਂਬਰਜ਼ ਨੂੰ ਸਵੇਰੇ 10 ਵਜੇ ਰੋਪੜ ਸਰਕਲ ਦੇ ਸਾਹਮਣੇ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਲਈ ਦੋ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਪਹਿਲਾਂ ਦੀ ਤਰ੍ਹਾਂ ਮਾਛੀਵਾੜਾ ਸਾਹਿਬ ਅਤੇ ਕਟਾਣੀ ਕਲਾਂ ਤੋਂ ਸਵੇਰੇ 8:30 ਵਜੇ ਚੱਲਣਗੀਆਂ। ਇਸ ਮੌਕੇ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੋ ਜੰਗ ਚੱਲ ਰਹੀ ਹੈ, ਉਸਨੂੰ ਜਲਦੀ ਕੂਟਨੀਤਿਕ ਨੀਤੀ ਰਾਹੀਂ ਹੱਲ ਕੀਤਾ ਜਾਵੇ ਤਾਂ ਜੋ ਪੰਜਾਬ ਨੂੰ ਜੋ ਪਹਿਲਾਂ ਹੀ ਜੰਗਾਂ ਵਿੱਚ ਬਹੁਤ ਜਿਆਦਾ ਨੁਕਸਾਨ ਕਰਵਾ ਚੁੱਕਿਆ ਹੈ ਨੂੰ ਜੰਗ ਦਾ ਅਖਾੜਾ ਬਣਨ ਤੋਂ ਬਚਾਇਆ ਜਾ ਸਕੇ। ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਪ੍ਰਮੁੱਖ ਤੌਰ ਤੇ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ., ਇੰਜ: ਦਰਸ਼ਨ ਸਿੰਘ ਖਜਾਨਚੀ, ਜਗਤਾਰ ਸਿੰਘ ਪ੍ਰੈਸ ਸਕੱਤਰ, ਪ੍ਰੇਮ ਕੁਮਾਰ ਸਰਕਲ ਆਗੂ, ਭੁਪਿੰਦਰਪਾਲ ਸਿੰਘ ਚਹਿਲਾਂ, ਸੁਰਜੀਤ ਵਿਸ਼ਾਦ, ਦਰਸ਼ਨ ਸਿੰਘ ਕੋਟਾਲਾ, ਰਾਜਿੰਦਰਪਾਲ ਵਡੇਰਾ ਡਿਪਟੀ ਸੀ.ਓ., ਹਰਪਾਲ ਸਿੰਘ ਸਿਹਾਲਾ, ਜਸਵੰਤ ਸਿੰਘ ਢੰਡਾ, ਪ੍ਰੇਮ ਚੰਦ ਭਲਾ ਲੋਕ ਆਦਿ ਨੇ ਵੀ ਸੰਬੋਧਨ ਕੀਤਾ।

## ਰਈਆ ਨਜ਼ਦੀਕ ਪਿੰਡ ਜੱਲੂਪੁਰ ਖੇੜਾ ਅਤੇ ਉੱਪਲ ਦੇ ਖੇਤਾਂ ਵਿਚ ਖਿੱਲਰੇ ਮਿਜ਼ਾਈਲ/ਡਰੋਨਾਂ ਦੇ ਟੁਕੜੇ

ਰਈਆ, 10 ਮਈ (ਬਲਰਾਜ ਸਿੰਘ ਰਾਜਾ) ਪਾਕਿਸਤਾਨ ਵੱਲੋਂ ਇੱਥੋਂ ਨਜ਼ਦੀਕੀ ਪਿੰਡ ਪਿੰਡ ਜੱਲੂਪੁਰ ਖੇੜਾ ਅਤੇ ਉੱਪਲ ਦੇ ਖੇਤਾਂ ਵਿੱਚ ਬੀਤੀ ਰਾਤ ਕਰੀਬ ਡੇਢ ਵਜੇ ਅਸਮਾਨ ਤੋਂ ਵੱਡੀ ਮਾਤਰਾ ਵਿੱਚ ਮਿਜ਼ਾਈਲ/ਡਰੋਨ ਦੇ ਟੁਕੜੇ ਡਿੱਗੇ ਹੋਣ ਦੀ ਖ਼ਬਰ ਹੈ।ਲਗਾਤਾਰ ਕਈ ਧਮਾਕਿਆਂ ਦੀ ਅਵਾਜ਼ ਸੁਣੀ ਗਈ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਰਈਆ ਅਤੇ ਇਸ ਦੇ ਆਸ ਪਾਸ ਇਲਾਕੇ ਵਿੱਚ ਪਹਿਲਾਂ ਸਾਢੇ ਕਰੀਬ 8 ਵਜੇ ਰਾਤ ਫਿਰ 1-00 ਵਜੇ ਸਵੇਰੇ ਅਤੇ ਕਰੀਬ 5-00 ਵਜੇ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਜਿਸ ਕਾਰਨ ਲੋਕਾਂ ਵਿੱਚ ਭਾਰੀ ਸਹਿਮ ਪਾਇਆ ਗਿਆ ਪਿੰਡ ਜੱਲੂਪੁਰ ਖੇੜਾ ਅਤੇ ਉੱਪਲ ਦੇ ਬਾਹਰ ਤਰਸੇਮ ਸਿੰਘ ਅਤੇ ਮੁਖਤਾਰ ਸਿੰਘ ਦੇ ਘਰਾਂ ਨੇੜੇ ਡੇਢ ਕਿੱਲੋਮੀਟਰ ਦੂਰੀ ਤੱਕ ਖੇਤਾਂ ਵਿਚ ਵੱਡੀ ਮਾਤਰਾ ਵਿੱਚ ਮਿਜ਼ਾਈਲ/ਡਰੋਨ ਦੇ ਟੁਕੜੇ ਖਿੱਲਰੇ ਦਿਖਾਈ ਦਿੱਤੇ ਜਿਸ ਸਬੰਧੀ ਅਧਿਕਾਰੀਆਂ ਵੱਲੋਂ ਅਜੇ ਤੱਕ ਕੋਈ ਪੁਸ਼ਟੀ ਨਹੀਂ ਕੀਤੀ ਗਈ ਦੂਸਰੇ ਪਾਸੇ ਉੱਥੇ ਰਹਿੰਦੇ ਲੋਕਾਂ ਨੇ ਦੱਸਿਆ ਕਿ ਬੀਤੀ ਰਾਤ ਕਰੀਬ 8-00 ਵਜੇ ਰਾਤ ਧਮਾਕੇ ਸੁਣੇ ਅਤੇ ਕਰੀਬ ਸਵੇਰੇ 1-30 ਵਜੇ ਅਸਮਾਨ ਵਿੱਚ ਭਾਰੀ ਧਮਾਕਾ ਸੁਣਾਈ ਦਿੱਤਾ ਜਿਸ ਉਪਰੰਤ ਦਰਵਾਜ਼ੇ ਅਤੇ ਖਿੜਕੀਆਂ ਕੰਬਣ ਲੱਗ ਪਏ ਅਤੇ ਖੇਤਾਂ ਵਿੱਚ ਧੂੰਆਂ ਹੀ ਧੂੰਆਂ ਦਿਖਾਈ ਦਿਖਾਈ ਦਿੱਤਾ ਉਨ੍ਹਾਂ ਕਿਹਾ ਕਿ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਪਰ ਉਹ ਘਬਰਾਹਟ ਮਹਿਸੂਸ ਕਰ ਰਹੇ ਇਸ




ਸਬੰਧੀ ਐਸ ਐਚ ਓ ਖਲਚੀਆਂ ਬਿਕਰਮਜੀਤ ਸਿੰਘ ਮੌਕੇ ਤੇ ਪਹੁੰਚੇ ਉਨ੍ਹਾਂ ਨੇ ਸਿਵਲ ਲੋਕਾਂ ਤੋਂ ਖਿੱਲਰੇ ਹੋਏ ਟੁਕੜੇ ਇਕੱਠੇ ਕਰਕੇ ਨਾਲ ਲੈ ਗਏ ਅਤੇ ਇਸ ਸਬੰਧੀ ਕੋਈ ਵੀ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ।



# ਧਰਮ ਤੇ ਵਿਰਸਾ



## ਖ਼ਾਨਾਜੰਗੀ ਦੀ ਬਜਾਏ ਸ਼ਹਾਦਤ ਦੇਣ ਵਾਲੇ ਬਾਬਾ ਬੀਰ ਸਿੰਘ ਨਾਰੰਗਵਾਲ



ਆਦਿਕਾਲ ਤੋਂ ਹੀ ਪੰਜਾਬ ਸੂਰਬੀਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਰਿਹਾ ਹੈ। ਬਾਬਾ ਬੀਰ ਸਿੰਘ ਦੀ ਲਾਸਾਨੀ ਸ਼ਹੀਦੀ ਇਸ ਵਿਚ ਕਦੇ ਵੀ ਨਾ ਭੁਲਾਇਆ ਜਾਣ ਵਾਲਾ ਸਾਕਾ ਹੈ ਜਿਸ ਨੇ ਸੰਯੁਕਤ ਪੰਜਾਬ ਦੀ ਜਨ ਚੇਤਨਾ ਉਤੇ ਗਹਿਰਾ ਅਸਰ ਛੱਡਿਆ ਹੋਇਆ ਹੈ। ਸਿੱਖ ਰਾਜ ਵਿਚ ਸੰਤ ਬਾਬਾ ਬੀਰ ਸਿੰਘ ਜੀ ਦਾ ਰੁਤਬਾ ਰਾਜ ਪਰੋਹਿਤ ਵਰਗਾ ਸੀ ਅਤੇ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਲਾਹੌਰ ਦਰਬਾਰ ਵਿਚ ਪਈ ਫੁੱਟ ਕਾਰਨ ਪੈਦਾ ਹੋ ਰਹੀ ਭਰਾ ਮਾਰੂ ਜੰਗ ਨੂੰ ਟਾਲਣ ਲਈ ਸ਼ਾਂਤਮਈ ਰਹਿੰਦੇ ਹੋਏ ਅਦੁੱਤੀ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਦਾ 181ਵਾਂ ਸ਼ਹੀਦੀ ਦਿਹਾੜਾ 9 ਮਈ (27 ਵਿਸਾਖ) ਨੂੰ ਮਨਾਇਆ ਗਿਆ। ਇਹ ਸਾਕਾ 27 ਵਿਸਾਖ 1844 ਨੂੰ ਉਸ ਵੇਲੇ ਵਾਪਰਿਆ ਜਦੋਂ ਬਾਬਾ ਬੀਰ ਸਿੰਘ ਦਰਿਆ ਬਿਆਸ ਦੇ ਕੰਢੇ ਮੁਠਿਆਂਵਾਲੀ ਵਿਖੇ ਲਾਹੌਰ ਦਰਬਾਰ ਦੇ ਵਜ਼ੀਰ ਹੀਰਾ ਸਿੰਘ ਡੋਗਰੇ ਵੱਲੋਂ ਭੇਜੀਆਂ ਫ਼ੌਜਾਂ ਦੁਆਰਾ ਸ਼ਹੀਦ ਕਰ ਦਿੱਤੇ ਗਏ। ਬਾਬਾ ਜੀ ਫ਼ੌਜ ਵਿਚ ਰਹੇ ਹੋਣ ਕਰਕੇ ਹਥਿਆਰਾਂ ਨੂੰ ਖਿਡੌਣਿਆਂ ਵਾਂਗ ਚਲਾਉਣਾ ਜਾਣਦੇ ਸਨ। ਇਸ ਦੇ ਬਾਵਜੂਦ ਉਨ੍ਹਾਂ ਨੇ ਖ਼ਾਨਾਜੰਗੀ ਜਾਂ ਭਰਾ ਮਾਰੂ ਜੰਗ ਦੀ ਬਜਾਏ ਸ਼ਹਾਦਤ ਦੇਣ ਨੂੰ ਤਰਜੀਹ ਦਿੱਤੀ। ਅਜਿਹੀ ਜਾਂ ਅਜਿਹੀ ਮਿਸਾਲ ਦੁਨੀਆ ਦੇ ਇਤਿਹਾਸ 'ਚ ਕਿਧਰੇ ਨਜ਼ਰ ਨਹੀ ਆਉਂਦੀ। ਬਾਅਦ ਵਿਚ ਲਾਹੌਰ ਦਰਬਾਰ ਦੀਆਂ ਫ਼ੌਜਾਂ ਨੂੰ ਉਸ ਵੇਲੇ ਦੇ ਪੰਜਾਬ ਦੇ ਲੋਕਾਂ ਨੇ ਗੁਰੂ ਮਾਰੀਆਂ ਫ਼ੌਜਾਂ ਕਹਿਣਾ ਸ਼ੁਰੂ ਕਰ ਦਿੱਤਾ ਸੀ। ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ ਅਜਿਹੇ ਮਹਾਂਪੁਰਸ਼ ਸਨ ਜੋ ਇਤਿਹਾਸ 'ਤੇ ਗਹਿਰੀ ਛਾਪ ਛੱਡ ਗਏ। ਉਨ੍ਹਾਂ ਦੀ ਸ਼ਹਾਦਤ ਅੱਜ ਵੀ ਸਾਨੂੰ ਸਾਡੇ ਸੰਘਰਸ਼ ਅਤੇ ਅਸੂਲਾਂ 'ਤੇ ਪਹਿਰਾ ਦੇਣ ਦਾ ਰਾਹ ਦਰਸਾਉਂਦੀ ਹੈ। ਉਨ੍ਹਾਂ ਵਰਗੇ ਮਹਾਪੁਰਸ਼ ਦੀ ਨਿਸ਼ਕਾਮ ਲੰਗਰ ਦੀ ਪ੍ਰਥਾ ਦੀਨ-ਦੁਖੀਆਂ ਦੀ ਮਦਦ ਕਰਨ ਲਈ ਪ੍ਰੇਰਨਾ ਦਾ ਸਰੋਤ ਬਣੀ ਹੋਈ ਹੈ। ਸੰਮਤ 1890 ਬਿਕਰਮੀ ਵਿਚ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਹੈਜ਼ੇ ਦੀ ਆਈ ਮਹਾਮਾਰੀ ਦੌਰਾਨ ਉਨ੍ਹਾਂ ਦੇ ਸੇਵਕਾਂ ਵੱਲੋਂ ਪਿੰਡ-ਪਿੰਡ ਜਾ ਕੇ ਨੌਰੰਗਾਬਾਦ ਵਿਚ ਲੱਗੇ ਖੂਹ ਦਾ ਸਵੱਛ ਜਲ ਪਿਆਉਣ ਅਤੇ ਦਵਾਈ-ਦਾਰੂ ਦੀ ਨਿਸ਼ਕਾਮ ਸੇਵਾ ਅੱਜ ਵੀ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੈ। ਬਾਬਾ ਜੀ, ਉਨ੍ਹਾਂ ਦੇ ਜਾਨਸ਼ੀਨ ਬਾਬਾ ਖ਼ੁਦਾ ਸਿੰਘ ਅਤੇ ਬਾਬਾ ਮਹਾਰਾਜ ਸਿੰਘ ਜੀ ਦੇ ਜੀਵਨ ਅਤੇ ਇਤਿਹਾਸ ਬਾਰੇ ਇੱਕੋ-ਇੱਕ ਪੁਰਾਤਨ ਰਚਨਾ ਪੰਡਿਤ ਸ਼ੇਰ ਸਿੰਘ ਦੁਆਰਾ ਰਚਿਤ ਗ੍ਰੰਥ ਹੈ ਜੋ 1916 ਸਦੀਆਂ ਦਾ ਹੈ। ਇਹ 175 ਸਾਲ ਪਹਿਲਾਂ ਛਾਪਿਆ ਗਿਆ ਸੀ। ਇਹ ਗ੍ਰੰਥ ਬਹੁਤ ਹੀ ਘੱਟ ਉਪਲਬਧ ਸੀ। ਸੰਤ ਜਗਜੀਤ ਸਿੰਘ ਹਰਖੋਵਾਲ, ਸੰਤ ਆਸ਼ਰਮ ਬਾਬਾ ਜਵਾਲਾ ਸਿੰਘ ਨਗਰ ਸੁਲਤਾਨਪੁਰ ਲੋਧੀ ਨੇ ਮੁੜ ਇਸ ਗ੍ਰੰਥ ਨੂੰ ਪ੍ਰਕਾਸ਼ਤ ਕਰਵਾਇਆ ਹੈ। ਸੀਨਾ-ਬ-ਸੀਨਾ ਪ੍ਰਚਲਿਤ ਗਾਥਾਵਾਂ ਅਤੇ ਗ੍ਰੰਥ ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ 'ਤੇ ਸੇਧ ਲੈ ਕੇ ਕੁਝ ਹੋਰ ਵਿਦਵਾਨਾਂ ਨੇ ਵੀ ਪੁਸਤਕਾਂ ਲਿਖੀਆਂ ਹਨ। ਪ੍ਰੰਤੂ ਸਿੱਖ ਇਤਿਹਾਸ ਵਿਚ ਉਨ੍ਹਾਂ ਦੀ ਦੇਣ ਅਤੇ ਸਾਡੇ ਆਜ਼ਾਦੀ ਸੰਗਰਾਮ ਉੱਪਰ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਕੁਰਬਾਨੀ ਦੀ ਭੂਮਿਕਾ ਸਬੰਧੀ ਵੱਡੇ ਖੋਜ ਕਾਰਜ ਕਰਨ ਦੀ ਲੋੜ ਹੈ। ਉਨ੍ਹਾਂ ਦੇ ਜਾਨਸ਼ੀਨ ਬਾਬਾ ਖ਼ੁਦਾ ਸਿੰਘ ਜੀ 5 ਸਾਲ ਨਜ਼ਰਬੰਦ ਰਹੇ ਤੇ ਬਾਬਾ ਮਹਾਰਾਜ ਸਿੰਘ ਜਿਨ੍ਹਾਂ ਨੂੰ ਭਾਰਤ ਦੀ ਸੰਸਦ ਨੇ ਹਿੰਦੁਸਤਾਨ ਦੀ ਜੰਗ-ਏ-ਆਜ਼ਾਦੀ ਦੇ ਪਹਿਲੇ ਸ਼ਹੀਦ ਵਜੋਂ ਐਲਾਨਿਆ ਹੈ, ਸਿੰਘਪੁਰ ਵਿਖੇ ਜਲਾਵਤਨ ਕੀਤੇ ਗਏ ਸਨ। ਬਾਬਾ ਬੀਰ ਸਿੰਘ ਦਾ ਜਨਮ ਸਾਵਣ ਸੁਦੀ ਤੀਜ 1825 ਬਿਕਰਮੀ (ਜੁਲਾਈ 1768) ਨੂੰ ਨਗਰ ਗੱਗੋਬੂਆ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਸੇਵਾ ਸਿੰਘ ਦੇ ਘਰ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਦੀ ਮੌਤ ਮਗਰੋਂ ਉਹ ਪਿਤਾ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਗਏ। ਪਿਸ਼ਾਵਰ ਵਿਚ ਜਵਾਨੀ ਪਾਸੇ ਤਾਰਾ ਨਜ਼ਰ ਵਿਚ ਪਠਾਣਾਂ ਨਾਲ ਹੋਈ ਲੜਾਈ ਵਿਚ ਉਹ ਵਿਰੋਧੀ ਫ਼ੌਜ ਦੇ ਘੇਰੇ ਵਿਚ ਆ ਗਏ ਅਤੇ ਉਨ੍ਹਾਂ ਦੀ ਕਿਰਪਾਨ ਟੁੱਟ ਗਈ। ਜਿਸ ਚਮਤਕਾਰੀ ਢੰਗ ਨਾਲ ਉਹ ਦੁਸ਼ਮਣਾਂ ਦੇ ਘੇਰੇ ਵਿੱਚੋ ਬਾਹਰ ਨਿਕਲ ਆਏ ਉਸ ਦਾ ਉਨ੍ਹਾਂ ਦੇ ਜੀਵਨ ਉੱਪਰ ਗਹਿਰਾ ਅਸਰ ਪਿਆ ਅਤੇ ਉਨ੍ਹਾਂ ਨੇ ਫ਼ੌਜ ਦੀ ਨੌਕਰੀ ਛੱਡ ਕੇ ਭਗਤੀ ਮਾਰਗ ਅਪਣਾ ਲਿਆ। ਉਨ੍ਹਾਂ ਨੇ ਪਹਿਲਾਂ ਬਾਬਾ ਭਾਗ ਸਿੰਘ ਕੁਰੀ ਵਾਲਿਆਂ ਕੋਲ ਅਤੇ ਬਾਅਦ ਵਿਚ ਬਾਬਾ ਸਾਹਿਬ ਸਿੰਘ ਬੇਦੀ ਊਨਾ ਵਾਲਿਆਂ ਪਾਸ ਸੇਵਾ ਕੀਤੀ, ਜਿਨ੍ਹਾਂ ਦੀ ਪ੍ਰੇਰਨਾ ਨਾਲ ਉਨ੍ਹਾਂ ਨੌਰੰਗਾਬਾਦ ਵਿਖੇ ਗੁਰੂ ਕਾ ਲੰਗਰ ਚਲਾਇਆ। ਇਸ ਲੰਗਰ ਵਿਚ ਰੋਜ਼ਾਨਾ 750 ਮਣ ਆਟਾ ਅਤੇ 250 ਮਣ ਦਾਲ ਪੱਕਦੀ ਸੀ। ਲਾਹੌਰ ਦਰਬਾਰ ਵਿਚ ਡੋਗਰਿਆਂ ਅਤੇ ਸੰਧਾਵਾਲੀਆਂ ਦੀ ਆਪਸੀ ਈਰਖਾ ਤੇ ਡੋਗਰਿਆਂ ਵੱਲੋ ਅੰਗਰੇਜ਼ਾਂ ਨਾਲ ਅੰਦਰਖਾਤੇ ਮਿਲ ਕੇ ਕਸ਼ਮੀਰ ਆਪ ਲੈ ਕੇ ਪੰਜਾਬ ਅੰਗਰੇਜ਼ਾਂ ਨੂੰ ਦੇਣ ਦੀਆਂ ਕੁਟਲ ਚਾਲਾਂ ਚੱਲੀਆਂ ਜਾ ਰਹੀਆਂ ਸਨ। ਵਜ਼ੀਰ ਹੀਰਾ ਸਿੰਘ ਦੀ ਹੁੱਲੜਬਾਜ਼ੀ ਤੋਂ ਤੰਗ ਆ ਕੇ ਸੰਧਾਵਾਲੀਏ ਸਰਦਾਰ ਅਤਰ ਸਿੰਘ, ਅਜੀਤ ਸਿੰਘ, ਕੰਵਰ ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ, ਜਵਾਹਰ ਸਿੰਘ (ਹਰੀ ਸਿੰਘ ਨਲੂਆ ਦਾ ਪੁੱਤਰ) ਆਦਿ ਬਾਬਾ ਬੀਰ ਸਿੰਘ ਕੋਲ ਸ਼ਰਨ ਲੈਣ ਆ ਗਏ। ਅਤਰ ਸਿੰਘ ਵਗੈਰਾ ਨੂੰ ਲਾਹੌਰ ਦਰਬਾਰ ਦੇ ਹਵਾਲੇ ਕਰਨ ਦੇ ਬਹਾਨੇ ਫ਼ੌਜਾਂ ਨੇ ਬਾਬਾ ਜੀ ਦੇ ਪ੍ਰਚਾਰ ਦੌਰਾਨ ਡੇਰਾ ਮੁਠਿਆਵਾਲੀ ਵਿਖੇ 26 ਵਿਸਾਖ ਨੂੰ ਘੇਰਾ ਪਾ ਲਿਆ। ਬਾਬਾ ਜੀ ਕੋਲ ਯੋਧਿਆਂ ਅਤੇ ਹਥਿਆਰਾਂ ਦੀ ਕੋਈ ਘਾਟ ਨਹੀ ਸੀ। ਉਨ੍ਹਾਂ ਕੋਲ ਘੁੜ ਸਵਾਰਾਂ ਸਮੇਤ 26 ਹਜ਼ਾਰ ਤਿਆਰ-ਬਰ-ਤਿਆਰ ਸਿੰਘ ਸਨ। ਪਰੰਤੂ ਬਾਬਾ ਜੀ ਨੇ ਫ਼ੈਸਲਾ ਕੀਤਾ ਕਿ ਸ਼ਰਨ ਆਏ ਦੀ ਰਾਖੀ ਕਰਨੀ ਅਤੇ ਭਰਾਵਾਂ 'ਤੇ ਵਾਰ ਨਹੀ ਕਰਨਾ। ਬਾਬਾ ਜੀ ਦੇ ਹੁਕਮਾਂ ਅਨੁਸਾਰ ਦੀਵਾਨ ਸਜਾਇਆ ਗਿਆ। ਸਾਰੀ ਰਾਤ ਭਜਨ-ਬੰਦਗੀ ਹੁੰਦੀ ਰਹੀ ਅਤੇ ਤੜਕਸਾਰ ਹੋਏ ਹਮਲੇ ਵਿਚ ਸਰੀਰ 'ਤੇ ਲੱਗੀਆਂ 18 ਗੋਲ਼ੀਆਂ ਅਤੇ ਤੋਪ ਦੇ ਗੋਲ਼ੇ ਕਾਰਨ ਸ਼ਾਂਤਮਈ ਰਹਿੰਦੇ ਹੋਏ ਉਨ੍ਹਾਂ ਸ਼ਹੀਦੀ ਜਾਮ ਪੀਤਾ। ਉਨ੍ਹਾਂ ਦੇ ਸ਼ਹੀਦੀ ਵੇਲੇ ਦੇ ਵਸਤਰ ਅਤੇ ਸ਼ਸਤਰ ਅੱਜ ਵੀ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਪੁਰਾਣਾ ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਖੇ ਸੰਭਾਲੇ ਹੋਏ ਹਨ। ਉਨ੍ਹਾਂ ਦੀ ਯਾਦ ਵਿਚ ਇਸ ਵਾਰ ਮੇਲਾ ਸਤਾਈਆਂ ਦਾ ਸੰਤ ਬਾਬਾ ਹਰਜੀਤ ਸਿੰਘ ਦੀ ਅਗਵਾਈ ਹੇਠ 9 ਮਈ ਨੂੰ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮਨਾਇਆ ਗਿਆ। ਇਸ ਤੋਂ ਇਲਾਵਾ ਨੌਰੰਗਾਬਾਦ, ਗੱਗੋਬੂਆ, ਮੁਠਿਆਵਾਲੀ, ਸ਼ਤਾਬਗੜ੍ਹ, ਰੱਤੋਕੀ ਤੇ ਹੋਰ ਸੈਕੜੇ ਅਸਥਾਨਾਂ ਉੱਪਰ ਸ਼ਹੀਦੀ ਜੋੜ ਮੇਲੇ ਲੱਗਦੇ ਹਨ।

ਬਲਵਿੰਦਰ ਸਿੰਘ ਧਾਲੀਵਾਲ
99141-88618

## ਸੁਲਤਾਨ-ਉਲ-ਕੌਮ ਮਹਾਨ ਜਰਨੈਲ ਜੱਸਾ ਸਿੰਘ ਆਹਲੂਵਾਲੀਆ



ਅਠਾਰਵੀ ਸਦੀ ਦੇ ਮਹਾਨ ਜਰਨੈਲ, ਆਹਲੂਵਾਲੀਆ ਮਿਸਲ ਤੇ ਕਪੂਰਥਲਾ ਰਿਆਸਤ ਦੇ ਬਾਨੀ, ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਲਾਹੌਰ ਤੋਂ ਲਗਪਗ 8 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਆਹਲੂ ਵਿਖੇ ਸਰਦਾਰ ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਉਨ੍ਹਾਂ ਦੇ ਸਿਰ ਤੋਂ ਬਚਪਨ ਵਿਚ ਹੀ ਪਿਤਾ ਦਾ ਸਾਇਆ ਉੱਠ ਗਿਆ ਸੀ। ਸੰਨ 1723 'ਚ ਮਾਤਾ ਜੀਵਨ ਕੌਰ ਬਾਲਕ ਜੱਸਾ ਸਿੰਘ ਨੂੰ ਲੈ ਕੇ ਮਾਤਾ ਸੁੰਦਰੀ ਜੀ ਕੋਲ ਦਿੱਲੀ ਚਲੇ ਗਏ। ਜੱਸਾ ਸਿੰਘ ਨੇ ਲਗਪਗ ਸੱਤ ਸਾਲ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਹੇਠ ਸਿੱਖ ਧਰਮ ਤੇ ਇਤਿਹਾਸ ਬਾਰੇ ਗਿਆਨ ਹਾਸਲ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਫਾਰਸੀ ਵੀ ਸਿੱਖੀ। ਸੰਨ 1729 'ਚ ਉਨ੍ਹਾਂ ਦੇ ਮਾਮਾ ਬਾਘ ਸਿੰਘ ਦਿੱਲੀ ਵਿਚ ਮਾਤਾ ਸੁੰਦਰੀ ਜੀ ਕੋਲ ਗਏ ਤੇ ਆਪਣੀ ਭੈਣ ਤੇ ਭਾਣਜੇ ਦੀ ਪੰਜਾਬ ਵਾਪਸੀ ਲਈ ਅਰਜ਼ੋਈ ਕੀਤੀ। ਮਾਤਾ ਸੁੰਦਰੀ ਨੇ ਦਿੱਲੀ ਤੋਂ ਵਿਦਾਇਗੀ ਸਮੇਂ ਜੱਸਾ ਸਿੰਘ ਨੂੰ ਇਕ ਕਿਰਪਾਨ, ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਅਤੇ ਚਾਂਦੀ ਦੀ ਚੋਭ ਬਖ਼ਸ਼ਿਸ਼ ਕੀਤੀ ਤੇ ਅਸ਼ੀਰਵਾਦ ਦਿੱਤਾ। ਜੱਸਾ ਸਿੰਘ ਆਪਣੇ ਮਾਮਾ ਬਾਘ ਸਿੰਘ ਅਤੇ ਮਾਤਾ ਜੀ ਨਾਲ ਜਲੰਧਰ ਆ ਗਏ। ਉਸ ਸਮੇਂ ਜਲੰਧਰ ਦੇ ਨੇੜੇ ਕਰਤਾਰਪੁਰ ਵਿਖੇ ਸਿੱਖਾਂ ਨੇ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠ ਡੇਰੇ ਲਾਏ ਹੋਏ ਸਨ। ਇਕ ਗੁਰਪੁਰਬ ਮੌਕੇ ਜੱਸਾ ਸਿੰਘ ਆਪਣੀ ਮਾਤਾ ਤੇ ਮਾਮੇ ਨਾਲ ਕਰਤਾਰਪੁਰ ਵਿਖੇ ਨਵਾਬ ਕਪੂਰ ਸਿੰਘ ਦੇ ਡੇਰੇ ਗਏ। ਨਵਾਬ ਕਪੂਰ ਸਿੰਘ ਨੇ ਬਾਲਕ ਵਿਚ ਛੁਪੀ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਆਪਣੇ ਕੋਲ ਰੱਖਣ ਲਈ ਉਸ ਦੇ ਵਾਰਸਾਂ ਨੂੰ ਆਖਿਆ। ਜੱਸਾ ਸਿੰਘ ਦੀ ਮਾਤਾ ਨੇ ਆਪਣਾ ਪੁੱਤਰ ਉਨ੍ਹਾਂ ਦੀ ਝੋਲੀ ਪਾ ਦਿੱਤਾ। ਨਵਾਬ ਕਪੂਰ ਸਿੰਘ ਨੇ ਉਸ ਬਾਲਕ ਨੂੰ ਘੋੜਿਆਂ ਨੂੰ ਦਾਣਾ ਵੰਡਣ ਦਾ ਕੰਮ ਸੌਂਪ ਦਿੱਤਾ। ਨਵਾਬ ਕਪੂਰ ਸਿੰਘ ਦੀ ਦੇਖ-ਰੇਖ ਹੇਠ ਜੱਸਾ ਸਿੰਘ ਨੇ ਘੋੜਸਵਾਰੀ ਅਤੇ ਸ਼ਾਸਤਰ ਵਿੱਦਿਆ ਵਿਚ ਨਿਪੁੰਨਤਾ ਹਾਸਲ ਕੀਤੀ। ਛੋਟੇ ਘੱਲੂਘਾਰੇ ਸਮੇਂ ਨਵਾਬ ਕਪੂਰ ਸਿੰਘ, ਸੁੱਖਾ ਸਿੰਘ ਮਾੜੀ ਕੰਬੋਕੀ, ਜੱਸਾ ਸਿੰਘ ਆਹਲੂਵਾਲੀਆ ਹੋਰ ਸਰਦਾਰਾਂ ਨਾਲ ਕਾਹਨੂੰਵਾਲ ਛੰਭ ਦੇ ਇਲਾਕੇ ਵਿਚ ਸਨ। ਬਾਅਦ ਵਿਚ ਆਹਲੂਵਾਲੀਆ ਸਰਦਾਰ ਮਾਲਵਾ ਇਲਾਕੇ ਦੇ ਕੋਟਕਪੂਰਾ ਨਗਰ ਆ ਠਹਿਰਿਆ। ਅਹਿਮਦ ਸ਼ਾਹ ਅਬਦਾਲੀ ਦੇ ਪਹਿਲੇ ਹਮਲੇ ਸਮੇਂ 21-22 ਫਰਵਰੀ 1747 ਨੂੰ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਲੂਵਾਲੀਆ, ਚੜ੍ਹਤ ਸਿੰਘ ਤੇ ਹੋਰਨਾਂ ਸਰਦਾਰਾਂ ਨੇ ਤਰਨਤਾਰਨ ਦੇ ਲਾਗੇ ਨੂਰਦੀਨ ਦੀ ਸਰਾਂ ਵਿਖੇ ਰੁਕੀਆਂ ਹੋਈਆਂ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਉੱਪਰ ਧਾਵਾ ਬੋਲ ਦਿੱਤਾ। ਇਸ ਤੋਂ ਬਾਅਦ ਵੈਰੋਵਾਲ ਦੇ ਰਾਹ ਵਿਚ ਸਿੰਘਾਂ ਦੀ ਇਕ ਹੋਰ ਟੱਕਰ ਅਬਦਾਲੀ ਦੀਆਂ ਫ਼ੌਜਾਂ ਨਾਲ ਹੋਈ। ਇਸ ਸਮੇਂ ਅੰਮ੍ਰਿਤਸਰ ਵਿਚ ਸਲਾਬਤ ਖਾਨ ਆਪਣੀ ਫ਼ੌਜ ਸਮੇਤ ਟਿਕਿਆ ਹੋਇਆ ਸੀ ਜੋ ਸਿੱਖਾਂ ਨੂੰ ਅੰਮ੍ਰਿਤਸਰ ਦੇ ਸਰੋਵਰ 'ਚ ਇਸ਼ਨਾਨ ਕਰਨ ਤੋਂ ਰੋਕਦਾ ਸੀ। ਨਵਾਬ ਕਪੂਰ ਸਿੰਘ ਨੇ ਅੰਮ੍ਰਿਤਸਰ ਨੂੰ ਆਜ਼ਾਦ ਕਰਵਾਉਣ ਲਈ ਆਹਲੂਵਾਲੀਆ ਨੂੰ ਆਖ ਦਿੱਤਾ। ਸਰਦਾਰ ਜੱਸਾ ਸਿੰਘ ਨੇ ਸਲਾਬਤ ਖਾਨ ਨੂੰ ਮਾਰ ਮੁਕਾਇਆ ਅਤੇ ਸਿੰਘਾਂ ਦਾ ਅੰਮ੍ਰਿਤਸਰ 'ਤੇ ਕਬਜ਼ਾ ਹੋ ਗਿਆ। ਜੱਸਾ ਸਿੰਘ ਨੇ ਸਲਾਬਤ ਖਾਨ ਦੇ ਬਹੁਤ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਉਣੱਤੀ ਮਾਰਚ 1748 ਨੂੰ ਸਰਬੱਤ ਖ਼ਾਲਸਾ ਅੰਮ੍ਰਿਤਸਰ ਵਿਖੇ ਇਕੱਠਾ ਹੋਇਆ। ਦਲ ਖ਼ਾਲਸਾ ਸੰਗਠਿਤ ਕਰ ਕੇ ਉਸ ਦੀ ਜ਼ਿੰਮੇਵਾਰੀ ਸਰਦਾਰ ਜੱਸਾ ਸਿੰਘ ਨੂੰ ਸੌਂਪ ਦਿੱਤੀ ਗਈ। ਸੱਤ ਅਕਤੂਬਰ 1753 ਨੂੰ ਨਵਾਬ ਕਪੂਰ ਸਿੰਘ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਚੜ੍ਹਾਈ ਕਰਨ ਤੋਂ ਪਹਿਲਾਂ ਉਨ੍ਹਾਂ ਸਰਦਾਰ ਜੱਸਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਕਿਰਪਾਨ ਦਿੱਤੀ ਜੋ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ। ਦਸ ਅਪ੍ਰੈਲ 1754 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਜੱਸਾ ਸਿੰਘ ਆਹਲੂਵਾਲੀਆ ਨੂੰ ਨਵਾਬ ਕਪੂਰ ਸਿੰਘ ਦੀ ਥਾਂ ਖ਼ਾਲਸੇ ਦਾ ਰਾਜਸੀ ਤੇ ਧਾਰਮਿਕ ਜਥੇਦਾਰ ਥਾਪਿਆ ਗਿਆ। ਮਾਰਚ 1761 ਵਿਚ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨ 'ਤੇ ਹਮਲਾ ਕਰ ਕੇ ਇੱਥੋਂ ਬੇਅੰਤ ਦੌਲਤ ਤੇ ਇੱਥੋਂ ਦੀਆਂ ਬਹੂ-ਬੇਟੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਨਾਲ ਕਾਬੁਲ ਲਿਜਾ ਰਿਹਾ ਸੀ। ਜਦ ਦਲ ਖ਼ਾਲਸਾ ਨੂੰ ਇਸ ਗੱਲ ਦੀ ਭਿਣਕ ਲੱਗੀ ਤਾਂ ਉਸ ਨੇ ਆਲੂਵਾਲੀਆ ਦੀ ਅਗਵਾਈ ਹੇਠ ਅਬਦਾਲੀ ਨੂੰ ਬਿਆਸ ਦਰਿਆ ਦੇ ਗੋਇੰਦਵਾਲ ਪੱਤਣ 'ਤੇ ਜਾ ਘੇਰਿਆ। ਉਸ ਦੀ ਕੈਦ ਵਿੱਚੋਂ 2200 ਇਸਤਰੀਆਂ ਨੂੰ ਛੁਡਾ ਕੇ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਇਆ। ਸੰਨ 1761 'ਚ ਅਬਦਾਲੀ ਨੇ ਆਪਣੇ ਇਕ ਜਰਨੈਲ ਉਬੈਦ ਖਾਨ ਨੂੰ ਲਾਹੌਰ ਦਾ ਹਾਕਮ ਨਿਯੁਕਤ ਕਰ ਦਿੱਤਾ ਸੀ ਜਿਸ ਨੂੰ ਹਰਾ ਕੇ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਐਲਾਨ ਦਿੱਤਾ। ਲਾਹੌਰ ਦਾ ਬਾਦਸ਼ਾਹ ਬਣਨ ਉਪਰੰਤ ਲੋਕ ਆਪ ਨੂੰ ਸੁਲਤਾਨ-ਉਲ-ਕੌਮ ਕਹਿ ਕੇ ਬੁਲਾਉਣ ਲੱਗ ਪਏ। ਜਦੋਂ ਅਬਦਾਲੀ ਨੇ ਲਾਹੌਰ 'ਤੇ ਸਿੱਖਾਂ ਦੇ ਕਬਜ਼ੇ ਦੀ ਖ਼ਬਰ ਸੁਣੀ ਤਾਂ ਉਸ ਨੇ ਬਹੁਤ ਵੱਡੀ ਫ਼ੌਜ ਲੈ ਕੇ ਪੰਜਾਬ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਸਿੱਖ ਲਾਹੌਰ ਛੱਡ ਕੇ ਮਲੇਰਕੋਟਲਾ ਦੇ ਲਾਗੇ ਪਿੰਡ ਕੁੱਪ ਵਿਖੇ ਇਕੱਠੇ ਹੋ ਗਏ। ਪੰਜ ਫਰਵਰੀ 1762 ਨੂੰ ਵੱਡੇ ਘੱਲੂਘਾਰੇ ਸਮੇਂ ਕੁੱਪ ਰੋਹੀੜਾ ਦੇ ਮੈਦਾਨ ਵਿਚ ਅਬਦਾਲੀ ਅਤੇ ਸਿੰਘਾਂ ਵਿਚਕਾਰ ਭਿਆਨਕ ਯੁੱਧ ਹੋਇਆ। ਇਸ ਯੁੱਧ ਵਿਚ 25 ਹਜ਼ਾਰ ਦੇ ਕਰੀਬ ਸਿੱਖ ਮਾਰੇ ਗਏ। ਇਤਿਹਾਸ ਵਿਚ ਇਸ ਘਟਨਾ ਨੂੰ ਵੱਡੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਯੁੱਧ 'ਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਸੂਰਮਗਤੀ ਦੇ ਜੌਹਰ ਦਿਖਾਏ। ਇਸ ਇਸ ਯੁੱਧ ਵਿਚ ਉਨ੍ਹਾਂ ਦੇ ਸਰੀਰ 'ਤੇ ਬਾਈ ਡੂੰਘੇ ਜ਼ਖ਼ਮ ਲੱਗੇ ਸਨ। ਸੰਨ 1764 ਵਿਚ ਸਿੰਘਾਂ ਨੇ ਜੱਸਾ ਸਿੰਘ ਦੀ ਕਮਾਂਡ ਹੇਠ ਸਰਹਿੰਦ 'ਤੇ ਹਮਲਾ ਕੀਤਾ। ਇਸ ਹਮਲੇ ਵਿਚ ਅਹਿਮਦ ਸ਼ਾਹ ਵੱਲੋਂ ਸਰਹਿੰਦ ਦਾ ਗਵਰਨਰ ਥਾਪਿਆ ਗਿਆ ਜੈਨ ਖਾਂ ਮਾਰਿਆ ਗਿਆ। ਉਸ ਦਾ ਖ਼ਜ਼ਾਨਾ ਲੁੱਟ ਲਿਆ ਗਿਆ। ਖ਼ਜ਼ਾਨੇ ਦੀ ਲੁੱਟ ਵਿੱਚੋਂ 9 ਲੱਖ ਰੁਪਏ ਜੱਸਾ ਸਿੰਘ ਦੇ ਹਿੱਸੇ ਆਏ ਜੋ ਉਸ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ 'ਚ ਦੇ ਦਿੱਤੇ। ਆਹਲੂਵਾਲੀਆਂ ਨੇ 1774 'ਚ ਰਾਏ ਅਬਰਾਹਿਮ ਭੱਟੀ ਤੋਂ ਕਪੂਰਥਲਾ ਦਾ ਇਲਾਕਾ ਜਿੱਤ ਕੇ ਉੱਥੇ ਆਪਣੀ ਰਾਜਧਾਨੀ ਸਥਾਪਤ ਕੀਤੀ। ਗਿਆਰਾਂ ਮਾਰਚ 1783 ਨੂੰ ਸਿੱਖ ਜਰਨੈਲਾਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਭਾਗ ਸਿੰਘ ਅਤੇ ਹੋਰਨਾਂ ਦੀ ਅਗਵਾਈ ਹੇਠ ਸਿੱਖਾਂ ਨੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਸਮੇਂ ਸਿੱਖਾਂ ਵੱਲੋਂ ਆਹਲੂਵਾਲੀਆ ਨੂੰ ਖ਼ਾਲਸਾ ਪੰਥ ਦਾ ਪਾਤਸ਼ਾਹ ਐਲਾਨਿਆ ਗਿਆ ਅਤੇ ਦਿੱਲੀ ਦੇ ਸੱਤ ਵੱਡੇ ਗੁਰਦੁਆਰਿਆਂ ਦੀ ਉਸਾਰੀ ਕਰਵਾਉਣ ਦੀ ਦੀ ਜ਼ਿੰਮੇਵਾਰੀ ਸਰਦਾਰ ਬਘੇਲ ਸਿੰਘ ਨੂੰ ਸੌਂਪੀ ਗਈ। ਅੰਤ 20 ਅਕਤੂਬਰ 1783 ਨੂੰ ਇਹ ਮਹਾਨ ਸਿੱਖ ਜਰਨੈਲ ਅੰਮ੍ਰਿਤਸਰ ਵਿਖੇ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਿਆ। ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਕੋਲ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਕਪੂਰਥਲਾ ਦੇ ਸਰਕਾਰੀ ਕਾਲਜ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਿਆ ਹੋਇਆ ਹੈ। ਭਾਰਤ ਸਰਕਾਰ ਵੱਲੋਂ ਉਨ੍ਹਾਂ ਦੇ ਸਨਮਾਨ 'ਚ 4 ਅਪ੍ਰੈਲ 1985 ਨੂੰ ਇਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ। ਪੰਥ ਦੇ ਬਹਾਦਰ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ।

ਦਲਜੀਤ ਰਾਏ ਕਾਲੀਆ
97812-00168

## ਸਿਓਲ ਨੂੰ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਦੀ ਲੋੜ

ਡਾ. ਲਖਵਿੰਦਰ ਸਿੰਘ

ਜਿਵੇਂ-ਜਿਵੇਂ ਸਿੱਖ ਭਾਈਚਾਰਾ ਦੱਖਣੀ ਕੋਰੀਆ, ਖ਼ਾਸ ਕਰਕੇ ਰਾਜਧਾਨੀ ਸਿਓਲ ਵਿੱਚ, ਨਿਰੰਤਰ ਹੌਲੀ ਹੌਲੀ ਵਧ ਰਿਹਾ ਹੈ, ਓਸੇ ਤਰ੍ਹਾਂ ਇੱਥੇ ਧਾਰਮਿਕ ਅਤੇ ਸੱਭਿਆਚਾਰਕ ਬੁਨਿਆਦੀ ਢਾਂਚੇ ਦੀ ਲੋੜ ਵੀ ਹੋਰ ਵਧੀਕ ਤੇ ਸਪੱਸ਼ਟ ਹੋਣੀ ਸ਼ੁਰੂ ਹੋ ਗਈ ਹੈ। ਸਿੱਖ ਧਰਮ, ਜੋ ਸ਼ਾਂਤੀ, ਸਮਾਨਤਾ ਅਤੇ ਮਨੁੱਖਤਾ ਦੀ ਸੇਵਾ ਨੂੰ ਉਤਸ਼ਾਹਿਤ ਕਰਨ ਵਾਲੀ ਲੰਮੀ ਪਰੰਪਰਾ ਰੱਖਦਾ ਹੈ ਰਾਜਧਾਨੀ ਸਿਓਲ ਵਿੱਚ ਅਜੇ ਤੱਕ ਗੁਰਦੁਆਰਾ ਸਾਹਿਬ ਜਾਂ ਸਿੱਖ ਕਮਿਊਨਿਟੀ ਸੈਂਟਰ ਦੀ ਗੈਰਮੌਜੂਦਗੀ ਸਿਰਫ਼ ਇੱਕ ਧਾਰਮਿਕ ਖਾਲੀਪਨ ਨਹੀ, ਸਗੋਂ ਕੋਰੀਆ ਅਤੇ ਵਿਸ਼ਵ ਸਿੱਖ ਭਾਈਚਾਰੇ ਦੋਹਾਂ ਲਈ ਇੱਕ ਵੱਡਾ ਗੁਆਚਿਆ ਹੋਇਆ ਮੌਕਾ ਹੈ । ਹੁਣ ਸਮਾਂ ਆ ਗਿਆ ਹੈ ਕਿ ਸਿਓਲ ਵਿੱਚ ਇੱਕ ਢੁਕਵਾਂ, ਤਾਲਮੇਲ ਵਾਲੇ ਯਤਨ ਕਰਕੇ ਸ਼੍ਰੀ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਸਥਾਪਿਤ ਕੀਤਾ ਜਾਵੇ ।

### ਅਧਿਆਤਮਿਕ ਅਤੇ ਸੱਭਿਆਚਾਰਕ ਲੋੜ

ਭਾਵੇਂ ਸਿੱਖ ਧਰਮ ਕੋਰੀਆ ਲਈ ਨਵਾਂ ਹੋਵੇ, ਪਰ ਕੋਰੀਆਈ ਸਮਾਜ ਨੂੰ ਦੇਣ ਲਈ ਇਸ ਕੋਲ ਬਹੁਤ ਕੁਝ ਹੈ। ਇਹ ਇੱਕ ਐਸਾ ਧਰਮ ਹੈ ਜੋ ਇਮਾਨਦਾਰੀ, ਮਿਹਨਤ, ਲਿੰਗ ਸਮਾਨਤਾ, ਭਾਈਚਾਰੇ ਦੀ ਸੇਵਾ ਅਤੇ ਇੱਕ ਪਰਮਾਤਮਾ ਪ੍ਰਤੀ ਸ਼ਰਧਾ ਵਰਗੇ ਵਿਸ਼ਵਵਿਆਪੀ ਮੁੱਲਾਂ 'ਤੇ ਆਧਾਰਿਤ ਹੈ। ਇਨ੍ਹਾਂ ਮੁੱਲਾਂ ਨੂੰ ਕੋਰੀਆਈ ਲੋਕਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ ਲਈ, ਸਿੱਖ ਧਰਮ ਦੀ ਵਿਆਖਿਆ ਇੱਥੇ ਆਦਰ, ਸਚਾਈ ਅਤੇ ਸੰਵੇਦਨਸ਼ੀਲਤਾ ਨਾਲ ਕਰਨੀ ਬੇਹੱਦ ਜ਼ਰੂਰੀ ਹੈ। ਸਿਓਲ ਵਿੱਚ ਇੱਕ ਸ਼੍ਰੀ ਗੁਰਦੁਆਰਾ ਸਾਹਿਬ ਨਾ ਸਿਰਫ਼ ਅਧਿਆਤਮਿਕ ਕੇਂਦਰ ਹੋਵੇਗਾ, ਸਗੋਂ ਇਕ ਵਿਦਿਅਕ ਅਤੇ ਸਾਂਝੀ ਸਿੱਖਿਆ ਦਾ ਐਸਾ ਕੇਂਦਰ ਵੀ ਬਣੇਗਾ, ਜਿੱਥੇ ਕੋਰੀਆਈ ਨਾਗਰਿਕ ਸਿੱਖ ਧਰਮ ਦੇ ਮੂਲ ਵਿਸ਼ਵਾਸਾਂ, ਅਭਿਆਸਾਂ ਅਤੇ ਜੀਵਨ ਮੁੱਲਾਂ ਬਾਰੇ ਸੂਝ-ਬੂਝ ਵਿਕਸਿਤ ਕਰਨ ਅਤੇ ਸਿੱਖਣ ਦਾ ਮੌਕਾ ਹਾਸਲ ਕਰ ਸਕਣ। ਕਿਸੇ ਵੀ ਕੌਮ ਦੀ ਰਾਜਧਾਨੀ ਸਿਰਫ਼ ਰਾਜਨੀਤਿਕ ਕੇਂਦਰ ਨਹੀ ਹੁੰਦੀ, ਸਗੋਂ ਇਹ ਉਸ ਦੇ ਸੱਭਿਆਚਾਰਕ ਚਿਹਰੇ ਦੀ ਨੁਮਾਇੰਦਗੀ ਵੀ ਕਰਦੀ ਹੈ। ਜਦੋਂ ਵਿਦੇਸ਼ੀ ਸੈਲਾਨੀ-ਜਿਨ੍ਹਾਂ ਵਿੱਚ ਸਿੱਖ ਵੀ ਸ਼ਾਮਲ ਹਨ-ਸਿਓਲ ਆ ਕੇ ਗੁਰਦੁਆਰਾ ਨਾ ਮਿਲਣ ਕਾਰਨ ਨਿਰਾਸ਼ ਜਾਂ ਉਲਝਣ ਵਿੱਚ ਵਾਪਸ ਜਾਂਦੇ ਹਨ, ਤਾਂ ਇਹ ਨਾ ਸਿਰਫ਼ ਉਨ੍ਹਾਂ ਦੀ ਧਾਰਮਿਕ ਲੋੜ ਨੂੰ ਟੱਕਰ ਮਾਰਦਾ ਹੈ, ਸਗੋਂ ਕੋਰੀਆ ਦੀ ਵਿਭਿੰਨਤਾ ਵਾਲੀ ਛਵੀ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ।

### ਸਮਾਜਿਕ ਏਕਤਾ ਲਈ ਇਕ ਜ਼ਰੂਰੀ ਕਦਮ

ਕੋਰੀਆ ਇਸ ਵੇਲੇ ਜਨਸੰਖਿਆ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਆਬਾਦੀ ਘਟ ਰਹੀ ਹੈ, ਅਤੇ ਹੁਨਰਮੰਦ ਵਿਦੇਸ਼ੀ ਕਾਮਿਆਂ ਦੀ ਲੋੜ -ਖ਼ਾਸ ਕਰਕੇ ਖੇਤੀਬਾੜੀ 'ਚ-ਬੇਹੱਦ ਵਧ ਰਹੀ ਹੈ। ਪੰਜਾਬੀ ਸਿੱਖ ਕਿਸਾਨ ਦੁਨੀਆ ਵਿੱਚ ਸਭ ਤੋਂ ਤਜਰਬੇਕਾਰ ਹਨ ਅਤੇ ਕੋਰੀਆ ਦੇ ਖੇਤੀਬਾੜੀ ਭਵਿੱਖ ਵਿੱਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਪਰ ਇਤਿਹਾਸ ਇਸ ਗੱਲ ਦੀ ਪੂਰੀ ਗਵਾਹੀ ਦਿੰਦਾ ਹੈ ਕਿ ਜੇ ਇਮੀਗ੍ਰੇਸ਼ਨ ਢੁਕਵੇਂ ਤਰੀਕੇ ਅਤੇ ਸਠਿਕ ਸਮਾਜਿਕ ਏਕੀਕਰਨ ਦੇ ਬਿਨਾਂ ਹੁੰਦੀ ਹੈ, ਤਾਂ ਇਸ ਦਾ ਨਤੀਜਾ ਅਕਸਰ ਸਮਾਜਿਕ ਵੰਡ, ਟਕਰਾਵ ਅਤੇ ਗਲਤਫਹਮੀਆਂ ਦੇ ਰੂਪ ਵਿੱਚ ਨਿਕਲਦਾ ਹੈ। ਕੋਰੀਆ ਵਿੱਚ ਅਜਿਹਾ ਟਕਰਾਵ ਅਤੇ ਗਲਤਫਹਮੀਆਂ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਬੇਹੱਦ ਮਹਿੰਗੀਆਂ ਅਤੇ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ। ਇਸ ਲਈ ਕੋਰੀਆ ਵਿੱਚ ਰਹਿ ਰਹੇ ਸਿੱਖਾਂ ਨੂੰ ਆਪਣੀ ਨਵੀ ਪਛਾਣ ਅਤੇ ਛਵੀ ਬਹੁਤ ਸੋਚ-ਸਮਝ ਕੇ ਤੇ ਸਾਵਧਾਨੀ ਨਾਲ ਤਿਆਰ ਕਰਨੀ ਹੋਵੇਗੀ। ਜੇਕਰ ਕੋਰੀਆ ਵਿੱਚ ਸਿੱਖ ਭਾਈਚਾਰੇ ਦੀ ਨਵੀ ਪਛਾਣ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ, ਤਾਂ ਉਹ ਨੁਕਸਾਨ ਸਥਾਈ ਹੋ ਸਕਦਾ ਹੈ ਅਤੇ ਉਸਨੂੰ ਵਾਪਸ ਪਲਟਣਾ ਲਗਭਗ ਅਸੰਭਵ ਹੋਵੇਗਾ। ਇਸ ਕਰਕੇ ਸਿੱਖ ਆਗੂਆਂ ਲਈ ਇਹ ਪਲ ਬੇਹੱਦ ਸੰਵੇਦਨਸ਼ੀਲ ਹੈ ਅਤੇ ਉਨ੍ਹਾਂ ਨੂੰ ਬਹੁਤ ਹੀ ਸੋਚ-ਸਮਝ ਕੇ, ਸਾਵਧਾਨੀ ਨਾਲ ਹਰ ਕਦਮ ਚੁੱਕਣੇ ਹੋਣਗੇ । ਇਸ ਸੰਦਰਭ ਵਿੱਚ, ਸਿਓਲ ਵਿੱਚ ਇੱਕ ਸ਼੍ਰੀ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਨਾ ਸਿਰਫ਼ ਇੱਕ ਧਾਰਮਿਕ ਢਾਂਚਾ ਹੋਵੇਗਾ, ਸਗੋਂ ਇੱਕ ਭਾਈਚਾਰਕ ਕੇਂਦਰ ਵੀ ਹੋਵੇਗਾ-ਜਿੱਥੇ ਨਵੇਂ ਆਏ ਪੰਜਾਬੀਆਂ ਨੂੰ ਸੱਭਿਆਚਾਰਕ ਸਹਿਯੋਗ, ਭਾਸ਼ਾ ਸਹਾਇਤਾ, ਕਾਨੂੰਨੀ ਮਦਦ ਅਤੇ ਸਿੱਖ ਧਰਮ 'ਤੇ ਆਧਾਰਤ ਨੈਤਿਕ ਮਾਰਗਦਰਸ਼ਨ ਮਿਲੇਗਾ। ਇਹ ਸਿਰਫ਼ ਇੱਟਾਂ-ਪਥਰਾਂ ਦੀ ਇਮਾਰਤ ਨਹੀ, ਸਗੋਂ ਕੋਰੀਆ ਵਿੱਚ ਸਿੱਖ ਭਵਿੱਖ ਲਈ ਇਕ ਨੈਤਿਕ ਆਧਾਰ, ਸੰਸਕਾਰਕ ਆਸਰਾ ਅਤੇ ਸਿੱਖ ਭਾਈਚਾਰੇ ਲਈ ਆਸ, ਸਹਿਯੋਗ ਤੇ ਸੰਜੋਗ ਦੀ ਇਕ ਰੌਸ਼ਨ ਮਿਸਾਲ ਹੋਵੇਗੀ।




1. ਡਾ. ਲਖਵਿੰਦਰ ਸਿੰਘ ਕੋਰੀਆ ਦੇ ਪ੍ਰਮੁੱਖ ਵਿਦਵਾਨਾਂ, ਨੀਤੀ ਵਿਸ਼ਲੇਸ਼ਕਾਂ ਅਤੇ ਭਾਈਚਾਰਕ ਆਗੂਆਂ ਵਿੱਚੋਂ ਇੱਕ ਹਨ। ਉਹ ਵਰਤਮਾਨ ਵਿੱਚ ਪੰਜਾਬੀ ਐਸੋਸੀਏਸ਼ਨ ਕੋਰੀਆ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਕੋਰੀਆ ਵਿੱਚ ਵੱਸਦੇ ਪੰਜਾਬੀਆਂ ਦੀ ਆਵਾਜ਼ ਬਣੇ ਹੋਏ ਹਨ।

2. ਉਹ ਸਿਓਲ-ਅਧਾਰਤ ਏਸ਼ੀਆ ਇੰਸਟੀਚਿਊਟ ਵਿੱਚ ਅਮਨ ਅਤੇ ਸੁਰੱਖਿਆ ਅਧਿਆਨ ਵਿਭਾਗ ਦੇ ਨਿਰਦੇਸ਼ਕ ਹਨ। ਡਾ. ਸਿੰਘ ਕੋਰੀਆ ਅਤੇ ਭਾਰਤ ਵਿਚਕਾਰ ਰਣਨੀਤਕ ਸਾਂਝ, ਵਪਾਰਕ ਸਹਿਯੋਗ ਅਤੇ ਸੱਭਿਆਚਾਰਕ ਸਬੰਧਾਂ ਦੇ ਮਜ਼ਬੂਤੀਕਰਨ ਲਈ ਲੰਬੇ ਸਮੇਂ ਤੋਂ ਯਤਨਸ਼ੀਲ ਰਹੇ ਹਨ। ਉਨ੍ਹਾਂ ਕੋਲ ਕੋਰੀਆ ਅਧਿਐਨ ਅਤੇ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਦੋ ਡਾਕਟਰੇਟ ਡਿਗਰੀਆਂ ਹਨ, ਜੋ ਉਨ੍ਹਾਂ ਦੀ ਅਕਾਦਮਿਕ ਗਹਿਰਾਈ ਅਤੇ ਵਿਸ਼ਵ ਪੱਧਰੀ ਸਮਝ ਦਾ ਪਰਮਾਣ ਹਨ।ਉਹ ਕੋਰੀਆ ਵਿੱਚ ਸਭ ਤੋਂ ਉੱਚੀ ਸਿੱਖਿਆ ਪ੍ਰਾਪਤ ਕਰਨ ਵਾਲੇ ਅਤੇ ਸਭ ਤੋਂ ਲੰਮੇ ਸਮੇਂ ਤੋਂ ਵੱਸ ਰਹੇ ਭਾਰਤੀਆਂ ਵਿੱਚੋਂ ਇੱਕ ਵਜੋਂ ਜਾਣੇ ਜਾਂਦੇ ਹਨ।

3. ਉਹ ਹਾਰਵਰਡ ਯੂਨੀਵਰਸਿਟੀ ਤੋਂ ਵਪਾਰ ਨੀਤੀ ਦੇ ਖੇਤਰ ਵਿੱਚ ਵਰਿਸ਼ਠ ਕਾਰਜਕਾਰੀ ਫੈਲੋ ਵੀ ਰਹੇ ਹਨ। ਡਾ. ਸਿੰਘ ਭਾਰਤ-ਕੋਰੀਆ ਕਾਰੋਬਾਰੀ ਫੋਰਮ ਦੇ ਚੇਅਰਮੈਨ, ਕੋਰੀਆ ਖਾਦ ਸੰਵਾਦ ਮੰਚ ਦੇ ਸੀਨੀਅਰ ਐਡਵਾਈਜ਼ਰ, ਅਤੇ ਕੋਰੀਆ ਪਰੀਵੇਸ਼ੀ, ਸਮਾਜਿਕ ਅਤੇ ਸ਼ਾਸਨ ਸੰਸਥਾ ਦੇ ਮਾਰਗਦਰਸ਼ਕ ਸਲਾਹਕਾਰ ਵਜੋਂ ਵੀ ਸਰਗਰਮ ਹਨ। ਇਸ ਤੋਂ ਇਲਾਵਾ, ਉਹ ਕਈ ਵੱਖ-ਵੱਖ ਖੋਜ ਅਤੇ ਵਿਦਿਅਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ

4. ਉਨ੍ਹਾਂ ਨੇ ਪੰਜ ਸੌ ਤੋਂ ਵੱਧ ਲੇਖ, ਨੀਤੀ ਰਿਪੋਰਟਾਂ ਅਤੇ ਖੋਜ ਪੱਤਰ ਲਿਖੇ ਹਨ ਅਤੇ ਉਨ੍ਹਾਂ ਨੂੰ ਕੋਰੀਆ ਵਿੱਚ ਭਾਰਤ-ਕੋਰੀਆ ਰਣਨੀਤਕ ਭਾਈਚਾਰਾ ਦੇ ਮੂਲ ਰਚੇਤਾ ਵਜੋਂ ਵੀ ਜਾਣਿਆ ਜਾਂਦਾ ਹੈ।

5. ਸਿਓਲ ਵਿੱਚ ਭਾਈਚਾਰਕ ਏਕਤਾ, ਅਧਿਆਤਮਿਕ ਪਛਾਣ ਅਤੇ ਸਿੱਖ ਸੰਸਕਾਰਾਂ ਨੂੰ ਮਜ਼ਬੂਤ ਕਰਨ ਦੀ ਉਨ੍ਹਾਂ ਦੀ ਪੇਸ਼ਕਦਮੀ, ਖ਼ਾਸ ਕਰਕੇ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਦੀ ਸਥਾਪਨਾ ਵੱਲ, ਭਵਿੱਖਗਾਮੀ ਸੋਚ ਅਤੇ ਸਮਰਪਣ ਦੀ ਜੀਤੀਜਾਗਦੀ ਮਿਸਾਲ ਹੈ। ਉਨ੍ਹਾਂ ਨੂੰ ਭਾਰਤ-ਕੋਰੀਆ ਸਾਂਝ ਨੂੰ ਮਜ਼ਬੂਤ ਬਣਾਉਣ ਲਈ ਉਨ੍ਹਾਂ ਦੇ ਯੋਗਦਾਨ ਦੇ ਤੌਰ 'ਤੇ ਕੋਰੀਆ ਦੀ ਹਾਨਰਰੀ ਨਾਗਰਿਕਤਾ ਦੀ ਉਪਾਧੀ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

### ਸਿੱਖ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਆਸਰਾ

ਸਿਓਲ ਅੱਜ ਸਿੱਖ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਇੱਕ ਨਵਾਂ ਕੇਂਦਰ ਬਣ ਰਿਹਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨ-ਖ਼ਾਸ ਕਰਕੇ ਔਰਤਾਂ-ਜਦੋਂ ਇੱਥੇ ਪਹੁੰਚਦੀਆਂ ਹਨ, ਤਾਂ ਉਹ ਸਥਾਨਕ ਸਹਾਇਤਾ ਦੀ ਘਾਟ ਕਾਰਨ, ਉਹ ਅਕਸਰ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ ਜਾਂ ਗਲਤ ਜਾਣਕਾਰੀ ਦੇ ਚਲਦੇ ਮੁਸ਼ਕਲ ਹਾਲਾਤਾਂ 'ਚ ਫਸ ਜਾਂਦੀਆਂ ਹਨ। ਇੱਕ ਗੁਰਦੁਆਰਾ ਸਾਹਿਬ ਉਨ੍ਹਾਂ ਲਈ ਘਰ ਤੋਂ ਦੂਰ ਉਹ ਪਹਿਲੀ ਥਾਂ ਹੋ ਸਕਦੀ ਹੈ, ਜਿੱਥੇ ਉਨ੍ਹਾਂ ਨੂੰ ਅਧਿਆਤਮਿਕ ਸ਼ਾਂਤੀ ਦੇ ਨਾਲ ਵਿਹਾਰਕ ਆਸਰਾ ਵੀ ਮਿਲੇ। ਇਹ ਯਾਦ ਰਹੇ ਕਿ ਇਤਿਹਾਸਕ ਤੌਰ 'ਤੇ ਗੁਰਦੁਆਰੇ ਸਿਰਫ਼ ਇਬਾਦਤ ਸਥਾਨ ਨਹੀ ਰਹੇ, ਸਗੋਂ ਸਿੱਖਣ, ਨਿਆਂ ਅਤੇ ਭਾਈਚਾਰੇ ਦੀ ਸਹਾਇਤਾ ਦੇ ਕੇਂਦਰ ਵੀ ਰਹੇ ਹਨ। ਅੱਜ ਸਿਓਲ ਵਿੱਚ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਦੀ ਇਹ ਭੂਮਿਕਾ ਬਹੁਤ ਜ਼ਰੂਰੀ ਬਣ ਚੁੱਕੀ ਹੈ।

### ਸਿੱਖ ਭਾਈਚਾਰੇ ਲਈ ਆਰਥਿਕ ਵਿਕਾਸ ਦੀ ਇੱਕ ਨਵੀਂ ਸੰਭਾਵਨਾ

ਭਾਰਤ ਵਿੱਚ ਕੋਰੀਆਈ ਨਿਵੇਸ਼ ਤੀਵਰ ਗਤੀ ਨਾਲ ਵੱਧ ਰਿਹਾ ਹੈ, ਪਰ ਇਸ ਦਾ ਵੱਡਾ ਹਿੱਸਾ ਮੁੱਖਤੌਰ 'ਤੇ ਤਾਮਿਲਨਾਡੂ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਰਗੇ ਦੱਖਣੀ ਰਾਜਾਂ ਤੱਕ ਹੀ ਸੀਮਿਤ ਹੈ। ਇਹ ਰਾਜ ਆਪਣੇ ਸੁਚੱਜੇ ਅਤੇ ਸੰਗਠਿਤ ਕੋਰੀਆ ਵਿੱਚ ਵਸੇ ਆਪਣੇ ਭਾਈਚਾਰੇ ਕਰਕੇ ਕੋਰੀਆਈ ਨਿਵੇਸ਼ਕਾਂ ਲਈ ਆਕਰਸ਼ਣ ਦੇ ਕੇਂਦਰ ਬਣੇ ਹੋਏ ਹਨ। ਇਸਦੇ ਉਲਟ, ਪੰਜਾਬ ਅਜੇ ਵੀ ਕੋਰੀਆਈ ਨਿਵੇਸ਼ਕਾਂ ਅਤੇ ਵਪਾਰਕ ਸਾਂਝਾਂ ਦੇ ਨਕਸ਼ੇ 'ਤੇ ਢੰਗ ਨਾਲ ਆਪਣੀ ਮੌਜੂਦਗੀ ਦਰਜ ਨਹੀ ਕਰਵਾ ਸਕਿਆ। ਇਹ ਹਾਲਤ ਬਹੁਤ ਹੱਦ ਤੱਕ ਕੋਰੀਆ ਵਿੱਚ ਸਿੱਖ ਭਾਈਚਾਰੇ ਦੀ ਦ੍ਰਿਸ਼ਮਾਨ, ਸੰਯੁਕਤ ਅਤੇ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਦੀ ਘਾਟ ਦਾ ਨਤੀਜਾ ਹੈ। ਇਸ ਲਈ ਜੇਕਰ ਸਿੱਖ ਅਤੇ ਪੰਜਾਬੀ ਕੋਰੀਆਈ ਨਿਵੇਸ਼ ਅਤੇ ਉਨ੍ਹਾਂ ਦੀ ਅਗੇਤੀ ਤਕਨਾਲੋਜੀ ਦੇ ਲਾਭਾਂ 'ਚ ਆਪਣਾ ਨਿਆਂਯੋਗ ਹਿੱਸਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਕੋਰੀਆ ਵਿੱਚ ਇੱਕ ਸੰਗਠਿਤ ਅਤੇ ਵਿਉਤਬੱਧ ਯਤਨ ਕਰਨੇ ਪੈਣਗੇ। ਸਿਓਲ ਵਿੱਚ ਸਿੱਖ ਕਮਿਊਨਿਟੀ ਸੈਂਟਰ ਇਕ ਵਿਉਤਬੱਧ ਅਤੇ ਦੂਰਦਰਸ਼ੀ ਕੇਂਦਰ ਬਣ ਸਕਦਾ ਹੈ, ਜੋ ਕੋਰੀਆਈ ਸਾਥੀਆਂ ਨਾਲ ਡੂੰਘੇ ਸੱਭਿਆਚਾਰਕ, ਆਰਥਿਕ ਅਤੇ ਵਪਾਰਕ ਸਬੰਧਾਂ ਦੀ ਨਿਰਮਾਣਸ਼ੀਲ ਸੰਸਥਾਗਤ ਨੀਂਹ ਰੱਖੇਗਾ ਅਤੇ ਭਵਿੱਖ ਲਈ ਭਰੋਸੇਯੋਗ ਸਾਂਝ ਬਣਾਉਣ ਵਿੱਚ ਕੇਂਦਰੀ ਭੂਮਿਕਾ ਨਿਭਾਏਗਾ। ਜੇਕਰ ਸਹੀ ਢੰਗ ਨਾਲ ਸੰਗਠਨਬੱਧ ਹੋ ਕੇ ਯਤਨ ਕੀਤੇ ਜਾਣ, ਤਾਂ ਪੰਜਾਬ ਵੀ ਹੋਰ ਅੱਗੇ ਵਧੇ ਭਾਰਤੀ ਰਾਜਾਂ ਵਾਂਗ ਕੋਰੀਆਈ ਨਿਵੇਸ਼ ਨੂੰ ਆਕਰਸ਼ਿਤ ਕਰ ਸਕਦਾ ਹੈ-ਵਿਸ਼ੇਸ਼ ਤੌਰ 'ਤੇ ਖੇਤੀਬਾੜੀ, ਨਵਿਆਉਣਯੋਗ ਊਰਜਾ ਅਤੇ ਸਿੱਖਿਆ ਵਰਗੇ ਰਣਨੀਤਕ ਖੇਤਰਾਂ ਵਿੱਚ।

### ਸਿਓਲ ਹੋਰ ਇੰਤਜ਼ਾਰ ਨਹੀਂ ਕਰ ਸਕਦਾ

ਹਾਲਾਂਕਿ ਦੇਸ਼ ਦੇ ਹੋਰ ਕੁਝ ਖੇਤਰਾਂ ਵਿੱਚ ਦੋ ਛੋਟੇ ਗੁਰਦੁਆਰੇ ਮੌਜੂਦ ਹਨ ਪਰ ਉਹ ਨਾ ਤਾਂ ਢਾਂਚਾ ਤੌਰ ਤੇ ਅਤੇ ਨਾ ਹੀ ਸਥਿਤੀ ਤੌਰ ਤੇ ਇਸ ਯੋਗ ਹਨ ਕਿ ਉਹ ਪੂਰੀ ਕੋਰੀਆ ਵਿੱਚ ਵੱਸੇ ਸਿੱਖ ਭਾਈਚਾਰੇ ਦੀਆਂ ਵਿਆਪਕ ਲੋੜਾਂ ਨੂੰ ਪੂਰਾ ਕਰ ਸਕਣ। ਰਾਜਧਾਨੀ ਵਿੱਚ ਇੱਕ ਕੇਂਦਰੀ ਸਿੱਖ ਸੰਸਥਾ ਦੀ ਗੈਰਮੌਜੂਦਗੀ ਨੇ ਸਿੱਖ ਭਾਈਚਾਰੇ ਦੀ ਸਿਰਮੌਰ ਅਤੇ ਮਾਰਗਦਰਸ਼ਕ ਭੂਮਿਕਾ ਨੂੰ ਨਾ ਸਿਰਫ਼ ਰੋਕਿਆ ਹੈ, ਸਗੋਂ ਕੋਰੀਆ ਵਿੱਚ ਸਿੱਖ ਪਛਾਣ ਦੇ ਵਿਕਾਸ ਅਤੇ ਵਿਸਥਾਰ ਲਈ ਗੰਭੀਰ ਰੁਕਾਵਟ ਬਣੀ ਹੋਈ ਹੈ। ਇਹ ਘਾਟ ਸਿੱਖ ਭਾਈਚਾਰੇ ਦੀ ਸਮਰਥਾ, ਪ੍ਰਤੀਨਿਧਤਾ ਅਤੇ ਭਵਿੱਖੀ ਪੇਹਚਾਣ 'ਤੇ ਡੂੰਘਾ ਅਸਰ ਪਾ ਰਹੀ ਹੈ । ਸਿਓਲ ਵਿੱਚ ਗੁਰਦੁਆਰਾ ਬਣਾਉਣ ਦੀ ਮੰਗ ਕਈ ਸਾਲਾਂ ਤੋਂ ਚੱਲ ਰਹੀ ਹੈ। ਪਰ ਜਾਇਦਾਦ ਦੀਆਂ ਉੱਚ ਕੀਮਤਾਂ ਅਤੇ ਕੋਰੀਆਈ ਸਿੱਖ ਪ੍ਰਵਾਸੀਆਂ ਦੇ ਸੀਮਿਤ ਸਰੋਤ-ਜੋ ਅਕਸਰ ਛੋਟੀਆਂ ਤਨਖਾਹਾਂ ਜਾਂ ਅਸਥਾਈ ਵਰਕ ਪਰਮਿਟਾਂ 'ਤੇ ਆਧਾਰਿਤ ਹਨ-ਇਸ ਸੁਪਨੇ ਨੂੰ ਹਕੀਕਤ ਨਹੀ ਬਣਾਉਣ ਦੇ ਰਹੇ। ਇਸੇ ਕਰਕੇ ਹੁਣ ਅੰਤਰਰਾਸ਼ਟਰੀ ਸਿੱਖ ਸੰਗਠਨਾਂ, ਪਰਉਪਕਾਰੀ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਵੱਸੇ ਭਾਰਤੀ ਭਾਈਚਾਰੇ ਵੱਲੋ ਤੁਰੰਤ, ਸੰਗਠਿਤ ਅਤੇ ਦ੍ਰਿੜ੍ਹ ਸਹਿਯੋਗ ਦੀ ਸਖ਼ਤ ਲੋੜ ਹੈ। ਚੁਣੌਤੀਆਂ ਦੇ ਬਾਵਜੂਦ, ਹੁਣ ਇਹ ਇੱਕ ਖੁਸ਼ਖਬਰੀ ਵਾਲੀ ਗੱਲ ਹੈ ਕਿ ਸਿਓਲ ਵਿੱਚ ਗੁਰਦੁਆਰਾ ਸਾਹਿਬ ਅਤੇ ਸਿੱਖ ਕਮਿਊਨਿਟੀ ਸੈਂਟਰ ਦੀ ਲੋੜ ਬਾਰੇ ਜਾਗਰੂਕਤਾ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਲੋਕ ਇਸ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਸਮਝਣ ਲੱਗ ਪਏ ਹਨ। ਕੋਰੀਆ ਦੀ ਪੰਜਾਬੀ ਐਸੋਸੀਏਸ਼ਨ, ਜੋ ਖਾਸ ਤੌਰ 'ਤੇ ਇਸ ਉਦੇਸ਼ ਲਈ ਸਥਾਪਿਤ ਕੀਤੀ ਗਈ ਸੀ, ਇਸ ਮਿਸ਼ਨ ਨੂੰ ਅੱਗੇ ਵਧਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਅਤੇ ਵਚਨਬੱਧ ਹੈ। ਸਿੱਖ ਵਿਦਿਆਰਥੀ, ਪੇਸ਼ੇਵਰ ਅਤੇ ਕਾਰੋਬਾਰੀ ਇਸ ਯਤਨ ਵਿੱਚ ਪੂਰੇ ਜੋਸ਼ ਅਤੇ ਸਮਰਪਣ ਨਾਲ ਸ਼ਾਮਲ ਹੋ ਰਹੇ ਹਨ। ਉਨ੍ਹਾਂ ਨੂੰ ਗੁਰੂ ਸਾਹਿਬ ਦੀ ਬਖ਼ਸ਼ੀਸ਼ ਉੱਤੇ ਅਟੂਟ ਵਿਸ਼ਵਾਸ ਹੈ ਅਤੇ ਉਨ੍ਹਾਂ ਦੀ ਲਗਨ ਨਾਲ ਇਹ ਉਦੇਸ਼ ਹੁਣ ਹਕੀਕਤ ਵਿੱਚ ਬਦਲਣ ਦੇ ਕੰਢੇ 'ਤੇ ਖੜ੍ਹਾ ਹੈ। ਕੋਰੀਆ ਵਿੱਚ ਸਿੱਖ ਭਾਈਚਾਰੇ ਦੀ ਇਹ ਲੋੜ ਸਿਰਫ਼ ਧਾਰਮਿਕ ਆਜ਼ਾਦੀ ਦੀ ਨਹੀ-ਇਹ ਆਪਸੀ ਸਤਿਕਾਰ, ਸਮਾਜਿਕ ਏਕਤਾ, ਸੱਭਿਆਚਾਰਕ ਸਾਂਝ ਅਤੇ ਆਰਥਿਕ ਸਹਿਯੋਗ ਲਈ ਵੀ ਹੈ। ਸਿਓਲ ਵਿੱਚ ਗੁਰਦੁਆਰਾ ਅਤੇ ਸਿੱਖ ਕਮਿਊਨਿਟੀ ਸੈਂਟਰ ਸਿਰਫ਼ ਇੱਕ ਢਾਂਚਾ ਨਹੀ, ਸਗੋਂ ਦੋ ਸੱਭਿਅਤਾਵਾਂ ਵਿਚਕਾਰ ਇਕ ਪੁਲ, ਗੱਲਬਾਤ ਲਈ ਇਕ ਮੰਚ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਇਕ ਚਾਨਣ ਦੀ ਲੰਪਟ ਹੋਵੇਗਾ। ਆਓ, ਸਾਰੇ ਮਿਲ ਕੇ-ਕੋਰੀਆ ਦੇ ਸਿੱਖ, ਵਿਦੇਸ਼ੀ ਸਿੱਖ ਭਾਈਚਾਰਾ ਅਤੇ ਕੋਰੀਆਈ ਸ਼ੁਭਚਿੰਤਕ-ਇਸ ਉਦੇਸ਼ ਨੂੰ ਹਕੀਕਤ ਵਿੱਚ ਬਦਲਣ ਲਈ ਅੱਗੇ ਆਈਏ। ਇਸ ਰਾਹੀ ਅਸੀ ਨਾ ਸਿਰਫ਼ ਸਿੱਖ ਧਰਮ ਦੀ ਸੇਵਾ ਕਰਾਂਗੇ, ਸਗੋਂ ਅਸੀ ਕੋਰੀਆ ਵਿੱਚ ਵਿਅਪਕ ਅਤੇ ਸੰਤੁਲਿਤ ਵਿਕਾਸ ਨਾਲ ਅਧਿਆਤਮਿਕ ਵਿਭਿੰਨਤਾ ਨੂੰ ਵੀ ਮਜ਼ਬੂਤੀ ਨਾਲ ਉਤਸ਼ਾਹਿਤ ਕਰਾਂਗੇ ।



## ਲਾਊਡ ਸਪੀਕਰ ਦੀਆਂ ਯਾਦਾਂ



ਗੁਰਮੀਤ ਸਿੰਘ ਵੇਰਕਾ
9878600221

ਮੈ ਉਸ ਸਮੇਂ ਦੀ ਗੱਲ ਕਰ ਰਿਹਾਂ ਹਾਂ ਜਦੋਂ ਮਨੋਰੰਜਨ ਦੇ ਘੱਟ ਸਾਧਨ ਸੀ। ਸਾਡੇ ਦੇਖਦੇ ਹੀ ਰੇਡੀਉ ਆਏ। ਜੋ ਬਜ਼ੁਰਗ ਲੋਕ ਕਹਿੰਦੇ ਹੁੰਦੇ ਸੀ ਜੋ ਰੇਡੀਉ ਵਿੱਚ ਬੰਦੇ ਬੋਲਦੇ ਹਨ ਇੱਕ ਦਿਨ ਤੁਹਾਡੇ ਸਾਹਮਣੇ ਦੇਖਣ ਨੂੰ ਮਿਲਣਗੇ। ਜੋ ਟੈਲੀਵੀਜ਼ਨ ਆਇਆ ਇਹ ਵੀ ਸਪਨਾ ਪੂਰਾ ਹੋ ਗਿਆ ਜਦੋਂ ਟੈਲੀਵੀਜ਼ਨ ਅਸੀ ਲਾਈਵ ਹੋਕੇ ਦੇਖਿਆ। ਇਥੇ ਮੈ ਪੰਚਾਇਤੀ ਲਾਊਡ ਸਪੀਕਰ ਦੀ ਗੱਲ ਕਰ ਰਿਹਾਂ ਹਾਂ ਜੋ ਲੋਕ ਥੜ੍ਹੇ ਤੇ ਬੈਠ ਕੇ ਸੁਣਦੇ ਸੀ।ਇਸ ਦੀ ਰੇਡੀਉ ਦੇ ਮਧਿਅਮ ਰਾਂਹੀ ਲਾਊਡ ਸਪੀਕਰ ਵਿੱਚ ਅਵਾਜ ਆਉਦੀ ਸੀ ਜੋ ਸਰਪੰਚ ਦੇ ਕੋਠੇ ਤੇ ਰੱਖਿਆ ਹੁੰਦਾ ਸੀ।ਉਸ ਵੇਲੇ ਦਿਹਾਤੀ ਪ੍ਰੋਗਰਾਮ ਠੰਡੂ ਰਾਮ ਦਾ ਚੱਲਦਾ ਸੀ।ਜੋ ਬਹੁਤ ਮਕਬੂਲ ਹੋਇਆ ਸੀ। ਸਾਰੇ ਬੱਚੇ , ਜਵਾਨ , ਬੁੱਢੇ ਬੜ੍ਹੇ ਸ਼ੋਕ ਨਾਲ ਸੁਣਦੇ ਸੀ।ਇਸ ਤੋਂ ਇਲਾਵਾ ਪੰਜਾਬੀ ਵਿੱਚ ਖ਼ਬਰਾਂ ਸੁਖਵੰਤ ਸਿੰਘ ਢਿੱਲੋ ਵੱਲੋਂ ਨਸ਼ਰ ਹੁੰਦੀਆਂ ਸਨ। ਬਜ਼ੁਰਗ ਤੇ ਛੜੇ ਸਿਆਲ ਵਿੱਚ ਦਾਣਿਆਂ ਵਾਲੀ ਭੱਠੀ ਤੇ ਨਾਲੇ ਅੱਗ ਸੇਕਦੇ ਸੀ ਨਾਲੇ ਲਾਊਡ ਸਪੀਕਰ ਸੁਣਦੇ ਸੀ। ਮੈਨੂੰ ਯਾਦ ਹੈ ਸਾਡੇ ਹੁੰਦਿਆਂ ਹੀ ਪਿੰਡ ਵਿੱਚ ਬਿਜਲੀ ਆਈ ਸੀ ਤੇ ਰੇਡੀਉ ਵੀ ਸਾਡੇ ਹੁੰਦੇ ਆਇਆ ਸੀ। ਉਸ ਵੇਲੇ ਉਮੀਨ ਹੁਸੈਨੀ ਵੱਲੋ ਬੁੱਧਵਾਰ ਦੀ ਬੁੱਧਵਾਰ ਰਾਤ ਨੂੰ ਅੱਠ ਵਜੇ ਤੋਂ ਨੌ ਵਜੇ ਤੱਕ ਬਨਾਕਾ ਗੀਤ ਮਾਲਾ ਨਸ਼ਰ ਹੁੰਦਾ ਸੀ। ਜਿਸ ਵਿੱਚ ਸੋਲ੍ਹਾਂ ਗਾਣੇ ਨਵੀਆਂ ਫਿਲਮਾਂ ਦੇ ਆਉਦੇ ਸੀ। ਗਾਣਿਆਂ ਦਾ ਮੁਕਾਬਲਾ ਚੱਲਦਾ ਸੀ। ਇੱਕ ਉਹ ਵੀ ਸਮਾਂ ਆਇਆ ਜਦੋਂ ਕਿਸ਼ੋਰ ਕੁਮਾਰ ਦੇ ਤਕਰੀਬਨ ਗਾਣੇ ਬਨਾਕਾ ਗੀਤ ਮਾਲਾ ' ਚ ਚਲੇ। ਉਸ ਵੇਲੇ ਸੁਪਰ ਸਟਾਰ ਰਜੇਸ ਖੰਨੇ ਦਾ ਵੀ ਬੋਲ ਬਾਲਾ ਸੀ। ਵਿਆਹ ਸ਼ਾਦੀਆਂ ਵਿੱਚ ਤੋਕੀ ਵਾਜੇ ਵਾਲੇ ਦਾ ਸਪੀਕਰ ਦੂਰ ਦੂਰ ਪਿੰਡਾਂ ਵਿੱਚ ਵੱਜਦਾ ਸੀ। ਉਸ ਵੇਲੇ ਬਰਾਤਾਂ ਤਿੰਨ ਤਿੰਨ ਚਾਰ ਦਿਨ ਠਹਿਰਦੀਆਂ ਸਨ। ਤੋਕੀ ਵਾਜੇ ਵਾਲਾ ਦੋ ਮੰਜੇ ਲਾਕੇ ਉਸ ਤੇ ਸਪੀਕਰ ਬੰਨ ਸੂਈਆ ਬਦਲ ਬਦਲ ਚੋਦੇ ਚੋਦੇ ਤਵੇ ਲਾ ਗਾਉਣੇ ਸਪੀਕਰ ਤੇ ਲਾਉਦਾਂ ਸੀ। ਇੱਕ ਦਿਨ ਪਿੰਡ ਵਿੱਚ ਪੁਲਿਸ ਆਈ ਸੀ। ਸ਼ਰਾਬ ਨਾਲ ਰੱਜੇ ਸ਼ਰਾਬੀ ਬਰਾਤੀ ਤੋਕੀ ਵਾਜੇ ਕੋਲੋ ਸਾਰੀ ਰਾਤ ਸਪੀਕਰ ਵਜਾਉਦੇ ਰਹੇ। ਜੋ ਪੁਲਿਸ ਸਾਰੀ ਰਾਤ ਨਹੀ ਸੁੱਤੀ। ਸਵੇਰੇ ਥਾਣੇਦਾਰ ਨੇ ਤੋਕੀ ਵਾਜੇ ਵਾਲੇ ਨੂੰ ਬਲਾ ਇੰਨੀ ਛਿੱਤਰ ਪਰੇਡ ਕੀਤੀ ਕੇ ਤੋਕੀ ਵਾਜੇ ਵਾਲੇ ਦਾ ਪਿਸ਼ਾਬ ਧੋਤੀ ਵਿੱਚ ਨਿਕਲ ਗਿਆ ਮਸਾਂ ਨੰਬਰਦਾਰ ਨੇ ਤੋਕੀ ਵਾਜੇ ਵਾਲੇ ਨੂੰ ਥਾਣੇਦਾਰ ਕੋਲੋ ਛੁਡਾਇਆ। ਹੁਣ ਸਾਇੰਸ ਨੇ ਤਰੱਕੀ ਕਰ ਲਈ ਹੈ।ਮੁਬਾਇਲ , ਕੰਮਪਿਊਟਰ , ਇੰਟਰਨੈਟ ਦਾ ਜ਼ਮਾਨਾ ਆ ਗਿਆ ਹੈ। ਨਾਂ ਉਹ ਸਪੀਕਰ ਅਤੇ ਨਾਂ ਹੀ ਉਹ ਸਪੀਕਰ ਵਜਾਉਣ ਵਾਲੇ ਰਹੇ ਹਨ।ਨਾ ਹੀ ਉਹ ਬਰਾਤਾਂ ਸਪੀਕਰ ਸੁਨਣ ਵਾਲੀਆਂ। ਹੁਣ ਤਿੰਨ ਚਾਰ ਘੰਟੇ ਵਿੱਚ ਪੈਲਿਸ ਵਿੱਚ ਵਿਆਹ ਹੋ ਜਾਂਦਾ ਹੈ। ਕਾਸ਼ ਉਹ ਫਿਰ ਦਿਨ ਆ ਜਾਣ। ਜਦੋਂ ਅਸੀ ਥੜੇ ਤੇ ਬੈਠ ਨੈਣ ਪ੍ਰੀਤੋ ਦੇ ਬੈਜਾਂ ਬੈਜਾਂ ਕਰਦੇ ਗਾਣਾ ਸੁਣ ਰਹੇ ਸੀ। ਤਾਇਆ ਪ੍ਰੀਤਮ ਸਿੰਘ ਆਇਆ ਜੋ ਸਪੀਕਰ ਪਰੀਤੇ ਨੇ ਥੜੇ ਤੇ ਉਸ ਦੇ ਬੂਹੇ ਅੱਗੇ ਮੂੰਹ ਕਰ ਕੇ ਲਾਇਆ ਸੀ। ਸਪੀਕਰ ਵਾਲੇ ਨੂੰ ਬੰਦ ਕਰਣ ਲਈ ਕਿਹਾ ਪਰ ਉਸ ਨੇ ਸਪੀਕਰ ਬੰਦ ਨਹੀ ਕੀਤਾ। ਤਾਇਆ ਡਾਂਗਾਂ ਮਾਰ ਕੇ ਸਪੀਕਰ ਤੋੜਨ ਲੱਗ ਪਿਆ ਸੀ , ਜੋ ਸਪੀਕਰ ਸਾਰਾ ਫਿਸ ਗਿਆ ਸੀ ਨਾਲ ਲੱਗੀ ਸਪੀਕਰ ਦੀ ਘੂੱਗੀ ਵੱਜ ਰਹੀ ਸੀ। ਜੋ ਥੋੜੇ ਥੋੜੇ ਸਾਹ ਲੈ ਰਹੀ ਸੀ। ਜੋ ਤਾਇਆ ਉਨ੍ਹਾਂ ਚਿਰ ਡਾਂਗਾਂ ਮਾਰਦਾ ਰਿਹਾ ਜਿੰਨਾ ਚਿਰ ਘੂਗੀ ਦੀ ਅਵਾਜ ਬੰਦ ਨਹੀ ਹੋਈ। ਪਰੀਤੇ ਸਪੀਕਰ ਵਾਲੇ ਦੀ ਗਲਤੀ ਹੋਣ ਕਾਰਣ ਕੁੱਛ ਨਹੀ ਬੋਲਿਆ। ਅਸੀ ਬੱਚੇ ਲੋਕ ਡਰਦੇ ਮਾਰੇ ਭੱਜ ਗਏ ਸੀ। ਹੁਣ ਨਾਂ ਹੀ ਤਾਇਆ ਦੁੰਨੀਆਂ 'ਚ ਹੈ। ਸਪੀਕਰ ਵਾਲਾ ਪਰੀਤਮ ਵੀ ਬੁੱਢਾ ਹੋ ਗਿਆ ਹੈ ਜੋ ਉਸ ਵੇਲੇ ਦੇ ਲੋਕ ਅਜੇ ਵੀ ਸਪੀਕਰ ਵਾਲੀ ਗੱਲ ਕਰ ਪਰੀਤੇ ਨੂੰ ਛੇੜਦੇ ਰਹਿੰਦੇ ਹਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਸਿਰ ਜਾਰੀ ਐਡਵਾਈਜ਼ਰੀ ਦੀ ਪਾਲਣਾ ਦੀ ਅਪੀਲ

## ਜ਼ਿਲ੍ਹਾ ਪੱਧਰੀ ਕੰਟਰੋਲ ਰੂਮ 'ਤੇ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ ਸੰਪਰਕ

ਫ਼ਰੀਦਕੋਟ, 10 ਮਈ (ਅਵਤਾਰ ਸਿੰਘ ਮੱਲਾ):ਜ਼ਿਲ੍ਹਾ ਮੈਜਿਸਟਰੇਟ ਮੈਡਮ ਪੂਨਮਦੀਪ ਕੌਰ ਨੇ ਸੰਕਟ ਕਾਲੀਨ ਸਥਿਤੀ ਨਾਲ ਨਜਿੱਠਣ ਲਈ ਬਲੈਕਆਊਟ ਪ੍ਰੋਟੋਕਾਲ ਸਬੰਧੀ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਕਿ ਸੰਕਟ ਦੀ ਸਥਿਤੀ ਵਿੱਚ ਦੱਸੇ ਗਏ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਵੀ ਸਾਇਰਨ ਵੱਜੇ, ਇਹ ਸੁਚੇਤ ਹੋਣ ਦਾ ਸੰਕੇਤ ਹੋਵੇਗਾ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਬਲੈਕ ਆਊਟ ਸਮੇ ਸਾਰੀਆਂ ਲਾਈਟਾਂ ਬੰਦ ਕਰੋ, ਇਸ ਵਿੱਚ ਮੁੱਖ ਲਾਈਟਾਂ, ਇਨਵਰਟਰ ਲਾਈਟਾਂ ਅਤੇ ਕਿਸੇ ਵੀ



ਕਿਸਮ ਦੀ ਲਾਈਟ ਸ਼ਾਮਲ ਹਨ, ਜੋ ਬਾਹਰੋਂ ਦਿਖ ਸਕਦੀ ਹੋਵੇ। ਉਨ੍ਹਾਂ ਕਿਹਾ ਕਿ ਇਹ ਇੱਕ ਸਾਵਧਾਨੀ ਦੀ ਤਰ੍ਹਾਂ ਰੋਜ਼ਾਨਾ ਅਮਲ ਵਿੱਚ ਲਿਆਉਣੀ ਹੈ। ਕੈਮਰਿਆਂ ਨੂੰ ਵੀ ਟੇਪ ਜਾਂ ਕਿਸੇ ਹੋਰ ਚੀਜ਼ ਨਾਲ ਢਕੋ। ਪਰਦੇ ਪੂਰੀ ਤਰ੍ਹਾਂ ਲਗਾਓ, ਕੋਈ ਰੋਸ਼ਨੀ ਬਾਹਰ ਨਜ਼ਰ ਨਾ ਆਵੇ, ਇਹ ਯਕੀਨੀ ਬਣਾਓ। ਮੋਬਾਈਲ, ਪਾਵਰ ਬੈਂਕ, ਟਾਰਚ, ਰੇਡੀਓ ਆਦਿ ਹਮੇਸ਼ਾ ਚਾਰਜ ਰੱਖੋ। ਉਨ੍ਹਾਂ ਕਿਹਾ ਕਿ ਗੁਆਂਢੀਆਂ ਅਤੇ ਬੱਚਿਆਂ ਨੂੰ ਸੂਚਿਤ ਕਰੋ ਜੋ ਲੋਕ ਜਾਣਕਾਰੀ ਵਿੱਚ ਨਹੀਂ, ਉਨ੍ਹਾਂ ਦੀ ਮਦਦ ਕਰੋ ਅਤੇ ਉਨ੍ਹਾਂ ਨੂੰ ਵੀ ਇਹ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਲਈ ਕਹੋ। ਉਨ੍ਹਾਂ ਕਿਹਾ ਕਿ ਬਲੈਕਆਊਟ ਲਈ ਤਿਆਰ ਰਹੋਆਪਣੀਆਂ ਜ਼ਰੂਰੀ ਚੀਜ਼ਾਂ ਜਿਵੇਂ ਕਿ ਪਾਣੀ, ਟਾਰਚ, ਜੁੱਤੀਆਂ, ਦਸਤਾਵੇਜ਼ ਆਦਿ ਇਕੱਠੀਆਂ ਅਤੇ ਤਿਆਰ ਰੱਖੋ। ਜੇ ਸਾਇਰਨ ਦੌਰਾਨ ਤੁਸੀਂ ਰਸਤੇ ਵਿੱਚ ਕਾਰ ਵਿੱਚ ਹੋ, ਤਾਂ ਹੈੱਡਲਾਈਟ ਤੁਰੰਤ ਬੰਦ ਕਰੋ, ਕਾਰ ਨੂੰ ਥਾਂ 'ਤੇ ਰੋਕੋ ਅਤੇ ਕੋਈ ਹਿੱਲਜੁਲ ਨਾ ਕਰੋ। ਉਨ੍ਹਾਂ ਕਿਹਾ ਕਿ ਡਰੋਨ ਜਾਂ ਉੱਡਦੀਆਂ ਚੀਜ਼ਾਂ ਵੇਖਣ 'ਤੇ ਰਿਪੋਰਟ ਕਰੋ। ਕਿਸੇ ਵੀ ਅਣਪਛਾਤੀ ਉੱਡਦੀ ਚੀਜ਼ ਜਾਂ ਡਰੋਨ ਨੂੰ ਤੁਰੰਤ ਕੰਟਰੋਲ ਰੂਮ ਜਾਂ ਅਧਿਕਾਰੀ ਨੂੰ ਦੱਸੋ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਪਿਤ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਨੰ- 01639-250338, 01639-251000 ਅਤੇ 01639-251024, 75270-17100 'ਤੇ ਕਿਸੇ ਵੀ ਸਮੇਂ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਬਲੈਕ ਆਊਟ ਸਮੇਂ ਕੁਝ ਚੀਜ਼ਾਂ ਜੋ ਨਹੀਂ ਕਰਨੀਆਂ ਹਨ ਉਨ੍ਹਾਂ ਦਾ ਵੀ ਖਾਸ ਧਿਆਨ ਰੱਖਿਆ ਜਾਵੇ, ਜਿਵੇਂ ਕਿ ਕੋਈ ਵੀ ਲਾਈਟ ਨਾ ਚਾਲੂ ਕਰੋ, ਛੋਟੀ ਤੋਂ ਛੋਟੀ ਰੌਸ਼ਨੀ ਜਾਂ ਸਕਰੀਨ ਦੀ ਚਮਕ ਵੀ ਲੁਕਾ ਦਿਓ। ਸਾਇਰਨ ਦੇ ਬਾਅਦ ਕੋਈ ਵੀ ਗੱਡੀ ਜਾਂ ਪੈਦਲ ਹਲਚਲ ਨਾ ਹੋਵੇ, ਜਿੱਥੇ ਹੋ, ਉੱਥੇ ਹੀ ਰੁੱਕ ਜਾਓ। ਕਿਸੇ ਵੀ ਝਰੋਖੇ ਜਾਂ ਦਰਵਾਜ਼ੇ ਨੂੰ ਨਾ ਖੋਲ੍ਹੋ।

# ਪਿੰਡਾਂ ਤੇ ਸ਼ਹਿਰਾਂ ਵਿੱਚ ਲਾਏ ਜਾਣ ਠੀਕਰੀ ਪਹਿਰੇ: ਵਧੀਕ ਜ਼ਿਲ੍ਹਾ ਮੈਜਿਸਟਰੇਟ

ਖਨੌਰੀ, 10 ਮਈ (ਓਮਪ੍ਰਕਾਸ਼ ਮੁਆਲ):ਅਮਿਤ ਬੈਂਬੀ.,ਪੀ.ਸੀ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਤੇ ਪੰਜਾਬ ਵਿਲੇਜ ਐਂਡ ਸਮਾਲ ਟਾਊਨਜ਼ ਪੈਟਰੋਲ ਐਕਟ 1918 ਦੀ ਧਾਰਾ 3 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਲਗਾਤਾਰ ਠੀਕਰੀ ਪਹਿਰਾ ਲਗਾਉਣ ਲਈ ਸਬੰਧਿਤ ਪਿੰਡਾਂ ਦੀਆਂ ਸਮੂਹ ਪੰਚਾਇਤਾਂ, ਪਿੰਡ ਦੇ ਵਾਸੀਆਂ, ਨਗਰ ਕੌਂਸਲਾਂ, ਨਗਰ ਕੌਂਸਲ ਵਾਸੀਆਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡ/ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ। ਜਾਰੀ ਕੀਤੇ ਹੁਕਮਾਂ ਵਿੱਚ ਉਹਨਾਂ ਕਿਹਾ ਹੈ ਕਿ ਮੌਜੂਦਾ ਸਕਿਓਰਿਟੀ ਹਾਈ-ਅਲਰਟ ਦੇ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ-ਪਿੰਡ ਠੀਕਰੀ ਪਹਿਰੇ ਲਗਵਾਉਣ ਦੀ ਜ਼ਰੂਰਤ ਹੈ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਵਿਅਕਤੀ ਜਾਂ ਕਾਰਵਾਈ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਸਬੰਧੀ ਤੁਰੰਤ ਸੀਨੀਅਰ ਪੁਲਿਸ ਕਪਤਾਨ, ਸੰਗਰੂਰ, ਸਬੰਧਤ ਪੁਲਿਸ ਥਾਣਾ, ਕੰਟਰੋਲ ਰੂਮ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਟੈਲੀਫੋਨ ਨੰਬਰ 01672-234128 ਅਤੇ ਪੁਲਿਸ ਕੰਟਰੋਲ ਰੂਮ ਨੰਬਰ 80545-45100, 80545-45200 'ਤੇ ਸੂਚਿਤ ਕੀਤਾ ਜਾਵੇ। ਇਹ ਹੁਕਮ ਮਿਤੀ 10.05.2025 ਤੋਂ ਮਿਤੀ 09.06.2025 ਤੱਕ ਲਾਗੂ ਰਹਿਣਗੇ।

# ਕਰਿਆਨਾ ਵਪਾਰੀਆਂ ਨੂੰ ਇਮਾਨਦਾਰੀ ਨਾਲ ਕਾਰੋਬਾਰ ਕਰਨ ਦੀ ਅਪੀਲ

ਭਗਤਾ ਭਾਈ ਕਾ, 10 ਮਈ (ਸਵਰਨ ਸਿੰਘ ਭਗਤਾ): ਪੰਜਾਬ ਪ੍ਰਦੇਸ਼ ਰਿਟੇਲ ਐਂਡ ਹੋਲਸੇਲ ਕਰਿਆਨਾ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਮੋਦ ਗੁਪਤਾ ਨੇ ਸਾਰੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕਰਿਆਨਾ ਵਪਾਰੀ ਨੂੰ ਜਮ੍ਹਾਂਖੋਰੀ ਜਾਂ ਕਾਲਾ ਬਜਾਰੀ ਵਰਗੀਆਂ ਗੈਰਕਾਨੂੰਨੀ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ। ਰਾਸ਼ਨ ਜਾਂ ਹੋਰ ਸਮਾਨ ਸਾਫ਼-ਸੁਥਰਾ ਅਤੇ ਗੁਣਵੱਤਾ ਯੋਗ ਹੋਣਾ ਚਾਹੀਦਾ ਹੈ। ਗੁਪਤਾ ਨੇ ਜ਼ੋਰ ਦੇ ਕੇ ਕਿਹਾ ਕਿ ਜੋ ਸਮਾਨ ਅਸੀਂ ਆਪਣੇ



ਪਰਿਵਾਰ ਲਈ ਵਰਤ ਸਕੀਏ, ਉਹੀ ਗਾਹਕਾਂ ਨੂੰ ਵੀ ਵੇਚਣਾ ਚਾਹੀਦਾ ਹੈ। ਉਨ੍ਹਾਂ ਆਖਿਰ ਵਿੱਚ ਕਿਹਾ ਕਿ ਇਹ ਸੰਕਟ ਦਾ ਸਮਾਂ ਹੈ ਅਤੇ ਅਸੀਂ ਸਾਰਿਆਂ ਨੂੰ ਮਿਲਜੁਲ ਕੇ ਨੈਤਿਕਤਾ ਅਤੇ ਜਵਾਬਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ। ਤਾਂ ਜੋ ਦੇਸ਼ ਦੀ ਭਲਾਈ ਵਿੱਚ ਯੋਗਦਾਨ ਪਾ ਸਕੀਏ।

# ਭਾਜਪਾ ਦੀ ਸੂਬਾ ਸਕੱਤਰ ਦਮਨ ਬਾਜਵਾ ਨੇ ਪੱਲੇਦਾਰ ਮਜ਼ਦੂਰ ਯੂਨੀਅਨ ਦੀਆਂ ਮੁਸ਼ਕਲਾਂ ਸੁਣੀਆਂ

ਸੁਨਾਮ ਊਧਮ ਸਿੰਘ ਵਾਲਾ, 10 ਮਈ (ਮੋਹਨ ਸ਼ਰਮਾ/ਰਾਓਵਰਿੰਦਰ ਮਠਾੜੂ): ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਰੇਲਵੇ ਪਲੇਟੀ ਨੂੰ ਲੈ ਕੇ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ, ਇਸ ਮਸਲੇ ਸਬੰਧੀ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਬਾਜਵਾ ਅਤੇ ਹਰਮਨਦੇਵ ਬਾਜਵਾ ਨਾਲ ਰੇਲਵੇ ਵਿਭਾਗ ਤੋਂ ਆਈ.ਓ.ਡਬਲਯੂ ਸੁਰੇਸ਼ ਕੁਮਾਰ ਸੰਗਰੂਰ ਰੇਲਵੇ ਪਲੇਟੀ ਤੇ ਪਹੁੰਚ ਕੇ ਮਜ਼ਦੂਰਾਂ ਨੂੰ ਮਿਲੇ। ਇਸ ਮੌਕੇ ਪਹੁੰਚੇ ਦਾਮਨ ਬਾਜਵਾ ਅਤੇ ਰੇਲਵੇ ਆਈ.ਓ.ਡਬਲਯੂ ਸੁਰੇਸ਼ ਕੁਮਾਰ ਸੰਗਰੂਰ ਨੂੰ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਦੱਸਿਆ ਗਿਆ ਕਿ ਰੇਲਵੇ ਸਟੇਸ਼ਨ ਸੁਨਾਮ ਊਧਮ ਸਿੰਘ ਵਾਲਾ ਰੇਲਵੇ



ਲਾਈਨ 04 ਜਿਸ 'ਤੇ ਮਜ਼ਦੂਰਾਂ ਵੱਲੋਂ ਅਨਾਜ, ਖਾਦ ਦਾ ਲੋਡਿੰਗ ਅਤੇ ਅਨਲੋਡਿੰਗ ਦਾ ਕੰਮ ਕੀਤਾ ਜਾਂਦਾ ਹੈ, ਉਸ ਜਗ੍ਹਾ 'ਤੇ ਪਲੇਟੀ ਤੋਂ ਰੇਲਵੇ ਲਾਈਨ ਨਾਲੋਂ ਕਾਫੀ ਉੱਚੀ ਹੈ ਜਿਸ ਕਰਕੇ ਮਜ਼ਦੂਰਾਂ ਨੂੰ ਕੰਮ ਕਰਦੇ ਸਮੇਂ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਸਲੇ 'ਤੇ ਧਿਆਨ ਦਿੰਦੇ ਹੋਏ ਦਾਮਨ ਬਾਜਵਾ ਨੇ ਕਿਹਾ ਕਿ ਮੈਂ ਇਸ ਦੀ ਜਾਣਕਾਰੀ ਮੇਰੇ ਵੱਲੋਂ ਵੀਰ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਧਿਆਨ ਵਿੱਚ ਲਿਆ ਦਿੱਤੀ ਹੈ। ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਰੇਲਵੇ ਵਿਭਾਗ ਦਾ ਉੱਚ ਸੀਨੀਅਰ ਅਧਿਕਾਰੀਆਂ ਦੀ ਟੀਮ ਆਵੇਗੀ, ਜਿਸ ਤਰ੍ਹਾਂ ਵੀ ਇਸ ਮਸਲੇ ਦਾ ਹੱਲ ਨਿਕਲਦਾ ਹੋਇਆ ਹਰ ਹਾਲਤ ਵਿੱਚ ਇਸ ਦਾ ਹੱਲ ਕਰਵਾਕੇ ਦੇਵਾਂਗੀ। ਇਸ ਮੌਕੇ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਊਧਮ ਸਿੰਘ ਵਾਲਾ ਵੱਲੋਂ ਦਾਮਨ ਬਾਜਵਾ ਅਤੇ ਹਰਮਨਦੇਵ ਬਾਜਵਾ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਕੇਵਲ ਸਿੰਘ, ਸੈਕਟਰੀ ਨਰੈਣ ਸਿੰਘ, ਪ੍ਰੇਮ ਸਿੰਘ, ਸਾਬਕਾ ਪ੍ਰਧਾਨ ਜੋਰਾ ਸਿੰਘ, ਪ੍ਰਵੀਨ ਗੋਇਲ, ਚੰਦਰ ਮੋਹਨ ਆਦਿ ਹਾਜ਼ਰ ਸਨ।

# ਦੇਸ਼ ਦੀ ਹਿਫ਼ਾਜ਼ਤ ਕਰਨ ਲਈ ਅਜੇ ਵੀ ਜਜ਼ਬੇ ਦੀ ਕਮੀ ਨਹੀਂ : ਸਾਬਕਾ ਫ਼ੌਜੀ

ਖਨੌਰੀ, 10 ਮਈ (ਓਮਪ੍ਰਕਾਸ਼ ਮੁਆਲ):ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਹਰੇਕ ਅਣਕਿਆਸੀ ਸਥਿਤੀ ਦਾ ਸਾਹਮਣਾ ਦਲੇਰੀ ਨਾਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਸਥਾਨਕ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਸਾਬਕਾ ਫ਼ੌਜੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਅਮਿਤ ਬੈਂਬੀ ਨੇ ਕੀਤੀ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵ) ਸੁਖਚੈਨ ਸਿੰਘ ਪਪੜਾ, ਗੁਰਪ੍ਰੀਤ ਸਿੰਘ ਡੀ ਐੱਸ ਪੀ, ਪ੍ਰਭਦੀਪ ਸਿੰਘ ਨੱਥੋਵਾਲ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸੰਗਰੂਰ ਅਤੇ ਵੱਡੀ ਗਿਣਤੀ ਵਿੱਚ ਸਾਬਕਾ ਫ਼ੌਜੀ ਹਾਜ਼ਰ ਸਨ। ਅਮਿਤ ਬੈਂਬੀ ਨੇ ਕਿਹਾ ਕਿ ਇਸ ਹੰਗਾਮੀ ਸਥਿਤੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਾਬਕਾ ਸੈਨਿਕਾਂ ਦੇ ਤਜ਼ਰਬੇ ਅਤੇ ਸਹਿਯੋਗ ਦੀ ਬਹੁਤ ਲੋੜ ਹੈ। ਉਹਨਾਂ ਕਿਹਾ ਕਿ ਉਹ ਸਹੀ ਜਾਣਕਾਰੀ ਅਤੇ ਸਹਿਯੋਗ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਅੱਖਾਂ ਅਤੇ ਕੰਨ ਬਣਕੇ ਕੰਮ ਕਰਨ। ਉਹਨਾਂ ਕਿਹਾ ਕਿ ਉਹ ਆਪਣੇ ਆਪਣੇ ਸਮੂਹ ਇਲਾਕਾ ਵਾਸੀਆਂ ਨੂੰ ਘਰਾਂ ਦੀਆਂ ਲਾਈਟਾਂ ਬੰਦ ਰੱਖਣ, ਸੋਲਰ ਲਾਈਟਾਂ ਜਾ ਸੀ ਸੀ ਟੀ ਵੀ ਦੀਆਂ ਕੈਮਰਿਆਂ ਆਦਿ ਬੰਦ ਰੱਖਣ ਬਾਰੇ ਜਾਗਰੂਕ ਕਰਨ। ਸਰਕਾਰੀ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਕੀਤਾ ਜਾਵੇ। ਕਿਸੇ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਅਤੇ ਜ਼ਿੰਮੇਵਾਰ ਨਾਗਰਿਕ ਵਜੋਂ ਕਿਸੇ ਵੀ ਤਰਾਂ ਦੀ ਅਫਵਾਹ ਜਾ ਤੱਥ ਰਹਿਤ ਜਾਣਕਾਰੀ ਨੂੰ ਅੱਗੇ ਸਾਂਝਾ ਨਾ ਕੀਤਾ ਜਾਵੇ। ਉਹਨਾਂ ਅਪੀਲ ਕੀਤੀ ਕਿ ਉਹ ਜਮ੍ਹਾਂਖੋਰੀ, ਕਾਲਾ ਬਾਜ਼ਾਰੀ ਜਾਂ ਕੀਮਤਾਂ ਨਾਲ ਛੇੜਛਾੜ ਦੀ ਕੋਈ ਵੀ ਘਟਨਾ ਹੋਣ ਦੀ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਜਰੂਰ ਦੇਣ। ਉਹਨਾਂ ਕਿਹਾ ਕਿ ਇਸ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਲਗਾਤਾਰ ਠੀਕਰੀ ਪਹਿਰਾ ਲਗਾਉਣ ਲਈ ਸਬੰਧਿਤ ਪਿੰਡਾਂ ਦੀਆਂ ਸਮੂਹ ਪੰਚਾਇਤਾਂ, ਪਿੰਡ ਦੇ ਵਾਸੀਆਂ, ਨਗਰ ਕੌਂਸਲਾਂ, ਨਗਰ ਕੌਂਸਲ ਵਾਸੀਆਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡ/ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ। ਉਹਨਾਂ ਕਿਹਾ ਹੈ ਕਿ ਮੌਜੂਦਾ ਸਕਿਓਰਿਟੀ ਹਾਈ-ਅਲਰਟ ਦੇ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ-ਪਿੰਡ ਠੀਕਰੀ ਪਹਿਰੇ ਲਗਵਾਉਣ ਦੀ ਜ਼ਰੂਰਤ ਹੈ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਵਿਅਕਤੀ ਜਾਂ ਕਾਰਵਾਈ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਸਬੰਧੀ ਤੁਰੰਤ ਸੀਨੀਅਰ ਪੁਲਿਸ ਕਪਤਾਨ, ਸੰਗਰੂਰ, ਸਬੰਧਤ ਪੁਲਿਸ ਥਾਣਾ, ਕੰਟਰੋਲ ਰੂਮ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਟੈਲੀਫੋਨ ਨੰਬਰ 01672-234128 ਅਤੇ ਪੁਲਿਸ ਕੰਟਰੋਲ ਰੂਮ ਨੰਬਰ 80545-45100, 80545-45200 'ਤੇ ਸੂਚਿਤ ਕਰਕੇ ਹਾਜ਼ਰ ਸਮੂਹ ਸਾਬਕਾ ਫ਼ੌਜੀ ਭਾਈਚਾਰੇ ਨੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹਨਾਂ ਵਿੱਚ ਦੇਸ਼ ਦੀ ਹਿਫ਼ਾਜ਼ਤ ਕਰਨ ਲਈ ਅਜੇ ਵੀ ਜਜ਼ਬੇ ਦੀ ਕਮੀ ਨਹੀਂ ਹੈ। ਉਹ ਹਰੇਕ ਹੰਗਾਮੀ ਸਥਿਤੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਹਰ ਹੁਕਮ ਮੰਨਣ ਅਤੇ ਸਹਿਯੋਗ ਦੇਣ ਲਈ ਤਿਆਰ ਹਨ।

# ਪਿੰਡ ਮੱਲ ਸਿੰਘ ਵਾਲਾ 'ਚ ਅੱਧੀ ਰਾਤ ਡਿੱਗੀ ਮਿਜ਼ਾਈਲਨੁਮਾ ਚੀਜ਼





ਮਾਨਸਾ, 10 ਮਈ (ਰੀਤਵਾਲ): ਜ਼ਿਲ੍ਹੇ ਦੇ ਪਿੰਡ ਮੱਲ ਸਿੰਘ ਵਾਲਾ ਚ ਅੱਧੀ ਰਾਤ ਮਿਜਾਇਲਨੁਮਾ ਚੀਜ ਡਿੱਗੀ, ਜਿਸ ਨੇ ਖੇਤਾਂ 'ਚ ਤਬਾਹੀ ਮਚਾ ਦਿੱਤੀ। ਇਹ ਮਿਜਾਇਲਨੁਮਾ ਚੀਜ ਡਿੱਗਣ ਨਾਲ ਵੱਡਾ ਧਮਾਕਾ ਹੋਇਆ, ਜਿਸ ਨੂੰ ਲੈ ਕੇ ਸਾਰਾ ਪਿੰਡ ਜਾਗ ਉੱਠਿਆ, ਜਿੱਥੇ ਇਹ ਚੀਜ ਡਿੱਗੀ ਉੱਥੇ ਪੀ ਤੂੜੀ ਨੂੰ ਅੱਗ ਲੱਗ ਗਈ ਤੇ ਡੂੰਘਾ ਟੋਇਆ ਪੁੱਟਿਆ ਗਿਆ। ਕਿਸੇ ਤਰਾਂ ਦੀ ਕੋਈ ਜਾਨੀ, ਮਾਲੀ ਨੁਕਸਾਨ ਤੋਂ ਬਚਾਅ ਹੈ। ਸੂਚਨਾ ਮਿਲਦੇ ਹੀ ਪੁਲਿਸ ਤੇ ਪ੍ਰਸ਼ਾਸਨ ਘਟਨਾ ਸਥਾਨ 'ਤੇ ਪੁੱਜਿਆ। ਪ੍ਰਸ਼ਾਸਨ ਨੇ ਅਧਿਕਾਰਤ ਤੌਰ 'ਤੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ, ਪਰ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਵੱਲੋਂ ਇਹ ਮਿਜਾਇਲਨੁਮਾ ਚੀਜ ਇੱਥੇ ਦਾਗੀ ਗਈ ਹੈ। ਪਿੰਡ ਮੱਲ ਸਿੰਘ ਵਾਲਾ ਦੇ ਸਰਪੰਚ ਜਸਪਾਲ ਸਿੰਘ ਤੇ ਸਾਬਕਾ ਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਰਾਤ ਕਰੀਬ ਸਵਾ 2 ਵਜੇ ਪਿੰਡ 'ਚ ਇੱਕਦਮ ਰੌਸ਼ਨੀ ਹੋਈ। ਦੇਖਦੇ ਹੀ ਦੇਖਦੇ ਪਿੰਡ ਦੇ ਬਾਹਰ ਖੇਤਾਂ 'ਚ ਧਮਾਕਾ ਹੋਇਆ ਤੇ ਅੱਗ ਦੇ ਭਾਂਬੜ ਨਿਕਲ ਆਏ। ਉੱਥੇ ਪਈ ਤੂੜੀ ਨੂੰ ਅੱਗ ਲੱਗ ਗਈ ਤੇ ਕਰੀਬ ਪੰਜ ਫੁੱਟ ਤੱਕ ਡੂੰਘਾਈ ਟੋਆ ਪੁੱਟਿਆ ਗਿਆ। ਉਨਾਂ ਦੱਸਿਆ ਕਿ ਦੇਖਣ 'ਚ ਇਹ ਕੋਈ ਮਿਜਾਇਲਨੁਮਾ ਚੀਜ ਜਾਪਦੀ ਹੈ, ਜਿਸਨੇ ਭਾਰੀ ਤਬਾਹੀ ਮਚਾਈ। ਉਨ੍ਹਾਂ ਦੱਸਿਆ ਕਿ ਇਸ ਨੂੰ ਲੈ ਕੇ ਪਿੰਡ 'ਚ ਸਹਿਮ ਦਾ ਮਹੌਲ ਹੈ। ਧਮਾਕਾ ਸੁਣਕੇ ਸਾਰਾ ਪਿੰਡ ਡਰ ਗਿਆ ਤੇ ਜਦੋਂ ਦਿਲ ਚੜ੍ਹੇ ਘਟਨਾ ਸਥਾਨ 'ਤੇ ਦੇਖਿਆ ਗਿਆ ਕਿ ਦੂਰ ਤੱਕ ਜ਼ਮੀਨ ਪੁੱਟੀ ਗਈ ਹੈ ਤੇ ਉਸਨੇ ਦੂਰ ਤੱਕ ਤਬਾਹੀ ਮਚਾਈ ਹੈ। ਪੁਲਿਸ ਮੌਕੇ 'ਤੇ ਪਹੁੰਚ ਕੇ ਇਸਦੀ ਜਾਂਚ ਵਿਚ ਜੁਟੀ ਹੋਈ ਹੈ। ਪਿੰਡ ਦੇ ਸਰਪੰਚ ਨੇ ਲੋਕਾਂ ਨੂੰ ਸਰਕਾਰ ਅਤੇ ਫੌਜ ਦੀਆਂ ਹਦਾਇਤਾਂ ਮੁਤਾਬਿਕ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਵੀ ਕੀਤੀ।

# 900 ਡੇਲੀਵੇਜ਼ ਕਾਮਿਆਂ ਨੂੰ ਰੈਗੂਲਰ ਕਰਨ ਦੀ ਮਨਜ਼ੂਰੀ



ਧਾਰੀਵਾਲ, 10 ਮਈ ( ਅਸ਼ੋਕ ਕੁਮਾਰ): ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ1406-22 ਬੀ ਚੰਡੀਗੜ੍ਹ ਨਾਲ ਸੰਬਧਤ ਜੰਗਲਾਤ ਕਾਮਿਆਂ ਦੀ ਇਕੋ-ਇਕ ਸਿਰਮੌਰ ਸੰਘਰਸ਼ੀਲ ਜੰਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ, ਜਰਨਲ ਸਕੱਤਰ ਜਸਵੀਰ ਸਿੰਘ ਸ਼ੀਰਾ, ਸੂਬਾਈ ਸਕੱਤਰ ਜਸਵਿੰਦਰ ਸਿੰਘ ਸੌਜਾ ਅਤੇ ਜੰਥੇਬੰਦੀ ਦੇ ਮੁੱਖ ਸਲਾਹਕਾਰ ਮੱਖਣ ਸਿੰਘ ਵਾਹਿਦਪੁਰੀ ਵੱਲੋਂ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵਿਚ ਪਿਛਲੇ 25-25 ਸਾਲਾਂ ਤੋਂ ਨਿਗੁਣੀਆਂ ਤਨਖ਼ਾਹਾਂ ਤੇ ਡੇਲੀਵੇਜ਼ ਕੰਮ ਕਰਦੇ ਕਾਮਿਆ ਨੂੰ ਬਿਨਾਂ ਸ਼ਰਤ ਰੈਗੂਲਰ ਕਰਵਾਉਣ ਲਈ 6 ਮਈ ਨੂੰ ਹੋਈ ਕੈਬਨਿਟ ਸਬ ਕਮੇਟੀ ਦੇ ਨਾਲ ਹੋਈ। ਮੀਟਿੰਗ ਆਖਰਕਾਰ ਰੰਗ ਲਿਆਈ। ਮਾਣਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਕੈਬਨਿਟ ਮੀਟਿੰਗ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ 900 ਡੇਲੀਵੇਜ ਕਾਮਿਆਂ ਨੂੰ ਦਿੱਤੀ ਮਨਜੂਰੀ ਜੰਗਲਾਤ ਦੇ ਡੇਲੀਵੇਜ਼ ਕਾਮੇਂ ਜਲਦੀ ਜਾਣਗੇ ਪੱਕੇ, ਪ੍ਰੈਸ ਦੇ ਨਾ ਬਿਆਨ ਜਾਰੀ ਕਰਦਿਆਂ ਜੰਗਲਾਤ ਵਰਕਰ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਣਜੀਤ ਸਿੰਘ ਭਾਗੋਵਾਲ, ਬਲਵਿੰਦਰ ਸਿੰਘ, ਬਲਜੀਤ ਸਿੰਘ ਦਾਬਾਂਵਾਲ, ਬਲਵਿੰਦਰ ਸਿੰਘ ਗੁਰਦਾਸਪੁਰ, ਸੁਰਿੰਦਰ ਸਿੰਘ, ਜਸਵੰਤ ਸਿੰਘ, ਲਖਬੀਰ ਸਿੰਘ, ਨਰਿੰਦਰ ਸਿੰਘ, ਕੁਲਦੀਪ ਸਿੰਘ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਜ਼ੋਨਲ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਕਿਹਾ ਕਿ ਜਿੱਥੇ ਪਿੱਛਲੇ ਸਮੇ ਕੀਤੇ ਸੰਘਰਸ਼ ਨੂੰ ਬੂਰ ਪਿਆ। ਇਸ ਦੀਆਂ ਸਾਰੇ ਸਾਥੀਆਂ ਨੂੰ ਸੰਗਰਾਮੀ ਮੁਬਾਰਕਾਂ,ਇਸਦੇ ਨਾਲ ਇਸ ਫੈਸਲੇ ਨੂੰ ਲਾਗੂ ਕਰਾਉਣ ਅਤੇ ਪੱਕੇ ਹੋਣ ਤੋਂ ਰਹਿ ਗਏ, ਕਾਮੇ ਪੱਕੇ ਕਰਾਉਣ ਤੇ ਮੰਗ ਪੱਤਰ ਚ, ਦਰਜ ਹੋਰ ਮੰਗਾਂ ਲਈ ਸੰਘਰਸ਼ ਜਾਰੀ ਰਹੇਗਾ। ਇਸ ਲਈ ਉਹਨਾਂ ਹੋਰ ਪ੍ਰਾਪਤੀਆਂ ਕਰਨ ਲਈ ਵਰਕਰਾਂ ਨੂੰ ਸੰਘਰਸ਼ ਦੇ ਪਿੜ ਪਹਿਲਾਂ ਨਾਲੋਂ ਤਕੜੇ ਹੋ ਕੇ ਮੱਲਣ ਲਈ ਤਿਆਰ ਰਹਿਣ ਦੀ ਅਪੀਲ ਕੀਤੀ।

# ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ, ਖੁਸ਼ੀ ਦੀ ਖਬਰ: ਡਾ. ਸੈਣੀ

ਨਵਾਂ ਸ਼ਹਿਰ, 10 ਮਈ ( ਸੁਖਦੇਵ ਸਿੰਘ ਉੜਾਪੜ ) : ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੀ ਗੋਲਾਬਾਰੀ ਦੇ ਅੱਜ ਰੁਕ ਜਾਣ ਦਾ ਸੈਣੀ ਸਮਾਜ ਭਲਾਈ ਬੋਰਡ ਦੇ ਸਾਬਕਾ ਚੇਅਰਮੈਨ ਡਾਕਟਰ ਗੁਰਨਾਮ ਸਿੰਘ ਸੈਣੀ ਨੇ ਸਵਾਗਤ ਕੀਤਾ ਹੈ ਅਤੇ ਉਮੀਦ ਪ੍ਰਗਟ ਕੀਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਣ ਵਾਲੀਆਂ ਬੈਠਕਾਂ ਤੋਂ ਬਾਅਦ ਦੋਨਾਂ ਮੁਲਕਾਂ ਵਿੱਚ ਸਬੰਧ ਸੁਖਾਵੇਂ ਹੋ ਜਾਣਗੇ। ਦੋਹਾਂ ਦੇਸ਼ਾਂ ਵਿੱਚ ਵਪਾਰ ਅਤੇ ਕਾਰੋਬਾਰ ਪਹਿਲਾਂ ਦੀ ਤਰ੍ਹਾਂ ਚੱਲਣਗੇ। ਇਹ ਵਿਚਾਰ ਡਾਕਟਰ ਗੁਰਨਾਮ ਸਿੰਘ ਸੈਣੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਡਾਕਟਰ ਸੈਣੀ ਨੇ ਕਿਹਾ ਕਿ ਅੱਜ ਦੇ ਹਾਲਾਤ ਵਿੱਚ ਜੰਗ ਕਿਸੇ ਵੀ ਮੁਲਕ ਦੇ ਹੱਕ ਵਿੱਚ ਨਹੀਂ ਹੈ। ਜੰਗ ਦੇ ਦੌਰਾਨ ਉਹਨਾਂ ਮੁਲਕਾਂ ਵਿੱਚ



ਮਹਿੰਗਾਈ ਬਹੁਤ ਜਿਆਦਾ ਵੱਧ ਜਾਂਦੀ ਹੈ ਅਤੇ ਆਮ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਕਾਫੀ ਮੁਸ਼ਕਿਲਾਂ ਪੇਸ਼ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਡਾਕਟਰ ਗੁਰਨਾਮ ਸਿੰਘ ਸੈਣੀ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਮਝੌਤਾ ਕਰਾਉਣ ਵਾਲੇ ਦੇਸ਼ਾਂ ਦਾ ਵੀ ਧੰਨਵਾਦ ਕੀਤਾ । ਡਾਕਟਰ ਸੈਣੀ ਨੇ ਕਿਹਾ ਕਿ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿੱਚ ਅਮਨ ਅਮਾਨ ਅਤੇ ਸ਼ਾਂਤੀ ਬਣੀ ਰਹੇ ।

ਡਾਕਟਰ ਗੁਰਨਾਮ ਸਿੰਘ ਸੈਣੀ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਮਝੌਤਾ ਕਰਾਉਣ ਵਾਲੇ ਦੇਸ਼ਾਂ ਦਾ ਵੀ ਧੰਨਵਾਦ ਕੀਤਾ । ਡਾਕਟਰ ਸੈਣੀ ਨੇ ਕਿਹਾ ਕਿ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿੱਚ ਅਮਨ ਅਮਾਨ ਅਤੇ ਸ਼ਾਂਤੀ ਬਣੀ ਰਹੇ।

# ਪਹਿਲਾ ਸਥਾਨ ਹਾਸਿਲ ਕਰਨ ਵਾਲੀ ਹਰਨੂਰ ਕੌਰ ਨੂੰ ਆਪਣੀ ਕੁਰਸੀ 'ਤੇ ਬਿਠਾ ਕੇ ਏ.ਡੀ.ਸੀ ਨੇ ਦਿੱਤੀ ਨਵੀਂ ਉਡਾਣ

ਫਤਹਿਗੜ੍ਹ ਸਾਹਿਬ, 10 ਮਈ (ਹਰਪ੍ਰੀਤ ਕੌਰ ਟਿਵਾਣਾ) :ਪਿਛਲੇ ਮਹੀਨੇ ਅੱਠਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ 98 ਫ਼ੀਸਦੀ ਅੰਕਾਂ ਨਾਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਸਰਕਾਰੀ ਸਕੂਲ ਅਤਾਪੁਰ ਦੀ ਵਿਦਿਆਰਥਣ ਹਰਨੂਰ ਕੌਰ ਦੇ ਸੁਪਨਿਆਂ ਨੂੰ ਨਵੀਂ ਉਡਾਣ ਮਿਲੀ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਤਹਿਗੜ੍ਹ ਸਾਹਿਬ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਬੀਤੇ ਦਿਨੀਂ ਇਸ ਹੋਣਹਾਰ ਬੱਚੀ ਤੇ ਇਸਦੇ ਮਾਪਿਆਂ ਨਾਲ ਉਸ ਦੀ ਕਾਬਲੀਅਤ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਹਰਨੂਰ ਕੌਰ ਨੂੰ ਆਪਣੀ ਕੁਰਸੀ ਉੱਤੇ ਬਿਠਾ ਕੇ ਉਸਦੇ ਸੁਪਨਿਆਂ ਨੂੰ ਨਵੀਂ ਉਡਾਣ ਦਿੱਤੀ। ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਹਰਨੂਰ, ਭਵਿੱਖ ਵਿੱਚ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਅਫਸਰ ਬਣਨਾ ਚਾਹੁੰਦੀ ਹੈ ਅਤੇ ਇਸ ਮੁਕਾਮ ਨੂੰ ਹਾਸਲ ਕਰਨ ਲਈ ਉਸ ਨੂੰ ਵਿੱਤੀ ਜਾਂ ਅਕਾਦਮਿਕ ਪੱਧਰ ਉੱਤੇ ਜਿਹੜੇ ਵੀ ਸਹਿਯੋਗ ਦੀ ਜ਼ਰੂਰਤ ਹੋਵੇਗੀ, ਉਸ ਨੂੰ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥਣ ਹਿੰਮਤ ਤੇ ਹੌਂਸਲੇ ਨਾਲ ਭਰਪੂਰ ਹੈ, ਜਿਸ ਨੇ ਆਪਣੇ ਮਾਪਿਆਂ ਦੀ ਨਿਰੰਤਰ ਹੱਲਾਸ਼ੇਰੀ ਨਾਲ ਨਾਮ ਚਮਕਾਇਆ ਹੈ।



ਹਰਨੂਰ ਦੇ ਪਿਤਾ ਹਰਮਿੰਦਰ ਸਿੰਘ ਗ੍ਰੈਜੂਏਟ ਹਨ ਤੇ ਮਾਤਾ ਬਲਜੀਤ ਕੌਰ ਭਾਵੇਂ ਖੁਦ ਉਚੇਰੀ ਪੜ੍ਹਾਈ ਤੋਂ ਵਾਂਝੇ ਰਹੇ, ਪਰ ਉਹ ਦੋਵੇਂ ਹਰਨੂਰ ਤੇ ਉਸਦੀ ਛੋਟੀ ਭੈਣ ਨੂੰ ਜ਼ਿੰਦਗੀ ਵਿੱਚ ਬੁਲੰਦੀਆਂ ਛੂਹਣ ਦੇ ਸਮਰੱਥ ਬਣਾਉਣ ਦੇ ਚਾਹਵਾਨ ਹਨ। ਏ.ਡੀ.ਸੀ ਸੁਰਿੰਦਰ ਸਿੰਘ ਧਾਲੀਵਾਲ ਨੇ ਹਰਨੂਰ ਨੂੰ ਉਸਦੀ ਮਾਣਯੋਗ ਪ੍ਰਾਪਤੀ ਲਈ ਸ਼ਾਬਾਸ਼ੀ ਵਜੋਂ ਤੋਹਫ਼ਾ ਦਿੰਦੇ ਹੋਏ ਭਵਿਖ ਵਿੱਚ ਪੂਰੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਨਾਲ ਆਪਣਾ ਮੁਕਾਮ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਡਰੋਨ ਕੈਮਰੇ ਉਡਾਉਣ 'ਤੇ ਪੂਰਨ ਪਾਬੰਦੀ

ਫ਼ਤਹਿਗੜ੍ਹ ਸਾਹਿਬ, 10 ਮਈ (ਹਰਪ੍ਰੀਤ ਕੌਰ ਟਿਵਾਣਾ) :ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੁਰੱਖਿਆ ਪ੍ਰਬੰਧਾਂ ਨੂੰ ਮੁੱਖ ਰੱਖਦੇ ਹੋਏ ਆਮ ਪਬਲਿਕ ਵੱਲੋਂ ਜਾਂ ਪ੍ਰਾਈਵੇਟ ਵਿਅਕਤੀਆਂ ਵੱਲੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚ ਡਰੋਨ ਕੈਮਰੇ ਉਡਾਉਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਅੱਜ 10 ਮਈ ਤੋਂ 9 ਜੁਲਾਈ 2025 ਤੱਕ ਪੂਰਨ ਤੌਰ 'ਤੇ ਲਾਗੂ ਰਹਿਣਗੇ। ਹੁਕਮਾਂ ਵਿੱਚ ਲਿਖਿਆ ਗਿਆ ਹੈ ਕਿ ਮੌਜੂਦਾ ਸਮੇਂ ਦੇਸ਼ ਦੀ ਸਰਹੱਦ 'ਤੇ ਚੱਲ ਰਹੀ ਤਨਾਅਪੂਰਨ ਸਥਿਤੀ ਤੇ ਹਾਲਾਤਾਂ ਦੀ ਸਥਿਤੀ ਦੌਰਾਨ ਅੱਤਵਾਦੀ ਸੰਗਠਨਾਂ ਵੱਲੋਂ ਡਰੋਨ ਦੀ ਵਰਤੋਂ ਕਰਕੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਹੁਕਮਾਂ ਵਿੱਚ ਦਰਜ ਕੀਤਾ ਗਿਆ ਹੈ ਕਿ ਆਮ ਵੇਖਣ ਵਿੱਚ ਆਇਆ ਹੈ ਕਿ ਆਮ ਪਬਲਿਕ ਵੱਲੋਂ ਜਾਂ ਪ੍ਰਾਈਵੇਟ ਵਿਅਕਤੀਆਂ ਵੱਲੋਂ ਡਰੋਨ ਕੈਮਰੇ ਉਡਾਏ ਜਾਂਦੇ ਹਨ ਜੋ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਠੀਕ ਨਹੀਂ ਹਨ। ਇਸ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਅਜਿਹੇ ਮੌਕੇ, ਆਮ ਪਬਲਿਕ ਜਾਂ ਪ੍ਰਾਈਵੇਟ ਵਿਅਕਤੀਆਂ ਵੱਲੋਂ ਕਿਸੇ ਵੀ ਤਰ੍ਹਾਂ ਦੇ ਡਰੋਨ ਕੈਮਰੇ ਲਗਾਉਣ 'ਤੇ ਪਾਬੰਦੀ ਲਗਾਈ ਜਾਵੇ।

# ਨਾਗਰਿਕਾਂ ਦਾ ਮਨੋਬਲ ਉੱਚਾ ਰੱਖਣ ਵਿਦਿਆਰਥੀ ਅਤੇ ਸਟਾਫ਼ : ਰਾਜੀਵ ਵਰਮਾ



ਸ਼ਹੀਦ ਭਗਤ ਸਿੰਘ ਨਗਰ, 10 ਮਈ : (ਸੁਖਦੇਵ ਸਿੰਘ ਉੜਾਪੜ) :ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਜ਼ਿਲ੍ਹੇ ਦੇ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਯੁੱਧ ਆਪਦਾ ਪ੍ਰਬੰਧਨ ਸਬੰਧੀ ਇੱਕ ਮੀਟਿੰਗ ਕੀਤੀ ਗਈ। ਜਿਸ ਵਿਚ ਡਾਇਰੈਕਟਰ ਡਾ. ਡੀ.ਐਸ.ਸੰਧੂ, ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਪੁਜੇਵਾਲ ਰਜਿੰਦਰ ਧਨਕਰ, ਡਾ. ਆਰ.ਕੇ ਮੂਨ ਡਾਇਰੈਕਟਰ ਕੇ.ਸੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼, ਡਾ. ਤਰਸੇਮ ਸਿੰਘ ਪ੍ਰਿੰਸੀਪਲ ਐਸ.ਐਨ. ਕਾਲਜ ਬੰਗਾ, ਡਾ. ਚਰਨਜੀਤ ਕੌਰ ਪ੍ਰਿੰਸੀਪਲ ਏ.ਐਸ.ਐਸ.ਐਮ. ਕਾਲਜ ਮੁਕੰਦਪੁਰ, ਪਿਆਰੇ ਬਾਬਾ ਪ੍ਰਿੰਸੀਪਲ ਐਸ.ਡੀ.ਐਸ. ਸਰਕਾਰੀ ਕਾਲਜ ਜਾਡਲਾ, ਪ੍ਰਿਤਪਾਲ ਸਿੰਘ ਹੋਸਟਲ ਇੰਚਾਰਜ ਕਿਰਪਾਲ ਸਾਗਰ ਅਕੈਡਮੀ ਅਤੇ ਬੀਐਲਐਮ ਗਰਲਜ਼ ਕਾਲਜ ਅਤੇ ਆਰ.ਕੇ ਆਰੀਆ ਕਾਲਜ ਤੋਂ ਮਨੋਜ ਕੁਮਾਰ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਲੋੜ ਪਈ ਤਾਂ ਸਕੂਲਾਂ ਅਤੇ ਕਾਲਜਾਂ ਵਿੱਚ ਆਫ਼ਤ ਪ੍ਰਬੰਧਨ ਅਤੇ ਲੋਕਾਂ ਦੀ ਰਿਹਾਇਸ਼ ਲਈ ਕੇਂਦਰ ਬਣਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਸ ਕਾਲਜ ਵਿੱਚ ਐਨ.ਐਸ.ਐਸ. ਜਾਂ ਐਨ.ਸੀ.ਸੀ ਚਲਾਈ ਜਾ ਰਹੀ ਹੈ, ਉੱਥੇ ਵਿਦਿਆਰਥੀਆਂ ਤੋਂ ਵਲੰਟੀਅਰਾਂ ਵਜੋਂ ਦੇਸ਼ ਸੇਵਾ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਆਪਣੇ ਨਾਲ ਇੱਕ ਫਸਟ ਏਡ ਕਿੱਟ ਰੱਖਣੀ ਚਾਹੀਦੀ ਹੈ, ਜਿਸ ਵਿੱਚ ਪਾਣੀ ਦੀ ਬੋਤਲ, ਬਿਸਕੁਟ, ਪੱਟੀ, ਛੋਲੇ, ਦਵਾਈ, ਕੱਪੜੇ, ਟਾਰਚ ਅਤੇ ਸੈੱਲ, ਸੁੱਕਾ ਦੁੱਧ, ਚਾਹ ਪੱਤੀ, ਗਲਾਸ, ਪਾਣੀ, ਚਮਚਾ, ਏਟੀਐਮ ਕਾਰਡ, ਗਰਮ ਪੱਟੀ ਆਦਿ ਹੋਣੇ ਚਾਹੀਦੇ ਹਨ। ਹਰੇਕ ਵਿਦਿਆਰਥੀ ਨੂੰ ਆਪਣੇ ਪਿੰਡ ਅਤੇ ਸ਼ਹਿਰ ਵਿੱਚ ਹਰ ਕਿਸੇ ਨੂੰ ਬਲੈਕਆਊਟ ਦੌਰਾਨ ਲਾਈਟਾਂ ਬੰਦ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ। ਉਸਨੂੰ ਇਸ ਨੂੰ ਆਪਣੀ ਜ਼ਿੰਮੇਵਾਰੀ ਸਮਝਣਾ ਚਾਹੀਦਾ ਹੈ। ਜਦੋਂ ਵੀ ਸਾਇਰਨ ਵੱਜਦਾ ਹੈ ਤਾਂ ਲਾਈਟਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਕਲੋਨੀ ਜਾਂ ਘਰਾਂ ਵਿੱਚ ਕੈਮਰੇ ਦੀਆਂ ਲਾਈਟਾਂ ਨਹੀਂ ਜਗਾਉਣੀਆਂ ਚਾਹੀਦੀਆਂ। ਡਰੋਨ ਆਪਣਾ ਨਿਸ਼ਾਨਾ ਰੌਸ਼ਨੀ ਤੋਂ ਪ੍ਰਾਪਤ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਲਜ ਜਾਂ ਕਿਸੇ ਹੋਰ ਜਗ੍ਹਾ 'ਤੇ ਲਾਈਟ ਬੋਰਡ ਲਗਾਇਆ ਹੋਇਆ ਹੈ, ਤਾਂ ਉਸਨੂੰ ਬੰਦ ਕਰਨਾ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਸਾਰੇ ਕਾਲਜਾਂ ਵਿੱਚ ਇੱਕ ਨੋਡਲ ਅਫਸਰ ਨਿਯੁਕਤ ਕਰਨ ਦੇ ਹੁਕਮ ਜਾਰੀ ਕੀਤੇ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ, ਨਾਲ ਸਬੰਧਤ ਗਤੀਵਿਧੀਆਂ



ਭਗਤਾ ਭਾਈ ਕਾ, 10 ਮਈ (ਸਵਰਨ ਸਿੰਘ ਭਗਤਾ): ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣ ਕਰਦੇ ਹੋਏ ਕੱਲ੍ਹ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਨਾਅਰੇ ਅਨੁਸਾਰ ਡਰਾਈ ਡੇ ਮਨਾਇਆ ਗਿਆ। ਸਿਹਤ ਬਲਾਕ ਭਗਤਾ ਭਾਈਕਾ ਵਿੱਚ ਡਾਕਟਰ ਸੀਮਾ ਗੁਪਤਾ ਸੀਨੀਅਰ ਮੈਡੀਕਲ ਅਫਸਰ ਦੀ ਯੋਗ ਅਗਵਾਈ ਵਿੱਚ ਵੱਖ ਵੱਖ ਗਤੀਵਿਧੀਆਂ ਕਰਵਾਈਆਂ। ਮਨਾਏ ਗਏ ਡਰਾਈ ਡੇਅ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਨੇ ਦੱਸਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਵੱਲੋਂ ਤਾਜ਼ਾ ਹੁਕਮ ਆਏ ਸਨ। ਜਿਸ ਅਧੀਨ ਸ਼ੁੱਕਰਵਾਰ ਨੂੰ ਸਿਹਤ ਬਲਾਕ ਭਗਤਾ ਭਾਈ ਦੇ ਪਿੰਡ ਪਿੰਡ ਵਿੱਚ ਲੋਕਾਂ ਦੇ ਘਰਾਂ ਵਿੱਚ ਜਾ ਕੇ ਮੱਛਰ ਦੇ ਲਾਰਵੇ ਸਬੰਧੀ ਚੈਕਿੰਗ ਕੀਤੀ ਗਈ । ਉਹਨਾਂ ਦੱਸਿਆ ਕਿ ਸੈਕਟਰ ਸਲਾਬਤਪੁਰਾ ਵਿਖੇ ਜਸਬੀਰ ਸਿੰਘ, ਮਲੂਕਾ ਵਿਖੇ ਹਰਜਿੰਦਰ ਸਿੰਘ ,ਭਾਈ ਰੂਪਾ ਵਿਖੇ ਰਾਮ ਗੋਪਲ ਜੇਠੀ ਅਤੇ ਢਿਪਾਲੀ ਸੈਕਟਰ ਵਿੱਚ ਬਲਵੀਰ ਸਿੰਘ ਸੰਧੂ ਕਲਾਂ ਦੀ ਅਗਵਾਈ ਹੇਠ ਵਿਭਾਗ ਵਿੱਚ ਤੈਨਾਤ ਐਮਪੀ ਐਚ ਡਬਲਯੂ ਮੇਲ ਏਐਨਐਮ ਅਤੇ ਆਸ਼ਾ ਵਰਕਰਾਂ ਵੱਲੋਂ ਮਿਲ ਕੇ ਘਰ ਘਰ ਵਿੱਚ ਪਹੁੰਚ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ ਗਈ। ਇਸ ਮੌਕੇ ਲੋਕਾਂ ਨੂੰ ਡੇਂਗੂ ਦਾ ਲਾਰਵਾ ਨਸ਼ਟ ਕਰਨ ਸਬੰਧੀ ਵੀ ਜਾਣਕਾਰੀ ਦਿੱਤੀ ਗਈ । ਲੋਕਾਂ ਨੂੰ ਬੁਖਾਰ ਹੋ ਜਾਣ ਦੀ ਸੂਰਤ ਵਿੱਚ ਆਪਣਾ ਇਲਾਜ ਸਰਕਾਰੀ ਹਸਪਤਾਲ ਵਿੱਚ ਪਹੁੰਚ ਕੇ ਮੁੱਫਤ ਕਰਵਾਉਣ ਸਬੰਧੀ ਵੀ ਜਾਗਰਿਤ ਕੀਤਾ ਗਿਆ।

# ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ, ਲੋਕ ਘਬਰਾਉਣ ਨਾ : ਮਨਵੇਸ਼ ਸਿੰਘ ਸਿੱਧੂ

## ਲੋਕਾਂ ਦੀ ਬਿਹਤਰੀ ਲਈ ਪ੍ਰਸ਼ਾਸਨ ਪੂਰੀ ਮੁਸ਼ਤੈਦੀ ਨਾਲ ਕਾਰਜ਼ਸ਼ੀਲ :ਡੀ.ਸੀ.

ਫਾਜ਼ਿਲਕਾ, 10 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਭਾਰਤ ਪਾਕਿਸਤਾਨ ਸਰਹੱਦ ਉੱਤੇ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੋਕਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸੇ ਸੰਦਰਭ ਵਿਚ ਅੱਜ ਸੀਨਅਰ ਆਈਏਐਸ ਅਫ਼ਸਰ ਸ੍ਰੀ ਮਨਵੇਸ਼ ਸਿੰਘ ਸਿੱਧੂ ਨੇ ਜ਼ਿਲ੍ਹੇ ਦਾ ਦੌਰਾ ਕਰਕੇ ਇੱਥੇ ਕਿਸੇ ਵੀ ਪੈਦਾ ਹੋਣ ਵਾਲੀ ਮੁਸਕਿਲ ਹਲਾਤ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਦੀ ਸਮੀਖਿਆ ਲਈ ਬੈਠਕ ਕੀਤੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਜਿਲ੍ਹੇ ਵਿੱਚ ਸਿਹਤ ਸੇਵਾਵਾਂ, ਖੁਰਾਕ ਤੇ ਸਿਵਲ ਸਪਲਾਈ ਬਿਜਲੀ, ਜਲ ਸਪਲਾਈ, ਦੇ ਨਾਲ-ਨਾਲ ਸਿਵਲ ਤੇ ਫੌਜ ਦਰਮਿਆਨ ਤਾਲਮੇਲ ਰੱਖਣਾ ਅਤਿ ਜਰੂਰੀ ਹੈ, ਤਾਂ ਜੋ ਲੋਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੇ ਸਮੇਂ ਕਿਸੇ ਕਿਸਮ ਦੀ ਕੋਈ ਕਾਲਾਬਜਾਰੀ ਨਾ ਹੋਵੇ ਅਤੇ ਨਾ ਹੀ ਕੋਈ ਬੇਲੋੜੀ ਜਮਾਂਖੋਰੀ ਕਰੇ।




ਕੀਮਤਾਂ 'ਤੇ ਵੀ ਸਖ਼ਤ ਨਜਰ ਰੱਖੀ ਜਾਵੇ। ਹਰੇਕ ਖੇਤਰ ਤੱਕ ਪੀਣ ਦਾ ਸਾਫ ਪਾਣੀ ਪੁੱਜੇ ਅਤੇ ਸਿਹਤ ਵਿਵਸਥਾ ਹਰ ਸਮੇਂ ਤਿਆਰ ਰਹੇ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਔਖੀ ਘੜੀ ਵਿੱਚ ਲੋਕਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਭਾਗੀ ਅਧਿਕਾਰੀ ਦੀ ਡਿਊਟੀ ਦੇ ਨਾਲ ਨਾਲ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਰਕੇ ਆਮ ਲੋਕਾਂ ਨੂੰ ਅਫਵਾਵਾਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾਵੇ। ਉਨ੍ਹਾਂ ਨੇ ਜ਼ਿਲ੍ਹਾਂ ਵਾਸੀਆਂ ਨੂੰ ਵੀ ਕਿਹਾ ਕਿ ਪ੍ਰਸ਼ਾਸਨ ਪੂਰੀ ਤਰਾਂ ਮੁਸਤੈਦ ਹੈ ਤੇ ਲੋਕ ਕਿਸੇ ਘਬਰਾਹਟ ਵਿਚ ਨਾ ਆਉਣ। ਉਨ੍ਹਾਂ ਕਿਹਾ ਕਿ ਜਿਲ੍ਹਾ ਫਾਜ਼ਿਲਕਾ ਵਿੱਚ ਹਰੇਕ ਪ੍ਰਕਾਰ ਦੀਆਂ ਜਰੂਰੀ ਵਸਤਾਂ ਦਾ ਸਟਾਕ ਉਪਲਬੱਧ ਹੈ। ਜਿਲ੍ਹਾ ਪ੍ਰਸ਼ਾਸਨ ਵੱਲੋਂ ਕਾਲਾਬਾਜਾਰੀ ਜਾਂ ਜਮ੍ਹਾਂਖੋਰੀ ਕਰਨ ਵਾਲਿਆਂ 'ਤੇ ਪੈਨੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਆਮ ਲੋਕਾਂ ਨੂੰ ਖਾਣ- ਪੀਣ, ਪੈਟਰੋਲ, ਡੀਜ਼ਲ ਅਤੇ ਹੋਰ ਰੋਜਾਨਾਂ ਦੀਆਂ ਲੋੜੀਂਦੀਆਂ ਵਸਤਾਂ ਸਟੋਰੇਜ਼ ਨਾ ਕਰਨ ਲਈ ਵੀ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਲੈਕ ਆਊਟ ਦੀ ਸਥਿਤੀ ਸਮੇਂ ਕੋਈ ਵੀ ਬੇਲੋੜੀ ਲਾਈਟਾਂ ਜਗਾਉਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਬਲੈਕ ਆਉਟ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਨਾ ਹੋਵੇ। ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਐਮਰਜੈਂਸੀ ਹਾਲਾਤਾਂ ਨਾਲ ਨਜਿੱਠਣ ਲਈ ਫਾਇਰਬ੍ਰਿਗੇਡ, ਸਿਹਤ ਸੁਵਿਧਾਵਾਂ ਸਮੇਤ ਜਿਲ੍ਹੇ ਅੰਦਰ ਖਾਣ-ਪੀਣ, ਜਰੂਰੀ ਵਸਤਾਂ ਦਾ ਸਟਾਕ ਲੋੜ ਅਨੁਸਾਰ ਉਪਲਬੱਧ ਹੈ। ਉਨ੍ਹਾਂ ਦੱਸਿਆ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ 24 ਘੰਟੇ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਜਿਲ੍ਹੇ ਦੇ ਲੋਕਾਂ ਦੀ ਬਿਹਤਰੀ ਲਈ ਪ੍ਰਸ਼ਾਸਨ ਪੂਰੀ ਮੁਸ਼ਤੈਦੀ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਐਸਐਸਪੀ ਵਰਿੰਦਰ ਸਿੰਘ ਬਰਾੜ, ਏਡੀਸੀ ਜਨਰਲ ਡਾ: ਮਨਦੀਪ ਕੌਰ, ਏਡੀਸੀ ਵਿਕਾਸ ਸ੍ਰੀ ਸੁਭਾਸ਼ ਚੰਦਰ, ਐਸਡੀਐਮ ਸ੍ਰੀ ਕ੍ਰਿਸ਼ਨਾ ਪਾਲ ਰਾਜਪੂਤ, ਸ੍ਰੀ ਕੰਵਰਜੀਤ ਸਿੰਘ ਮਾਨ, ਸ੍ਰੀਮਤੀ ਵੀਰਪਾਲ ਕੌਰ, ਡੀਡੀਪੀਓ ਨੀਰੂ ਗਰਗ, ਡੀਐਫਐਸਸੀ ਵੰਦਨਾ ਕੰਬੋਜ, ਡਾ: ਐਰਿਕ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪ੍ਰਸ਼ਾਸਨ ਦੀ ਦੇਖ ਰੇਖ ਵਿੱਚ ਖੋਲ੍ਹੇ ਬਾਬਾ ਤੁਲਸੀਦਾਸ ਝੁੱਗੀ ਵਾਲਿਆਂ ਦੇ ਗੁਰਦੁਆਰਾ ਸਾਹਿਬ ਦੇ ਗੋਲਕ



ਕੋਟ ਈਸੇ ਖਾਂ, 10 ਮਈ (ਗਾਂਧੀ/ ਗੁਰਦੇਵ ਖੁਰਾਣਾ): ਕਸਬਾ ਕੋਟ ਈਸੇ ਖਾਂ ਦੇ ਨਾਲ ਲੱਗਦੇ ਪਿੰਡ ਦੌਲੇਵਾਲ ਵਿਖੇ ਤਪ ਅਸਥਾਨ ਸੰਤ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲੇ ਤੇ ਹਰ ਮਹੀਨੇ ਦੀ ਦੇਸੀ 20 ਤਰੀਕ ਨੂੰ ਭਾਰੀ ਮੇਲਾ ਲੱਗਦਾ ਹੈ। ਇਸ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਫੌਜੀ ਅਤੇ ਪਿੰਡ ਦੇ ਕੁਝ ਮੋਹਤਬਰ ਵਿਅਕਤੀਆਂ ਨਾਲ ਤਕਰਾਰ ਹੋ ਗਿਆ ਸੀ। ਜਿਸ 'ਤੇ ਦੋਨਾਂ ਧਿਰਾਂ ਦੇ ਵਿਵਾਦ ਨੂੰ ਮੁੱਖ ਰੱਖਦਿਆਂ ਪ੍ਰਸ਼ਾਸਨ ਵੱਲੋਂ ਗੁਰਦੁਆਰੇ ਦੇ ਗੋਲਕਾਂ ਤੇ ਆਪਣੇ ਚਿੰਨ੍ਹ ਲਗਾਏ ਗਏ ਸਨ। ਸ਼ਨੀਵਾਰ ਨੂੰ ਮੁੱਖ ਸੇਵਾਦਾਰ ਅਵਤਾਰ ਸਿੰਘ ਫੌਜੀ ਅਤੇ ਤਹਿਸੀਲਦਾਰ ਨਵਜੀਵਨ ਛਾਬੜਾ ਅਤੇ ਪੁਲਿਸ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਗੁਰਦੁਆਰੇ ਦੇ ਗੋਲਕਾਂ ਨੂੰ ਖੋਲ੍ਹਿਆ ਗਿਆ ਅਤੇ ਅਤੇ ਗੁਰਦੁਆਰੇ ਵਿੱਚ ਲੱਗਦੇ ਹਰ ਦੇਸੀ ਮਹੀਨੇ ਦੇ 20 ਨੂੰ ਮੇਲੇ ਸਬੰਧੀ ਰਾਸ਼ਨ ਦੀ ਅਦਾਇਗੀ ਕਰ ਦਿੱਤੀ ਗਈ ਅਤੇ ਬਾਕੀ ਬਚਦੀ ਰਕਮ ਪ੍ਰਸ਼ਾਸਨ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਹੈ। ਇਸ ਸਬੰਧੀ ਭਾਈ ਅਵਤਾਰ ਸਿੰਘ ਫੌਜੀ ਨੇ ਕਿਹਾ ਕਿ ਹਲਕਾ ਵਿਧਾਇਕ ਦੀ ਸ਼ਹਿ 'ਤੇ ਪ੍ਰਸ਼ਾਸਨ ਸਾਡੇ ਨਾਲ ਧੱਕਾ ਕਰ ਰਿਹਾ ਜਿਸ 'ਤੇ ਗੁਰਦੁਆਰੇ ਵਿੱਚ ਆਉਣ ਵਾਲੀ ਸੰਗਤਾਂ ਦੇ ਮਨ ਤੇ ਬਹੁਤ ਵੱਡੀ ਠੇਸ ਪਹੁੰਚੀ। ਇਸ ਸਬੰਧ ਵਿੱਚ ਤਹਿਸੀਲਦਾਰ ਨਵਜੀਵਨ ਛਾਬੜਾ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਹੁਕਮ ਦੇ ਅਨੁਸਾਰ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਗੁਰਦੁਆਰੇ ਦੇ ਗੋਲਕ ਖੋਲ੍ਹੇ ਗਏ ਸਨ ਜਿਸ ਵਿੱਚੋਂ 5 ਲੱਖ ਦੇ ਕਰੀਬ ਕੈਸ਼ ਪ੍ਰਾਪਤ ਹੋਇਆ ਹੈ ਅਤੇ ਜੋ ਮੇਲੇ ਦੌਰਾਨ ਗੁਰਦੁਆਰੇ ਵਿੱਚ ਰਾਸ਼ਨ ਆਇਆ ਸੀ ਉਸ ਦੀ ਅਦਾਇਗੀ ਕਰ ਦਿੱਤੀ ਗਈ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਗਰਮੀਆਂ 'ਚ ਹਰ ਰੋਜ਼ ਖਾਲੀ ਪੇਟ ਪੀਓ ਸੌਂਫ ਦਾ ਪਾਣੀ ਦੂਰ ਹੋਣਗੀਆਂ ਸਮੱਸਿਆਵਾਂ



ਗਰਮੀਆਂ ਦਾ ਮੌਸਮ ਆਪਣੇ ਨਾਲ ਕਈ ਸਿਹਤ ਸਮੱਸਿਆਵਾਂ ਲੈ ਕੇ ਆਉਂਦਾ ਹੈ, ਜਿਵੇਂ ਕਿ ਡੀਹਾਈਡਰੇਸ਼ਨ, ਪਾਚਨ ਸੰਬੰਧੀ ਸਮੱਸਿਆਵਾਂ ਅਤੇ ਸਰੀਰ ਦੀ ਗਰਮੀ ਵਿੱਚ ਵਾਧਾ। ਅਜਿਹੀ ਸਥਿਤੀ ਵਿੱਚ, ਸੌਂਫ ਪਾਣੀ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਉਪਾਅ ਵਜੋਂ ਕੰਮ ਕਰਦਾ ਹੈ।ਸੌਂਫ ਨਾ ਸਿਰਫ਼ ਖਾਣੇ ਦਾ ਸੁਆਦ ਵਧਾਉਂਦੀ ਹੈ, ਸਗੋਂ ਇਸਦਾ ਪਾਣੀ ਪੀਣ ਨਾਲ ਕਈ ਸਿਹਤ ਲਾਭ ਵੀ ਮਿਲਦੇ ਹਨ। ਰੋਜ਼ਾਨਾ ਸੌਂਫ ਦਾ ਪਾਣੀ ਪੀਣ ਦੇ ਕੀ ਫਾਇਦੇ ਹਨ।

**ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੈ:** ਸੌਂਫ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਫਾਈਬਰ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਦੇ ਹਨ। ਇਹ ਗੈਸ, ਐਸੀਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ। ਗਰਮੀਆਂ ਵਿੱਚ, ਅਕਸਰ ਭੋਜਨ ਸਹੀ ਢੰਗ ਨਾਲ ਨਹੀਂ ਪਚਦਾ, ਅਜਿਹੀ ਸਥਿਤੀ ਵਿੱਚ, ਸੌਂਫ ਦਾ ਪਾਣੀ ਪੀਣ ਨਾਲ ਪੇਟ ਦੀ ਜਲਣ ਸ਼ਾਂਤ ਹੁੰਦੀ ਹੈ ਅਤੇ ਪਾਚਨ ਐਨਜ਼ਾਈਮ ਸਰਗਰਮ ਹੁੰਦੇ ਹਨ।

**ਸਰੀਰ ਨੂੰ ਠੰਢਾ ਕਰਦਾ ;** ਸੌਂਫ ਦਾ ਪਾਣੀ ਠੰਢਕ ਦਿੰਦਾ ਹੈ, ਇਸ ਲਈ ਇਸਦਾ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਕੰਟਰੋਲ ਵਿੱਚ ਰਹਿੰਦਾ ਹੈ। ਇਹ ਗਰਮੀ ਕਾਰਨ ਹੋਣ ਵਾਲੀ ਬੇਅਰਾਮੀ, ਸਿਰ ਦਰਦ ਅਤੇ ਘਬਰਾਹਟ ਨੂੰ ਘਟਾਉਂਦਾ ਹੈ। ਇਸਨੂੰ ਪੀਣ ਨਾਲ ਹੀਟ ਸਟ੍ਰੋਕ ਦਾ ਖ਼ਤਰਾ ਵੀ ਘੱਟ ਜਾਂਦਾ ਹੈ।

**ਡੀਹਾਈਡਰੇਸ਼ਨ ਦੀ ਰੋਕਥਾਮ :** ਗਰਮੀਆਂ ਵਿੱਚ ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਸੌਂਫ ਦਾ ਪਾਣੀ ਨਾ ਸਿਰਫ਼ ਪਿਆਸ ਬੁਝਾਉਂਦਾ ਹੈ ਬਲਕਿ ਇਲੈਕਟ੍ਰੋਲਾਈਟਸ ਦਾ ਸੰਤੁਲਨ ਵੀ ਬਣਾਈ ਰੱਖਦਾ ਹੈ। ਇਸ ਵਿੱਚ ਮੌਜੂਦ ਪੋਟਾਸ਼ੀਅਮ ਅਤੇ ਸੋਡੀਅਮ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦ ਕਰਦੇ ਹਨ।

**ਭਾਰ ਘਟਾਉਣ ਵਿੱਚ ਮਦਦਗਾਰ ;** ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਸੌਂਫ ਦਾ ਪਾਣੀ ਇੱਕ ਵਧੀਆ ਆਪਸ਼ਨ ਹੈ। ਇਹ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ ਅਤੇ ਸਰੀਰ ਵਿੱਚ ਜਮ੍ਹਾਂ ਹੋਈ ਵਾਧੂ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਸਵੇਰੇ ਖਾਲੀ ਪੇਟ ਇਸਨੂੰ ਪੀਣ ਨਾਲ ਚਰਬੀ ਬਰਨਿੰਗ ਪ੍ਰਕਿਰਿਆ ਤੇਜ਼ ਹੁੰਦੀ ਹੈ।

**ਚਮੜੀ ਲਈ ਫਾਇਦੇਮੰਦ ;** ਸੌਂਫ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਐਂਟੀ-ਇੰਫਲੇਮੇਟਰੀ ਗੁਣ ਚਮੜੀ ਨੂੰ ਸਿਹਤਮੰਦ ਰੱਖਦੇ ਹਨ। ਇਸ ਦਾ ਪਾਣੀ ਪੀਣ ਨਾਲ ਮੁਹਾਸੇ, ਝੁਰੜੀਆਂ ਅਤੇ ਕਾਲੇ ਧੱਬੇ ਘੱਟ ਜਾਂਦੇ ਹਨ। ਇਹ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢ ਕੇ ਚਮੜੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ।

**ਇਮਿਊਨਿਟੀ ਵਧਾਉਂਦੈ:** ਸੌਂਫ ਵਿੱਚ ਵਿਟਾਮਿਨ ਸੀ, ਆਇਰਨ ਅਤੇ ਕੈਲਸ਼ੀਅਮ ਵਰਗੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਦਾ ਪਾਣੀ ਨਿਯਮਿਤ ਤੌਰ ਤੇ ਪੀਣ ਨਾਲ ਬਿਮਾਰ ਹੋਣ ਦਾ ਖ਼ਤਰਾ ਘੱਟ ਜਾਂਦਾ ਹੈ।

**ਅੱਖਾਂ ਦੀ ਸਿਹਤ ਲਈ ਫਾਇਦੇਮੰਦ:** ਸੌਂਫ ਵਿੱਚ ਵਿਟਾਮਿਨ ਏ ਹੁੰਦਾ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ। ਗਰਮੀਆਂ ਵਿੱਚ ਅਕਸਰ ਅੱਖਾਂ ਵਿੱਚ ਜਲਣ ਹੁੰਦੀ ਹੈ, ਅਜਿਹੀ ਸਥਿਤੀ ਵਿੱਚ ਸੌਂਫ ਦਾ ਪਾਣੀ ਪੀਣ ਨਾਲ ਅੱਖਾਂ ਨੂੰ ਠੰਢਕ ਮਿਲਦੀ ਹੈ।

# ਜੋਕੋਵਿਚ ਨੇ ਫ੍ਰੈਂਚ ਓਪਨ ਤੋਂ ਪਹਿਲਾਂ ਜਿਨੇਵਾ ਓਪਨ ਵਿੱਚ ਵਾਈਲਡਕਾਰਡ ਐਂਟਰੀ ਲਈ

ਜਿਨੇਵਾ, 10 ਮਈ (ਚ.ਨ.ਸ.) : ਜੋਕੋਵਿਚ ਨੂੰ ਫ੍ਰੈਂਚ ਓਪਨ ਤੋਂ ਪਹਿਲਾਂ ਫਾਰਮ ਅਤੇ ਫਿਟਨੈਸ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਜਿਨੇਵਾ ਓਪਨ ਵਿੱਚ ਖੇਡਣ ਲਈ ਵਾਈਲਡ ਕਾਰਡ ਐਂਟਰੀ ਮਿਲੀ ਹੈ। ਜੋਕੋਵਿਚ, ਜੋ ਪੈਰਿਸ ਵਿੱਚ ਆਪਣਾ 25ਵਾਂ ਗ੍ਰੈਂਡ ਸਲੈਮ ਖਿਤਾਬ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੇ ਇਟਾਲੀਅਨ ਓਪਨ ਤੋਂ ਹਟ ਗਿਆ ਹੈ। 37 ਸਾਲਾ ਸਰਬੀਆਈ ਖਿਡਾਰੀ ਪਿਛਲੇ ਮਹੀਨੇ ਮੋਂਟੇ ਕਾਰਲੋ ਅਤੇ ਮੈਡ੍ਰਿਡ ਵਿੱਚ ਹੋਏ ਕਲੇ-ਕੋਰਟ ਮੁਕਾਬਲਿਆਂ ਵਿੱਚ ਸ਼ੁਰੂਆਤੀ ਦੌਰ ਵਿੱਚੋਂ ਬਾਹਰ ਹੋਣ ਤੋਂ ਬਾਅਦ ਆਪਣੇ ਆਖਰੀ ਤਿੰਨ ਮੈਚ ਹਾਰ ਗਿਆ ਹੈ। ਛੇ ਵਾਰ ਦੇ ਚੈਂਪੀਅਨ ਜੋਕੋਵਿਚ ਨੇ ਰੋਮ ਵਿੱਚ ਹੋਣ ਵਾਲੇ ਏਟੀਪੀ ਮਾਸਟਰਜ਼ ਟੂਰਨਾਮੈਂਟ ਵਿੱਚ ਹਿੱਸਾ ਨਾ ਲੈਣ ਦਾ ਕੋਈ ਕਾਰਨ ਨਹੀਂ ਦੱਸਿਆ ਹੈ।



ਇਹ ਸੀਜ਼ਨ ਜੋਕੋਵਿਚ ਲਈ ਉਤਰਾਅ-ਚੜ੍ਹਾਅ ਨਾਲ ਭਰਿਆ ਰਿਹਾ ਹੈ। ਉਹ ਆਸਟ੍ਰੇਲੀਅਨ ਓਪਨ ਦੇ ਸੈਮੀਫਾਈਨਲ ਵਿੱਚ ਪਹੁੰਚਿਆ ਸੀ ਪਰ ਜਰਮਨੀ ਦੇ ਅਲੈਗਜ਼ੈਂਡਰ ਜ਼ਵੇਰੇਵ ਤੋਂ ਪਹਿਲਾ ਸੈੱਟ ਹਾਰਨ ਤੋਂ ਬਾਅਦ ਸੱਟ ਕਾਰਨ ਉਸਨੂੰ ਰਿਟਾਇਰਡ ਹਰਟ ਹੋਣਾ ਪਿਆ। ਦੁਨੀਆ ਦੇ ਛੇਵੇਂ ਨੰਬਰ ਦੇ ਖਿਡਾਰੀ, ਜੋ ਇਸ ਮਹੀਨੇ 38 ਸਾਲ ਦੇ ਹੋ ਗਏ ਹਨ, ਨੇ ਮਿਆਮੀ ਓਪਨ ਵਿੱਚ ਫਾਰਮ ਵਾਪਸ ਲੈਣ ਤੋਂ ਪਹਿਲਾਂ ਵਾਪਸੀ ਤੇ ਲਗਾਤਾਰ ਤਿੰਨ ਮੈਚ ਹਾਰ ਦਿੱਤੇ। ਉਹ ਫਾਈਨਲ ਵਿੱਚ ਚੈੱਕ ਗਣਰਾਜ ਦੇ ਸ਼ਕਤੀਸ਼ਾਲੀ ਕਿਸ਼ੋਰ ਜੈਕਬ ਮੇਨਸਿਕ ਤੋਂ ਹਾਰ ਗਿਆ ਅਤੇ ਆਪਣਾ 100ਵਾਂ ਏਟੀਪੀ ਖਿਤਾਬ ਜਿੱਤਣ ਦਾ ਇੱਕ ਹੋਰ ਮੌਕਾ ਗੁਆ ਬੈਠਾ। ਕੁੱਲ ਮਿਲਾ ਕੇ, ਉਨ੍ਹਾਂ ਨੇ ਇਸ ਸੀਜ਼ਨ ਵਿੱਚ ਆਪਣੇ 19 ਵਿੱਚੋਂ 12 ਮੈਚ ਜਿੱਤੇ ਹਨ ਅਤੇ ਜੇਨੇਵਾ ਵਿੱਚ ਇਸ ਰਿਕਾਰਡ ਨੂੰ ਬਿਹਤਰ ਬਣਾਉਣ ਦੀ ਉਮੀਦ ਕਰਨਗੇ। ਏਟੀਪੀ 250 ਈਵੈਂਟ 18 ਮਈ ਨੂੰ ਸ਼ੁਰੂ ਹੋਵੇਗਾ, ਜਦੋਂ ਕਿ ਫ੍ਰੈਂਚ ਓਪਨ ਇੱਕ ਹਫ਼ਤੇ ਬਾਅਦ 25 ਮਈ ਨੂੰ ਸ਼ੁਰੂ ਹੋਵੇਗਾ।

# ਜੰਗਬੰਦੀ ਲਈ ਰੂਸ 'ਤੇ ਦਬਾਅ, ਯੂਰਪੀ ਆਗੂ ਪੁੱਜੇ ਕੀਵ

ਕੀਵ, 10 ਮਈ (ਚ.ਨ.ਸ.) : ਚਾਰ ਯੂਰਪੀ ਦੇਸ਼ਾਂ ਦੇ ਨੇਤਾ ਸ਼ਨੀਵਾਰ ਨੂੰ ਕੀਵ ਪਹੁੰਚੇ ਤਾਂ ਜੋ ਤਿੰਨ ਸਾਲਾਂ ਤੋਂ ਜਾਰੀ ਯੁੱਧ ਵਿਚ ਇੱਕ ਮਹੀਨੇ ਦੀ ਜੰਗਬੰਦੀ ਲਈ ਰੂਸ ਤੇ ਸਹਿਮਤ ਹੋਣ ਲਈ ਦਬਾਅ ਵਧਾਉਣ ਦੇ ਮੱਦੇਨਜ਼ਰ ਸਾਂਝਾ ਸਮਰਥਨ ਦਿਖਾਇਆ ਜਾ ਸਕੇ। ਫਰਾਂਸ, ਜਰਮਨੀ, ਪੋਲੈਂਡ ਅਤੇ ਬ੍ਰਿਟੇਨ ਦੇ ਨੇਤਾ ਕੀਵ ਦੇ ਰੇਲਵੇ ਸਟੇਸ਼ਨ ਤੇ ਇਕੱਠੇ ਪਹੁੰਚੇ, ਜਿੱਥੇ ਉਨ੍ਹਾਂ ਨੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਕੀਤੀ। ਇਸ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੇ ਅੰਤ ਦੀ 80ਵੀਂ ਵਰ੍ਹੇਗੰਢ ਦੇ ਮੌਕੇ ਤੇ ਇੱਕ ਸਮਾਰੋਹ ਦੌਰਾਨ ਕੀਵ ਦੇ ਸੁਤੰਤਰਤਾ ਚੌਕ ਤੇ ਸ਼ਹੀਦ ਹੋਏ ਯੂਕ੍ਰੇਨੀ ਸੈਨਿਕਾਂ ਦੀ ਯਾਦ ਵਿੱਚ ਬਣਾਏ ਗਏ ਇੱਕ ਅਸਥਾਈ ਝੰਡੇ ਦੇ ਸਮਾਰਕ ਤੇ ਫੁੱਲ ਮਾਲਾ ਭੇਟ ਕੀਤੀ। ਇਹ ਪਹਿਲੀ ਵਾਰ ਹੈ ਜਦੋਂ ਚਾਰਾਂ ਦੇਸ਼ਾਂ ਦੇ ਨੇਤਾਵਾਂ ਨੇ ਇਕੱਠੇ ਯੂਕ੍ਰੇਨ ਦਾ ਦੌਰਾ ਕੀਤਾ ਹੈ। ਫ੍ਰੈਡਰਿਕ ਮਰਜ਼ ਜਰਮਨੀ ਦੇ ਨਵੇਂ ਚਾਂਸਲਰ ਵਜੋਂ ਪਹਿਲੀ ਵਾਰ ਯੂਕ੍ਰੇਨ ਦਾ ਦੌਰਾ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਯੂਰਪੀ ਨੇਤਾ ਰੂਸ ਤੇ ਦਬਾਅ ਪਾ ਰਹੇ ਹਨ ਕਿ ਉਹ 30 ਦਿਨਾਂ ਦੀ ਜੰਗਬੰਦੀ ਲਈ ਸਹਿਮਤ ਹੋਵੇ ਤਾਂ ਜੋ ਸ਼ਾਂਤੀ ਵਾਰਤਾ ਰਾਹੀਂ ਸੰਘਰਸ਼ ਨੂੰ ਖਤਮ ਕੀਤਾ ਜਾ ਸਕੇ। ਅਮਰੀਕਾ ਨੇ ਮਾਰਚ ਵਿੱਚ ਜੰਗ ਵਿੱਚ ਤੁਰੰਤ 30 ਦਿਨਾਂ ਦੀ ਜੰਗਬੰਦੀ ਦਾ ਪ੍ਰਸਤਾਵ ਰੱਖਿਆ, ਜਿਸਨੂੰ ਯੂਕ੍ਰੇਨ ਨੇ ਸਵੀਕਾਰ ਕਰ ਲਿਆ ਪਰ ਕ੍ਰੇਮਲਿਨ ਨੇ ਵਧੇਰੇ ਅਨੁਕੂਲ ਸ਼ਰਤਾਂ ਤੇ ਜ਼ੋਰ ਦਿੱਤਾ। ਨੇਤਾਵਾਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ,ਅਸੀਂ ਰਾਸ਼ਟਰਪਤੀ ਟਰੰਪ ਦੇ ਸ਼ਾਂਤੀ ਸਮਝੌਤੇ ਦੇ ਸੱਦੇ ਲਈ ਆਪਣਾ ਸਮਰਥਨ ਦੁਹਰਾਉਂਦੇ ਹਾਂ ਅਤੇ ਰੂਸ ਨੂੰ ਇੱਕ ਸਥਾਈ ਸ਼ਾਂਤੀ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਰੁਕਾਵਟ ਪਾਉਣਾ ਬੰਦ ਕਰਨ ਦੀ ਅਪੀਲ ਕਰਦੇ ਹਾਂ। ਆਗੂਆਂ ਨੇ ਕਿਹਾ, ਸੰਯੁਕਤ ਰਾਜ ਅਮਰੀਕਾ ਅਤੇ ਅਸੀਂ ਰੂਸ ਨੂੰ ਇੱਕ ਸੰਪੂਰਨ ਬਿਨਾਂ ਸ਼ਰਤ 30 ਦਿਨਾਂ ਦੀ ਜੰਗਬੰਦੀ ਲਈ ਸਹਿਮਤ ਹੋਣ ਦਾ ਸੱਦਾ ਦਿੰਦੇ ਹਾਂ ਤਾਂ ਜੋ ਗੱਲਬਾਤ ਲਈ ਜਗ੍ਹਾ ਬਣਾਈ ਜਾ ਸਕੇ ਜਿਸ ਨਾਲ ਇੱਕ ਨਿਆਂਪੂਰਨ ਅਤੇ ਸਥਾਈ ਸ਼ਾਂਤੀ ਬਣ ਸਕੇ। ਯੂਕ੍ਰੇਨੀ ਰਾਸ਼ਟਰਪਤੀ ਦੇ ਸਹਾਇਕ ਆਂਦਰੇਈ ਯੇਰਮਾਕ ਨੇ ਆਪਣੇ ਟੈਲੀਗ੍ਰਾਮ ਚੈਨਲ ਤੇ ਲਿਖਿਆ,ਬਹੁਤ ਸਾਰਾ ਕੰਮ ਹੈ, ਚਰਚਾ ਕਰਨ ਲਈ ਬਹੁਤ ਸਾਰੇ ਵਿਸ਼ੇ ਹਨ। ਸਾਨੂੰ ਇਸ ਜੰਗ ਨੂੰ ਇੱਕ ਨਿਆਂਪੂਰਨ ਸ਼ਾਂਤੀ ਨਾਲ ਖਤਮ ਕਰਨ ਦੀ ਲੋੜ ਹੈ। ਸਾਨੂੰ ਮਾਸਕੋ ਨੂੰ ਜੰਗਬੰਦੀ ਲਈ ਸਹਿਮਤ ਹੋਣ ਲਈ ਮਜਬੂਰ ਕਰਨਾ ਚਾਹੀਦਾ ਹੈ।



# ਮਧੁਰਾ ਨੇ ਮਹਿਲਾ ਸਿੰਗਲ 'ਚ ਸੋਨ ਨਾਲ ਤੀਰਅੰਦਾਜ਼ੀ ਵਿਸ਼ਵ ਕੱਪ 'ਚ ਜਿੱਤੇ ਤਿੰਨ ਤਮਗ਼ੇ

ਸ਼ੰਘਾਈ, 10 ਮਈ (ਚ.ਨ.ਸ.) : ਮਧੁਰਾ ਧਾਮਨਗਾਂਵਕਰ ਨੇ ਸ਼ਨੀਵਾਰ ਨੂੰ ਇੱਥੇ ਤੀਰਅੰਦਾਜ਼ੀ ਵਿਸ਼ਵ ਕੱਪ ਪੜਾਅ 2 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅਮਰੀਕਾ ਦੀ ਕਾਰਸਨ ਕ੍ਰਾਹੇ ਤੇ 139-138 ਦੀ ਸ਼ਾਨਦਾਰ ਜਿੱਤ ਨਾਲ ਆਪਣਾ ਪਹਿਲਾ ਵਿਅਕਤੀਗਤ ਵਿਸ਼ਵ ਕੱਪ ਸੋਨ ਤਗਮਾ ਜਿੱਤਿਆ। ਮਧੁਰਾ ਨੂੰ ਵਿਸ਼ਵ ਤੀਰਅੰਦਾਜ਼ੀ ਰੈਂਕਿੰਗ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ ਕਿਉਂਕਿ ਉਸਨੇ ਤਿੰਨ ਸਾਲਾਂ ਤੋਂ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਾ ਨਹੀਂ ਕੀਤਾ ਹੈ। ਉਹ ਤੀਜੀ ਗੇਮ ਵਿੱਚ ਸੱਤ ਅੰਕ ਬਣਾਉਣ ਤੋਂ ਬਾਅਦ 81-85 ਨਾਲ ਪਿੱਛੇ ਸੀ। ਹਾਲਾਂਕਿ, 24 ਸਾਲਾ ਖਿਡਾਰੀ ਨੇ ਦਬਾਅ ਹੇਠ ਬਹੁਤ ਸੰਜਮ ਦਿਖਾਇਆ ਅਤੇ ਚੌਥੀ ਗੇਮ ਵਿੱਚ ਸਿਰਫ ਇਕ ਅੰਕ ਗੁਆ ਕੇ ਸਕੋਰ 110-110 ਦੇ ਬਰਾਬਰ ਕਰ ਲਿਆ। ਮਧੁਰਾ ਨੇ ਫੈਸਲਾਕੁੰਨ ਗੇਮ ਵਿੱਚ ਦੋ 10 ਲਗਾਏ, ਦੋਵੇਂ ਸੈਂਟਰ ਦੇ ਬਹੁਤ ਨੇੜੇ ਸਨ। ਉਸਨੇ ਤੀਜੀ ਕੋਸ਼ਿਸ਼ ਤੇ ਨੌਂ ਦੇ ਸ਼ਾਟ ਨਾਲ ਕ੍ਰਾਹੇ ਨੂੰ ਪਛਾੜ ਦਿੱਤਾ। ਇਹ ਮਧੁਰਾ ਦਾ ਇਸ ਈਵੈਂਟ ਵਿੱਚ ਤੀਜਾ ਤਗਮਾ ਸੀ, ਇਸ ਤੋਂ ਪਹਿਲਾਂ ਉਸਨੇ ਮਹਿਲਾ ਟੀਮ ਈਵੈਂਟ ਵਿੱਚ ਚਾਂਦੀ ਅਤੇ ਅਭਿਸ਼ੇਕ ਵਰਮਾ ਨਾਲ ਮਿਕਸਡ ਟੀਮ ਈਵੈਂਟ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਇਨ੍ਹਾਂ ਤਿੰਨਾਂ ਤਗਮਿਆਂ ਨਾਲ, ਉਸਨੇ ਤਿੰਨ ਸਾਲਾਂ ਬਾਅਦ ਅੰਤਰਰਾਸ਼ਟਰੀ ਤੀਰਅੰਦਾਜ਼ੀ ਵਿੱਚ ਆਪਣੀ ਵਾਪਸੀ ਨੂੰ ਯਾਦਗਾਰ ਬਣਾ ਦਿੱਤਾ।



### ਬੀ.ਸੀ.ਸੀ.ਆਈ. ਨੇ ਬਣਾਇਆ ਪਲਾਨ
# ਕੋਹਲੀ ਨਹੀਂ ਲੈਣਗੇ ਟੈਸਟ ਕ੍ਰਿਕਟ ਤੋਂ ਸੰਨਿਆਸ

ਨਵੀਂ ਦਿੱਲੀ, 10 ਮਈ (ਚ.ਨ.ਸ.) : ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਨੂੰ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੀ ਆਪਣੀ ਯੋਜਨਾ ਤੇ ਮੁੜ ਵਿਚਾਰ ਕਰਨ ਲਈ ਇੱਕ ਪ੍ਰਭਾਵਸ਼ਾਲੀ ਕ੍ਰਿਕਟ ਸ਼ਖਸੀਅਤ ਨੂੰ ਸ਼ਾਮਲ ਕੀਤਾ ਹੈ। ਇਹ ਕਦਮ ਇੰਗਲੈਂਡ ਖ਼ਿਲਾਫ਼ 20 ਜੂਨ ਤੋਂ ਸ਼ੁਰੂ ਹੋਣ ਵਾਲੀ ਪੰਜ ਟੈਸਟ ਮੈਚਾਂ ਦੀ ਮਹੱਤਵਪੂਰਨ ਲੜੀ ਤੋਂ ਪਹਿਲਾਂ ਚੁੱਕਿਆ ਗਿਆ ਹੈ।



ਕੋਹਲੀ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੀ ਇੱਛਾ 2339 ਅੱਗੇ ਪ੍ਰਗਟ ਕੀਤੀ ਹੈ। ਹਾਲਾਂਕਿ, ਬੀਸੀਸੀਆਈ ਨੇ ਉਸਨੂੰ ਇਸ ਫੈਸਲੇ ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਕਿਉਂਕਿ ਇੰਗਲੈਂਡ ਦੌਰਾ ਅਤੇ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂਟੀਸੀ) ਦਾ ਨਵਾਂ ਚੱਕਰ ਸ਼ੁਰੂ ਹੋਣ ਵਾਲਾ ਹੈ। ਸੂਤਰਾਂ ਨੇ ਦੱਸਿਆ ਕਿ ਬੀਸੀਸੀਆਈ ਨੇ ਇੱਕ ਪ੍ਰਭਾਵਸ਼ਾਲੀ ਕ੍ਰਿਕਟ ਸ਼ਖਸੀਅਤ ਨੂੰ ਕੋਹਲੀ ਨੂੰ ਮਿਲਣ ਅਤੇ ਉਸਨੂੰ ਟੈਸਟ ਕ੍ਰਿਕਟ ਵਿੱਚ ਆਪਣਾ ਕਰੀਅਰ ਜਾਰੀ ਰੱਖਣ ਲਈ ਮਨਾਉਣ ਦਾ ਕੰਮ ਸੌਂਪਿਆ ਹੈ, ਖਾਸ ਕਰਕੇ ਇੰਗਲੈਂਡ ਦੌਰੇ ਦੇ ਮੱਦੇਨਜ਼ਰ।

ਇਹ ਉਹੀ ਸੇਲਿਬ੍ਰਿਟੀ ਹੈ ਜਿਸਨੇ ਹਾਲ ਹੀ ਵਿੱਚ ਰੋਹਿਤ ਸ਼ਰਮਾ ਨਾਲ ਗੱਲ ਕੀਤੀ ਸੀ, ਹਾਲਾਂਕਿ ਉਹ ਸਥਿਤੀ ਵੱਖਰੀ ਸੀ ਕਿਉਂਕਿ ਰੋਹਿਤ ਨੇ ਬਾਅਦ ਵਿੱਚ ਟੈਸਟ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਸੀ। ਸੂਤਰਾਂ ਨੇ ਕਿਹਾ ਕਿ ਕੋਹਲੀ ਆਪਣਾ ਫੈਸਲਾ ਆਸਾਨੀ ਨਾਲ ਨਹੀਂ ਬਦਲਦਾ ਪਰ ਸੇਲਿਬ੍ਰਿਟੀ ਦੇ ਸ਼ਬਦਾਂ ਦਾ ਉਸਦੇ ਟੈਸਟ ਭਵਿੱਖ ਤੇ ਕੁਝ ਪ੍ਰਭਾਵ ਪੈ ਸਕਦਾ ਹੈ। 2011 ਵਿੱਚ ਆਪਣੇ ਟੈਸਟ ਡੈਬਿਊ ਤੋਂ ਬਾਅਦ, ਕੋਹਲੀ ਨੇ 123 ਟੈਸਟਾਂ ਵਿੱਚ 46.85 ਦੀ ਔਸਤ ਨਾਲ 9,230 ਦੌੜਾਂ ਬਣਾਈਆਂ ਹਨ। ਜੇਕਰ ਉਹ ਸੰਨਿਆਸ ਲੈ ਲੈਂਦਾ ਹੈ, ਤਾਂ ਭਾਰਤ ਨੂੰ ਰੋਹਿਤ ਦੇ ਨਾਲ ਉਸਦੀ ਗੈਰਹਾਜ਼ਰੀ ਵਿੱਚ ਇੰਗਲੈਂਡ ਦੌਰੇ ਤੇ ਤਜਰਬੇ ਦੀ ਘਾਟ ਮਹਿਸੂਸ ਹੋਵੇਗੀ।

ਰੋਹਿਤ ਦੇ ਸੰਨਿਆਸ ਤੋਂ ਬਾਅਦ, ਕੇਐੱਲ ਰਾਹੁਲ ਅਤੇ ਸ਼ੁਭਮਨ ਗਿੱਲ ਸਿਖਰਲੇ ਕ੍ਰਮ ਵਿੱਚ ਸਭ ਤੋਂ ਤਜਰਬੇਕਾਰ ਬੱਲੇਬਾਜ਼ ਹੋਣਗੇ, ਜਦੋਂ ਕਿ ਕੋਹਲੀ ਦੀ ਗੈਰਹਾਜ਼ਰੀ ਵਿੱਚ, ਰਿਸ਼ਭ ਪੰਤ ਮੱਧ ਕ੍ਰਮ ਵਿੱਚ ਸਭ ਤੋਂ ਤਜਰਬੇਕਾਰ ਹੋਣਗੇ। ਗਿੱਲ ਨੂੰ ਅਗਲੇ ਟੈਸਟ ਕਪਤਾਨ ਵਜੋਂ ਇੱਕ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ, ਰਾਹੁਲ, ਪੰਤ ਅਤੇ ਜਸਪ੍ਰੀਤ ਬੁਮਰਾਹ ਵੀ ਦੌੜ ਵਿੱਚ ਹਨ। ਕੋਹਲੀ ਅਤੇ ਰੋਹਿਤ ਪਹਿਲਾਂ ਹੀ ਟੀ-20 ਤੋਂ ਸੰਨਿਆਸ ਲੈ ਚੁੱਕੇ ਹਨ ਅਤੇ ਜੇਕਰ ਕੋਹਲੀ ਟੈਸਟ ਤੋਂ ਵੀ ਹਟ ਜਾਂਦਾ ਹੈ, ਤਾਂ ਇਹ ਦੋਵੇਂ ਸਿਰਫ਼ ਇੱਕ ਰੋਜ਼ਾ ਕ੍ਰਿਕਟ ਵਿੱਚ ਭਾਰਤ ਲਈ ਉਪਲਬਧ ਹੋਣਗੇ।

# ਭਾਰਤ 'ਚ ਛੇ ਬੰਗਲਾਦੇਸ਼ੀ ਟੀਵੀ ਚੈਨਲਾਂ ਨੂੰ ਯੂਟਿਊਬ ਨੇ ਕੀਤਾ ਬਲਾਕ

ਢਾਕਾ, 10 ਮਈ (ਚ.ਨ.ਸ.) : ਭਾਰਤ ਸਰਕਾਰ ਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਕ੍ਰਮ ਨਾਲ ਸੰਬੰਧਿਤ ਚਿੰਤਾਵਾਂ ਦਾ ਹਵਾਲਾ ਦਿੰਦਿਆਂ



ਕੀਤੀ ਗਈ ਬੇਨਤੀ ਦੇ ਬਾਅਦ ਯੂਟਿਊਬ ਨੇ ਭਾਰਤ 'ਚ ਘੱਟੋ-ਘੱਟ ਛੇ ਬੰਗਲਾਦੇਸ਼ੀ ਟੈਲੀਵਿਜ਼ਨ ਚੈਨਲਾਂ ਦੀ ਪਹੁੰਚ 'ਤੇ ਰੋਕ ਲਗਾ ਦਿੱਤੀ ਹੈ। ਭਾਰਤ ਵਿਚ ਜਿਨ੍ਹਾਂ ਛੇ ਬੰਗਲਾਦੇਸ਼ੀ ਟੈਲੀਵਿਜ਼ਨ ਖ਼ਬਰਾਂ ਦੇ ਚੈਨਲਾਂ ਨੂੰ ਬਲਾਕ ਕੀਤਾ ਗਿਆ ਹੈ, ਉਹ ਹਨ ਜਮੁਨਾ ਟੀਵੀ, ਏਕੱਤੋਰ ਟੀਵੀ, ਡੀਬੀਸੀ ਨਿਊਜ਼, ਸਮਯ ਟੀਵੀ, ਬੰਗਲਾ ਵਿਜ਼ਨ ਨਿਊਜ਼ ਤੇ ਮੋਹਨਾ ਟੀਵੀ। ਸ਼ੁੱਕਰਵਾਰ ਨੂੰ ਚਾਰ ਚੈਨਲ ਰੋਕੇ ਗਏ ਸਨ, ਜਦਕਿ ਸ਼ਨਿਚਰਵਾਰ ਨੂੰ ਡੀਬੀਸੀ ਨਿਊਜ਼ ਤੇ ਸਮਯ ਟੀਵੀ ਨੂੰ ਬਲਾਕ ਸੂਚੀ ਵਿਚ ਸ਼ਾਮਲ ਕੀਤਾ ਗਿਆ। ਜਿਓ-ਬਲਾਕਿੰਗ ਇਕ ਅਜਿਹੀ ਪ੍ਰਕਿਰਿਆ ਹੈ ਜਿਸਦਾ ਇਸਤੇਮਾਲ ਉਪਭੋਗਤਾ ਦੇ ਭੂਗੌਲਿਕ ਸਥਾਨ ਦੇ ਆਧਾਰ ਤੇ ਆਨਲਾਈਨ ਸਮੱਗਰੀ ਨੂੰ ਰੋਕਣ ਲਈ ਕੀਤਾ ਜਾਂਦਾ ਹੈ।

# ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਮੀ ਕਾਰਨ ਕਿਊਬੈਕ ਯੂਨੀਵਰਸਿਟੀਆਂ ਨੂੰ ਹੋ ਸਕਦੈ 200 ਮਿਲੀਅਨ ਡਾਲਰ ਦਾ ਘਾਟਾ

### ਕੁੱਝ ਸੰਸਥਾਨ ਹੋਏ ਆਊਟ ਆਫ਼ ਬਜਟ, ਹੋਰਾਂ ਨੂੰ ਵੀ ਲੱਖਾਂ ਦਾ ਨੁਕਸਾਨ

ਕਿਊਬੈਕ, 10 ਮਈ (ਚ.ਨ.ਸ.) : ਕਿਊਬੈੱਕ ਵਿੱਚ ਕਰੀਬ ਸੱਤ ਯੂਨੀਵਰਸਿਟੀ 2025-26 ਵਿੱਦਿਅਕ ਸਾਲ ਲਈ ਬਜਟ ਘਾਟੇ ਦਾ ਸਾਹਮਣਾ ਕਰ ਰਹੀਆਂ ਹਨ। ਯੂਨੀਵਰਸਿਟੀ ਡੀ ਮਾਂਟਰਿਅਲ 9.7 ਮਿਲਿਅਨ ਡਾਲਰ ਦੇ ਘਾਟੇ ਦਾ ਅੰਦਾਜ਼ਾ ਲਾ ਰਹੀ ਹੈ, ਜਦੋਂਕਿ ਕਾਨਕਾਰਡੀਆ ਯੂਨੀਵਰਸਿਟੀ ਨੂੰ ਲੱਗਭੱਗ 32 ਮਿਲਿਅਨ ਡਾਲਰ ਦੇ ਘਾਟੇ ਦਾ ਅੰਦਾਜ਼ਾ ਹੈ। ਬਿਊਰੋ ਡੀ ਕੋਆਪਰੇਸ਼ਨ ਇੰਟਰਿਊਨਿਵਰਸਿਟੇਇਰ (ਬੀਸੀਆਈ) ਦੇ ਪ੍ਰਧਾਨ ਕ੍ਰਿਸਚਨ ਬਲੈਂਚੇਟ, ਜੋ ਪ੍ਰਾਂਤ ਦੀਆਂ ਯੂਨੀਵਰਸਿਟੀਆਂ ਦੀ ਤਰਜ਼ਮਾਨੀ ਕਰਦੇ ਹਨ, ਨੇ ਕਿਹਾ ਕਿ ਖੇਤਰ 'ਚ ਦੋ ਪ੍ਰਮੁੱਖ ਦਬਾਅ ਹਨ : ਤਨਖਾਹ ਵਾਧਾ ਤੇ ਮੁਦਰਾਸਫ਼ਿਤੀ ਲਈ ਸਰਕਾਰੀ ਸਮਰਥਨ ਦੀ ਕਮੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ 'ਚ ਭਾਰੀ ਗਿਰਾਵਟ।ਬੀਸੀਆਈ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਿਚ ਔਸਤਨ 43 ਫ਼ੀਸਦੀ ਦੀ ਗਿਰਾਵਟ ਆਈ ਹੈ। ਇਸ ਦਾ ਭਾਵ ਹੈ ਕਿ ਅਸਲ ਨਾਮਜ਼ਦਗੀਆਂ 'ਚ 30 ਫ਼ੀਸਦੀ ਦੀ ਗਿਰਾਵਟ ਆ ਸਕਦੀ ਹੈ, ਜਿਸ ਨਾਲ ਕਿਊਬੈੱਕ ਦੇ ਯੂਨੀਵਰਸਿਟੀ ਨੈੱਟਵਰਕ ਵਿੱਚ ਮਾਲੀਏ 'ਚ ਅੰਦਾਜ਼ਨ 200 ਮਿਲਿਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਬਲੈਂਚੇਟ ਨੇ ਕਿਹਾ ਕਿ ਇਕ ਸਾਲ ਤੱਕ ਅਜਿਹੀ ਸਥਿਤੀ ਬਣੀ ਰਹਿਣਾ ਕਈ ਯੂਨੀਵਰਸਿਟੀਆਂ ਲਈ ਵਿਨਾਸ਼ਕਾਰੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਜਸੀ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕਰਨ ਦੇ ਫ਼ੈਸਲੇ ਕਾਰਨ ਇਹ ਗਿਰਾਵਟ ਆਈ ਹੈ, ਉਨ੍ਹਾਂ ਅਨੁਸਾਰ ਇਸ ਕਦਮ ਨਾਲ ਵਿਦੇਸ਼ਾਂ 'ਚ ਕਿਊਬੈੱਕ ਦੇ ਵੱਕਾਰ ਨੂੰ ਨੁਕਸਾਨ ਪਹੁੰਚਿਆ ਹੈ।ਮੈਕਗਿਲ ਯੂਨੀਵਰਸਿਟੀ ਚ ਬਜਟ ਨੂੰ ਮੁੱਖ ਰੂਪ ਨਾਲ ਮੁਲਾਜ਼ਮਾਂ ਦੀ ਛਾਂਟੀ ਅਤੇ ਸੇਵਾ ਮੁਕਤੀ ਦੇ ਮਾਧਿਅਮ ਨਾਲ ਸੰਤੁਲਿਤ ਕੀਤਾ ਗਿਆ ਹੈ। ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ 10 ਫ਼ੀਸਦੀ ਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਇਸ ਤੋਂ ਜ਼ਿਆਦਾ ਗਿਰਾਵਟ ਨਾਲ ਮਾਲੀਏ 'ਤੇ ਕਾਫ਼ੀ ਪ੍ਰਭਾਵ ਪਵੇਗਾ।




### ਮਾਰਕ ਕਾਰਨੀ ਮੰਗਲਵਾਰ ਨੂੰ ਨਵੀਂ ਕੈਬਨਿਟ ਦਾ ਕਰਨਗੇ ਐਲਾਨ
# ਓਟਵਾ ਦੇ ਰਾਈਡੌ ਹਾਲ ਵਿਖੇ ਗਵਰਨਰ ਜਨਰਲ ਮੈਰੀ ਸਾਈਮਨ ਚੁਕਾਉਣਗੇ ਸਹੁੰ

ਵਿਨੀਪੈਗ, 10 ਮਈ (ਚ.ਨ.ਸ.) : ਪ੍ਰਧਾਨ ਮੰਤਰੀ ਮਾਰਕ ਕਾਰਨੀ ਮੰਗਲਵਾਰ ਨੂੰ ਆਪਣੀ ਨਵੀਂ ਕੈਬਨਿਟ ਦਾ ਐਲਾਨ ਕਰਨਗੇ। ਹਾਲ ਹੀ ਵਿਚ ਮੁਕੰਮਲ ਹੋਈਆਂ ਸੰਘੀ ਚੋਣਾਂ ਵਿਚ ਲਿਬਰਲ ਪਾਰਟੀ ਨੇ ਵੱਡੀ ਜਿੱਤ ਦਰਜ ਕੀਤੀ ਸੀ, ਹਾਲਾਂਕਿ ਪਾਰਟੀ ਇਕ ਦੋ ਸੀਟਾਂ ਨਾਲ ਸਪਸ਼ਟ ਬਹੁਮਤ ਤੋਂ ਖੁੰਝ ਗਈ ਸੀ।

ਕੈਨੇਡਾ ਦੀ ਰਾਜਧਾਨੀ ਓਟਵਾ ਵਿਚ 13 ਮਈ ਨੂੰ ਲਿਬਰਲ ਆਗੂ ਮਾਰਕ ਕਾਰਨੀ ਦੀ ਅਗਵਾਈ 'ਚ ਨਵੀਂ ਸਰਕਾਰ ਦਾ ਗਠਨ ਹੋਣ ਸਬੰਧੀ ਰਸਮੀ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵਿੱਚ ਮਰਦਾਂ ਅਤੇ ਔਰਤਾਂ ਦੀ ਗਿਣਤੀ ਬਰਾਬਰ ਹੋਵੇਗੀ। ਕੈਬਨਿਟ ਨੂੰ ਮੰਗਲਵਾਰ ਸਵੇਰੇ 10:30 ਵਜੇ ਓਟਵਾ ਦੇ ਰਾਈਡੌ ਹਾਲ ਵਿਖੇ ਗਵਰਨਰ ਜਨਰਲ ਮੈਰੀ ਸਾਈਮਨ ਸਹੁੰ ਚੁਕਾਉਣਗੇ। ਉਨ੍ਹਾਂ ਦੀ ਪਹਿਲੀ ਕੈਬਨਿਟ ਵਿੱਚ ਸਿਰਫ਼ 24 ਮੰਤਰੀ ਸਨ, ਜਦ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ 39 ਮੈਂਬਰੀ ਕੈਬਨਿਟ ਹੁੰਦੀ ਸੀ। ਪ੍ਰਧਾਨ ਮੰਤਰੀ ਨੇ ਆਪਣੀ ਦੂਸਰੀ ਕੈਬਿਨਟ ਦੇ ਆਕਾਰ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਕੁਝ ਨਵੇਂ ਚੁਣੇ ਗਏ ਐਮਪੀਜ਼ ਨੂੰ ਸ਼ਾਮਲ ਕਰਨ ਲਈ ਇਹ ਉਨ੍ਹਾਂ ਦੀ ਨਵੀਂ ਕੈਬਨਿਟ ਪਿਛਲੀ ਨਾਲੋਂ ਥੋੜ੍ਹੀ ਵੱਡੀ ਹੋ ਸਕਦੀ ਹੈ।

ਲਿਬਰਲ ਸੂਤਰਾਂ ਨੇ ਦੱਸਿਆ ਕਿ ਕਾਰਨੀ ਕੈਬਨਿਟ ਵਿਚ ਸੀਨੀਅਰ ਮੰਤਰੀਆਂ ਦੇ ਨਾਲ ਰਾਜ ਮੰਤਰੀਆਂ ਦੇ ਅਹੁਦੇ ਵੀ ਹੋ ਸਕਦੇ ਹਨ । ਪਿਛਲੀਆਂ ਕਈ ਕੈਨੇਡੀਅਨ ਸਰਕਾਰਾਂ ਨੇ ਵੱਖ-ਵੱਖ ਸਮਰਥਕਾਂ ਵਿੱਚ ਰਾਜ ਮੰਤਰੀਆਂ ਦੀ ਵਰਤੋਂ ਕੀਤੀ ਹੈ। ਇਹ ਮਾਡਲ ਯੂਨਾਈਟਿਡ ਕਿੰਗਡਮ ਵਿੱਚ ਵੀ ਵਰਤਿਆ ਜਾਂਦਾ ਹੈ, ਜਿੱਥੇ ਕਾਰਨੀ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਵਜੋਂ ਕੰਮ ਕਰਦੇ ਸੀ।ਜ਼ਿਕਰਯੋਗ ਹੇ ਕੇ ਐੱਮਪੀ ਦੀ ਸਾਲਾਨਾ ਤਨਖ਼ਾਹ £209,800 ਹੁੰਦੀ ਹੈ, ਪਰ ਪ੍ਰਧਾਨ ਮੰਤਰੀ ਦੀ ਤਨਖ਼ਾਹ ਇਸ ਨਾਲੋਂ ਦੁੱਗਣੀ ਹੁੰਦੀ ਹੈ। ਕਾਰਨੀ ਦੇ ਕੈਬਨਿਟ ਮੰਤਰੀਆਂ ਦੀ ਮੂਲ ਤਨਖ਼ਾਹ ਵਿਚ £99,900 ਵਾਧੂ ਮਿਲਣਗੇ, ਜਦ ਕਿ ਕੈਬਨਿਟ ਵਿੱਚ ਸਟੇਟ ਸਕੱਤਰਾਂ ਨੂੰ £74,700 ਵਾਧੂ ਮਿਲਣਗੇ।28 ਅਪਰੈਲ ਨੂੰ ਹੋਈਆਂ ਫੈਡਰਲ ਚੋਣਾਂ ਤੋਂ ਬਾਅਦ ਇਸ ਮਹੀਨੇ 26 ਮਈ ਨੂੰ ਪਾਰਲੀਮੈਂਟ ਦੀ ਕਾਰਵਾਈ ਮੁੜ ਸ਼ੁਰੂ ਹੋ ਰਹੀ ਹੈ।



# ਮੁੱਖ ਚੋਣ ਕਮਿਸ਼ਨਰ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਨਾਲ ਵਿਚਾਰ-ਵਟਾਂਦਰਾ




ਚੰਡੀਗੜ੍ਹ, 10 ਮਈ (ਚ.ਨ.ਸ.) : ਮੁੱਖ ਚੋਣ ਕਮਿਸ਼ਨਰ ਸ਼੍ਰੀ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਨੇ ਅੱਜ ਨਿਰਵਾਚਨ ਸਦਨ ਵਿਖੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸ਼੍ਰੀ ਐਮ. ਏ. ਬੇਬੀ ਦੀ ਅਗਵਾਈ ਵਿੱਚ ਇੱਕ ਗੱਲਬਾਤ ਕੀਤੀ। ਇਹ ਮੀਟਿੰਗ ਵੱਖ-ਵੱਖ ਰਾਸ਼ਟਰੀ ਅਤੇ ਰਾਜ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ ਨਾਲ ਚੋਣ ਕਮਿਸ਼ਨ ਦੁਆਰਾ ਕੀਤੀਆਂ ਜਾ ਰਹੀਆਂ ਗੱਲਬਾਤਾਂ ਦੀ ਨਿਰੰਤਰਤਾ ਵਿੱਚ ਹੈ।ਇਹ ਗੱਲਬਾਤ ਉਸਾਰੂ ਵਿਚਾਰ-ਵਟਾਂਦਰੇ ਦੀ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਲੋੜ ਨੂੰ ਪੂਰਾ ਕਰਦੀ ਹੈ ਜੋ ਰਾਸ਼ਟਰੀ ਅਤੇ ਰਾਜ ਪਾਰਟੀ ਪ੍ਰਧਾਨਾਂ ਨੂੰ ਆਪਣੇ ਸੁਝਾਅ ਅਤੇ ਚਿੰਤਾਵਾਂ ਸਿੱਧੇ ਕਮਿਸ਼ਨ ਨਾਲ ਸਾਂਝੇ ਕਰਨ ਦੇ ਯੋਗ ਬਣਾਉਂਦੀ ਹੈ। ਇਹ ਪਹਿਲ ਕਮਿਸ਼ਨ ਦੇ ਸਾਰੇ ਹਿੱਸੇਦਾਰਾਂ ਨਾਲ ਮੌਜੂਦਾ ਕਾਨੂੰਨੀ ਢਾਂਚੇ ਦੇ ਅਨੁਸਾਰ ਚੋਣ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਕਰਨ ਦੇ ਵਿਆਪਕ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੈ।ਕਮਿਸ਼ਨ ਨੇ ਪਹਿਲਾਂ ਬਹੁਜਨ ਸਮਾਜ ਪਾਰਟੀ ਦੇ ਵਫ਼ਦਾਂ ਨਾਲ ਮੁਲਾਕਾਤ ਕੀਤੀ ਸੀ, ਜਿਸਦੀ ਅਗਵਾਈ ਪਾਰਟੀ ਪ੍ਰਧਾਨ ਕੇ.ਐਮ. ਮਾਇਆਵਤੀ, 06 ਮਈ, 2025 ਨੂੰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ), ਜਿਸਦੀ ਅਗਵਾਈ ਪਾਰਟੀ ਪ੍ਰਧਾਨ ਸ਼੍ਰੀ ਜਗਤ ਪ੍ਰਕਾਸ਼ ਨੱਡਾ, 08 ਮਈ, 2025 ਨੂੰ ਕਰ ਰਹੇ ਸਨ।

ਇਸ ਤੋਂ ਪਹਿਲਾਂ, ਕੁੱਲ 4,719 ਸਰਬ-ਪਾਰਟੀ ਮੀਟਿੰਗਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੀਈਓਜ਼ ਦੁਆਰਾ 40 ਮੀਟਿੰਗਾਂ, ਡੀਈਓਜ਼ ਦੁਆਰਾ 800 ਅਤੇ ਈਆਰਓਜ਼ ਦੁਆਰਾ 3879 ਮੀਟਿੰਗਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ 28,000 ਤੋਂ ਵੱਧ ਪ੍ਰਤੀਨਿਧੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

# ਮਾਨਸਾ ਦੀ ਧੀ ਨੇ ਵਧਾਇਆ ਪੰਜਾਬ ਦਾ ਮਾਣ, ਕੰਪਿਊਟਰ ਸਾਇੰਸ 'ਚੋਂ ਏ-ਲੇਵਲ 'ਚ ਪਾਸ ਕੀਤੀ ਪੀ.ਐਚ.ਡੀ.

ਪੈਰਿਸ, 10 ਮਈ (ਚ.ਨ.ਸ.) : ਫਰਾਂਸ ਨਿਵਾਸੀ ਬੱਬੂ ਗੋਇਲ ਕੋਲੋਂ ਮਿਲੀ ਜਾਣਕਾਰੀ ਮੁਤਾਬਕ, ਪੰਜਾਬ ਵਿੱਚ ਪੈਂਦੇ ਪਿੰਡ ਕਾਹਨੇਵਾਲ, ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਨਾਲ ਸਬੰਧਿਤ ਗੋਇਲ ਪਰਿਵਾਰ ਦਾ ਮੁਖੀ ਵਿਨੋਦ ਗੋਇਲ, ਜਿਹੜਾ ਕਿ ਪਿਛਲੇ 25 ਕੁ ਸਾਲਾਂ ਤੋਂ ਫਰਾਂਸ ਰਹਿ ਕੇ ਕੰਸਟ੍ਰਕਸ਼ਨ ਦਾ ਕੰਮ ਕਰ ਰਿਹਾ ਹੈ, ਦੀ ਹੋਣਹਾਰ ਧੀ ਪੂਜਾ ਗੋਇਲ ਨੇ ਅਮਰੀਕਾ ਦੇ ਸੂਬੇ ਟੈਕਸਾਸ ਤੋਂ ਏ-ਲੇਵਲ ਵਿੱਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਪੂਰੀ ਕਰਕੇ ਪੀਐੱਚਡੀ ਦੀ ਡਿਗਰੀ ਹਾਸਲ ਕੀਤੀ ਹੈ।ਪੂਜਾ ਗੋਇਲ ਦੀ ਇਸ ਖੁਸ਼ੀ ਵਿੱਚ ਸ਼ਾਮਲ ਹੋਣ ਵਾਸਤੇ ਉਸਦੇ ਪਿਤਾ ਵਿਨੋਦ ਗੋਇਲ ਅਤੇ ਮਾਤਾ ਮਮਤਾ ਗੋਇਲ ਵੀ ਉਚੇਚੇ ਤੌਰ ਤੇ ਟੈਕਸਾਸ (ਯੂ.ਐੱਸ.ਏ.) ਪਹੁੰਚੇ ਹੋਏ ਸਨ ਤਾਂ ਕਿ ਉਹ ਡਿਗਰੀ ਵੰਡ ਸਮਾਰੋਹ ਵਿੱਚ ਆਪਣੀ ਧੀ ਨੂੰ ਡਿਗਰੀ ਪ੍ਰਾਪਤ ਕਰਦੇ ਹੋਏ ਆਪਣੀਆਂ ਅੱਖਾਂ ਨਾਲ ਦੇਖ ਕੇ ਖੁਸ਼ੀ ਮਨਾ ਸਕਣ। ਗੋਇਲ ਪਰਿਵਾਰ ਦੀ ਧੀ ਦੀ ਇਸ ਕਾਮਯਾਬੀ ਨੂੰ ਦੇਖ ਕੇ ਜਿੱਥੇ ਉਸਦੇ ਮਾਂ-ਬਾਪ ਦਾ ਪਿੰਡ ਅਤੇ ਸਮਾਜ ਵਿੱਚ ਮਾਣ ਵਧਿਆ ਹੈ, ਉੱਥੇ ਹੀ ਉਨ੍ਹਾਂ ਨੂੰ ਉਸਦੇ ਰਿਸ਼ਤੇਦਾਰਾਂ ਅਤੇ ਯਾਰਾਂ ਦੋਸਤਾਂ ਵੱਲੋਂ ਮਿਲ ਰਹੀਆਂ ਵਧਾਈਆਂ ਦਾ ਵੀ ਤਾਂਤਾ ਜਿਹਾ ਲੱਗਾ ਹੋਇਆ ਹੈ।

# ਵਿਕਰਮ ਸਾਹਨੀ ਨੇ ਅੱਤਵਾਦ ਦੇ ਵਧਦੇ ਮਾਮਲਿਆਂ ਵਿਚਕਾਰ ਪਾਕਿਸਤਾਨ ਨੂੰ ਆਈ.ਐਮ.ਐਫ਼. ਦੇ ਬਲੈਕਆਊਟ 'ਤੇ ਚਿੰਤਾ ਪ੍ਰਗਟਾਈ

ਨਵੀਂ ਦਿੱਲੀ, 10 ਮਈ (ਚ.ਨ.ਸ.) : ਡਾ. ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ (ਰਾਜ ਸਭਾ) ਨੇ ਅੰਤਰਰਾਸ਼ਟਰੀ ਮੁਦਰਾ ਫੰਡ ਦੁਆਰਾ ਵਿਸਤ੍ਰਿਤ ਫੰਡ ਸਹੂਲਤ (566) ਪ੍ਰੋਗਰਾਮ ਦੇ ਤਹਿਤ ਪਾਕਿਸਤਾਨ ਨੂੰ £1 ਬਿਲੀਅਨ ਦੇ ਬੇਲਆਊਟ ਦੀ ਹਾਲ ਹੀ ਵਿੱਚ ਪ੍ਰਵਾਨਗੀ ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ।



ਡਾ. ਸਾਹਨੀ ਨੇ ਕਿਹਾ ਕਿ ਇਹ 1958 ਤੋਂ ਬਾਅਦ ਪਾਕਿਸਤਾਨ ਦਾ IMF ਤੋਂ 25ਵਾਂ ਬੇਲਆਊਟ ਹੈ, ਜੋ ਆਰਥਿਕ ਕੁਪ੍ਰਬੰਧਨ, ਨਾਗਰਿਕ ਮਾਮਲਿਆਂ ਵਿੱਚ ਫੌਜੀ ਸ਼ਮੂਲੀਅਤ ਅਤੇ ਬਾਹਰੀ ਵਿੱਤੀ ਜੀਵਨ ਰੇਖਾਵਾਂ ਤੇ ਚਿੰਤਾਜਨਕ ਨਿਰਭਰਤਾ ਦੀ ਵਿਰਾਸਤ ਨੂੰ ਦਰਸਾਉਂਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਈਐਮਐਫ ਫੰਡ, ਆਪਣੇ ਅਸਥਿਰ ਸੁਭਾਅ ਦੇ ਕਾਰਨ, ਅੱਤਵਾਦੀ ਸੰਗਠਨਾਂ ਦੇ ਵਿੱਤ ਪੋਸ਼ਣ ਸਮੇਤ ਗੈਰ-ਕਾਨੂੰਨੀ ਗਤੀਵਿਧੀਆਂ ਵੱਲ ਉਨ੍ਹਾਂ ਦੇ ਮੋੜ ਨੂੰ ਰੋਕਣ ਲਈ ਢੁਕਵੇਂ ਸੁਰੱਖਿਆ ਉਪਾਵਾਂ ਦੀ ਘਾਟ ਹਨ।

ਇਹ ਚਿੰਤਾ ਖਾਸ ਤੌਰ ਤੇ ਪਾਕਿਸਤਾਨ ਦੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਦੇ ਇਤਿਹਾਸ ਨੂੰ ਦੇਖਦੇ ਹੋਏ ਗੰਭੀਰ ਹੈ - ਖਾਸ ਕਰਕੇ ਭਾਰਤ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਾਲ ਹੀ ਦੇ ਅੱਤਵਾਦੀ ਹਮਲਿਆਂ ਦੇ ਮੱਦੇਨਜ਼ਰ, ਡਾ. ਸਾਹਨੀ ਨੇ ਕਿਹਾ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਦਿਲੋਂ ਉਮੀਦ ਕਰਦੇ ਹਨ ਕਿ ਇਹ ਵਿੱਤੀ ਸਹਾਇਤਾ ਆਰਥਿਕ ਸਥਿਰਤਾ ਦੇ ਆਪਣੇ ਦੱਸੇ ਗਏ ਟੀਚਿਆਂ ਵੱਲ ਸੇਧਿਤ ਕੀਤੀ ਜਾਵੇਗੀ, ਅਤੇ ਇਸਦੀ ਵਰਤੋਂ ਫੌਜੀਕਰਨ ਜਾਂ ਅਸਥਿਰ ਕਰਨ ਵਾਲੀਆਂ ਕਾਰਵਾਈਆਂ ਲਈ ਨਹੀਂ ਕੀਤੀ ਜਾਵੇਗੀ ਜੋ ਸਿਰਫ ਸਰਹੱਦ ਪਾਰ ਤਣਾਅ ਵਧਾਉਂਦੇ ਹਨ ਅਤੇ ਸ਼ਾਂਤੀਪੂਰਨ ਸਹਿ-ਹੋਂਦ ਵੱਲ ਤਰੱਕੀ ਵਿੱਚ ਰੁਕਾਵਟ ਪਾਉਂਦੇ ਹਨ।

ਡਾ. ਸਾਹਨੀ ਨੇ ਇਨ੍ਹਾਂ ਫੰਡਾਂ ਦੀ ਵਰਤੋਂ ਵਿੱਚ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਮਜ਼ਬੂਤ ਅੰਤਰਰਾਸ਼ਟਰੀ ਨਿਗਰਾਨੀ ਅਤੇ ਜਵਾਬਦੇਹੀ ਵਿਧੀਆਂ ਦੀ ਮੰਗ ਕੀਤੀ।


ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ
ਕਿ ਸਾਡੇ ਸਤਿਕਾਰਯੋਗ

ਡਾ. ਭੁਪਿੰਦਰ ਸਿੰਘ ਜੀ
ਅਨੰਦ ਕਲੀਨਿਕ ਪਾਸੀ ਰੋਡ

6 ਮਈ, 2025 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ
ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।
ਉਨਾਂ ਦੀ ਆਤਮਕ ਸ਼ਾਂਤੀ ਲਈ ਭੋਗ ਅਤੇ ਅੰਤਿਮ ਅਰਦਾਸ
ਮਿਤੀ 11 ਮਈ 2025, ਦਿਨ ਐਤਵਾਰ ਨੂੰ
ਦੁਪਹਿਰ 12:30 ਤੋਂ 2:00 ਵਜੇ ਤਕ ਹੋਵੇਗੀ।
ਸਥਾਨ: ਗੁ:ਸਾਹਿਬ ਹਸਨਪੁਰ
ਸਾਹਮਣੇ ਵੇਰਕਾ ਮਿਲਕ ਪਲਾਂਟ
ਸਰਹਿੰਦ ਰੋਡ, ਪਟਿਆਲਾ

ਵੱਲੋਂ

ਸਮੂਹ ਅਨੰਦ ਪਰਿਵਾਰ
ਮੋ: 9888088149, 9417871307

# ਅ.ਫਵਾਹਾਂ ਤੋਂ ਬਚੋ, ਘੁੱਗੂ ਵੱਜਣ ਬਾਅਦ ਛੱਤਾਂ 'ਤੇ ਚੜ੍ਹਨ ਦੀ ਬਜਾਏ ਲਾਈਟਾਂ ਬੰਦ ਕਰੋ : ਡੀ.ਸੀ.

ਬਠਿੰਡਾ,10 ਮਈ (ਦੀਪਕ ਸ਼ਰਮਾ):ਭਾਰਤ ਪਾਕਿਸਤਾਨ ਦਰਮਿਆਨ ਪੈਦਾ ਹੋਏ ਤਨਾਅ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਪੂਰੇ ਹਾਲਾਤ ਤੇ ਤਿੱਖੀ ਨਜ਼ਰ ਬਣਾਈ ਹੋਈ ਹੈ। ਡਿਪਟੀ ਕਮਿਸ਼ਨਰ ਅਤੇ ਐਸਐਸਪੀ ਹਰ ਗਤੀਵਿਧੀ ਨੂੰ ਚੰਗੀ ਤਰ੍ਹਾਂ ਵਾਚ ਕੇ ਆਦੇਸ਼ ਅਤੇ ਸਲਾਹ ਜਾਰੀ ਕਰ ਰਹੇ ਹਨ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਹਗਾਮੀ ਮੀਟਿੰਗ ਕਰਦਿਆਂ ਜਿਥੇ ਉਨ੍ਹਾਂ ਨੂੰ ਲੋੜੀਦੇ ਦਿਸ਼ਾ-ਨਿਰਦੇਸ਼ ਦਿੱਤੇ ਉਥੇ ਹੀ ਜ਼ਿਲ੍ਹਾ ਵਾਸੀਆਂ ਨੂੰ ਨਾ ਘਬਰਾਉਣ, ਅਫਵਾਹਾਂ ਤੋਂ ਸੁਚੇਤ ਰਹਿਣ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਸਮੇਂ-ਸਮੇਂ ਤੇ ਜਾਰੀ ਐਡਵਾਈਜਰੀ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਲਗਾਏ ਗਏ ਸਾਇਰਨਾ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਜ਼ਿਲ੍ਹੇ ਦੇ ਵੱਖ-ਵੱਖ ਏਰੀਆ ਵਿੱਚ ਹੋਰ ਢੁੱਕਵੇਂ ਸਥਾਨਾਂ 'ਤੇ ਸਾਇਰਨ ਲਗਾਉਣ ਲਈ ਸ਼ਨਾਖਤ ਕਰਨ ਤਾਂ ਜੋ ਸ਼ਹਿਰ ਵਾਸੀਆਂ ਨੂੰ ਸਮੇਂ-ਸਮੇਂ 'ਤੇ ਹਾਲਾਤਾਂ ਦੀ ਜਾਣਕਾਰੀ ਮਿਲਦੀ ਰਹੇ। ਉਨ੍ਹਾਂ ਦੁਕਾਨਦਾਰਾਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਉਹ ਘਰੇਲੂ ਵਰਤੋਂ ਯੋਗ ਵਸਤੂਆਂ ਦੀ ਕਾਲ ਬਾਜ਼ਾਰੀ ਨਾ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਵੀ ਦੁਕਾਨਦਾਰ ਕਾਲ ਬਾਜ਼ਾਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

**ਡ੍ਰੋਨ ਉਡਾਉਣ, ਚਲਾਉਣ ਜਾਂ ਵਰਤਣ 'ਤੇ ਪਾਬੰਦੀ**

ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹਾ ਬਠਿੰਡਾ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਦੇ ਅਧਿਕਾਰ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਮੈਜਿਸਟਰੇਟ ਨੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਸ਼ਾਂਤੀ ਬਣਾਈ ਰੱਖਣ ਲਈ ਤੁਰੰਤ ਪ੍ਰਭਾਵ ਤੋਂ ਮਨੁੱਖ ਰਹਿਤ ਹਵਾਈ ਵਾਹਨ (ਯੂਏਵੀ), ਜਿਸ ਵਿੱਚ ਡਰੋਨ ਵੀ ਸ਼ਾਮਲ ਹਨ, ਨੂੰ ਤੁਰੰਤ ਪ੍ਰਭਾਵ ਨਾਲ ਜ਼ਿਲ੍ਹੇ ਦੇ ਪੂਰੇ ਅਧਿਕਾਰ ਖੇਤਰ ਵਿੱਚ ਉਡਾਉਣ, ਚਲਾਉਣ ਜਾਂ ਵਰਤਣ ਤੇ ਸਖ਼ਤੀ ਨਾਲ ਪਾਬੰਦੀ ਲਗਾਈ ਗਈ ਹੈ।

**ਸਿਨੇਮਾ ਤੇ ਸ਼ਾਪਿੰਗ ਮਾਲ ਸ਼ਾਮ 8 ਤੋਂ ਸਵੇਰੇ 6 ਵਜ ਤਕ ਬੰਦ** ਜ਼ਿਲ੍ਹਾ ਮੈਜਿਸਟ੍ਰੇਟ ਨੇ ਬਲੈਕ ਆਊਟ ਹੋਣ ਦੀ ਸਥਿਤੀ ਵਿੱਚ ਇਨਵਰਟਰ, ਜਨਰੇਟਰਾਂ, ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ ਅਤੇ ਸੋਲਰ ਲਾਈਟਾਂ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਦੀ ਵਰਤੋਂ ਤੇ ਅਗਲੇ ਹੁਕਮਾਂ ਤਕ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਂਦੀ ਹੈ। ਜਾਰੀ ਹੁਕਮ ਅਨੁਸਾਰ ਜ਼ਿਲ੍ਹੇ ਵਿੱਚ ਸਾਰੇ ਸਿਨੇਮਾ ਹਾਲ, ਸ਼ਾਪਿੰਗ ਮਾਲ ਅਗਲੇ ਹੁਕਮਾਂ ਤਕ ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤਕ (ਭਾਵ ਸ਼ਾਮ 8:00 ਵਜੇ ਤੋਂ ਸਵੇਰੇ 6:00 ਵਜੇ ਤਕ) ਬੰਦ ਰਹਿਣਗੇ। ਹੁਕਮ ਮੁਤਾਬਿਕ ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦੇ ਪਟਾਕੇ/ਲੰਬੀ ਬੀਮ ਲੇਜ਼ਰ/ਡੀਜੇ ਲਾਈਟਾਂ ਦੀ ਵਰਤੋਂ ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ, ਖਾਸ ਕਰਕੇ ਸ਼ਾਮ ਦੇ ਸਮੇਂ (ਭਾਵ ਸ਼ਾਮ 8:00 ਵਜੇ ਤੋਂ ਸਵੇਰੇ 6:00 ਵਜੇ ਤੱਕ)। ਜਨਤਾ ਆਮ ਤੌਰ ਤੇ ਰੌਸ਼ਨੀ ਨੂੰ ਘੱਟ ਤੋਂ ਘੱਟ ਕਰੇ।

# ਡਾ. ਮੱਲ ਸਿੰਘ ਵਾਲਾ 'ਚ ਅੱਧੀ ਰਾਤ ਡਿੱਗੀ ਮਿਜ਼ਾਈਲ ਨੁਮਾ ਚੀਜ਼, ਜਾਨੀ ਨੁਕਸਾਨ ਤੋਂ ਰਿਹਾ



ਬੁਢਲਾਡਾ,10ਮਈ ( ਮੁਨੀਸ਼ ਕੁਮਾਰ): ਹਲਕਾ ਬੁੱਢਲਾਡਾ ਦੇ ਪਿੰਡ ਮੱਲ ਸਿੰਘ ਵਾਲਾ 'ਚ ਅੱਧੀ ਰਾਤ ਮਿਜ਼ਾਇਲਨੁਮਾ ਚੀਜ ਡਿੱਗੀ, ਜਿਸ ਨੇ ਖੇਤਾਂ ਚ ਤਬਾਹੀ ਮਚਾ ਦਿੱਤੀ ਇਹ ਮਿਜ਼ਾਇਲਨੁਮਾ ਚੀਜ਼ ਡਿੱਗਣ ਨਾਲ ਵੱਡਾ ਧਮਾਕਾ ਹੋਇਆ, ਜਿਸ ਨੂੰ ਲੈ ਕੇ ਸਾਰਾ ਪਿੰਡ ਜਾਗ ਉਠਿਆ, ਜਿੱਥੇ ਇਹ ਚੀਜ ਡਿੱਗੀ ਉਥੇ ਪੀ ਤੂੜੀ ਨੂੰ ਅੱਗ ਲੱਗ ਗਈ ਤੇ ਡੂੰਘਾ ਟੋਇਆ ਪੁੱਟਿਆ ਗਿਆ ਕਿਸੇ ਤਰਾਂ ਦੀ ਕੋਈ ਜਾਨੀ, ਮਾਲੀ ਨੁਕਸਾਨ ਹੋਵੇਗੀ ਤਾਂ ਕਿ ਬਚਾਅ ਹੈ ਸੂਚਨਾ ਮਿਲਦੇ ਹੀ ਪੁਲਸ ਤੇ ਪ੍ਰਸ਼ਾਸਨ ਘਟਨਾ ਸਥਾਨ ਤੇ ਪੁੱਜਿਆ ਪ੍ਰਸ਼ਾਸਨ ਨੇ ਅਧਿਕਾਰਤ ਤੌਰ ਤੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ, ਪਰ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਵੱਲੋਂ ਬੇਨਤੀ ਕੀਤੀ ਗਈ ਇਹ ਮਿਜ਼ਾਇਲਨੁਮਾ ਚੀਜ ਇੱਥੇ ਡਿੱਗੀ ਗਈ ਹੈ ਪਿੰਡ ਮੱਲ ਸਿੰਘ ਵਾਲਾ ਦੇ ਸਰਪੰਚ ਜਸਪਾਲ ਸਿੰਘ ਤੇ ਸਾਬਕਾ ਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਰਾਤ ਕਰੀਬ ਸਵਾ 2 ਵਜੇ ਪਿੰਡ ਚ ਇਕਦਮ ਰੌਸ਼ਨੀ ਹੋਈ ਦੇਖਦੇ ਹੀ ਦੇਖਦੇ ਪਿੰਡ ਦੇ ਬਾਹਰ ਖੇਤਾਂ ਚ ਧਮਾਕਾ ਹੋਇਆ ਤੇ ਅੱਗ ਦੇ ਭਾਂਬੜ ਨਿਕਲ ਆਏ .ਉਥੇ ਪਈ ਤੂੜੀ ਨੂੰ ਅੱਗ ਲੱਗ ਗਈ ਤੇ ਕਰੀਬ ਪੰਜ ਫੁੱਟ ਤੱਕ ਡੂੰਘਾਈ ਟੋਆ ਪੁੱਟਿਆ ਗਿਆ ਉਨਾਂ ਦੱਸਿਆ ਕਿ ਦੇਖਣ ਚ ਇਹ ਕੋਈ ਮਿਜਾਇਲਨੁਮਾ ਚੀਜ ਜਾਪਦੀ ਹੈ ਜਿਸਨੇ ਭਾਰੀ ਤਬਾਹੀ ਮਚਾਈ ਉਨਾਂ ਦੱਸਿਆ ਕਿ ਇਸ ਨੂੰ ਲੈ ਕੇ ਪਿੰਡ 'ਚ ਸਹਿਮ ਦਾ ਮਾਹੌਲ ਹੈ। ਧਮਾਕਾ ਸੁਣਕੇ ਸਾਰਾ ਪਿੰਡ ਜਾਗ ਗਿਆ ਤੇ ਜਦੋਂ ਦਿਨ ਚੜੇ ਘਟਨਾ ਸਥਾਨ ਤੇ ਦੇਖਿਆ ਗਿਆ ਕਿ ਦੂਰ ਤੱਕ ਜ਼ਮੀਨ ਪੁੱਟੀ ਗਈ ਹੈ ਤੇ ਉਸਨੇ ਦੂਰ ਤੱਕ ਤਬਾਹੀ ਮਚਾਈ ਹੈ

# ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਸੰਗਰੂਰ ਵਿੱਚ ਸਿਨੇਮਾ ਹਾਲ, ਸ਼ਾਪਿੰਗ ਮਾਲ ਸ਼ਾਮ 8 ਵਜੇ ਤੋਂ ਸਵੇਰੇ 6 ਵਜੇ ਤੱਕ ਬੰਦ ਰੱਖਣ ਦੇ ਹੁਕਮ ਕੀਤੇ ਜਾਰੀ

ਸੰਗਰੂਰ, 10 ਮਈ (ਹਰਕੰਵਲ ਸਿੰਘ ਹੈਪੀ): ਦੇਰ ਸ਼ਾਮ ਨੂੰ ਸਿਨੇਮਾ ਹਾਲਾਂ ਅਤੇ ਮਾਲਾਂ ਵਿੱਚ ਆਉਣ ਵਾਲੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਵਧੀਕ ਜ਼ਿਲ੍ਹਾ ਮੈਜਿਸਟ੍ਰੇਟ, ਸ਼੍ਰੀ ਅਮਿਤ ਬੈਂਬੀ ਨੇ ਜ਼ਿਲ੍ਹਾ ਸੰਗਰੂਰ ਵਿੱਚ ਸਿਨੇਮਾ ਹਾਲ, ਸ਼ਾਪਿੰਗ ਮਾਲ ਸ਼ਾਮ 8:00 ਵਜੇ ਤੋਂ ਸਵੇਰੇ 6:00 ਵਜੇ ਤੱਕ ਬੰਦ ਰੱਖਣ ਦੇ ਹੁਕਮ ਦਿੱਤੇ ਹਨ। ਵੇਰਵੇ ਦਿੰਦਿਆਂ, ਉਨ੍ਹਾਂ ਦੱਸਿਆ ਕਿ ਇਹ ਆਦੇਸ਼ ਆਮ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਅਤੇ ਰਾਤ ਦੇ ਸਮੇਂ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਨਾਗਰਿਕਾਂ ਦੇ ਜੀਵਨ ਨੂੰ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਖਤਰੇ ਤੋਂ ਬਚਾਉਣ ਲਈ ਕੀਤਾ ਗਿਆ ਹੈ, ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਖ਼ਤਰੇ ਤੋਂ ਬਚਿਆ ਜਾ ਸਕੇ।

ਇਸੇ ਤਰ੍ਹਾਂ, ਜ਼ਿਲ੍ਹੇ ਵਿੱਚ ਖਾਸ ਤੌਰ ਤੇ ਸ਼ਾਮ ਦੇ ਸਮੇਂ ਪਟਾਕਿਆਂ ਅਤੇ ਲੰਬੀ ਬੀਮ ਲੇਜ਼ਰ/ਡੀਜੇ ਲਾਈਟਾਂ ਦੀ ਵਰਤੋਂ ਤੇ ਪਾਬੰਦੀ ਹੋਵੇਗੀ ਤਾਂ ਕਿ ਜਦੋਂ ਵੀ ਲੋੜ ਹੋਵੇ, ਇਹ ਲਾਈਟਾਂ ਪੂਰੀ ਤਰ੍ਹਾਂ ਬਲੈਕਆਊਟ ਕਰਨ ਵਿੱਚ ਮੁਸ਼ਕਿਲ ਨਾ ਬਣਨ।ਇਸ ਤੋਂ ਇਲਾਵਾ, ਅਗਲੇ ਹੁਕਮਾਂ ਤੱਕ ਜ਼ਿਲ੍ਹਾ ਸੰਗਰੂਰ ਵਿੱਚ ਅਚਾਨਕ ਬਲੈਕਆਊਟ (ਪ੍ਰਸ਼ਾਸਨ ਵੱਲੋਂ ਅਗਾਊਂ ਸੂਚਨਾ ਦੇਣ ਦੀ ਸੂਰਤ ਵਿੱਚ) ਹੋਣ ਦੀ ਸਥਿਤੀ ਵਿੱਚ ਇਨਵਰਟਰ, ਜਨਰੇਟਰ ਅਤੇ ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ ਆਦਿ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਦੀ ਵਰਤੋਂ ਤੇ ਅਤੇ ਸੋਲਰ ਲਾਈਟਾਂ ਦੀ ਵਰਤੋਂ ਤੇ ਵੀ ਪੂਰਨ ਪਾਬੰਦੀ ਲਗਾਈ ਗਈ ਹੈ।ਇਸ ਤੋਂ ਇਲਾਵਾ, ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਾਮ ਦੇ ਸਮੇਂ, ਜਦੋਂ ਤੱਕ ਜ਼ਰੂਰੀ ਨਾ ਹੋਵੇ, ਆਪਣੇ ਘਰੋਂ ਨਾ ਨਿਕਲਣ। ਜੇਕਰ ਕੋਈ ਸਾਇਰਨ/ਸਿਗਨਲ ਵੱਜਦਾ ਹੈ, ਤਾਂ ਲੋਕਾਂ ਨੂੰ ਸਮੇਂ-ਸਮੇਂ ਤੇ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਤੁਰੰਤ ਪਾਲਣਾ ਕਰਨੀ ਚਾਹੀਦੀ ਹੈ। ਲੋਕ ਆਮ ਤੌਰ ਤੇ ਰੋਸ਼ਨੀ ਦੀ ਘੱਟ ਤੋਂ ਘੱਟ ਵਰਤੋਂ ਕਰਨ।ਉਨ੍ਹਾਂ ਅੱਗੇ ਕਿਹਾ ਕਿ ਇਹ ਹੁਕਮ ਪੁਲਿਸ, ਪੈਰਾ-ਮਿਲਟਰੀ, ਹਵਾਈ ਸੈਨਾ, ਐਸ ਪੀ ਜੀ ਕਰਮਚਾਰੀਆਂ ਅਤੇ ਸਮਰੱਥ ਸਰਕਾਰ, ਅਥਾਰਟੀ ਦੁਆਰਾ ਅਧਿਕਾਰਤ ਵਿਅਕਤੀਆਂ ਸਮੇਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਲਾਗੂ ਨਹੀਂ ਹੋਣਗੇ ਅਤੇ ਨਾਲ ਹੀ ਹਸਪਤਾਲਾਂ ਅਤੇ ਐਮਰਜੈਂਸੀ ਸੇਵਾਵਾਂ ਆਦਿ ਤੇ ਵੀ ਲਾਗੂ ਨਹੀਂ ਹੋਣਗੇ।ਬੀ ਐਨ ਐਨ ਐਸ 2023 ਦੀ ਧਾਰਾ 163 ਦੇ ਤਹਿਤ ਜਾਰੀ ਕੀਤੇ ਗਏ ਹੁਕਮ 10 ਮਈ, 2025 ਤੋਂ 9 ਜੂਨ, 2025 ਤੱਕ ਲਾਗੂ ਰਹਿਣਗੇ।

# ਬਰਨਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਜੰਗ ਦੇ ਖਿਲਾਫ ਅਮਨ ਮਾਰਚ,ਦੋਨਾਂ ਦੇਸ਼ਾਂ ਦੀ ਜੰਗ ਵਿੱਚ ਭਾਰੀ ਮਾਰ ਝੱਲ ਰਿਹਾ ਪੰਜਾਬ




ਬਰਨਾਲਾ, 10 ਮਈ(ਜੱਸਾ ਸਿੰਘ ਮਾਨਕੀ):ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਛਿੜੀ ਜੰਗ ਨੂੰ ਰੋਕਣ ਲਈ ਪਾਰਟੀ ਪ੍ਰਧਾਨ ਸ ਸਿਮਰਨਜੀਤ ਸਿੰਘ ਮਾਨ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਜ਼ਿਲ੍ਹਾ ਜਥੇਬੰਦੀ ਬਰਨਾਲਾ ਵੱਲੋਂ ਪਾਰਟੀ ਪ੍ਰਧਾਨ ਦਰਸ਼ਨ ਸਿੰਘ ਮੰਡੇਰ ਦੀ ਅਗਵਾਈ ਹੇਠ ਬਰਨਾਲਾ ਦੇ ਰੇਲਵੇ ਸਟੇਸ਼ਨ ਤੋਂ ਲੈ ਕੇ ਸਦਰ ਬਜ਼ਾਰ,ਭਗਤ ਸਿੰਘ ਚੌਕ ਤੱਕ ਮਾਰਚ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਨੌਜਵਾਨਾਂ ਨੇ ਭਾਗ ਲਿਆ, ਉਹਨਾਂ ਦੇ ਹੱਥਾਂ ਵਿੱਚ ਫੜੇ ਹੋਏ ਬੈਨਰਾ ਤੇ ਅਮਨ ਸ਼ਾਂਤੀ ਦੇ ਨਾਹਰੇ ਸਨ,ਨਾਲੋਂ ਨਾਲ ਜੰਗ ਨੂੰ ਰੋਕਣ ਲਈ ਉਹਨਾਂ ਵੱਲੋਂ ਨਾਹਰੇ ਲਗਾਏ ਗਏ।ਇਸ ਮੌਕੇ ਦਰਸਨ ਸਿੰਘ ਮੰਡੇਰ, ਉਂਕਾਰ ਸਿੰਘ ਬਰਾੜ,ਜੱਸਾ ਸਿੰਘ ਮਾਨਕੀ,ਉੱਤਮ ਬਾਂਸਲ, ਗੁਰਤੇਜ ਸਿੰਘ ਅਸਪਾਲ,ਗੁਰਜੀਤ ਸਿੰਘ ਸਹਿਣਾ, ਸੁਖਚੈਨ ਸਿੰਘ ਸੰਘੇੜਾ ਆਦਿ ਲੀਡਰਾ ਵੱਲੋਂ ਮੀਡੀਆ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਗਿਆ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀ,ਏਸ ਬੇਲੋੜੀ ਜੰਗ ਕਾਰਨ ਪਾਕਿਸਤਾਨ ਨਾਲ ਲੱਗਦੇ ਪੰਜਾਬ ਦੇ 553 ਕਿਲੋਮੀਟਰ ਬਾਰਡਰ ਏਰੀਏ ਦੇ ਲੋਕ ਜਿਹੜਾ ਸੰਤਾਪ ਹੰਢਾ ਰਹੇ ਹਨ ਇਹ ਉਹੀ ਜਾਣਦੇ ਹਨ, ਦੂਸਰੀਆਂ ਸਟੇਟਾਂ ਵਾਲੇ ਲੋਕਾਂ ਨੂੰ ਜੰਗ ਦਾ ਕੋਈ ਅਹਿਸਾਸ ਨਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਨੈਸ਼ਨਲ ਮੀਡੀਆ ਜੰਗ ਨੂੰ ਲੈ ਕੇ ਜਿਸ ਤਰ੍ਹਾਂ ਦੀ ਜ਼ਹਿਰ ਉੱਗਲ ਰਿਹਾ ਹੈ ਇਹ ਜੰਗ ਨੂੰ ਹਵਾ ਦੇਣ ਵਾਲੀ ਗੱਲ ਹੈ, ਮੀਡੀਆ ਨੂੰ ਨਿਰਪੱਖਤਾ ਨਾਲ ਆਪਣੀ ਉਸਾਰੂ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੰਗਾਂ ਵਿੱਚ ਤਬਾਹ ਹੋਏ ਮੁਲਕ ਕਈ ਕਈ ਸਾਲ ਆਪਣੀ ਅਰਥ ਵਿਵਸਥਾ ਠੀਕ ਕਰਨ ਵਿੱਚ ਲਾ ਦੇਂਦੇ ਹਨ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਲਸਫਾ ਮੰਨਦੀ ਹੈ, ਅਸੀਂ ਸਰਬੱਤ ਦਾ ਭਲਾ ਮੰਗਣ ਵਾਲੇ ਲੋਕ ਹਾਂ,ਇਸ ਲਈ ਅਸੀ ਹਮੇਸ਼ਾ ਪਿਆਰ ਵਧਾਉਣ ਦੀ ਗੱਲ ਕਰਦੇਂ ਹਾਂ ਜੰਗ ਬੰਦ ਹੋਣੀ ਚਾਹੀਦੀ ਹੈ ਤਾਕਿ ਅਸੀਂ ਅਮਨ ਸ਼ਾਂਤੀ ਨਾਲ ਰਹਿ ਸਕੀਏ।ਇਸ ਮੌਕੇ ਡਾਕਟਰ ਕੁਲਵਿੰਦਰ ਸਿੰਘ ਕਰਮਗੜ, ਜਸਵੀਰ ਸਿੰਘ ਬਿੱਲਾ ਸੰਘੇੜਾ, ਅਵਤਾਰ ਸਿੰਘ ਲੀਲਾ,ਮਹਿੰਦਰ ਸਿੰਘ ਸਹਿਜੜਾ, ਜਰਨੈਲ ਸਿੰਘ ਠੁੱਲੀਵਾਲ, ਬਲਵੀਰ ਸਿੰਘ ਕੈਰੇ,ਲਖਵੀਰ ਸਿੰਘ ਆਦਿ ਆਗੂ ਹਾਜ਼ਰ ਸਨ।

# ਵਪਾਰ ਮੰਡਲ ਦਾ ਪ੍ਰਸ਼ਾਸਨ ਨੂੰ ਸਹਿਯੋਗ

ਬਰਨਾਲਾ, 10 ਮਈ (ਸੁਖਵਿੰਦਰ ਸਿੰਘ ਭੰਡਾਰੀ) :ਵਪਾਰ ਮੰਡਲ ਬਰਨਾਲਾ ਦੇ ਸਰਪ੍ਰਸਤ ਅਨਿਲ ਬਾਂਸਲ ਨਾਨਾ ਦੀ ਸਰਪ੍ਰਸਤੀ ਅਤੇ ਮੀਤ ਪ੍ਰਧਾਨ ਮਨੀਸ਼ ਗੋਇਲ ਦੀ ਪ੍ਰਧਾਨਗੀ 'ਚ ਮੈਡਮ ਅਨੁਪ੍ਰੀਤ ਜੌਹਲ, ਏ ਡੀ ਸੀ (ਜਨਰਲ) ਬਰਨਾਲਾ ਨਾਲ ਮੀਟਿੰਗ ਹੋਈ। ਇਸ ਮੌਕੇ ਏ ਡੀ ਸੀ ਮੈਡਮ ਨੇ ਗੱਲਬਾਤ ਕਰਦਿਆਂ ਵਪਾਰ ਮੰਡਲ ਬਰਨਾਲਾ ਨੂੰ ਕਿਹਾ ਕਿ ਜੰਗ ਵਰਗੇ ਮਾਹੌਲ ਚ ਲੋੜ ਪੈਣ 'ਤੇ ਲੋੜਵੰਦ ਲੋਕਾਂ ਦੀ ਮੱਦਦ ਕਰਨ ਅਤੇ ਉਨ੍ਹਾਂ ਦੀ ਸੰਕਟ ਸਮੈਂ ਹਰ ਪ੍ਰਕਾਰ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਰਹਿਣਾ ਹੈ। ਲੋੜ ਪੈਣ ਤੇ ਤੁਸੀਂ ਪ੍ਰਸ਼ਾਸਨ ਨੂੰ ਸਹਿਯੋਗ ਦੇਣਾ ਹੈ ਜਿਵੇਂ ਕਿ ਪੀੜ੍ਹਤ ਲੋਕਾਂ ਲਈ ਖਾਣੇ, ਰਹਿਣ ਦਾ ਅਤੇ ਦਵਾਈਆਂ ਦਾ ਪ੍ਰਬੰਧ ਕਰਨਾ ਹੈ । ਵਪਾਰ ਮੰਡਲ ਨੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਮੈਡਮ ਨੇ ਅੱਗੇ ਕਿਹਾ ਕਿ ਜਾਅਲੀ ਬਰੈਂਡਡ ਗਾਰਮੈਂਟਸ ਦੀ ਵਿੱਕਰੀ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਸਹਿਯੋਗ ਦਿਓ। ਵਪਾਰ ਮੰਡਲ ਨੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੰਦਿਆਂ ਮੰਗ ਕੀਤੀ ਕਿ ਸ਼ਹਿਰ ਬਰਨਾਲਾ ਵਿਖੇ ਬੇਸਹਾਰਾ ਪਸ਼ੂਆਂ ਦੀ ਮੌਤ ਹੋਣ ਤੇ ਤੁਰੰਤ ਮ੍ਰਿਤਕ ਪਸ਼ੂ ਨੂੰ ਚੁਕਵਾਇਆ ਜਾਵੇ। ਏ ਡੀ ਸੀ ਮੈਡਮ ਬਰਨਾਲਾ ਨੇ ਲੋੜੀਂਦੀ ਕਾਰਵਾਈ ਕਰਨ ਦਾ ਵਿਸ਼ਵਾਸ ਦੁਆਇਆ। ਵਫ਼ਦ ਚ ਪ੍ਰਦੀਪ ਕੁਮਾਰ, ਭਾਰਤ ਭੂਸ਼ਣ ਸਕਿੰਟੂ, ਮੋਨੂੰ ਗੋਇਲ, ਇੰਦਰ ਕੁਮਾਰ, ਓਪਿੰਦਰ ਸਰਪੰਚ, ਸਤੀਸ਼ ਕੁਮਾਰ,ਰਾਜੂ ਅਰੋੜਾ,ਬਬਲੂ,ਅਰਿਹੰਤ ਗਰਗ ਆਦਿ ਹਾਜ਼ਰ ਸਨ।

# ਬਲਜੀਤ ਸਿੰਘ ਅਕਲੀਆ ਨੇ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਆ



ਜੋਗਾ, 10ਮਈ ( ਵਿਰੇਂਦਰਪਾਲ ਮੰਤਰੋ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਕਲੀਆ ਵਿਖੇ ਬਾਲ ਸਾਹਿਤਕਾਰ ਬਲਜੀਤ ਸਿੰਘ ਅਕਲੀਆ ਦਾ ਵਿਦਿਆਰਥੀਆਂ ਨਾਲ ਰੂ -ਬਰੂ ਸਮਾਗਮ ਕਰਵਾਇਆ । ਸਕੂਲ ਦੇ ਸੀਨੀਅਰ ਅਧਿਆਪਕ ਸੁਰਿੰਦਰਜੀਤ ਸਿੰਘ ਢਿੱਲੋਂ ਨੇ ਬਾਲ ਸਾਹਿਤਕਾਰ ਅਕਲੀਆ ਨੂੰ ਜੀ ਆਇਆਂ ਕਿਹਾ ਅਤੇ ਵਿਦਿਆਰਥੀਆਂ ਨਾਲ ਉਨ੍ਹਾਂ ਦੀ ਜਾਣ ਪਹਿਚਾਣ ਕਰਵਾਉਂਦੇ ਹੋਏ ਦੱਸਿਆ ਕਿ ਬਲਜੀਤ ਸਿੰਘ ਅਕਲੀਆ ਜਿੱਥੇ ਬਾਲ ਸਾਹਿਤ ਦੀ ਰਚਨਾ ਕਰ ਰਹੇ ਹਨ ਉਥੇ ਹੀ ਇਕ ਰੰਗਕਰਮੀ ਅਤੇ ਭੰਗੜਾ ਕਲਾਕਾਰ ਵਰਗੇ ਗੁਣਾਂ ਵਾਲੇ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਵਿਅਕਤੀ ਹਨ । ਬਲਜੀਤ ਸਿੰਘ ਅਕਲੀਆ ਨੇ ਵਿਦਿਆਰਥੀਆਂ ਦੇ ਰੂ ਬਰੂ ਹੁੰਦੇ ਹੋਏ ਉਨ੍ਹਾਂ ਨੂੰ ਬਾਲ ਸਾਹਿਤ ਸਿਰਜਣ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ । ਉਨ੍ਹਾਂ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ । ਉਨ੍ਹਾ ਕਿਹਾ ਕਿ ਲਗਾਤਾਰ ਪੜ੍ਹਨ ਅਤੇ ਲਿਖਣ ਨਾਲ ਸਾਡੀ ਲਿਖਣ ਸ਼ੈਲੀ ਵਿਚ ਸੁਧਾਰ ਆਉਂਦਾ ਰਹਿੰਦਾ ਹੈ । ਉਨ੍ਹਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਡੇ ਅੰਦਰ ਛੁਪੀ ਪ੍ਰਤਿਭਾ ਨੂੰ ਪਹਿਚਾਣ ਲਈ ਸਕੂਲ ਅਜਿਹਾ ਮੰਚ ਹੈ ਜਿਥੋਂ ਹਰ ਪਾਸੇ ਰਾਹ ਨਿਕਲਦੇ ਹਨ । ਅਕਲੀਆ ਵਲੋਂ ਵਿਦਿਆਰਥੀਆਂ ਨਾਲ ਜਿੱਥੇ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ ਉਥੇ ਹੀ ਭੰਗੜੇ ਦੀ ਪੇਸ਼ਕਾਰੀ ਨਾਲ ਰੰਗ ਬੰਨ੍ਹਿਆ । ਸਕੂਲ ਮੁਖੀ ਰਾਜਵਿੰਦਰ ਕੌਰ ਲੱਧੜ ਅਤੇ ਸਟਾਫ਼ ਵੱਲੋਂ ਅਕਲੀਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ ।

# ਡੀ.ਐੱਸ.ਪੀ.ਮੂਨਕ ਨੇ ਕੀਤੀ ਵਪਾਰ ਮੰਡਲ ਦੇ ਅਹੁਦੇਦਾਰਾਂ ਨਾਲ ਮੀਟਿੰਗ



ਮੂਨਕ, 10 ਮਈ(ਸਮਸ਼ੇਰ ਸਿੰਘ ਭੁਟਾਲ): ਡੀ ਐੱਸ ਪੀ ਮੂਨਕ ਗੁਰਿੰਦਰ ਸਿੰਘ ਬੱਲ ਨੇ ਵਪਾਰ ਮੰਡਲ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਦੇਸ਼ ਦੇ ਚਲਦੇ ਹਲਾਤ ਬਾਰੇ ਉਹਨਾਂ ਸਰਕਾਰ ਦੀਆਂ ਹਿਦਾਇਤਾਂ ਤੋ ਜਾਣੂ ਕਰਵਾਇਆ ਅਤੇ ਕਿਹਾ ਕਿ ਕਿਸੇ ਵੀ ਤਰਾਂ ਦੀਆਂ ਅਫਵਾਹਾਂ ਤੋ ਬਚਦੇ ਹੋਏ ਘਬਰਾਉਣ ਦੀ ਲੋੜ ਨਹੀ ਹੈ । ਕਿਸੇ ਵੀ ਸਮੇ ਲੋੜ ਪੈਣ 'ਤੇ ਉਹਨਾਂ ਦੇ ਨਾਲ ਅਤੇ ਪੁਲਿਸ ਵਿਭਾਗ ਨਾਲ ਸੰਪਰਕ ਕੀਤਾ ਜਾ ਸਕਦਾ ਹੈ ।ਉਹਨਾਂ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦਿਆ ਹੋਏ ਜ਼ਰੂਰਤਮੰਦ ਵਿਅਕਤੀਆਂ ਅਤੇ ਆਪਸ ਵਿੱਚ ਇਕ ਦੂਜੇ ਦਾ ਸਹਿਯੋਗ ਕਰਨ ਦੀ ਗੱਲ ਕਹੀ। ਉਹਨਾਂ ਕਿਹਾ ਕਿ ਦੇਸ਼ ਹਿੱਤ ਨੂੰ ਮੁੱਖ ਰੱਖਦੇ ਹੋਏ ਆਪਣੇ ਆਪਣੇ ਟਰੇਡ ਦੇ ਵਿਆਕਤੀਆਂ ਨੂੰ ਕਿਸੇ ਵੀ ਤਰਾਂ ਦੀ ਕਾਲਾਬਜਾਰੀ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾਵੇ। ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕੀ ਉਹ ਕਿਸੇ ਵੀ ਅਗਿਆਤ ਅਤੇ ਪ੍ਰਵਾਸੀ ਵਿਆਕਤੀਆਂ ਨੂੰ ਪਨਾਹ ਦੇਣ ਤੋਂ ਪਹਿਲਾਂ ਪੁਲਿਸ ਵੈਰੀਫਿਕੇਸ਼ਨ ਜ਼ਰੂਰ ਕਰਵਾਉਣ। ਵਪਾਰ ਮੰਡਲ ਦੇ ਸਾਰੇ ਅਹੁਦੇਦਾਰਾਂ ਨੇ ਪ੍ਰਸ਼ਾਸਨ ਨੂੰ ਹਰ ਤਰਾਂ ਦਾ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਸੰਭਵ ਮੱਦਦ ਕਰਨ ਦਾ ਵਾਅਦਾ ਵੀ ਕੀਤਾ। ਇਸ ਸਮੇਂ ਮੀਟਿੰਗ ਵਿੱਚ ਡੀ ਐੱਸ ਪੀ ਰੀਡਰ, ਏ ਐਸ ਆਈ ਹਰਮੇਸ਼ ਸਿੰਘ ਸਮੂਹ ਵਪਾਰ ਮੰਡਲ ਦੇ ਪ੍ਰਧਾਨ ਕੇਵਲ ਗਰਗ ਹਰਿਆਊ ਵਾਲੇ, ਸਾਬਕਾ ਨਗਰ ਪੰਚਾਇਤ ਮੂਨਕ ਦੇ ਪ੍ਰਧਾਨ ਭੀਮ ਸੈਨ ਗਰਗ, ਭੁਪੇਸ਼ ਗੋਇਲ ਪ੍ਰਧਾਨ ਕਰਿਆਨਾ ਮਰਚੈਂਟ ਐਸੋਸੀਏਸ਼ਨ, ਰਕੇਸ਼ ਬਾਸ਼ਲ ਸਕੱਤਰ, ਅਰੁਣ ਜਿੰਦਲ ਜਿਲਾ ਆਗੂ ਵਪਾਰ ਮੰਡਲ, ਵਿਨੇ ਜੈਨ, ਪ੍ਰਵੀਨ ਮਦਾਨ ਪ੍ਰਦੀਪ ਸਿੰਗਲਾ, ਸਤੀਸ਼ ਗੋਇਲ, ਬੰਟੀ ਪਹੂਜਾ ਅਜੂ ਪਹੂਜਾ, ਗੁਰਮੀਤ ਆਸ਼ਟਾ, ਆਦੀ ਮੌਜੂਦ ਸਨ ।

# ਕਾਰ ਰਿਪੇਅਰ ਮਿਸਤਰੀ ਨੇਂ ਪੈਸਿਆਂ ਵਾਲਾ ਪਰਸ ਵਾਪਿਸ ਕਰਕੇ ਇਮਾਨਦਾਰੀ ਦਾ ਸਬੂਤ ਦਿੱਤਾ

ਬਰਨਾਲਾ, 10 ਮਈ (ਚਮਕੌਰ ਸਿੰਘ ਗੱਗੀ): ਸਮਾਜ ਵਿੱਚ ਚੰਗੇ ਇਨਸਾਨਾਂ ਕਰਕੇ ਇਮਾਨਦਾਰੀ ਅੱਜ ਵੀ ਜਿੰਦਾ ਹੈ, ਜਿਸਦੀ ਤਾਜ਼ਾ ਮਿਸਾਲ ਬਰਨਾਲਾ ਦੇ ਧਨੌਲਾ ਰੋਡ 'ਤੇ ਕੰਮ ਕਰਦੇ ਸੀਰਾ ਡੇਂਟਰ ਨੇ ਕੰਮ ਕਰਵਾਉਣ ਆਏ ਵਿਅਕਤੀ ਦਾ ਡਿੱਗਿਆ ਪਰਸ ਵਾਪਿਸ ਕਰਕੇ ਕੀਤਾ, ਜਿਸ ਸਬੰਧੀ ਜਾਣਕਾਰੀ ਦਿੰਦਿਆਂ ਕਾਰ ਰਿਪੇਅਰ ਵੈਲਫੇਅਰ ਐਸੋਸੀਏਸ਼ਨ ਬਰਨਾਲਾ ਦੇ ਪ੍ਰਧਾਨ ਮੇਵਾ ਸਿੰਘ ਨੇ ਕਿਹਾ ਕਿ ਬੀਤੇ ਕੱਲ ਧਨੌਲਾ ਰੋਡ ਕਾਰ ਰਿਪੇਅਰ ਮਾਰਕੀਟ ਵਿੱਚ ਸੀਰਾ ਡੇਂਟਰ ਕੋਲ ਇੱਕ ਨੌਜਵਾਨ ਮਨਜੀਤ ਸਿੰਘ ਜੋਂ ਆਪਣੀ ਕਾਰ ਆਲਟੋ ਦਾ ਕੰਮ ਕਰਵਾਉਣ ਆਇਆ ਸੀ , ਜਿਸ ਦਾ ਵਰਕਸ਼ਾਪ ਵਿੱਚ ਪਰਸ ਡਿੱਗ ਪਿਆ ਜਿਸ ਵਿੱਚ ਪੰਜ ਹਜਾਰ ਤੋਂ ਵੱਧ ਰੁਪਏ ਸਨ ਸਮੇਤ ਜਰੂਰੀ ਕਾਗਜਾਤ ਸਨ, ਜਿਸ ਨੂੰ ਸੀਰਾ ਡੇਟਰ ਨੇ ਚੱਕ ਕੇ ਕਮੇਟੀ ਨੂੰ ਫੋਨ ਕੀਤਾ ਤੇ, ਜਿਸ ਤੋਂ ਬਾਅਦ ਪਰਸ ਦੇ ਮਾਲਿਕ ਮਨਜੀਤ ਸਿੰਘ ਨਾਲ ਸੰਪਰਕ ਕੀਤਾ ਗਿਆ, ਤਾਂ ਉਹ ਵਾਪਿਸ ਆਇਆ ਜਿਸ ਨੂੰ ਉਸਦਾ ਪਰਸ ਸਮੇਤ ਸਾਰੇ ਕਾਗਜਾਤ ਪੈਸੇ ਗਿਣ ਕੇ ਦਿੱਤੇ ਗਏ , ਜਿਸ ਨੇ ਡੇਂਟਰ ਸੀਰਾ ਸਮੇਤ ਕਾਰ ਰਿਪੇਅਰ ਵੈਲਫੇਅਰ ਐਸੋਸੀਏਸ਼ਨ ਦੇ ਸਮੂਹ ਮੈਬਰਾਂ ਦਾ ਧਨਵਾਦ ਕੀਤਾ ਅਤੇ ਇਸ ਇਮਾਨਦਾਰੀ ਦੀ ਸਲਾਘਾ ਕੀਤੀ, ਇਸ ਮੌਕੇ ਮਿਸਤਰੀ ਅਵਤਾਰ ਸਿੰਘ, ਇਲੈਕਟਰੀਸ਼ਨ ਤਰਸੇਮ ਸਿੰਘ ਮਿਸਤਰੀ ਜਗਦੇਵ ਸਿੰਘ, ਸਮੇਤ ਹੋਰ ਮੈਂਬਰ ਹਾਜ਼ਰ ਸਨ। ਜਿਨਾਂ ਵੱਲੋਂ ਸੀਰਾ ਡੈਂਟਰ ਵੱਲੋਂ ਦਿਖਾਈ ਇਮਾਨਦਾਰੀ ਦੀ ਸਲਾਘਾ ਕੀਤੀ।

# ਐਸ .ਬੀ .ਐਸ ਸਕੂਲ ਵਿਖੇ ਮਾਂ ਦਿਵਸ ਮਨਾਇਆ ਗਿਆ




ਬਰਨਾਲਾ, 10 ਮਈ (ਬਘੇਲ ਸਿੰਘ ਧਾਲੀਵਾਲ): ਮਾਂ ਦੇ ਪਿਆਰ ਦੀ ਅਹਿਮੀਅਤ ਨੂੰ ਦਰਸਾਉਣ ਲਈ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਮਾਂ ਦਾ ਦਿਨ ਮਨਾਇਆ ਜਾਂਦਾ ਹੈ, ਜਿਸ ਦੇ ਚਲਦਿਆ ਐਸ ਬੀ ਐਸ ਪਬਲਿਕ ਸਕੂਲ ਵਿਖੇ ਮਦਰ ਡੇਅ ਮਨਾਉਣ ਲਈ ਸਪੈਸ਼ਲ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਨਰਸਰੀ ਕਲਾਸ ਤੋਂ ਦਸਵੀਂ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਅਧਿਆਪਕ ਬਲਵਿੰਦਰ ਕੌਰ ਨੇ ਮਾਂ ਦੇ ਪਿਆਰ ਦੀ ਝਲਕ ਨੂੰ ਪੇਸ਼ ਕਰਨ ਵਾਲੀ ਕਵਿਤਾ ਨਾਲ ਕੀਤੀ। ਪ੍ਰੋਗਰਾਮ ਵਿੱਚ ਨਰਸਰੀ ਕਲਾਸ ਦੇ ਬੱਚਿਆਂ ਨੇ ਡਾਂਸ ਪੇਸ਼ ਕੀਤਾ। ਜੂਨੀਅਰ ਕੇਜੀ ਅਤੇ ਸੀਨੀਅਰ ਕੇਜੀ ਦੇ ਬੱਚਿਆਂ ਨੇ ਮਾਂ ਦੇ ਗੀਤ ਉੱਪਰ ਕੋਰੀਓਗ੍ਰਾਫੀ ਪੇਸ਼ ਕੀਤੀ। ਪਹਿਲੀ ਕਲਾਸ ਦੇ ਬੱਚਿਆਂ ਨੇ ਮਾਂ ਦੇ ਪਿਆਰ ਅਤੇ ਅਹਿਮੀਅਤ ਨੂੰ ਦਰਸਾਉਂਦੇ ਹੋਏ ਨਾਟਕ ਪੇਸ਼ ਕੀਤਾ। ਦੂਜੀ ਅਤੇ ਤੀਸਰੀ ਕਲਾਸ ਦੇ ਬੱਚਿਆਂ ਨੇ ਆਪਣੀਆਂ ਮਾਵਾਂ ਨੂੰ ਸਮਰਪਿਤ ਕਾਰਡ ਬਣਾਏ। ਛੇਵੀਂ ਤੋਂ ਅੱਠਵੀ ਕਲਾਸ ਦੇ ਬੱਚਿਆਂ ਨੇ ਮਾਂ ਵਿਸ਼ੇ ਉੱਪਰ ਭਾਸ਼ਣ, ,ਕਵਿਤਾਵਾਂ ਸੁਣਾਈਆਂ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਭਾਸ਼ਣ ਮੁਕਾਬਲੇ ਕਰਵਾਏ ਗਏ ਸਕੂਲ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਵੱਲੋ ਮਦਰ ਡੇਅ ਦੀਆਂ ਸੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵੱਲੋਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ

# ਚਾਰ ਸਾਲ ਦੋ ਮਹੀਨਿਆਂ 'ਚ ਟਰੈਵਲ ਏਜੰਟਾਂ ਖ਼ਿਲਾ.ਫ 98 ਕੇਸ ਦਰਜ

ਬਠਿੰਡਾ, 10 ਮਈ (ਦੀਪਕ ਸ਼ਰਮਾ): ਡਾਲਰਾਂ ਦੀ ਚਮਕ ਦਮਕ ਅਤੇ ਜਲਦੀ ਅਮੀਰ ਹੋਣ ਦੀ ਲਾਲਸਾ ਕਾਰਨ ਸੂਬੇ ਦੇ ਲੋਕਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਕਾਫੀ ਰਿਹਾ। ਵਿਦੇਸ਼ਾਂ ਵਿੱਚ ਜਾਣ ਲਈ ਲੋਕ ਕੋਈ ਵੀ ਹਿਲਾ ਵਸੀਲਾ ਅਪਣਾਉਣ ਨੂੰ ਤਿਆਰ ਹਨ। ਜਿਸ ਦੇ ਚਲਦਿਆਂ ਵਿਦੇਸ਼ ਜਾ ਕੇ ਪੈਸਾ ਕਮਾਉਣ ਦੀ ਲਾਲਸਾ ਵਿੱਚ ਕਈ ਲੋਕ ਟਰੈਵਲ ਏਜੰਟਾਂ ਦੀਆਂ ਠੱਗੀਆਂ ਦਾ ਸ਼ਿਕਾਰ ਵੀ ਹੋ ਚੁੱਕੇ ਹਨ। ਭਾਵੇਂ ਪੰਜਾਬ ਪੁਲਿਸ ਟਰੈਵਲ ਏਜੰਟਾਂ ਖਿਲਾਫ ਕੇਸ ਤਾਂ ਦਰਜ ਕਰਦੀ ਹੈ ਪਰ ਅਦਾਲਤਾਂ ਵਿੱਚ ਜਾ ਕੇ ਇਹ ਕੇਸ ਦਮ ਤੋੜ ਜਾਂਦੇ ਹਨ। ਬਠਿੰਡਾ ਜ਼ਿਲ੍ਹੇ ਅੰਦਰ ਪਿਛਲੇ ਚਾਰ ਸਾਲ ਦੋ ਮਹੀਨਿਆਂ ਦੌਰਾਨ 98 ਟਰੈਵਲ ਏਜੰਟਾਂ ਖਿਲਾਫ ਪੁਲਿਸ ਨੇ ਕੇਸ ਦਰਜ ਕੀਤੇ ਹਨ ਪਰ ਅਜੇ ਤਕ ਅਦਾਲਤਾਂ ਵਿੱਚ ਕਿਸੇ ਨੂੰ ਸਜ਼ਾ ਨਹੀਂ ਹੋਈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪੁਲਿਸ ਨੇ ਟਰੈਵਲ ਏਜੰਟਾਂ ਖਿਲਾਫ ਦਰਜ ਕੁੱਲ 98 ਕੇਸਾਂ ਵਿੱਚੋਂ ਜਾਂਚ ਦੌਰਾਨ 30 ਕੇਸਾਂ ਨੂੰ ਰੱਦ ਕਰ ਦਿੱਤਾ ਹੈ, ਜਦੋਂ ਕਿ 10 ਕੇਸਾਂ ਦੀ ਅਜੇ ਵੀ ਪੜਤਾਲ ਚੱਲ ਰਹੀ ਹੈ। ਜ਼ਿਲ੍ਹੇ ਅੰਦਰ ਸਭ ਤੋਂ ਵੱਧ ਟਰੈਵਲ ਏਜੰਟਾਂ ਖਿਲਾਫ 37 ਕੇਸ ਥਾਣਾ ਸਿਵਲ ਲਾਈਨ ਵਿੱਚ ਦਰਜ ਹੋਏ ਹਨ, ਜਦੋਂਕਿ ਦੂਜੇ ਨੰਬਰ 'ਤੇ ਥਾਣਾ ਕੈਂਨਾਲ ਕਲੋਨੀ ਅਤੇ ਥਾਣਾ ਦਿਆਲਪੁਰਾ ਵਿੱਚ ਟਰੈਵਲ ਏਜੰਟਾਂ ਖਿਲਾਫ 11,11 ਕੇਸ ਦਰਜ ਹੋਏ ਹਨ। ਜ਼ਿਲ੍ਹੇ ਦਾ ਤਲਵੰਡੀ ਸਾਬੋ ਅਜਿਹਾ ਥਾਣਾ ਹੈ ਜਿੱਥੇ ਚਾਰ ਸਾਲਾਂ ਵਿੱਚ ਟਰੈਵਲ ਏਜੰਟਾਂ ਖਿਲਾਫ ਅੱਠ ਕੇਸ ਦਰਜ ਹੋਏ, ਜਿਨ੍ਹਾਂ ਵਿੱਚੋਂ ਜਾਂਚ ਦੌਰਾਨ ਪੁਲਿਸ ਨੇ ਸੱਤ ਕੇਸਾਂ ਨੂੰ ਰੱਦ ਕਰ ਦਿੱਤਾ। ਜ਼ਿਲ੍ਹੇ ਅੰਦਰ ਥਾਣਾ ਬਠਿਆਂਵਾਲੀ ਅਤੇ ਥਾਣਾ ਸਿਟੀ ਰਾਮਪੁਰਾ ਵਿੱਚ ਵੀ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀ ਮਾਰਨ ਵਾਲੇ ਟਰੈਵਲ ਏਜੰਟਾਂ ਖਿਲਾਫ ਇਕ ਇਕ ਕੇਸ ਦਰਜ ਕੀਤਾ ਗਿਆ ਸੀ, ਪਰ ਪੜਤਾਲ ਦੌਰਾਨ ਇਹ ਦੋਵੇਂ ਕੇਸ ਪੁਲਿਸ ਨੇ ਰੱਦ ਕਰ ਦਿੱਤੇ ਗਏ। ਜ਼ਿਲ੍ਹੇ ਅੰਦਰ ਦਰਜ ਹੋਏ 98 ਕੇਸਾਂ ਵਿੱਚੋਂ 51 ਕੇਸ ਅਦਾਲਤ ਵਿੱਚ ਸੁਣਵਾਈ ਅਧੀਨ ਹਨ ਪਰ ਅਜੇ ਤਕ ਕਿਸੇ ਵੀ ਟਰੈਵਲ ਏਜੰਟ ਨੂੰ ਇਨ੍ਹਾਂ ਧੋਖਾਧੜੀ ਦੇ ਮਾਮਲਿਆਂ ਵਿੱਚ ਸਜ਼ਾ ਨਹੀਂ ਹੋਈ। ਜ਼ਿਲ੍ਹਾ ਪੁਲਿਸ ਨੇ ਟਰੈਵਲ ਏਜੰਟਾਂ ਖਿਲਾਫ ਦਰਜ ਕੁੱਲ 98 ਮਾਮਲਿਆਂ ਵਿੱਚੋਂ ਜਾਂਚ ਦੌਰਾਨ 30 ਕੇਸ ਰੱਦ ਕਰ ਦਿੱਤੇ ਹਨ ਜਦੋਂ ਕਿ 6 ਕੇਸ ਅਜੇ ਵੀ ਅਨਟਰੇਸ ਹਨ।

ਸਾਲ 2023 ਦੌਰਾਨ ਜ਼ਿਲ੍ਹੇ ਅੰਦਰ ਸਭ ਤੋਂ ਵੱਧ ਟਰੈਵਲ ਏਜੰਟਾਂ ਖਿਲਾਫ 48 ਕੇਸ ਦਰਜ ਹੋਏ, ਜਿਨ੍ਹਾਂ ਵਿੱਚੋਂ 18 ਕੇਸ ਰੱਦ ਕਰ ਦਿੱਤੇ ਗਏ, ਜਦੋਂ ਕਿ 26 ਕੇਸ ਸੁਣਵਾਈ ਅਧੀਨ ਹਨ। ਪੁਲਿਸ ਵਿਭਾਗ ਦੇ ਅੰਕੜਿਆਂ ਅਨੁਸਾਰ ਸਾਲ 2021 ਵਿੱਚ ਟਰੈਵਲ ਏਜੰਟ ਖਿਲਾਫ ਧੋਖਾਧੜੀ ਦੇ ਕੁੱਲ 15 ਕੇਸ ਦਰਜ ਹੋਏ, ਜਿਸ ਵਿੱਚੋਂ 6 ਕੇਸਾਂ ਨੂੰ ਜਾਂਚ ਦੌਰਾਨ ਰੱਦ ਕਰ ਦਿੱਤਾ ਗਿਆ ਅਤੇ 7 ਕੇਸ ਅਦਾਲਤ ਵਿੱਚ ਸੁਣਵਾਈ ਅਧੀਨ ਹਨ।

ਇਸ ਤਰ੍ਹਾਂ ਸਾਲ 2022 ਵਿੱਚ ਕੁੱਲ ਟਰੈਵਲ ਏਜੰਟਾਂ ਖਿਲਾਫ 23 ਕੇਸ ਦਰਜ ਹੋਏ, ਜਿਸ ਵਿੱਚੋਂ 6 ਕੇਸ ਰੱਦ ਕਰ ਦਿੱਤੇ ਗਏ, ਜਦੋਂ ਕਿ 15 ਕੇਸਾਂ ਦੀ ਅਦਾਲਤਾਂ ਵਿੱਚ ਸੁਣਵਾਈ ਚੱਲ ਰਹੀ ਹੈ। ਸਾਲ 2023 ਵਿੱਚ 48 ਕੇਸ ਦਰਜ ਹੋਏ, ਜਿਨ੍ਹਾਂ ਵਿੱਚੋਂ 18 ਕੇਸ ਰੱਦ ਕੀਤੇ ਗਏ, ਜਦੋਂ ਕਿ 26 ਕੇਸ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ। ਸਾਲ 2024 ਵਿੱਚ ਟਰੈਵਲ ਏਜੰਟ ਖਿਲਾਫ ਕੁੱਲ 10 ਕੇਸ ਦਰਜ ਹੋਏ, ਜਿਨ੍ਹਾਂ ਵਿੱਚੋਂ 4 ਕੇਸਾਂ ਦੀ ਅਦਾਲਤਾਂ ਵਿੱਚ ਸੁਣਵਾਈ ਚੱਲ ਰਹੀ ਹੈ। ਸਾਲ 2025 ਦੇ ਪਹਿਲੇ ਦੋ ਮਹੀਨਿਆਂ ਵਿੱਚ ਵੀ ਟਰੈਵਲ ਏਜੰਟਾਂ ਖਿਲਾਫ 2 ਕੇਸ ਦਰਜ ਹੋਏ ਹਨ।

# ਲਾਈਫ ਇਨਸ਼ੋਰੈਂਸ ਏਜੰਟਸ .ਫ਼ੈਡਰੇਸ਼ਨ ਮਲੋਟ ਵਲੋਂ ਨਵੇਂ ਬ੍ਰਾਂਚ ਮੈਨੇਜਰ ਨੂੰ ਗੁਲਦਸਤਾ ਭੇਟ ਕਰਕੇ ਜੀ ਆਇਆ ਕਿਹਾ



ਮਲੋਟ,10 ਮਈ ( ਅਮਨਦੀਪ ਸਿੰਘ ਮਹਿਰਾ ) : ਲਾਈਫ ਇਨਸ਼ੋਰੈਂਸ ਏਜੰਟਸ ਫੈਡਰੇਸ਼ਨ ਆਫ਼ ਇੰਡੀਆ ਮਲੋਟ ਬ੍ਰਾਂਚ ਦੇ ਸਕੱਤਰ ਰਾਮ ਕ੍ਰਿਸ਼ਨ ਸ਼ਰਮਾ ਨੇ ਪ੍ਰੈਸ ਦੇ ਨਾਮ ਜਾਰੀ ਪੱਤਰ ਵਿੱਚ ਦੱਸਿਆ ਕਿ ਭਾਰਤੀਯ ਜੀਵਨ ਬੀਮਾ ਨਿਗਮ ਮਲੋਟ ਬ੍ਰਾਂਚ ਦੇ ਸੀਨੀਅਰ ਮੈਨੇਜਰ ਬਸੰਤ ਬਲੱਭ ਦਾ ਰੁਟੀਨ ਤਬਾਦਲਾ ਹੋ ਗਿਆ ਹੈ ਅਤੇ ਉਨ੍ਹਾਂ ਦੀ ਥਾਂ ਨਵੇਂ ਬ੍ਰਾਂਚ ਮੈਨੇਜਰ ਅਨੁਰਾਗ ਨੇਹਰਾ ਚਾਰਜ ਸੰਭਾਲ ਲਿਆ ਹੈ।

ਲਾਈਫ ਇੰਨਸ਼ੋਰੈਂਸ ਏਜੰਟਸ ਫੈਡਰੇਸ਼ਨ ਆਫ਼ ਇੰਡੀਆ ਮਲੋਟ ਬ੍ਰਾਂਚ ਦੇ ਪ੍ਰਧਾਨ ਓਮ ਪ੍ਰਕਾਸ਼ ਖਿੱਚੀ ਦੀ ਅਗਵਾਈ ਹੇਠ ਜਿੱਥੇ ਬਸੰਤ ਬੱਲਭ ਨੂੰ ਗੁਲਦਸਤਾ ਭੇਟ ਕਰਕੇ ਵਿਦਾਇਗੀ ਦਿੱਤੀ ਗਈ ਉਥੇ ਹੀ ਨਵੇਂ ਬ੍ਰਾਂਚ ਮੈਨੇਜਰ ਅਨੁਰਾਗ ਨੈਹਰਾ ਨੂੰ ਵੀ ਗੁਲਦਸਤਾ ਭੇਟ ਕਰਕੇ ਜੀ ਆਇਆਂ ਨੂੰ ਕਿਹਾ ਗਿਆ। ਨਵੇਂ ਬ੍ਰਾਂਚ ਮੈਨੇਜਰ ਅਨੁਰਾਗ ਨੈਹਰਾ ਨੇ ਵੀ ਵਿਸ਼ਵਾਸ ਦਿੰਦਿਆਂ ਕਿਹਾ ਕਿ ਉਹ ਆਪਣੀ ਬ੍ਰਾਂਚ ਦੇ ਹਰ ਮੈਂਬਰ ਦੀ ਸਮਸਿਆ ਨੂੰ ਆਪਣੀ ਸਮਸਿਆ ਸਮਝ ਕੇ ਹਲ ਕਰਨਗੇ ਅਤੇ ਕਿਸੇ ਨੂੰ ਵੀ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਅਸੀਂ ਸਾਰੇ ਇਕ ਪ੍ਰੀਵਾਰ ਅਤੇ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਾਂਗੇ ਅਤੇ ਆਪਣੀ ਬ੍ਰਾਂਚ ਦੀ ਕਾਰਗੁਜ਼ਾਰੀ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਵਾਂਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਨਾਂ ਨਾਥ, ਲੋਕ ਨਾਥ , ਰਜਿੰਦਰ ਸਿੰਘ, ਜਗਸੀਰ ਸਿੰਘ , ਮਨੋਜ਼ ਕੁਮਾਰ, ਸੁਰਿੰਦਰ ਕੁਮਾਰ, ਅੰਗਰੇਜ਼ ਸਿੰਘ, ਅਮਰਜੀਤ ਸਿੰਘ, ਪ੍ਰਵੇਸ਼ ਕੁਮਾਰ, ਵਿਪੱਨ ਕੁਮਾਰ, ਰਿੰਕੂ ਕੁਮਾਰ ਆਦਿ ਹਾਜ਼ਰ ਹਨ।

# ਦ ਰੀਟੇਲ ਕਰਿਆਨਾ ਐਸੋਸੀਏਸ਼ਨ ਦੇ ਚੇਅਰਮੈਨ ਨੇ ਕੀਤੀ ਲੋਕਾਂ ਨੂੰ .ਗਲਤ ਅਫਵਾਹਾਂ ਤੋਂ ਬਚਣ ਦੀ ਅਪੀਲ

ਸੁਨਾਮ ਊਧਮ ਸਿੰਘ ਵਾਲਾ, 10 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਜਗਜੀਤ ਸਿੰਘ ਆਹੂਜਾ ਚੇਅਰਮੈਨ ਦੀ ਰਿਟੇਲ ਕਰਿਆਨਾ ਮਰਚੈਂਟ ਐਸੋਸੀਏਸ਼ਨ ਸੁਨਾਮ ਆਪਣੇ ਦੁਕਾਨਦਾਰਾਂ ਅਤੇ ਆਮ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਅਫਵਾਹਾਂ ਤੋਂ ਬਚੋ,ਲੋੜ ਤੋਂ ਵੱਧ ਆਪਣੇ ਘਰ ਦੇ ਵਿੱਚ ਰਾਸ਼ਨ ਸਟੋਰ ਨਾ ਕਰੋ ਕਿਉਂਕਿ ਅਜਿਹਾ ਕਰਨ ਨਾਲ ਮਾਰਕੀਟ ਦੇ ਵਿੱਚ ਖਾਣ ਪੀਣ ਤੇ ਸਮਾਨ ਦੀ ਕਿੱਲਤ ਹੋ ਜਾਂਦੀ ਹੈ ਅਤੇ ਮਹਿੰਗਾਈ ਚਰਨ ਸੀਮਾ ਤੇ ਪਹੁੰਚ ਜਾਂਦੀ ਹੈ ਫਿਰ ਵਪਾਰੀਆਂ ਨੂੰ ਮਾੜਾ ਚੰਗਾ ਕਿਹਾ ਜਾਂਦਾ ਹੈ, ਸਰਕਾਰ ਹਰ ਜਗਹਾ ਤੇ ਪਹੁੰਚ ਕੇ ਸਾਨੂੰ ਮਦਦ ਨਹੀਂ ਪਹੁੰਚਾ ਸਕਦੀ ਇਸ ਲਈ ਇੱਕ ਅੱਛਾ ਨਾਗਰਿਕ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਆਪਣੇ ਵਸੀਲਿਆਂ ਰਾਹੀਂ ਹਰ ਕਿਸੇ ਦੀ ਮਦਦ ਕਰੀਏ। ਕੋਈ ਵੀ ਦੁਕਾਨਦਾਰ ਰਾਸ਼ਨ ਤੇ ਰੇਟ ਤੋਂ ਜਿਆਦਾ ਵਸੂਲੀ ਨਾ ਕਰੇ ਅਤੇ ਲੋੜ ਤੋਂ ਵੱਧ ਸਟੋਰ ਨਾ ਕਰੇ ਹਥਰਾ ਤਫਰੀ ਦਾ ਮਾਹੌਲ ਬਣਿਆ



ਹੋਇਆ ਹੈ ਪਰ ਮਾਰਕੀਟ ਦੇ ਵਿੱਚ ਕਿਸੇ ਵੀ ਚੀਜ਼ ਦੀ ਕੋਈ ਕਮੀ ਨਹੀਂ ਹੈ, ਇਸ ਲਈ ਸਬਰ ਰੱਖੋ ਅਤੇ ਜਮਾ ਖੋਰੀ ਤੋਂ ਬਚੋ ਵਾਧੂ ਰੇਟ ਵਸੂਲੀ ਕਰਨਾ ਕਾਲਾ ਬਾਜ਼ਾਰੀ ਅਖਵਾਉਂਦਾ ਹੈ ਸੋ ਅਜਿਹਾ ਕਰਨਾ ਅਪਰਾਧ ਹੈ ਪ੍ਰਸ਼ਾਸਨ ਨੂੰ ਵੀ ਅਪੀਲ ਹੈ ਕਿ ਉਹ ਮਾਰਕੀਟ ਤੇ ਆਪਣੀ ਨਜ਼ਰ ਬਣਾ ਕੇ ਰੱਖੇ ਜੇਕਰ ਕਿਸੇ ਚੀਜ਼ ਦੀ ਘਾਟ ਹੁੰਦੀ ਹੈ ਤਾਂ ਉਸਨੂੰ ਤੁਰੰਤ ਪੂਰਾ ਕਰਵਾਉਣ ਦੇ ਵਿੱਚ ਸਹਾਇਤਾ ਪ੍ਰਦਾਨ ਕਰੇ ,ਸੁਨਾਮ ਦੀ ਰਿਟੇਲ ਕਰਿਆਨਾ ਮਰਚੈਂਟ ਐਸੋਸੀਏਸ਼ਨ ਦੇਸ਼ ਦੇ ਨਾਲ ਪ੍ਰਸ਼ਾਸਨ ਦੇ ਨਾਲ ਹਮੇਸ਼ਾ ਖੜੀ ਹੈ ਕਿਸੇ ਵੀ ਤਰਹਾਂ ਦੀ ਲੋੜ ਪੈਣ ਤੇ ਹਰ ਸੰਭਵ ਸਹਾਇਤਾ ਕਰਨ ਦੇ ਲਈ ਕਰਿਆਨਾ ਐਸੋਸੀਏਸ਼ਨ ਤਿਆਰ ਬਰ ਤਿਆਰ ਹੈ ਦੇਸ਼ ਦੇ ਉੱਪਰ ਜੋ ਇਹ ਜੰਗ ਹੋ ਰਹੀ ਹੈ ਉਸ ਦੇ ਲਈ ਆਪਣੇ ਆਪ ਨੂੰ ਸੁਰਕਸ਼ਿਤ ਕਰਨ ਕਰਨ ਲਈ ਉਪਾਏ ਕਰੋ ਅਤੇ ਸਮੇਂ ਸਿਰ ਆਪਣੇ ਘਰ ਜਾਓ ਦੁਕਾਨਾਂ ਬੰਦ ਕਰਨ ਦਾ ਸਮਾਂ ਸਰਕਾਰ ਵੱਲੋਂ ਤਾਂ ਕੋਈ ਹਾਲੇ ਤੈ ਨਹੀਂ ਕੀਤਾ ਪਰ ਅਪੀਲ ਹੈ ਕਿ ਜਿੰਨੀ ਜਲਦੀ ਹੋ ਸਕੇ ਤਕਰੀਬਨ 7 ਵਜੇ ਦੁਕਾਨਾਂ ਬੰਦ ਕਰਕੇ ਆਪਣੇ ਘਰ ਜਾਣ ਦਾ ਸਮਾਂ ਨਿਸ਼ਚਿਤ ਕਰੋ ਧੰਨਵਾਦ।

# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਸਮਾਜ ਸੇਵੀ ਕੰਮਾਂ ਵੱਲ ਆਕਰਸ਼ਿਤ ਕੀਤਾ ਜਾਵੇ: ਡੀ.ਐਸ.ਪੀ ਤਪਾ



ਤਪਾ ਮੰਡੀ, 10 ਮਈ(ਭੂਸ਼ਨ ਘੜੈਲਾ):ਪੰਜਾਬ ਸਰਕਾਰ ਵੱਲੋਂ ਪੁਲਸ ਦੇ ਸਹਿਯੋਗ ਨਾਲ ਚਲਾਈ ਯੁੱਧ ਨਸ਼ਿਆਂ ਖਿਲਾਫ ਮੁਹਿੰਮ ਨੂੰ ਜੜ੍ਹੋਂ ਖਤਮ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਨਸ਼ਿਆਂ ਨੂੰ ਵਧਾਵਾ ਦੇਣ ਵਾਲੇ ਕਿਸੇ ਵੀ ਅਨਸਰ ਨੂੰ ਬਖਸ਼ਿਆਂ ਨਹੀਂ ਜਾਵੇਗਾ। ਨਸ਼ੇ ਦਾ ਸਿਰਫ ਵਿਅਕਤੀ ਨੂੰ,ਸਗੋਂ ਸਾਰੇ ਸਮਾਜ ਨੂੰ ਖੋਖਲਾ ਕਰ ਦਿੰਦੇ ਹਨ,ਜਿਸ ਨਾਲ ਕੋਈ ਵੀ ਵਿਅਕਤੀ ਕਿਸੇ ਵਧੀਆ ਪ੍ਰਾਪਤੀ ਦੇ ਯੋਗ ਨਹੀਂ ਰਹਿੰਦਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਨੇ ਐਸ.ਐਸ.ਪੀ ਬਰਨਾਲਾ ਸ੍ਰੀ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾਂ-ਨਿਰਦੇਸ਼ਾਂ 'ਤੇ ਗੀਤਾ ਭਵਨ ਤਪਾ 'ਚ ਵਪਾਰੀਆਂ,ਧਾਰਮਿਕ,ਸਮਾਜਿਕ,ਰਾਜਨੈਤਿਕ ਅਤੇ ?ਆਮ ਲੋਕਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ ਗਏ।ਇਸ ਮੌਕੇ ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ ਤਾਂਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਸਮਾਜ ਸੇਵੀ ਕੰਮਾਂ ਵੱਲ ਆਕਰਸ਼ਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਨਸ਼ਾ ਵੇਚਦਾ ਜਾਂ ਕਰਦਾ ਮਿਲਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਇਸ ਮੌਕੇ ਡੀ.ਐਸ.ਪੀ ਤਪਾ ਵੱਲੋਂ ਮੌਜੂਦਾ ਹਾਲਤਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਵੀ ਸਮੀਖਿਆ ਕਰਨ ਤੋਂ ਇਲਾਵਾ ਲੋੜੀਦੀਆਂ ਹੋਰ ਜਰੂਰੀ ਵਸਤਾਂ ਦੀ ਮੌਜੂਦਗੀ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਅਫਵਾਹ ਤੋਂ ਬਚਿਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦਾ ਡਰ ਦਾ ਕੋਈ ਮਾਹੌਲ ਨਹੀਂ ਹੈ ਸਿਰਫ ਜਾਗਰੂਕ ਰਹਿਣ ਲਈ ਪੁਲਸ ਵੱਲੋਂ ਸਭਨਾਂ ਨੂੰ ਅਪੀਲ ਕੀਤੀ ਗਈ। ਉਨ੍ਹਾਂ ਇਹ ਵੀ ਬੇਨਤੀ ਵੀ ਕੀਤੀ ਕਿ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਨਿਯਮਾਂ ਦੀ ਸਮੇਂ-ਸਮੇਂ ਤੇ ਪਾਲਣਾ ਕੀਤੀ ਜਾਵੇ। ਅਤੇ ਵਿਆਹ ਸਾਦੀਆਂ ਅਤੇ ਖੁਸ਼ੀ ਦੇ ਸਮਾਗਮਾਂ 'ਚ ਵਜਾਏ ਜਾਂਦੇ ਪਟਾਕੇ ਅਤੇ ਡੀ.ਜੇ ਤੇ ਪੂਰਨ ਪਾਬੰਦੀ ਲਗਾਈ ਗਈ ਹੈ ਦੀ ਵੀ ਪਾਲਣਾ ਕੀਤੀ ਜਾਵੇ।ਇਸ ਮੀਟਿੰਗ 'ਚ ਨਗਰ ਕੌਂਸਲ ਤਪਾ ਦੇ ਪ੍ਰਧਾਨ ਸੋਨਿਕਾ ਬਾਂਸਲ ਦੇ ਪਤੀ ਡਾ.ਬਾਲ ਚੰਦ ਬਾਂਸਲ,ਮਹਾਂਕਾਂਵੜ ਸੰਘ ਦੇ ਪ੍ਰਧਾਨ ਤਰਲੋਚਨ ਬਾਂਸਲ,ਵਪਾਰ ਮੰਡਲ ਦੇ ਪ੍ਰਧਾਨ ਦੀਪਕ ਬਾਂਸਲ,ਅਗਰਵਾਲ ਸਭਾ ਦੇ ਪ੍ਰਧਾਨ ਮਦਨ ਲਾਲ ਗਰਗ,ਸੰਦੀਪ ਕੁਮਾਰ ਵਿੱਕੀ,ਸੋਮ ਨਾਥ ਸ਼ਰਮਾ,ਅਸ਼ਵਨੀ ਬਹਾਵਲਪੁਰੀਆ,ਵਿਪਨ ਗੁਪਤਾ,ਕੌਂਸਲਰ ਅਮਰਜੀਤ ਸਿੰਘ,ਗਰੀਸ ਕੁਮਾਰ ਗੋਸ਼ਾ,ਮਨੋਜ ਕੁਮਾਰ ਸਿੰਗਲਾ,ਮੁਨੀਸ਼ ਬਾਂਸਲ,ਪਵਨ ਕੁਮਾਰ ਅਰੋੜਾ,ਮੁਨੀਸ਼ ਬਹਾਵਲਪੁਰੀਆ,ਮੁਨੀਰ ਮਿੱਤਲ,ਸ਼ੁਸੀਲ ਕੁਮਾਰ ਸ਼ੀਲਾ,ਅੰਤੁਲ ਸਿੰਗਲਾ,ਮੰਗਤ ਰਾਏ ਮੰਡੀ ਮਜ਼ਦੂਰ ਯੂਨੀਅਨ ਪ੍ਰਧਾਨ,ਨਾਨਕ ਸਿੰਘ ਮੁਕਤੀ ਮੋਰਚਾ ਦੇ ਜਿਲਾ ਆਗੂ,ਸਰਪੰਚ ਕੁਲਵਿੰਦਰ ਕਿੰਦੀ ਢਿਲਵਾਂ,ਡਾ.ਸੱਤ ਪਾਲ ਗੋਇਲ,ਗੁਰਮੀਤ ਰੋੜ,ਰਾਜਿੰਦਰ ਮੌੜ,ਅਸ਼ੋਕ ਗੁਪਤਾ,ਅਸ਼ੋਕ ਮਿੱਤਲ,ਪਵਨ ਕੁਮਾਰ ਬਤਾਰਾ,ਰਵਿੰਦਰ ਕੁਮਾਰ ਬਾਂਸਲ,ਪ੍ਰਵੀਨ ਕੁਮਾਰ ਮਹਿਤਾ,ਰਾਹੁਲ ਕੁਮਾਰ ਭਾਗਾਂ, ਅਜੈਪਾਲ ਸੂਰੀਆ,ਨਰਿੰਦਰ ਧੋਲਾ,ਸੋਮ ਨਾਥ ਪੱਖੋ,ਪੰਡਿਤ ਕਾਲਾ ਰਾਮ ਤ੍ਰਿਪਾਠੀ ਆਦਿ ਵੱਡੀ ਗਿਣਤੀ 'ਚ ਮੰਡੀ ਨਿਵਾਸੀ ਹਾਜਰ ਸਨ।



# ਪਟਿਆਲਾ-ਆਸ/ਪਾਸ



ਮਾਮਲਾ ਸੜਕ ਹਾਦਸੇ 'ਚ ਮਾਰੇ ਗਏ ਮਾਸੂਮ ਬੱਚਿਆਂ ਦਾ

## ਇੱਕ ਹੋਰ ਮਾਸੂਮ ਬੱਚੇ ਦੀ ਇਲਾਜ ਦੌਰਾਨ ਮੌਤ, ਮ੍ਰਿਤਕ ਬੱਚਿਆਂ ਦੀ ਗਿਣਤੀ ਵੱਧ ਕੇ 6 ਹੋਈ

### ਸਰਕਾਰ ਵੱਲੋਂ ਮ੍ਰਿਤਕਾਂ ਨੂੰ ਦੋ-ਦੋ ਲੱਖ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ : ਜੌੜਾਮਾਜਰਾ



ਸਮਾਣਾ, 10 ਮਈ (ਵਿਜੇ ਕੁਮਾਰ) : ਸਮਾਣਾ-ਪਟਿਆਲਾ ਸੜਕ 'ਤੇ ਟਿੱਪਰ ਅਤੇ ਇਨੋਵਾ ਕਾਰ ਦਰਮਿਆਨ 7 ਮਈ ਨੂੰ ਹੋਈ ਟਕੱਰ 'ਚ ਇਨੋਵਾ ਚਾਲਕ ਅਤੇ ਪੰਜ ਮਾਸੂਮ ਬੱਚਿਆਂ ਦੀ ਮੌਤ ਤੋਂ ਇਲਾਵਾ ਇਲਾਜ ਅਧੀਨ ਜ਼ਖ਼ਮੀ ਬੱਚਿਆਂ ਵਿੱਚੋਂ ਅੰਸ਼ੂਮਨ ਬਾਂਸਲ (5) ਪੁੱਤਰ ਮੋਹਿਤ ਬਾਂਸਲ ਨਿਵਾਸੀ ਪ੍ਰਤਾਪ ਕਲੋਨੀ ਸਮਾਣਾ ਦੀ ਸ਼ਨੀਵਾਰ ਤੜਕ ਸਵੇਰ ਮੌਤ ਹੋ ਗਈ, ਜਿਸ ਨਾਲ ਇਸ ਹਾਦਸੇ 'ਚ ਮਾਰੇ ਗਏ ਮਾਸੂਮ ਬੱਚਿਆਂ ਦੀ ਗਿਣਤੀ ਵੱਧ ਕੇ 6 ਹੋ ਗਈ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਸ ਦੇ ਏ.ਐਸ.ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਸਮਾਣਾ 'ਚ ਮ੍ਰਿਤਕ ਅੰਸ਼ੂਮਨ ਬਾਂਸਲ ਦੇ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ,ਜਿਸ ਦਾ ਸਥਾਨਕ ਸਵਰਗ ਧਾਮ ਵਿਚ ਅੰਤਿਮ ਸਸਕਾਰ ਕਰ ਦਿੱਤਾ ਗਿਆ। ਵਰਨਣਯੋਗ ਹੈ ਕਿ 7 ਮਈ ਨੂੰ ਵਾਪਰੇ ਉਕਤ ਹਾਦਸੇ ਵਿਚ ਮਾਰੇ ਗਏ ਪੰਜ ਮਾਸੂਮ ਬੱਚਿਆਂ 'ਚ ਅੰਸ਼ੂਮਨ ਦੀ 8 ਸਾਲਾ ਭੈਣ ਸੈਜਲ ਵੀ ਸ਼ਾਮਲ ਸੀ। ਸਮਾਣਾ 'ਚ ਇਕ ਮਾਸੂਮ ਬੱਚੇ ਦੇ ਭੋਗ ਸਮਾਗਮ ਦੌਰਾਨ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮ੍ਰਿਤਕਾਂ ਦੇ ਪ੍ਰੀਵਾਰਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਵੇਗੀ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

## ਯੰਗ ਖਾਲਸਾ ਫਾਊਂਡੇਸ਼ਨ ਨੇ ਖਰਾਬ ਫਸਲਾਂ ਦਾ ਮੁਆਵਜ਼ਾ ਦਿੱਤਾ



ਪਟਿਆਲਾ, 10 ਮਈ (ਰੁਪਾਣਾ) : ਯੰਗ ਖਾਲਸਾ ਫਾਉਂਡੇਸ਼ਨ ਵੱਲੋਂ ਕਿਸਾਨਾਂ ਦੀਆ ਫਸਲਾਂ ਖਰਾਬ ਹੋਈਆਂ ਸੀ ਉਨ੍ਹਾਂ ਨੂੰ ਮੁਆਵਜ਼ੇ ਵੱਜੋ ਰਾਸ਼ੀ ਫਾਊਂਡੇਸ਼ਨ ਦੇ ਮੁੱਖ ਸੇਵਾਦਾਰ ਭਵਨਪੁਨੀਤ ਸਿੰਘ ਗੋਲੂ ਅਤੇ ਗੁਰਤੇਜ ਸਿੰਘ ਸਿੱਧੂ ਵੱਲੋਂ ਵੰਡੀ ਗਈ। ਫਾਊਂਡੇਸ਼ਨ ਵਲੋਂ ਸਮੇ-ਸਮੇ 'ਤੇ ਸਮਾਜ ਵਿੱਚ ਅੱਜ ਤੱਕ ਜਿਵੇਂ ਦੀਆਂ ਵੀ ਤ੍ਰਾਸਦੀਆਂ ਆਈਆਂ ਹਨ। ਉਨ੍ਹਾਂ ਵਿੱਚ ਵੀ ਫਾਉਂਡੇਸ਼ਨ ਨੇ ਹਿੱਸਾ ਲਿਆ ਹੈ। ਯੰਗ ਖ਼ਾਲਸਾ ਫਾਊਂਡੇਸ਼ਨ ਸਮਾਜ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਅਤੇ ਨੌਜਵਾਨਾਂ ਨੂੰ ਤੰਦੁਰਸਤ ਰਹਿਣ ਲਈ ਮੈਰੋਥਨ ਵੀ ਆਯੋਜਿਤ ਕਰਦੀ ਹੈ ਫਾਉਂਡੇਸ਼ਨ ਵੱਲੋਂ ਸਮਾਜ ਨੂੰ ਹਰਿਆ ਭਰਿਆ ਰੱਖਣ ਲਈ ਪੌਦਿਆਂ ਦਾ ਲੰਗਰ ਵੀ ਲਗਾਇਆ ਜਾਂਦਾ ਹੈ। ਖ਼ੂਨਦਾਨ ਕੈਂਪ ਵੀ ਲਗਾਇਆ ਜਾਂਦਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਸੇਠੀ, ਸਮਾਰਟੀ ਜਸਲੀਨ ਸਿੰਘ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ ਸਡਾਨਾ,ਪਰਮਿੰਦਰਬੀਰ ਸਿੰਘ, ਪਰਮਵੀਰ ਸਿੰਘ ਡੋਲਰ, ਪਰਮਜੋਤ ਸਿੰਘ, ਦਿਵਜੋਤ ਸਿੰਘ ਹਾਜ਼ਰ ਰਹੇ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 10 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਸੁਨੀਲ ਗੋਇਲ ਪੁੱਤਰ ਪ੍ਰੇਮ ਚੰਦ ਵਾਸੀ ਪਲੰਗ ਬਜਾਰ ਨੇੜੇ ਦਾਲ ਦਲੀਆ ਚੋਕ ਪਟਿਆਲਾ ਨੇ ਕਥਿਤ ਦੋਸ਼ੀਆਂ ਮੋਹਿਤ, ਵਿੱਕੀ, ਵਿਸ਼ੂ ਅਤੇ ਇਸ ਦਾ ਅਣਪਛਾਤਾ ਦੋਸਤ ਵਾਸੀ ਪਲੰਗ ਬਾਜ਼ਾਰ ਨੇੜੇ ਦਾਲ ਦਲੀਆ ਚੋਕ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਵਿਸ਼ੂ ਤੇ ਉਸਦਾ ਅਣਪਛਾਤਾ ਸਾਥੀ ਬੁਲਟ ਮੋਟਰਸਾਈਕਲ 'ਤੇ ਪਟਾਖੇ ਮਾਰਦੇ ਹੋਏ ਆਏ ਅਤੇ ਉਸ ਦੇ ਰੋਕਣ ਪਰ ਹੱਥੋਪਾਈ ਕਰਨ ਲੱਗ ਪਏ ਤਾਂ ਇੰਨੇ ਵਿੱਚ ਕਥਿਤ ਦੋਸ਼ੀ ਮੋਹਿਤ ਤੇ ਵਿੱਕੀ ਵੀ ਆ ਗਏ, ਜੋ ਕਥਿਤ ਦੋਸ਼ੀਆਂ ਨੇ ਰਲ ਕੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਤੇ ਛੁਡਾਉਣ ਆਏ ਉਸ ਦੇ ਲੜਕੇ ਅਮਿਤ ਗੋਇਲ ਦੀ ਵੀ ਕੁੱਟਮਾਰ ਕੀਤੀ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸ਼ਹੀਦ ਹਰਦਿਆਲ ਸਿੰਘ ਰਾਜਲਾ ਨੂੰ ਬਰਸੀ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ



ਸਮਾਣਾ, 10 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ ਕੁਲਾਰਾਂ): ਸੀਨੀਅਰ ਕਾਂਗਰਸੀ ਆਗੂ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ, ਜਰਨੈਲ ਸਿੰਘ ਢਿੱਲੋਂ ਅਤੇ ਐਸ.ਡੀ.ਐਮ. ਮਨਜੀਤ ਸਿੰਘ ਰਾਜਲਾ ਦੇ ਪਿਤਾ ਸ਼ਹੀਦ ਸਾਬਕਾ ਵਿਧਾਇਕ ਸਵ: ਹਰਦਿਆਲ ਸਿੰਘ ਰਾਜਲਾ ਦੀ 36ਵੀਂ ਸਲਾਨਾ ਬਰਸੀ ਗੁਰਦੁਆਰਾ ਸਾਹਿਬ ਈਸ਼ਰਸਰ ਬੱਸ ਅੱਡਾ ਢੈਂਠਲ ਵਿਖੇ ਮਨਾਈ ਗਈ, ਜਿਸ ਵਿਚ ਰਾਗੀ ਸਿੰਘਾਂ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਇਸ ਉਪਰੰਤ ਆਯੋਜਿਤ ਸਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ, ਸਾਬਕਾ ਮੰਤਰੀ ਲਾਲ ਸਿੰਘ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਦੀ ਜਾਨ ਨੂੰ ਬਚਾਉਂਦਿਆਂਹੋਇਆ ਹਰਦਿਆਲ ਸਿੰਘ ਰਾਜਲਾ ਨੇ ਆਪਣੀ ਸ਼ਹਾਦਤ ਦੇ ਦਿੱਤੀ। ਅਜਿਹੇ ਲੋਕਾਂ ਨੂੰ ਕੌਮ ਹਮੇਸ਼ਾ ਯਾਦ ਰੱਖਦੀ ਹੈ, ਜਿਸ ਦਾ ਇਹ ਵਿਸ਼ਾਲ ਇੱਕਠ ਦਸ ਰਿਹਾ ਹੈ। ਇਸ ਮੌਕੇ ਹਰਿੰਦਰਪਾਲ ਸਿੰਘ ਹੈਰੀਮਾਨ,ਚੇਅਰਮੈਨ ਹਰਚੰਦ ਸਿੰਘ ਬਰਸਟ, ਵਿਧਾਇਕ ਚੇਤਨ ਸਿੰਘ ਜੋੜਾਮਾਜਰਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜਰ, ਮਦਲ ਲਾਲ ਜਲਾਲਪੁਰ, ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਰਛਪਾਲ ਸਿੰਘ ਜੋੜਾਮਾਜਰਾ, ਅਮਰਜੀਤ ਸਿੰਘ ਪੰਜਰਥ, ਜਗਮੀਤ ਸਿੰਘ ਹਰਿਆਓ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਕਪੂਰ ਚੰਦ ਬਾਂਸਲ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸਾਬਕਾ ਪ੍ਰਧਾਨ ਜੀਵਨ ਗਰਗ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸਟੇਜ਼ ਸੈਕਟਰੀ ਦੀ ਜ਼ਿੰਮੇਵਾਰੀ ਐਸ.ਜੀ.ਪੀ.ਸੀ. ਮੈਂਬਰ ਸਤਵਿੰਦਰ ਸਿੰਘ ਟੋਹੜਾ ਨੇ ਨਿਭਾਈ।

## ਸਿਹਤ ਵਿਭਾਗ ਦੀਆਂ ਟੀਮਾਂ ਨੇ ਚਲਾਇਆ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ

### 86 ਥਾਂਵਾਂ ਉੱਪਰ ਮੱਛਰਾਂ ਦਾ ਲਾਰਵਾ ਪਾਏ ਜਾਣ 'ਤੇ ਕਰਵਾਇਆ ਨਸ਼ਟ : ਸਿਵਲ ਸਰਜਨ

ਪਟਿਆਲਾ, 10 ਮਈ (ਰੁਪਾਣਾ/ਦੀਪਕ ਜੈਦਕਾ): ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ ਤੌਰ 'ਤੇ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ , ਜਿਸ ਦੀ ਅਗਵਾਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕੀਤੀ। ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਲਾਰਵੇ ਦੀ ਜਾਂਚ ਲਈ ਲਾਰਵੇ ਦੇ ਹਾਟ-ਸਪਾਟ ਇਲਾਕਿਆਂ ਦੀ ਚੈਕਿੰਗ ਲਈ ਜ਼ਿਲ੍ਹੇ ਭਰ ਵਿੱਚ ਸਪੈਸ਼ਲ ਕੰਪੇਨ ਚਲਾਈ ਗਈ ਜਿਸ ਤਹਿਤ ਪਟਿਆਲਾ ਸ਼ਹਿਰ ਵਿੱਚ ਕੋਰਟ ਕੰਪਲੈਕਸ ,ਲਾਹੋਰੀ ਗੇਟ ,ਟੀ,ਬੀ ਹਾਸਪੀਟਲ ਰੋਡ,ਪ੍ਰੈਸ ਰੋਡ,ਰੇਲਵੇ ਸਟੇਸ਼ਨ ,ਜੁਝਾਰ ਨਗਰ,ਸੁਖਰਾਮ ਕਲੋਨੀ ,ਮਨਜੀਤ ਨਗਰ ਆਦਿ ਵਿੱਚ ਜਾ ਕੇ ਘਰਾਂ ਦੀ ਚੈਕਿੰਗ ਕੀਤੀ ਗਈ । ਇਸ ਮੌਕੇ ਘਰ-ਘਰ ਜਾ ਕੇ ਆਮ ਜਨਤਾ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਅਤੇ ਲੱਛਣ ਸਬੰਧੀ ਜਾਣਕਾਰੀ ਮੁੱਹਈਆ ਕਰਵਾਈ ਗਈ ਅਤੇ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ , ਜਿਨ੍ਹਾਂ ਘਰਾਂ ਅਤੇ ਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ, ਉਸ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ । ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਕਬਾੜ ਆਦਿ ਸਮਾਨ ਵਿੱਚ ਪਾਣੀ ਜਮਾਂ ਨਾ ਹੋਣ ਦਿਣ ਬਾਰੇ ਸਮਝਾਇਆ ਗਿਆ । ਇਸ ਅਭਿਆਨ ਵਿੱਚ ਟੀਮਾਂ ਦਾ ਨਿਰੀਖਣ ਸਿਵਲ ਸਰਜਨ ਸਮੇਤ ਜਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਕੀਤਾ ਗਿਆ। ਸਿਵਲ ਸਰਜਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ,ਪਾਣੀ ਦੀ ਨਿਕਾਸੀ ਕੀਤੀ ਜਾਵੇ। ਜ਼ਿਲ੍ਹਾ ਐਪੀਡੇਮਿਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜਿਲ੍ਹੇ ਭਰ ਦੇ 32350 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 50 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 96,686 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 86 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਲੋਕਾਂ ਨੂੰ ਰਿਪੈਲੈਂਟ ਵਰਤਣ ਦੀ ਸਲਾਹ ਵੀ ਦਿੱਤੀ । ਉਹਨਾਂ ਕਿਹਾ ਕਿ ਇਹ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ।



## ਪੰਜਾਬ ਸਰਕਾਰ ਹਰ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਤਿਆਰ : ਡਾ. ਬਲਬੀਰ ਸਿੰਘ

### ☛ਲੋਕ ਕਿਸੇ ਵੀ ਤਰ੍ਹਾਂ ਦੀ ਘਬਰਾਹਟ 'ਚ ਆ ਕੇ ਬੇਲੋੜੀ ਖ਼ਰੀਦੋ-ਫ਼ਰੋਖਤ ਨਾ ਕਰਨ : ਸਿਹਤ ਮੰਤਰੀ

ਜ਼ਰੂਰੀ ਵਸਤਾਂ ਸਬੰਧੀ ਐਸੋਸੀਏਸ਼ਨਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਅਹਿਮ ਬੈਠਕ



ਪਟਿਆਲਾ, 10 ਮਈ (ਗੁਰਮੁੱਖ ਰੁਪਾਣਾ/ਵਿਨੋਦ ਸ਼ਰਮਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਭਾਰਤ-ਪਾਕਿਸਤਾਨ ਦਰਮਿਆਨ ਤਣਾਅ ਦੇ ਮੱਦੇਨਜ਼ਰ ਪੈਦਾ ਹੋਏ ਹਾਲਾਤ ਨੂੰ ਦੇਖਦਿਆਂ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦਾ ਡਰੋਨ, ਮਿਜਾਇਲ ਜਾਂ ਬੰਬ ਵਰਗੀ ਵਸਤੂ ਦੇ ਨੇੜੇ ਨਾ ਜਾਣ ਤੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ, ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨ ਵਾਪਰੇ ਕਿਉਂਕਿ ਅਜਿਹੀਆਂ ਵਸਤਾਂ ਨਾਲ ਨਜਿੱਠਣਾ ਫ਼ੌਜ ਤੇ ਪੁਲਿਸ ਜਾਂ ਫਾਇਰ ਬ੍ਰਿਗੇਡ ਦਸਤਿਆਂ ਦਾ ਕੰਮ ਹੈ। ਅੱਜ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਤੇ ਜਰੂਰੀ ਵਸਤਾਂ ਸਬੰਧੀ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਬੈਠਕ ਕਰਦਿਆਂ ਸਿਹਤ ਮੰਤਰੀ ਨੇ ਰਾਜ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਲੋੜੀਂਦੀਆਂ ਸਾਰੀਆਂ ਵਸਤੂਆਂ ਦਾ ਵਾਧੂ ਸਟਾਕ ਉਪਲਬੱਧ ਹੈ, ਇਸ ਲਈ ਲੋਕ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਆਕੇ ਬੇਲੋੜੀ ਖ਼ਰੀਦੋ-ਫ਼ਰੋਖ਼ਤ ਤੋਂ ਗੁਰੇਜ਼ ਕਰਨ। ਲੋਕਾਂ ਨੂੰ ਅਪੀਲ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਕਰਨ ਤੋਂ ਪਹਿਲਾਂ ਇੱਕ ਵਾਰ ਪੁਸ਼ਟੀ ਕਰ ਲਈ ਜਾਵੇ ਅਤੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਵੀ ਯਕੀਨੀ ਬਣਾਈ ਜਾਵੇ। ਸਿਹਤ ਮੰਤਰੀ ਨੇ ਐਲ.ਪੀ.ਜੀ., ਪੈਟਰੋਲ-ਡੀਜ਼ਲ, ਫ਼ਲ, ਸਬਜ਼ੀਆਂ, ਕਰਿਆਨੇ ਦੀਆਂ ਵਸਤਾਂ, ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਨਾਲ ਸਬੰਧਤ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਕਿ ਬੇਲੋੜੀ ਜਮ੍ਹਾਂਖੋਰੀ ਤੇ ਕਾਲਾਬਾਜ਼ਾਰੀ ਤੋਂ ਬਚਿਆ ਜਾਵੇ ਅਤੇ ਲੋਕਾਂ ਨੂੰ ਸਮਝਾਇਆ ਜਾਵੇ ਕਿ ਕਿਸੇ ਵੀ ਵਸਤੂ ਦੀ ਕੋਈ ਤੋਟ ਨਹੀਂ ਹੈ, ਇਸ ਲਈ ਕਈ-ਕਈ ਮਹੀਨਿਆਂ ਲਈ ਸਮਾਨ ਦੀ ਵਾਧੂ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸਾਰੇ ਹਸਪਤਾਲਾਂ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਅਤੇ ਲਾਇਫ਼ ਸਪੋਰਟ ਸਾਜੋ-ਸਮਾਨ ਨਾਲ ਲੈਸ ਐਂਬੂਲੈਂਸਾਂ ਵੀ ਤਿਆਰ-ਬਰ-ਤਿਆਰ ਹਨ, ਜਿਸ ਲਈ ਲੋਕਾਂ ਨੂੰ ਕੋਈ ਘਬਰਾਹਟ ਵਿੱਚ ਆਉਣ ਦੀ ਲੋੜ ਨਹੀਂ ਹੈ। ਮੀਟਿੰਗ ਮੌਕੇ ਡਾਕਟਰਾਂ ਵਾਲਾ ਐਪਰਨ ਪਾ ਕੇ ਪੁੱਜੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਲੋਕ ਹਿੱਤ 'ਚ ਫੈਸਲਾ ਕੀਤਾ ਹੈ ਕਿ ਜੰਗ ਦੀ ਸੂਰਤ ਤੇ ਕਿਸੇ ਵੀ ਤਰ੍ਹਾਂ ਦੀ ਆਫ਼ਤ ਦੇ ਸ਼ਿਕਾਰ ਲੋਕਾਂ ਦਾ ਇਲਾਜ ਵੀ ਸਾਰੇ ਹਸਤਾਲਾਂ ਵਿੱਚ ਫ਼ਰਿਸ਼ਤੇ ਸਕੀਮ ਤਹਿਤ ਮੁਫ਼ਤ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜ ਭਰ 'ਚ ਖ਼ੂਨਦਾਨੀਆਂ ਦੀ ਸੂਚੀ ਤਿਆਰ ਕਰਨ ਸਮੇਤ ਹਰ ਤਰ੍ਹਾਂ ਦੀ ਮੈਡੀਕਲ ਸਥਿਤੀ ਨਾਲ ਨਜਿੱਠਣ ਲਈ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਪੂਰੀ ਤਰ੍ਹਾਂ ਤਿਆਰ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਪਟਿਆਲਾ ਸਮੇਤ ਪੂਰੇ ਰਾਜ ਭਰ 'ਚ ਨਰਸਿੰਗ, ਇੰਟਰਨਸ, ਪੈਰਾਮੈਡਿਕਸ, ਸਿਵਲ ਡਿਫੈਂਸ ਵਲੰਟੀਅਰਾਂ ਤੇ ਆਮ ਲੋਕਾਂ ਨੂੰ ਵੀ ਜੰਗ ਤੇ ਆਫ਼ਤ ਦੇ ਸਮੇਂ ਮੁਢਲੀ ਸਹਾਇਤਾ, ਤੇ ਇਮਾਰਤਾਂ 'ਚ ਫਸਿਆਂ ਨੂੰ ਕੱਢਣਾ, ਅੱਗ ਲੱਗਣ ਤੇ ਹੋਰ ਆਪਾਤਕਾਲੀਨ ਸਥਿਤੀ 'ਚ ਆਪਣੀ ਤੇ ਦੂਸਰਿਆਂ ਦੀ ਕਿਸ ਤਰ੍ਹਾਂ ਮਦਦ ਕਰਨੀ ਹੈ, ਬਾਰੇ ਸਿਖਲਾਈ ਦਿੱਤੀ ਜਾਵੇ। ਉਨ੍ਹਾਂ ਨੇ ਇਸ ਬਾਰੇ ਡਾਇਰੈਕਟਰ ਪ੍ਰਿੰਸੀਪਲ ਮੈਡੀਕਲ ਕਾਲਜ ਪਟਿਆਲਾ ਤੇ ਸਿਵਲ ਸਰਜਨ ਨੂੰ ਐਸ.ਓ.ਪੀ ਤਿਆਰ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਹੈ ਕਿ ਜੰਗ ਦੀ ਸੂਰਤ 'ਚ ਅਸੀਂ ਸਰਹੱਦਾਂ 'ਤੇ ਲੜਦੀ ਫ਼ੌਜ ਤੇ ਸਾਡੀ ਸੁਰੱਖਿਆ ਕਰਦੀ ਪੁਲਿਸ ਦਾ ਦਬਾਅ ਘਟਾ ਸਕੀਏ ਅਤੇ ਉਨ੍ਹਾਂ ਦਾ ਮਨੋਬਲ ਉਚਾ ਰਹੇ। ਮੀਟਿੰਗ 'ਚ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹਰ ਤਰ੍ਹਾਂ ਦੇ ਪ੍ਰਬੰਧ ਪੁਖ਼ਤਾ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਏ.ਡੀ.ਸੀ. ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਐਮਰਜੈਂਸੀ ਸਥਿਤੀ ਨਾਨ ਸਿੱਝਣ ਲਈ ਸਾਰੀਆਂ ਟੀਮਾਂ ਤਿਆਰ ਬਰ ਤਿਆਰ ਹਨ। ਮੀਟਿੰਗ ਮੌਕੇ ਸਾਰੀਆਂ ਲੋੜੀਂਦੀਆਂ ਵਸਤਾਂ ਨਾਲ ਸਬੰਧਤ ਐਸੋਸੀਏਸ਼ਨਾਂ ਦੇ ਨੁਮਾਇੰਦੇ, ਸਾਰੇ ਐਸ.ਡੀ.ਐਮਜ, ਸਿਹਤ ਤੇ ਮੈਡੀਕਲ ਸਿੱਖਿਆ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



ਸਮਾਣਾ, 10 ਮਈ (ਵਿਜੇ ਕੁਮਾਰ) : ਪੈਨਸ਼ਨਰ ਐਸੋਸੀਏਸ਼ਨ (ਪਾਵਰਕਾਮ) ਵੰਡ ਮੰਡਲ ਯੂਨਿਟ ਸਮਾਣਾ ਦੀ ਮਹੀਨਾਵਾਰ ਮੀਟਿੰਗ ਸੋਹਨ ਸਿੰਘ ਵਿਰਕ ਦੀ ਪ੍ਰਧਾਨਗੀ 'ਚ ਹੋਈ, ਜਿਸ ਵਿਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸੰਬਧੀ ਵਿਚਾਰ ਵੰਟਾਦਰਾਂ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਸੋਹਨ ਸਿੰਘ ਵਿਰਕ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾਂ ਦੇਣ ਤੇ ਸਖਤ ਸ਼ਬਦਾਂ 'ਚ ਨਿਖੇਦੀ ਕੀਤੀ। ਉਨ੍ਹਾਂ ਸਮੂਹ ਪੈਨਸਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ-ਆਪਣਾ ਲਾਈਫ ਸਰਟੀਫਿਕੇਟ ਦਫਤਰ 'ਚ ਜਮਾਂ ਕਰਵਾਉਣ ਤਾਂ ਜੋ ਉਨ੍ਹਾਂ ਨੂੰ ਪੈਨਸ਼ਨ ਲੈਣ ਵਿਚ ਕੋਈ ਦਿੱਕਤ ਨਾ ਆਵੇ। ਇਸ ਮੌਕੇ ਨਰੈਣ ਦਾਸ, ਹੰਸ ਰਾਜ ਕਲਿਆਣ ਆਦਿ ਨੇ ਵੀ ਸੰਬੋਧਨ ਕੀਤਾ। ਮੀਟਿੰਗ ਵਿਚ ਜਿਨ੍ਹਾਂ ਸਾਥੀਆਂ ਦੇ ਜਨਮ ਦਿਨ ਅਪ੍ਰੈਲ ਮਹੀਨੇ ਵਿਚ ਪੈਂਦੇ ਹਨ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਰਨੈਲ ਸਿੰਘ, ਬਚਿੱਤਰ ਸਿੰਘ, ਮਨਜੀਤ ਸਿੰਘ, ਸਰੂਪ ਸਿੰਘ, ਕਰਨੈਲ ਸਿੰਘ, ਗੁਰਮੇਜ਼ ਸਿੰਘ, ਬਲਬੀਰ ਸਿੰਘ, ਜੋਗਿੰਦਰ ਸਿੰਘ, ਅਮਰੀਕ ਸਿੰਘ ਤੋਂ ਇਲਾਵਾ ਹੋਰ ਵੀ ਪੈਨਸ਼ਨਰ ਸ਼ਾਮਲ ਸਨ।

## ਜ਼ਿਲ੍ਹਾ ਮਲੇਰਕੋਟਲਾ 'ਚ ਡੇਂਗੂ 'ਤੇ ਕਾਬੂ ਪਾਉਣ ਲਈ ਮੁਹਿੰਮ ਸ਼ੁਰੂ

### ਹਲਕਾ ਵਿਧਾਇਕ ਨੇ ਹਰੀ ਝੰਡੀ ਦੇ ਕੇ ਟੀਮਾਂ ਨੂੰ ਕੀਤਾ ਰਵਾਨਾ



ਮਲੇਰਕੋਟਲਾ, 10 ਮਈ (ਚ.ਨ.ਸ.) : ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਤੋਂ ਬਚਾਅ ਦੇ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੀ ਅਗਵਾਈ ਅਤੇ ਜਿਲ੍ਹਾ ਐਪੀਡੀਮਾਲੋਜਿਸਟ ਡਾ. ਰਮਨਦੀਪ ਕੌਰ ਤੇ ਡਾ.ਮੁਨੀਰ ਮੁਹੰਮਦ ਦੀ ਨਿਗਰਾਨੀ ਹੇਠ ਮੁਹਿੰਮ ਨੂੰ ਸ਼ੁਰੂ ਕੀਤਾ ਗਿਆ । ਜ਼ਿਲ੍ਹੇ ਭਰ ਦੀਆਂ ਦਰਜਨਾ ਟੀਮਾਂ ਨੂੰ ਹਲਕਾ ਵਿਧਾਇਕ ਡਾ. ਜਮੀਲ ਉਰ ਰਹਿਮਾਨ ਵੱਲੋਂ ਹਰੀ ਝੰਡੀ ਦੇ ਰਵਾਨਾ ਕੀਤਾ ਗਿਆ, ਇਸ ਮੌਕੇ ਹਲਕਾ ਵਿਧਾਇਕ ਡਾ ਜਮੀਲ ਨੇ ਕਿਹਾ ਕਿ ਐਨ. ਵੀ. ਬੀ. ਡੀ. ਸੀ. ਪੀ ਪ੍ਰੋਗਰਾਮ ਅਧੀਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਡੇਂਗੂ ਤੋਂ ਬਚਾਅ ਲਈ ਗਤੀਵਿਧੀਆਂ ਤੇਜ ਕਰ ਦਿੱਤੀਆਂ ਗਈਆ ਹਨ, ਉਹਨਾਂ ਅੱਗੇ ਕਿਹਾ ਕੇ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਨੂੰ ਵਿਸ਼ੇਸ਼ ਤੌਰ ਡਰਾਈ ਡੇਅ ਵੱਜੋਂ ਮਨਾਇਆ ਜਾਂਦਾ ਹੈ ਤੇ ਟੀਮਾਂ ਘਰ ਘਰ ਸਮੇਤ ਜਿਆਦਾ ਖਤਰੇ ਵਾਲੀਆਂ ਥਾਵਾਂ ਤੇ ਲਾਰਵੇ ਦਾ ਨਰੀਖਣ ਕਰਨ ਜਾਂਦੀਆਂ ਹਨ ਉਹਨਾਂ ਕਿਹਾ ਕੇ ਅਗਾਮੀ ਮਹੀਨਿਆਂ ਦੇ ਵਿੱਚ ਡੇਂਗੂ ਦੇ ਕੇਸ ਵਧਣ ਦੇ ਅਸਾਰ ਹੁੰਦੇ ਹਨ ਇਸ ਲਈ ਸਮੂਹ ਸਿਹਤ ਕਾਮਿਆਂ ਵੱਲੋਂ ਡੇਂਗੂ ਤੋਂ ਬਚਾਅ ਲਈ ਕੰਮ ਤੇਜ ਕੀਤਾ ਗਿਆ ਹੈ, ਉਹਨਾਂ ਕਿਹਾ ਕੇ ਘਰਾਂ, ਦਫਤਰਾਂ ਵਿੱਚ ਕਿਸੇ ਵੀ ਥਾਂ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ ਅਤੇ ਮੱਛਰ ਤੇ ਕੱਟਣ ਤੋਂ ਬਚਾਅ ਕੀਤਾ ਜਾਵੇ,ਇਸ ਮੌਕੇ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਕਿਹਾ ਕੇ ਲੋਕ ਡੇਂਗੂ ਤੋਂ ਬਚਾਅ ਲਈ ਸਿਹਤ ਕਰਮਚਾਰੀਆਂ ਵੱਲੋਂ ਦੱਸੀਆਂ ਜਾਂਦੀਆਂ ਸਾਵਧਾਨੀਆਂ ਤੇ ਅਮਲ ਕਰਨ ਤਾਂ ਜੋ ਜਿਲ੍ਹੇ ਵਿੱਚ ਪੂਰੀ ਤਰ੍ਹਾਂ ਡੇਂਗੂ ਤੋਂ ਬਚਾਅ ਕੀਤਾ ਜਾ ਸਕੇ, ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ,ਡੀ. ਐਚ. ਓ ਡਾ. ਪੁਨੀਤ ਸਿੱਧੂ, ਵਿਧਾਇਕ ਦੇ ਪੀ.ਏ ਗੁਰਮੁਖ ਸਿੰਘ, ਬਲਾਕ ਪ੍ਰਧਾਨ ਅਬਦੁਲ ਹਲੀਮ , ਬਲਾਕ ਸੋਸ਼ਲ ਮੀਡੀਆ ਇਨਚਾਰਜ ਯਾਸਰ ਅਰਫਾਤ, ਯਾਸੀਨ ਨੇਸਤੀ, ਐਸ. ਐਮ. ਓ ਸੁਖਵਿੰਦਰ ਸਿੰਘ,ਮਾਸ ਮੀਡੀਆ ਵਿੰਗ ਤੋਂ ਰਣਵੀਰ ਸਿੰਘ ਢੰਡੇ ਮੁਹੰਮਦ ਰਾਸ਼ਿਦ, ਗੁਰਪ੍ਰੀਤ ਸਿੰਘ ਵਾਲੀਆਂ, ਵਿਕਰਮ ਸਿੰਘ ਸਮੇਤ ਜ਼ਿਲ੍ਹੇ ਭਰ ਦੇ ਮਲਟੀਪਰਪਜ ਸਿਹਤ ਕਾਮੇ ਹਾਜ਼ਰ ਸਨ ।

## ਸਿਵਲ ਡਿਫੈਂਸ, ਫ਼ਸਟ ਏਡ ਤੇ ਸੀ. ਪੀ.ਆਰ. ਟ੍ਰੇਨਿੰਗ ਕਰਵਾਈ



ਪਟਿਆਲਾ, 10 ਮਈ (ਚ.ਨ.ਸ.) : ਡਿਪਟੀ ਕਮਿਸ਼ਨਰ ਪਟਿਆਲਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜ਼ਿਲ੍ਹਾ ਕਮਾਂਡਰ ਗੁਰਲਵਦੀਪ ਸਿੰਘ ਦੀ ਅਗਵਾਈ ਹੇਠ, ਜ਼ਿਲ੍ਹੇ ਦੇ ਵਿਦਿਆਰਥੀਆਂ, ਨਾਗਰਿਕਾਂ ਅਤੇ ਕਰਮਚਾਰੀਆਂ ਨੂੰ ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ, ਜੰਗਾਂ ਦੌਰਾਨ ਗੈਸਾਂ ਧੂੰਏਂ ਤੋਂ ਬਚਣ ਅਤੇ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗ ਜੰਗੀ ਪੱਧਰ ਤੇ ਦਿੱਤੀ ਜਾ ਰਹੀ ਹੈ। ਇਸੇ ਸਬੰਧ ਵਿੱਚ ਪੰਜਾਬ ਪੁਲਿਸ ਕਮਾਂਡੋ ਟ੍ਰੇਨਿੰਗ ਸੈਂਟਰ ਬਹਾਦਰਗੜ੍ਹ ਵਿਖੇ 100 ਦੇ ਕਰੀਬ ਕਮਾਂਡੋ ਨੂੰ ਟ੍ਰੇਨਿੰਗ ਦੇਣ ਹਿੱਤ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਅਤੇ ਪਲਾਟੂਨ ਕਮਾਂਡਰ ਤਰਵਿੰਦਰ ਸਿੰਘ ਪਹੁੰਚੇ। ਕਮਾਂਡੋ ਨੂੰ ਦਸਿਆ ਗਿਆ ਕਿ ਹਾਦਸਿਆਂ ਦੁਰਘਟਨਾਵਾਂ ਅਤੇ ਦੌਰੇ ਆਦਿ ਪੈਣ ਤੇ ਸਾਹ ਕਿਰਿਆ ਦਿਲ ਦੀ ਧੜਕਣ ਦੇ ਬੰਦ ਹੋਣ, ਦਿਮਾਗ ਨੂੰ ਕੁੱਝ ਮਿੰਟ ਆਕਸੀਜਨ ਗੁਲੂਕੋਜ਼ ਦੀ ਸਪਲਾਈ ਬੰਦ ਹੋਣ ਅਤੇ ਵੱਧ ਖ਼ੂਨ ਨਿਕਲਣ ਗਲੇ ਵਿੱਚ ਬਾਹਰੀ ਚੀਜ਼ ਦੇ ਫਸਣ ਕਾਰਨ, ਪੀੜਤਾਂ ਦੀ ਕੁੱਝ ਮਿੰਟਾਂ ਵਿੱਚ ਮੌਤਾਂ ਹੋ ਜਾਂਦੀਆਂ ਹਨ। ਡੀ.ਐਸ.ਪੀ. ਹਰਦੀਪ ਸਿੰਘ ਬਡੂੰਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਐਮਰਜੈਂਸੀ ਆਵਾਜਾਈ ਹਾਦਸਿਆਂ, ਜੰਗਾਂ ਮਹਾਂਮਾਰੀਆਂ ਅਤੇ ਆਪਦਾਵਾਂ ਸਮੇਂ ਕੀਮਤੀ ਜਾਨਾਂ ਬਚਾਉਣ ਲਈ ਘਟਨਾਵਾਂ ਵਾਲੀਆਂ ਥਾਵਾਂ 'ਤੇ ਤੁਰੰਤ ਦਿੱਤੀ ਫਸਟ ਏਡ, ਸੀ ਪੀ ਆਰ ਅਤੇ ਸਬੰਧਤ ਵਿਧੀਆਂ ਹੀ ਮਦਦਗਾਰ ਸਾਬਿਤ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਕਾਕਾ ਰਾਮ ਵਰਮਾ, ਜੋ ਸੀਨੀਅਰ ਸਿਟੀਜਨ ਹੁੰਦੇ ਹੋਏ ਵੀ ਨਿਸ਼ਕਾਮ ਸੇਵਾ ਭਾਵਨਾ ਨਾਲ ਪਿਛਲੇ 45 ਸਾਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ ਐਸ ਐਸ ਵੰਲਟੀਅਰਾਂ, ਐਨ.ਸੀ.ਸੀ. ਕੇਡਿਟਸ ਨੂੰ ਟ੍ਰੇਨਿੰਗ ਦੇ ਰਹੇ ਹਨ।

## ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋ: ਦੀ ਮੀਟਿੰਗ



ਪਟਿਆਲਾ, 10 ਮਈ (ਚ.ਨ.ਸ.) : ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਪਟਿਆਲਾ ਡਿਪੂ ਦੀ ਮੀਟਿੰਗ ਹੋਈ, ਜਿਸ ਵਿੱਚ ਅਜੋਕੇ ਹਾਲਾਤ ਅਤੇ ਦੇਸ਼ ਦੀ ਮੌਜੂਦਾ ਸਥਿਤੀ ਤੇ ਵਿਚਾਰ ਕੀਤੀ ਗਈ ਅਤੇ ਸੁਰੱਖਿਆ ਕਰਮਚਾਰੀਆਂ ਦੀ ਚੜ੍ਹਦੀਕਲਾ ਲਈ ਮਤਾ ਪਾਸ ਕੀਤਾ ਅਤੇ ਦੇਸ਼ ਪ੍ਰਤੀ ਆਪਣੀ ਪੂਰੀ ਪ੍ਰਤੀਵੱਧਤਾ ਜ਼ਾਹਰ ਕੀਤੀ। ਮੌਜੂਦਾ ਸੁਰੱਖਿਆ ਹਾਲਾਤਾਂ ਅਤੇ ਹੰਗਾਮੀ ਪੁਜ਼ੀਸ਼ਨ ਨੂੰ ਮੁੱਖ ਰੱਖਦੇ ਹੋਏ ਮਿਤੀ 12-5-2025 ਨੂੰ ਹੋਣ ਵਾਲੀ ਮਹੀਨਾਵਾਰ ਮੀਟਿੰਗ ਰੱਦ ਕਰ ਦਿੱਤੀ ਹੈ। ਅੱਜ ਦੀ ਮੀਟਿੰਗ ਵਿੱਚ ਸਰਵ ਜੋਗਿੰਦਰ ਸਿੰਘ ਪ੍ਰਧਾਨ, ਸ਼ਿਵ ਕੁਮਾਰ, ਬਲਵੰਤ ਸਿੰਘ ਖਜਾਨਚੀ, ਬਖਸ਼ੀਸ਼ ਸਿੰਘ ਦਫਤਰ ਸਕੱਤਰ, ਅਸ਼ੋਕ ਕੁਮਾਰ ਸ਼ਰਮਾ, ਸੰਤ ਰਾਮ, ਰਮੇਸ਼ ਸ਼ਰਮਾ, ਸੁਖਦੇਵ ਸਿੰਘ ਭੁਪਾ, ਵੀਰ ਸਿੰਘ, ਤਰਲੋਕ ਸਿੰਘ ਅਤੇ ਜਰਨੈਲ ਸਿੰਘ ਹਾਜਰ ਸਨ। ਇਸ ਮੀਟਿੰਗ ਵਿੱਚ ਦੇਸ਼ ਕੌਮ ਅਤੇ ਸੈਨਿਕਾਂ ਪ੍ਰਤੀ ਆਪਣੀ ਪ੍ਰਤੀ ਵੱਧਤਾ ਜ਼ਾਹਰ ਕਰਦੇ ਹੋਏ ਆਪਣੀ ਪੂਰੀ ਮਦਦ ਦਾ ਭਰੋਸਾ ਦਿੰਦੇ ਹੋਏ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਕੀਤੀ।

## ਭਾਰਤ-ਪਾਕਿਸਤਾਨ ਦੇ ਜੰਗੀ ਹਾਲਾਤਾਂ ਨੂੰ ਵੇਖਦਿਆਂ ਪਬਲਿਕ ਨੂੰ ਫਸਟ ਏਡ ਦੀ ਟ੍ਰੇਨਿੰਗ ਦੇਣ ਦੀ ਸ਼ੁਰੂਆਤ ਕਰਨੀ ਸ਼ਲਾਘਾਯੋਗ : ਸ਼ਿਵ ਦੁਲਾਰ ਸਿੰਘ ਢਿੱਲੋਂ



ਪਟਿਆਲਾ, 10 ਮਈ (ਚ.ਨ.ਸ.) : ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ ਵੱਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਸਟੇਟ ਬ੍ਰਾਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਰਿਟਾਇਰ ਆਈ.ਏ.ਐਸ ਦੀ ਸਰਪ੍ਰਸਤੀ ਹੇਠ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਭਾਰਤ ਅਤੇ ਪਾਕਿਸਤਾਨ ਦੇ ਦਰਮਿਆਨ ਜੰਗ ਦੇ ਹਾਲਾਤਾਂ ਨੂੰ ਵੇਖਦਿਆਂ ਪਬਲਿਕ ਅਤੇ ਨੌਜਵਾਨਾਂ ਨੂੰ ਫਸਟ ਏਡ ਦੀ ਟ੍ਰੇਨਿੰਗ ਦੇਣ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਮੁੱਖ ਮਹਿਮਾਨ ਸ਼ਿਵਦੁਲਾਰ ਸਿੰਘ ਢਿੱਲੋਂ ਰਿਟਾਇਰ ਆਈ ਏ ਐਸ ਸਕੱਤਰ ਇੰਡੀਅਨ ਰੈਡ ਕਰਾਸ ਸੁਸਾਇਟੀ ਸਟੇਟ ਬ੍ਰਾਚ ਚੰਡੀਗੜ੍ਹ ਨੇ ਸ਼ਿਰਕਤ ਕੀਤੀ, ਵਿਸ਼ੇਸ਼ ਤੌਰ 'ਤੇ ਏ ਐਸ ਆਈ ਜਗਵਿੰਦਰ ਸਿੰਘ ਬੁੱਟਰ ਇੰਚਾਰਜ ਸਿਟੀ-2 ਟ੍ਰੈਫਿਕ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਡਾ. ਚਾਰੂ ਗੌਤਮ, ਕੌਸਲਰ ਪਰਮਿੰਦਰ ਵਰਮਾ, ਕੌਸਲਰ ਰਣਜੀਤ ਕੌਰ, ਕੌਂਸਲਰ ਜਸਪ੍ਰੀਤ ਸਿੰਘ, ਕੌਸਲਰ ਦੀਦਾਰ ਸਿੰਘ, ਏਂ ਐਸ ਆਈ ਪ੍ਰੇਮ ਸਿੰਘ, ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਕਿਹਾ ਕਿ ਇੰਡੀਅਨ ਰੈਡ ਕਰਾਸ ਸੁਸਾਇਟੀ ਜਿੱਥੇ ਪੰਜਾਬ ਵਿੱਚ ਫ਼ਸਟ ਏਡ ਸੀ ਪੀ ਆਰ ਟਰੇਨਿੰਗ ਦੇ ਕੇ ਪਬਲਿਕ ਅਤੇ ਨੌਜਵਾਨਾਂ ਨੂੰ ਨਵਾਂ ਜੀਵਨ ਪ੍ਰਦਾਨ ਕੀਤੇ ਜਾ ਰਹੇ ਹਨ। ਉਥੇ ਹੀ ਭਾਰਤ ਅਤੇ ਪਾਕਿਸਤਾਨ ਦੇ ਜੰਗੀ ਹਾਲਾਤਾਂ ਨੂੰ ਵੇਖਦਿਆਂ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਵੱਲੋਂ ਨੌਜਵਾਨਾਂ ਨੂੰ ਫਸਟ ਏਡ ਦੀ ਮੁੱਢਲੀ ਸਹਾਇਤਾ ਦੇਣ ਲਈ ਲੜੀਵਾਰ ਟ੍ਰੇਨਿੰਗ ਦੀ ਸ਼ੁਰੂਆਤ ਕਰਨੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਹਨਾਂ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ, ਪਿੰਡਾਂ ਦੇ ਵਿੱਚ ਜਾ ਕੇ ਨੌਜਵਾਨਾਂ ਅਤੇ ਪਬਲਿਕ ਨੂੰ ਜੰਗ ਦੇ ਦੌਰਾਨ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦੇਣ ਲਈ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਉਹਨਾਂ ਦੀ ਟੀਮ ਰੈਡ ਕਰਾਸ ਵੱਲੋਂ ਫਸਟ ਏਡ ਦੀ ਟ੍ਰੇਨਿੰਗ ਪ੍ਰਾਪਤ ਹੈ ਅਤੇ ਪਬਲਿਕ ਨੂੰ ਵੱਖ ਵੱਖ ਥਾਵਾਂ ਉਪਰ ਜਾ ਕੇ ਫਸਟ ਏਡ ਦੀ ਟਰੇਨਿੰਗ ਦਿੱਤੀ ਜਾਵੇਗੀ, ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸਮਾਜ ਸੇਵੀ ਸੰਸਥਾਵਾਂ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੈਡ ਕਰਾਸ ਨਾਲ ਜੁੜਨ ਲਈ ਜਾਗਰੂਕ ਕੀਤਾ। ਇਸ ਪੰਜਾਬ ਰੈਡ ਕਰਾਸ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ ਦੇ ਸਮੁੱਚੇ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ।

## ਵੱਖ-ਵੱਖ ਥਾਵਾਂ ਤੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 10 ਮਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਜੈ ਕੁਮਾਰ ਵਾਸੀ ਗਲੀ ਨੰ. 03 ਗੁਰੂ ਨਾਨਕ ਨਗਰ ਬਡੂੰਗਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਭਾਰਤ ਭੂਸ਼ਣ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੰਨਚੰਦਾ ਸਵੀਟਸ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 18 ਗ੍ਰਾਮ ਚਿੱਟਾ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਲਾਹੋਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੋਨੂੰ ਸ਼ਰਮਾ ਵਾਸੀ ਨਿਊ ਸੂਲਰ ਪਟਿਆਲਾ ਹਾਲ ਵਾਸੀ ਕੁਆਟਰ ਨੰ. 142 ਵਾਈ.ਪੀ.ਐਸ. ਸਕੂਲ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਵੀਰ ਹਕੀਕਤ ਰਾਏ ਸਕੂਲ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 11 ਗ੍ਰਾਮ ਚਿੱਟੇ ਰੰਗ ਦਾ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਦੋ ਕਿੱਲੋ ਗਾਂਜਾ ਬ੍ਰਾਮਦ

ਘਨੌਰ, 10 ਮਈ (ਮਦਨ ਲਾਲ) : ਥਾਣਾ ਸਿਟੀ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀ ਮਹਿਲਾ ਨਾਨਕੀ ਦੇਵੀ ਪਤਨੀ ਵਿਜੇ ਮੰਡਲ ਵਾਸੀ ਪ੍ਰਿੰਡ ਨਵਾਬ ਗੰਜ ਥਾਣਾ ਗੁਰਸੇਲਾ ਜਿਲਾ ਕਟਿਆਰ ਬਿਹਾਰ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਨਿਸ਼ਾਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਿਜਲੀ ਬੋਰਡ ਰਾਜਪੁਰਾ ਮੌਜੂਦ ਸੀ, ਜੋ ਕਥਿਤ ਦੋਸ਼ੀ ਮਹਿਲਾ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ 2 ਕਿਲੋ ਗਾਂਜਾ ਬ੍ਰਾਮਦ ਹੋਇਆ।



# ਪਟਿਆਲਾ-ਆਸ/ਪਾਸ



# ਸਿੱਖਾਂ ਨੂੰ ਆਪਣੇ ਹੱਕ ਲੈਣ ਲਈ ਇੱਕ ਝੰਡੇ ਹੇਠ ਇਕੱਠੇ ਹੋਣ ਦੀ ਲੋੜ : ਬਾਪੂ ਤਰਸੇਮ ਸਿੰਘ

### ➢ਅਕਾਲੀ ਦਲ ਵਾਰਿਸ ਪੰਜਾਬ ਨੇ ਆਪਣਾ ਪਹਿਲਾ ਦਫਤਰ ਪਿੰਡ ਬਾਰਨ ਵਿਖੇ ਖੋਲ੍ਹਿਆ

### ➢ਪੁੰਛ ਖੇਤਰ 'ਚ ਮਾਰੇ ਗਏ ਸਿੱਖਾਂ ਅਤੇ ਗੁਰਦੁਆਰਾ ਸਾਹਿਬ 'ਤੇ ਕੀਤੇ ਹਮਲੇ ਦੀ ਨਿੰਦਾ



ਪਟਿਆਲਾ 10 ਮਈ (ਰੁਪਾਣਾ): ਪਟਿਆਲਾ ਦਿਹਾਤੀ ਅਧੀਨ ਪੈਂਦੇ ਪਿੰਡ ਬਾਰਨ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਵੱਲੋਂ ਆਪਣਾ ਪਹਿਲਾ ਦਫਤਰ ਖੋਲ੍ਹਿਆ ਗਿਆ, ਜਿਸ ਉਦਘਾਟਨ ਕਰਨ ਲਈ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਉਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਾਰਟੀ ਦੇ ਮੈਂਬਰਾਂ ਨਵੇਂ ਦਫਤਰ ਦੀ ਵਧਾਈ ਦਿੱਤੀ ਤੇ ਸੰਬੋਧਨ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਹ ਪਹਿਲਾ ਦਫਤਰ ਖੋਲ੍ਹਿਆ ਗਿਆ ਹੈ ਜਿੱਥੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ ਅਤੇ ਪਾਰਟੀ ਵਰਕਰ ਉਹਨਾਂ ਨੂੰ ਹੱਲ ਕਰਵਾਉਣ ਵਿੱਚ ਆਪਣਾ ਪੂਰਾ ਯੋਗਦਾਨ ਪਾਉਣਗੇ। ਇਸ ਮੌਕੇ ਉਹਨਾਂ ਨਾਲ ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ ਅਤੇ ਪਾਰਟੀ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਡਰੋਲੀ ਵੀ ਹਾਜ਼ਰ ਸਨ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਅੱਜ ਸਿੱਖਾਂ ਨੂੰ ਇੱਕ ਜੁੱਟ ਹੋਣ ਦੀ ਲੋੜ ਹੈ ਤਾਂ ਜੋ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਲੋਕਾਂ ਨੂੰ ਸਬਕ ਸਿਖਾਇਆ ਜਾ ਸਕੇ। ਬਾਪੂ ਤਰਸੇਮ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖ਼ੀ ਅਤੇ ਇਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁੰਛ ਖੇਤਰ ਵਿਚ ਮਾਰੇ ਗਏ ਸਿੱਖਾਂ ਅਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ 'ਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੰਗ ਹਮੇਸ਼ਾ ਹੀ ਮਨੁੱਖਤਾ ਦਾ ਵੱਡਾ ਘਾਣ ਕਰਦੀ ਹੈ, ਜਿਸ ਵਿਚ ਬੇਗੁਨਾਹ ਲੋਕ ਵੀ ਵੱਡੀ ਗਿਣਤੀ ਵਿਚ ਮਾਰੇ ਜਾਂਦੇ ਹਨ। ਇਸ ਲਈ ਮੌਜੂਦਾ ਸਥਿਤੀ ਨੂੰ ਸ਼ਾਂਤੀਪੂਰਵਕ ਕਰਨ ਲਈ ਵੱਧ ਤੋਂ ਵੱਧ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੇ 1947 ਤੋਂ ਲੈ ਕੇ ਹੁਣ ਤੱਕ ਆਪਸੀ ਕੁੜੱਤਣ ਕਾਰਨ ਵੱਡੇ ਨੁਕਸਾਨ ਝੱਲੇ ਹਨ, ਜਿਸ ਵਿਚ ਖ਼ਾਸਕਰ ਪੰਜਾਬ ਤੇ ਜੰਮੂ ਕਸ਼ਮੀਰ ਦੇ ਹਿੰਦੂ ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਬਾਰਡਰ ਉੱਤੇ ਵੱਸਦੇ ਲੋਕ ਇਸ ਤਣਾਅ ਵਾਲੀ ਸਥਿਤੀ ਵਿਚ ਇਕ ਦੂਜੇ ਦਾ ਸਾਥ ਦੇਣ ਅਤੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਹੌਂਸਲਾ ਬਣਾਈ ਰੱਖਣ ਅਤੇ ਸ਼ਾਂਤੀ ਬਹਾਲੀ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਰਹਿੰਦੀ ਹੈ। ਇਸ ਮੌਕੇ ਜਸਵਿੰਦਰ ਸਿੰਘ ਡਰੋਲੀ, ਗੁਰਮੁਖ ਸਿੰਘ ਮੋਣੀ,ਮਦਨ ਸਿੰਘ,ਗੁਰਪ੍ਰੀਤ ਸਿੰਘ ਬਾਰਨ,ਯਾਦਵਿੰਦਰ ਸਿੰਘ, ਜੋਗਾ ਸਿੰਘ ਨੰਬਰਦਾਰ,ਤੇਜਿੰਦਰ ਸਿੰਘ,ਗੁਰਦੀਪ ਸਿੰਘ,ਭੁਪਿੰਦਰ ਸਿੰਘ ਮਿਮਗਣ, ਸੰਦੀਪ ਸਿੰਘ, ਪੁਰਪਾਲੀ ਬੀਬੀ ਸਤਨਾਮ ਕੌਰ ਹਰਚੰਦ ਸਿੰਘ ਬਾਰਨ, ਭੁਪਿੰਦਰ ਸਿੰਘ,ਗੁਰਜੀਤ ਸਿੰਘ ਜੋਗੀਪੁਰ, ਜਗਦੀਪ ਸਿੰਘ,ਭੀਮ ਸਿੰਘ ਲੰਗ, ਰਣ ਸਿੰਘ, ਪਰਮਜੀਤ ਸਿੰਘ ਮਹਿਮੂਦਪੁਰ, ਗੁਰਜੰਟ ਸਿੰਘ, ਗੁਰਦਰਸ਼ਨ ਸਿੰਘ ਗਿੱਲ,ਵਰਿੰਦਰ ਸਿੰਘ,ਬੀਬੀ ਰਾਜਵੰਤ ਕੌਰ ਘੜਾਮ, ਸਰਬਜੀਤ ਕੌਰ ਸਿੰਘ ਘੜਾਮ ਆਦਿ ਹਾਜ਼ਰ ਸਨ।

## ਟਿੱਪਰ ਚਾਲਕ ਨੂੰ ਭੇਜਿਆ ਜੇਲ੍ਹ

ਸਮਾਣਾ, 10 ਮਈ (ਵਿਜੇ ਕੁਮਾਰ) : ਸਮਾਣਾ- ਪਟਿਆਲਾ ਸੜਕ ਤੇ ਬੀਤੇ ਦਿਨੀ ਟਿੱਪਰ-ਇਨੋਵਾ ਟੱਕਰ 'ਚ ਇਨੋਵਾ ਚਾਲਕ ਅਤੇ ਛੇ ਮਾਸੂਮ ਬੱਚਿਆਂ ਦੀ ਮੌਤ ਦੇ ਮਾਮਲੇ 'ਚ ਗ੍ਰਿਫਤਾਰ ਟਿੱਪਰ ਚਾਲਕ ਨੂੰ ਜੇਲ੍ਹ ਭੇਜ ਦਿੱਤਾ ਗਿਆ। ਜਦੋਂ ਕਿ ਦੋਵੇ ਟਿੱਪਰ ਮਾਲਕ ਅਜੇ ਵੀ ਫਰਾਰ ਹਨ। ਮਾਮਲੇ ਦੇ ਜਾਂਚ ਅਧਿਕਾਰੀ ਏ.ਐਸ.ਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਟਿੱਪਰ ਚਾਲਕ ਭੁਪਿੰਦਰ ਸਿੰਘ ਦੀ ਪੁਲਸ ਰਿਮਾਂਡ ਪੂਰੀ ਹੋਣ ਉਪਰੰਤ ਮਾਨਯੋਗ ਅਦਾਲਤ ਦੇ ਹੁਕਮਾਂ ਤੇ ਉਸ ਨੂੰ ਨਿਆਂਇਕ ਹਿਰਾਸਤ 'ਚ ਜੇਲ ਭੇਜ ਦਿੱਤਾ ਗਿਆ। ਜਦੋਂ ਕਿ ਟਿੱਪਰ ਮਾਲਕਾਂ ਰਣਧੀਰ ਸਿੰਘ ਅਤੇ ਦਵਿੰਦਰ ਸਿੰਘ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਪਾਰਟੀ ਵੱਲੋਂ ਉਹਨਾਂ ਦੇ ਠਿਕਾਣਿਆਂ ਤੇ ਰੇਡ ਦੇ ਬਾਵਜੂਦ ਮੁਲਜ਼ਮ ਫਰਾਰ ਹਨ, ਅਤੇ ਉਹਨਾਂ ਦੇ ਮੋਬਾਈਲ ਫੋਨ ਬੰਦ ਹਨ। ਪੁਲਸ ਵੱਲੋਂ ਉਹਨਾਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# 6 ਦਿਵਿਆਂਗਜਨਾਂ ਅਤੇ ਬਜ਼ੁਰਗਾਂ ਨੂੰ 28.04 ਲੱਖ ਦੇ 233 ਸਹਾਇਕ ਉਪਕਰਨ ਵੰਡੇ



ਮਲੇਰਕੋਟਲਾ, 10 ਮਈ (ਚ.ਨ.ਸ.) : ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ - ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੀ ਅਗਵਾਈ ਹੇਠ ਦਿਵਿਆਂਗਜਨਾਂ ਨੂੰ ਨਕਲੀ ਅੰਗ ਅਤੇ ਸਹਾਇਕ ਉਪਕਰਨ ਵੰਡਣ ਲਈ ਸਥਾਨਕ ਕਾਲੀ ਮਾਤਾ ਮੰਦਿਰ ਵਿਖੇ ਰੈੱਡ ਕਰਾਸ ਜ਼ਿਲ੍ਹਾ ਵਿਕਲਾਂਗ ਪੁਨਰਵਸ ਕੇਂਦਰ,ਸੰਗਰੂਰ ਜ਼ਿਲ੍ਹਾ ਸਮਾਜਿਕ ਸੁਰਖਿਆ ਅਫਸਰ ਅਤੇ ਅਲਿਮਕੋ ਮੋਹਾਲੀ ਦੇ ਸਹਿਯੋਗ ਨਾਲ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਸਹਾਇਕ ਉਪਕਰਨ ਵੰਡ ਕੈਂਪ ਦੌਰਾਨ ਨੂੰ 28 ਲੱਖ 40 ਹਜ਼ਾਰ ਰੁਪਏ ਦੀ ਲਾਗਤ ਦੇ 146 ਦਿਵਿਆਂਗਜਨਾਂ ਅਤੇ ਬਜ਼ੁਰਗਾਂ ਨੂੰ 233 ਸਹਾਇਕ ਉਪਕਰਨ ਸਹਾਇਕ ਉਪਕਰਨ ਵੰਡੇ ਗਏ। ਇਸ ਸਹਾਇਕ ਉਪਕਰਨ ਵੰਡ ਸਮਾਗਮ ਵਿੱਚ ਚੇਅਰਮੈਨ ਮਾਰਕਿਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ ਅਤੇ ਵਿਧਾਇਕ ਮਾਲੇਰਕੋਟਲਾ ਦੇ ਸਪੁਤਰ ਏ.ਕੇ. ਏ.ਕੇ.ਵਾਈ.ਮੁਨਿਸ ਰਹਿਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਮਲੇਰਕੋਟਲਾ ਜਸਵੀਰ ਕੌਰ, ਡੀ.ਡੀ.ਆਰ.ਸੀ. ਮਿੰਟੂ ਬਾਂਸਲ, ਅਤੇ ਅਲਿਮਕੋ ਮੋਹਾਲੀ ਵੱਲੋਂ ਅਸ਼ੋਕ ਸਾਹੂ (ਪੀ ਐਂਡ ਓ ਅਫਸਰ) ਅਤੇ ਜੂਨੀਅਰ ਮੈਨੇਜਰ ਕਨਿਕਾ ਮਹਿਤਾ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ। ਚੇਅਰਮੈਨ ਮਾਰਕਿਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ ਕਿਹਾ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਜਿਹੇ ਕੈਂਪ ਮੁਫ਼ਤ ਲਗਾਏ ਜਾਂਦੇ ਹਨ, ਤਾਂ ਜੋ ਦਿਵਿਆਂਗਜਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਆਯੋਜਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦਿਵਿਆਂਗਜਨਾਂ ਦੀ ਭਲਾਈ ਵਿੱਚ ਕੋਈ ਕਸਰ ਨਹੀਂ ਛੱਡੀ ਰਹੀ । ਉਨ੍ਹਾਂ ਇਸ ਮੌਕੇ 37 ਮੋਟਰਾਈਜ਼ਡ ਟ੍ਰਾਈਸਾਈਕਲ,01 ਸੀ.ਪੀ. ਚੇਅਰ,40 ਵਿਸਾਖੀਆਂ,58 ਕੰਨਿਆਂ ਦੀ ਮਸ਼ੀਨਾਂ,01 ਵਾਕਰ,02 ਐਲ.ਐੱਸ. ਬੈਲਟ,03 ਕੁਸ਼ਨ,01 ਰੋਲੇਟਰ,13 ਟ੍ਰਾਈਸਾਈਕਲ,06 ਨੇਤਰਹੀਣ ਕਿੱਟ,10 ਛੜੀਆਂ,39 ਵ੍ਹੀਲਚੇਅਰ, 22 ਨਕਲੀ ਅੰਗ ਅਤੇ ਕੈਲਿਪਰ ਵੰਡੇ ਗਏ।

# ਜ਼ਿਲ੍ਹੇ 'ਚ 226 ਥਾਵਾਂ 'ਤੇ ਚੱਲ ਰਹੀਆਂ ਨੇ ਸੀ.ਐਮ. ਦੀਆਂ ਯੋਗਸ਼ਾਲਾਵਾਂ

ਪਟਿਆਲਾ, 10 ਮਈ (ਚ.ਨ.ਸ.) : ਸੀ.ਐਮ ਦੀ ਯੋਗਸ਼ਾਲਾ ਦੀਆਂ ਪਟਿਆਲਾ ਜ਼ਿਲ੍ਹੇ ਅੰਦਰ ਰੋਜ਼ਾਨਾ ਲੱਗ ਰਹੀਆਂ 226 ਕਲਾਸਾਂ ਦਾ ਪਟਿਆਲਾ ਜ਼ਿਲ੍ਹੇ ਅੰਦਰ ਹਜ਼ਾਰਾਂ ਤੋਂ ਵੀ ਵਧੇਰੇ ਲੋਕ ਰੋਜ਼ਾਨਾ ਲਾਭ ਲੈ ਰਹੇ ਹਨ । ਸੀ.ਐਮ. ਦੀ ਯੋਗਸ਼ਾਲਾ ਦੀ ਸ਼ੁਰੂਆਤ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਵੱਲੋਂ ਕੀਤੀ ਗਈ ਸੀ , ਹੁਣ ਇਸ ਸਮੇਂ ਇਹ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਚਲਾਈ ਜਾ ਰਹੀ ਹੈ । ਪਟਿਆਲਾ ਜ਼ਿਲ੍ਹੇ ਦੀ ਸੀ.ਐਮ. ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਦੇ ਹਰੇਕ ਬਲਾਕ ਵਿੱਚ 40 ਦਿਨਾਂ ਵਿੱਚ 226 ਕਲਾਸਾਂ ਲਗਾਈਆਂ ਜਾ ਰਹੀਆਂ ਹਨ । ਉਹਨਾਂ ਦੱਸਿਆ ਕਿ ਪਟਿਆਲਾ ਦੇ ਮਾਡਲ ਟਾਉਨ, ਬਗੀਚੀ ਹੇਤ ਰਾਮ, ਸਰਕਾਰੀ ਸਕੂਲ ਲੜਕੀਆਂ ਮਾਡਲ ਟਾਉਨ , ਤੋਪ ਖਾਨਾ ਮੋੜ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਲੋਕ ਇਹਨਾਂ ਕਲਾਸਾਂ ਦਾ ਲਾਭ ਲੈ ਰਹੇ ਹਨ। ਜ਼ਿਲ੍ਹਾ ਕੋਆਰਡੀਨੇਟਰ ਦੱਸਿਆ ਕਿ ਇਸ ਪ੍ਰੋਜੈਕਟ ਦਾ ਉਦੇਸ਼ ਜਿੱਥੇ ਰਾਜ ਦੇ ਲੋਕਾਂ ਨੂੰ ਧਿਆਨ ਅਤੇ ਯੋਗਾ ਅਭਿਆਸ ਰਾਹੀਂ ਸ਼ਰੀਰਕ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ ਉੱਥੇ ਇਸ ਨਾਲ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਵੀ ਹੈ । ਇਸ ਪ੍ਰੋਜੈਕਟ ਤਹਿਤ ਧਿਆਨ ਅਤੇ ਯੋਗ ਅਭਿਆਸ ਪ੍ਰਾਪਤ ਕਰਕੇ ਲੋਕਾਂ ਵਿੱਚ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੱਧ ਰਹੀ ਹੈ ਅਤੇ ਲੋਕਾਂ ਨੂੰ ਹਸਪਤਾਲਾਂ ਵਿੱਚ ਜਾ ਕੇ ਮਹਿੰਗੇ ਇਲਾਜ ਤੋਂ ਛੁਟਕਾਰਾ ਮਿਲ ਰਿਹਾ ਹੈ । ਰਜਿੰਦਰ ਸਿੰਘ ਨੇ ਦੱਸਿਆ ਕਿ ਇਹ ਪ੍ਰੋਜੈਕਟ ਪੰਜਾਬ ਰਾਜ ਨੂੰ ਰੰਗਲਾ ਪੰਜਾਬ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ । ਇਹ ਪ੍ਰੋਜੈਕਟ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਪੰਜਾਬ ਹੁਸ਼ਿਆਰਪੁਰ ਦੀ ਸਰਪ੍ਰਸਤੀ ਅਧੀਨ ਚਲਾਇਆ ਜਾ ਰਿਹਾ ਹੈ , ਜਿਸ ਵੱਲੋਂ ਪੰਜਾਬ ਦੇ ਵਿਦਿਆਰਥੀਆਂ ਲਈ ਇਕ ਸਾਲ ਦਾ ਯੋਗ ਡਿਪਲੋਮਾ ਕੋਰਸ ਚਲਾਇਆ ਜਾਂਦਾ ਹੈ ਜਿਸ ਦੀ ਪੂਰੇ ਸਾਲ ਦੀ ਫੀਸ ਮਾਤਰ ਇਕ ਹਜ਼ਾਰ ਰੁਪਏ ਰੱਖੀ ਗਈ ਹੈ। ਉਹਨਾਂ ਦੱਸਿਆ ਕਿ ਕੋਰਸ ਦੀ ਸ਼ੁਰੂਆਤ ਤੋਂ ਚਾਰ ਮਹੀਨੇ ਬਾਅਦ ਸਰਕਾਰ ਵੱਲੋਂ ਹਰੇਕ ਵਿਦਿਆਰਥੀ ਨੂੰ 8 ਹਜ਼ਾਰ ਰੁਪਏ ਮਹੀਨਾ ਵਜ਼ੀਫੇ ਵਜੋਂ ਦਿੱਤੇ ਜਾਂਦੇ ਹਨ ਅਤੇ ਯੋਗਾ ਦੀ ਟ੍ਰੇਨਿੰਗ ਕਰਕੇ ਕੋਈ ਵੀ ਨੌਜਵਾਨ ਯੋਗਾ ਟ੍ਰੇਨਰ ਵਜੋਂ ਆਪਣਾ ਰੋਜ਼ਗਾਰ ਕਮਾ ਸਕਦਾ ਹੈ ।

# ਸਰਬਜੀਤ ਸਿੰਘ ਭੰਗੂ ਦੂਜੀ ਵਾਰ ਪਟਿਆਲਾ ਮੀਡੀਆ ਕਲੱਬ ਦੇ ਚੇਅਰਮੈਨ ਬਣੇ

### ☛ਬਲਜਿੰਦਰ ਸ਼ਰਮਾ ਚੀ.ਫ ਡਾਇਰੈਕਟਰ ਤੇ ਕਰਮ ਪ੍ਰਕਾਸ਼ ਸੀਨੀਅਰ ਮੀਤ ਪ੍ਰਧਾਨ ਬਣੇ



ਪਟਿਆਲਾ, 10 ਮਈ (ਰੁਪਾਣਾ) : 'ਪਟਿਆਲਾ ਮੀਡੀਆ ਕਲੱਬ' ਦੀ ਕਾਰਜਕਾਰਨੀ ਦੀ ਮੀਟਿੰਗ ਪ੍ਰਧਾਨ ਪਰਮੀਤ ਸਿੰਘ ਦੀ ਅਗਵਾਈ ਹੇਠਾਂ ਕਲੱਬ ਦੇ ਦਫ਼ਤਰ ਵਿੱਚ ਹੋਈ, ਜਿਸ ਦੌਰਾਨ ਛੇ ਹੋਰ ਨਵੇਂ ਅਹੁਦਾਦੇਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਸ ਦੌਰਾਨ ਕਲੱਬ ਦੇ ਸਾਬਕਾ ਪ੍ਰਧਾਨ ਸਰਬਜੀਤ ਸਿੰਘ ਭੰਗੂ ਪੰਜਾਬੀ ਟ੍ਰਿਬਿਊਨ ਨੂੰ ਲਗਾਤਾਰ ਦੂਜੀ ਵਾਰ ਕਲੱਬ ਦਾ ਚੇਅਰਮੈਨ ਬਣਾਇਆ ਗਿਆ। ਉਹ ਪਹਿਲਾਂ ਕਲੱਬ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸੇ ਤਰ੍ਹਾਂ ਜੱਗਬਾਣੀ ਤੇ ਪੰਜਾਬ ਕੇਸਰੀ ਤੋਂ ਬਲਜਿੰਦਰ ਸ਼ਰਮਾ ਨੂੰ ਚੀਫ ਡਾਇਰੈਕਟਰ ਅਤੇ ਹਿੰਦੁਸਤਾਨ ਟਾਈਮਜ਼ ਤੋਂ ਕਰਮ ਪ੍ਰਕਾਸ਼ ਨੂੰ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ। ਇਸ ਤੋਂ ਇਲਾਵਾ ਕਲੱਬ ਦੇ ਸਾਬਕਾ ਪ੍ਰਧਾਨਾਂ ਗੁਰਪ੍ਰੀਤ ਸਿੰਘ ਚੱਠਾ ਰੋਜ਼ਾਨਾ ਅਜੀਤ ਅਤੇ ਨਵਦੀਪ ਢੀਂਗਰਾ ਪੰਜਾਬੀ ਜਾਗਰਣ ਸਣੇ ਭਾਸਕਰ ਅਖ਼ਬਾਰ ਤੋਂ ਰਾਣਾ ਰਣਧੀਰ ਨੂੰ ਕਲੱਬ ਦੇ ਮੁੱਖ ਸਲਾਹਕਾਰਾਂ ਵਜੋਂ ਨਿਯੁਕਤ ਕੀਤਾ ਗਿਆ। ਨਵੇਂ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਨ ਵਾਲੀ ਇਸ ਮੀਟਿੰਗ ਵਿਚ ਪ੍ਰਧਾਨ ਪਰਮੀਤ ਸਿੰਘ, ਸਕੱਤਰ ਜਨਰਲ ਖੁਸ਼ਵੀਰ ਤੂਰ, ਖਜ਼ਾਨਚੀ ਕੁਲਵੀਰ ਧਾਲੀਵਾਲ, ਸਕੱਤਰ ਗੁਰਵਿੰਦਰ ਔਲਖ, ਮੀਤ ਪ੍ਰਧਾਨ ਜਗਤਾਰ ਸਿੰਘ ਤੇ ਜੁਆਇੰਟ ਸਕੱਤਰ ਜਤਿੰਦਰ ਗਰੋਵਰ ਸਮੇਤ ਅਨੂ ਅਲਬਰਟ ਤੇ ਕਮਲ ਦੁਆ ਸ਼ਾਮਲ ਸਨ। ਇਸ ਮੌਕੇ ਕਲੱਬ ਵੱਲੋਂ ਕੁਝ ਹੋਰ ਫੈਸਲੇ ਵੀ ਲਏ ਗਏ।

# ਆਰਸੇਟੀ ਵੱਲੋਂ ਫਾਸਟ ਫੂਡ ਸਟਾਲ ਕੋਰਸ ਦੀ ਸ਼ੁਰੂਆਤ



ਪਟਿਆਲਾ, 10 ਮਈ (ਚ.ਨ.ਸ.) : ਸਟੇਟ ਬੈਂਕ ਆਫ਼ ਇੰਡੀਆ ਦੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਅੱਜ ਪਿੰਡ ਜੱਸੋਵਾਲ ਵਿਖੇ ਫਾਸਟ ਫੂਡ ਸਟਾਲ ਕੋਰਸ ਸ਼ੁਰੂ ਕੀਤਾ ਗਿਆ। ਕੋਰਸ ਦੀ ਸ਼ੁਰੂਆਤ ਮੌਕੇ ਰੋਜ਼ਗਾਰ ਵਿਭਾਗ ਪਟਿਆਲਾ ਦੇ ਸੀ.ਈ.ਓ. ਸਤਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਨੇ ਕਿਹਾ ਕਿ ਭਾਰਤੀ ਸਟੇਟ ਬੈਂਕ ਵੱਲੋਂ ਚਲਾਈ ਜਾ ਰਹੀ ਪੇਂਡੂ ਸਵੈਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਇੱਕ ਬਹੁਤ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਸਵੈ ਰੋਜ਼ਗਾਰ ਨੂੰ ਵਧਾਉਣ ਵਿੱਚ ਬੈਂਕ ਵੱਲੋਂ ਚਲਾਈ ਜਾਂ ਰਹੀ ਇਸ ਸੰਸਥਾ ਦਾ ਵੱਡਾ ਯੋਗਦਾਨ ਹੈ। ਉਹਨਾਂ ਸੰਸਥਾ ਵਿੱਚ ਮੌਜੂਦ ਸਹੂਲਤਾਂ ਅਤੇ ਟ੍ਰੇਨਿੰਗ ਪੱਧਰ ਦੀ ਸ਼ਲਾਘਾ ਕੀਤੀ। ਇਸ 12 ਦਿਨਾਂ ਕੋਰਸ ਵਿੱਚ ਅਲੱਗ ਅਲੱਗ ਤਰ੍ਹਾਂ ਦੀਆਂ ਖਾਣ ਵਾਲ਼ੀਆਂ ਵਸਤੂਆਂ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਆਰਸੇਟੀ ਪਟਿਆਲਾ ਤੋਂ ਬਲਜਿੰਦਰ ਸਿੰਘ, ਹਰਦੀਪ ਸਿੰਘ ਰਾਏ, ਅਜੀਤ ਇੰਦਰ ਸਿੰਘ, ਅਰਸ਼ਦੀਪ ਕੌਰ ਤੇ ਜਸਵਿੰਦਰ ਸਿੰਘ ਸ਼ਾਮਲ ਰਹੇ। ਐਸ.ਬੀ.ਆਈ ਆਰਸੇਟੀ ਫੈਕਲਟੀ ਨੇ ਦੱਸਿਆ ਕਿ ਬੱਕਰੀ ਪਾਲਣ, ਕੰਪਿਊਟਰ ਅਕਾਊਂਟਿੰਗ, ਜੂਟ ਦੇ ਪ੍ਰੋਡਕਟਸ, ਡੇਅਰੀ ਫਾਰਮਿੰਗ, ਟੇਲਰਿੰਗ, ਬਿਊਟੀ ਪਾਰਲਰ ਆਦਿ ਸਿਖਲਾਈ ਕੋਰਸਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਨਾਮ ਦਰਜ ਕਰਵਾਉਣਾ ਆਰਸੇਟੀ, ਪਟਿਆਲਾ ਵਿਖੇ ਸ਼ੁਰੂ ਕੀਤਾ ਗਿਆ ਹੈ। ਇਸ ਕੋਰਸ ਲਈ ਪੇਂਡੂ ਖੇਤਰ ਤੋਂ ਮਹਿਲਾ ਅਤੇ ਹੋਰ ਬੇਰੁਜ਼ਗਾਰ ਲੋੜਵੰਦਾਂ ਵੱਧ ਤੋਂ ਵੱਧ ਇਸ ਕੋਰਸ ਲਈ ਰਜਿਸਟਰ ਕੀਤਾ ਜਾ ਰਿਹਾ ਹੈ। ਇਸ ਲਈ ਉਮਰ 18 ਤੋ 45 ਵਰਗ ਦੇ ਉਮੀਦਵਾਰ ਅਪਲਾਈ ਕਰ ਸਕਦੇ ਹਨ। ਉਹਨਾਂ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਰੋਜ਼ਗਾਰ ਪੈਦਾ ਕਰਨ ਲਈ ਸਿੱਖਿਅਤ ਉਮੀਦਵਾਰਾਂ ਨਾਲ ਦੋ ਸਾਲਾਂ ਤਕ ਫਾਲੋ ਅਪ ਵੀ ਕੀਤਾ ਜਾਂਦਾ ਹੈ ।

# ਸਮਾਣਾ ਬਣਿਆ ਖ਼ੂਨੀ ਟਿੱਪਰਾਂ ਦਾ ਗੜ੍ਹ : ਰਾਜਾ ਵੜਿੰਗ



ਸਮਾਣਾ,10 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਸਮਾਣਾ ਵਿਖੇ ਵਾਪਰੇ ਭਿਆਨਕ ਸੜਕ ਹਾਦਸੇ, ਜਿਸ ਵਿਚ 6 ਮਾਸੂਮ ਬੱਚਿਆਂ ਸਣੇ ਇਨੋਵਾ ਗੱਡੀ ਦੇ ਡਰਾਇਵਰ ਦੀ ਮੌਤ ਹੋ ਗਈ ਸੀ, ਵਿੱਚੋਂ 1 ਬੱਚੇ ਪਰਵ ਸੱਚਦੇਵਾ ਪੁੱਤਰ ਰਾਜੀਵ ਸੱਚਦੇਵਾ ਦੀ ਅੱਜ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਗਰੁੜ ਪੁਰਾਨ ਦੇ ਭੋਗ 'ਤੇ ਪਹੁੰਚੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਮਾਸੂਮ ਬੱਚੇ ਪਰਵ ਸੱਚਦੇਵਾ ਨੂੰ ਸ਼ਰਧਾਜਲੀ ਦੇਣ ਤੋਂ ਬਾਅਦ ਕਿਹਾ ਕਿ ਸਮਾਣਾ ਪਿਛਲੇ 2 ਸਾਲਾਂ 'ਚ ਨਾਜਾਇਜ਼ ਟਿੱਪਰਾਂ ਦਾ ਗੜ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਪੀੜਤ ਪਰਿਵਾਰਾਂ ਨਾਲ ਮਿਲ ਕੇ ਅਗਲੇ ਦਿਨਾਂ ਵਿਚ ਨਾ ਕੇਵਲ ਇਨ੍ਹਾਂ ਨਜਾਇਜ਼ ਟਿੱਪਰਾਂ ਨੂੰ ਬੰਦ ਕਰਵਾਏਗੀ ਸਗੋਂ ਇਨ੍ਹਾਂ ਟਿੱਪਰਾਂ ਪਿੱਛੇ ਜਿਹੜੇ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਹੱਥ ਹੈ ਉਨ੍ਹਾਂ ਖਿਲਾਫ਼ ਵੀ ਮਾਮਲਾ ਦਰਜ ਕਰਵਾਇਆ ਜਾਵੇਗਾ। ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਸਮਾਣਾ ਚ ਦਿਨ ਰਾਤ 100 ਤੋਂ ਵੱਧ ਟਿਪਰ ਨਾਜਾਇਜ਼ ਤੌਰ 'ਤੇ ਦਿਨ ਰਾਤ ਸੜਕਾਂ 'ਤੇ ਬੇਖੌਫ਼ ਦੌੜ ਰਹੇ ਹਨ, ਜੋ ਹਰ ਰੋਜ਼ ਕਿਸੇ ਨਾ ਕਿਸੇ ਮਾਸੂਮ ਦੀ ਜਾਣ ਲੈ ਰਹੇ ਹਨ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਰਕਾਰ ਤੁਰੰਤ ਇਨ੍ਹਾਂ ਟਿੱਪਰਾਂ ਨੂੰ ਬੰਦ ਕਰਵਾ ਦੇਵੇ ਨਹੀਂ ਤਾਂ ਅਗਲੇ ਕੁੱਝ ਦਿਨਾਂ 'ਚ ਕਾਂਗਰਸ ਪਾਰਟੀ ਪੀੜਤ ਪਰਿਵਾਰਾਂ ਨਾਲ ਮਿਲ ਕੇ ਨਾ ਕੇਵਲ ਇਨ੍ਹਾਂ ਨਾਜਾਇਜ਼ ਟਿੱਪਰਾਂ ਨੂੰ ਬੰਦ ਕਰਵਾਏਗੀ। ਇਹ ਨਜਾਇਜ਼ ਟਿੱਪਰ ਚਲ ਰਹੇ ਹਨ ਉਨ੍ਹਾਂ ਖ਼ਿਲਾਫ਼ ਵੀ ਮਾਮਲਾ ਦਰਜ ਕਰਵਾਇਆ ਜਾਵੇਗਾ। ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ,ਸਾਬਕਾ ਹਲਕਾ ਵਿਧਾਇਕ ਰਜਿੰਦਰ ਸਿੰਘ , ਹਰਿੰਦਰਪਾਲ ਸਿੰਘ ਹੈਰੀਮਾਨ,ਯਸ਼ਪਾਲ ਸਿੰਗਲਾ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਜ਼ੋਗਿੰਦਰ ਸਿੰਘ ਕਾਕੜਾ, ਵੀ ਹਾਜ਼ਰ ਸਨ।

## ਅਸਿਸਟੈਂਟ ਪ੍ਰੋਫ਼ੈਸਰਾਂ ਦਾ ਧਰਨਾ ਦੋ ਦਿਨ ਲਈ ਮੁਲਤਵੀ

ਪਟਿਆਲਾ, 10 ਮਈ (ਚ.ਨ.ਸ.) : ਆਪਣੀਆਂ ਮੰਗਾਂ ਦੀ ਪੂਰਤੀ ਲਈ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਵਿਖੇ ਵਾਈਸ ਚਾਂਸਲਰ ਦਫ਼ਤਰ ਦੇ ਬਾਹਰ 22 ਅਪ੍ਰੈਲ ਤੋਂ ਜਾਰੀ ਧਰਨਾ 2 ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਧਰਨੇ 'ਚ ਯੂਨੀਵਰਸਿਟੀ ਮੁੱਖ ਕੈਂਪਸ, ਕਾਂਸਟੀਚੂਐਂਟ ਕਾਲਜ, ਨੇਬਰਹੁਡ ਕੈਂਪਸ ਅਤੇ ਰੀਜਨਲ ਸੈਂਟਰ ਸ਼ਾਮਲ ਕੰਟਰੈਕਟ ਅਸਿਸਟੈਂਟ ਪ੍ਰੋਫੈਸਰ ਹਿੱਸਾ ਲੈ ਰਹੇ ਹਨ। ਉਹ ਯੂਜੀਸੀ ਦੁਆਰਾ 2018 ਵਿੱਚ ਪਾਸ ਰੈਗੂਲੇਸ਼ਨ ਲਾਗੂ ਕਰਵਾਉਣ ਦੀ ਮੰਗ ਕਰ ਰਹੇ ਹਨ। ਯੂਨੀਅਨ ਦੀ ਪ੍ਰਧਾਨ ਡਾ. ਤਰਨਜੀਤ ਕੌਰ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਦੇਸ਼ ਵਿੱਚ ਬਣੇ ਹਾਲਾਤਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਦੇ ਮੱਦੇਨਜ਼ਰ ਦੇਸ਼ ਹਿਤ ਵਿੱਚ ਇਹ ਫ਼ੈਸਲਾ ਲਿਆ ਗਿਆ ਹੈ ਕਿ ਧਰਨੇ ਨੂੰ 10 ਅਤੇ 11 ਮਈ ਲਈ ਮੁਲਤਵੀ ਕੀਤਾ ਜਾਵੇਗਾ ਅਤੇ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਧਰਨੇ ਸਬੰਧੀ ਅਗਲੇਰੀ ਰੂਪ-ਰੇਖਾ ਉਲੀਕੀ ਜਾਵੇਗੀ। ਯੂਨੀਅਨ ਆਗੂ ਡਾ. ਬਲਜਿੰਦਰ ਸਿੰਘ ਨੇ ਕਿਹਾ ਕਿ ਦੇਸ਼ ਵਿੱਚ ਬਣ ਰਹੇ ਗੰਭੀਰ ਹਲਾਤਾਂ ਵਿੱਚ ਪੁਕਟਾ ਯੂਨੀਅਨ ਪੂਰੀ ਤਰ੍ਹਾਂ ਦੇਸ਼ ਦੇ ਨਾਲ ਹੈ।

# ਲੋਕ ਸੰਘਰਸ਼ ਕਮੇਟੀ ਵੱਲੋਂ ਲੋਕਾਂ ਨੂੰ ਆਪਸੀ ਭਾਈਚਾਰਾ ਕਾਇਮ ਰੱਖਣ ਦੀ ਅਪੀਲ



ਨਾਭਾ, 10 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਲੋਕ ਸੰਘਰਸ਼ ਕਮੇਟੀ (ਨਾਭਾ) ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਇਸਤਰੀ ਜਾਗ੍ਰਿਤੀ ਮੰਚ ਦੇ ਅਮਨ ਦਿਓਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਧਰਮਵੀਰ ਹਰੀਗੜ੍ਹ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਰਾਮ ਸ਼ਰਨ, ਪੰਜਾਬ ਸਟੂਡੈਂਟਸ ਯੂਨੀਅਨ ਦੇ ਲਖਵਿੰਦਰ ਸਿੰਘ ਨੇ ਕਿਹਾ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਰਹੱਦੀ ਹਮਲਿਆਂ ਦੇ ਪੱਧਰ ਤੱਕ ਵਧੇ ਤਣਾਅ 'ਤੇ ਡੂੰਘੀ ਚਿੰਤਾ ਜਾਹਿਰ ਕੀਤੀ ਅਤੇ ਕਿਹਾ ਕਿ ਜੰਗ ਭਾਰਤ ਅਤੇ ਪਾਕਿਸਤਾਨ ਦੋਵੇਂ ਮੁਲਕਾਂ ਦੇ ਆਮ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹੈ ,ਖਾਸ ਕਰਕੇ ਸਰਹੱਦੀ ਸੂਬਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਵਿਸ਼ੇਸ ਤੌਰ 'ਤੇ ਤਬਾਹਕੁੰਨ ਸਾਬਿਤ ਹੋਵੇਗੀ। ਦੋਵੇਂ ਦੇਸ਼ਾ ਦੀਆਂ ਸਰਕਾਰਾਂ ਨੂੰ ਸਰਹੱਦ 'ਤੇ ਹਮਲੇ ਰੋਕਣੇ ਚਾਹੀਦੇ ਹਨ। ਭਰਾ ਮਾਰੂ ਜੰਗ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਮਸਲੇ ਨੂੰ ਗੰਭੀਰਤਾ ਅਤੇ ਸੰਜੀਦਗੀ ਨਾਲ ਹੱਲ ਕਰਨਾ ਚਾਹੀਦਾ ਹੈ । ਪਹਿਲਗਾਂਮ ਘਟਨਾ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਸਜਾ ਦੇਣੀ ਚਾਹੀਦੀ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਭਾਈਚਾਰਕ ਏਕਤਾ ਬਣਾਈ ਰੱਖਣੀ ਚਾਹੀਦੀ ਹੈ।

# ਪਟਿਆਲਾ ਵਾਸੀਆਂ ਦੀ ਸਹੂਲਤ ਲਈ ਜ਼ਿਲ੍ਹੇ 'ਚ ਕੰਟਰੋਲ ਰੂਮ ਕਾਰਜਸ਼ੀਲ

ਪਟਿਆਲਾ, 10 ਮਈ (ਚ.ਨ.ਸ.) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਮੌਜੂਦਾ ਹਾਲਾਤ ਵਿੱਚ ਅਫ਼ਵਾਹਾਂ ਤੋਂ ਸੁਚੇਤ ਰਿਹਾ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਨੂੰ ਬਿਨਾਂ ਪੜਤਾਲ ਕੀਤੇ ਅੱਗੇ ਸ਼ੇਅਰ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਵਾਸੀਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਪਤ ਕੀਤਾ ਗਿਆ ਕੰਟਰੋਲ ਰੂਮ ਕਾਰਜਸ਼ੀਲ ਹੈ ਅਤੇ ਵੱਖ ਵੱਖ ਤਰ੍ਹਾਂ ਦੀ ਜਾਣਕਾਰੀ ਲਈ ਵੱਖੋ ਵੱਖਰੇ ਨੰਬਰ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਕੋਈ ਸੂਚਨਾ ਸਾਂਝੀ ਕਰਨ ਹੈ ਜਾਂ ਕੋਈ ਜਾਣਕਾਰੀ ਹਾਸਲ ਕਰਨੀ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਸਥਾਪਤ ਕੀਤੇ ਗਏ ਕੰਟਰੋਲ ਰੂਮਜ਼, ਡਿਪਟੀ ਕਮਿਸ਼ਨਰ ਦਫ਼ਤਰ ਨੰਬਰ 0175-2350550 ਅਤੇ ਪੁਲਿਸ ਕੰਟਰੋਲ ਰੂਮ ਦੇ ਨੰਬਰਾਂ 98764-32100, 95929-17910 ਤੇ 95929-12500 ਉਪਰ ਸੰਪਰਕ ਕਰ ਸਕਦਾ ਹੈ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਲਈ ਕੰਟਰੋਲ ਰੂਮ ਦੇ ਨੰਬਰ 81463-43848, ਇੰਡਸਟਰੀ ਤੇ ਵਪਾਰਕ ਅਦਾਰਿਆਂ ਲਈ ਕੰਟਰੋਲ ਰੂਮ ਨੰਬਰ 98722-33848, ਸਿੱਖਿਆ ਅਦਾਰਿਆਂ ਲਈ 89680-63848 ਅਤੇ ਆਮ ਲੋਕ ਲਈ ਜਨਰਲ ਕੰਟਰੋਲ ਰੂਮ ਨੰਬਰ 76963-63848 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਵਸਤਾਂ ਲਈ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ (ਜ਼ਰੂਰੀ ਵਸਤੂਆਂ, ਪੈਟਰੋਲ/ਡੀਜ਼ਲ): 0175-2311318, 98760-72078 'ਤੇ ਰਾਬਤਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪਸ਼ੂ ਪਾਲਣ ਸੇਵਾਵਾਂ ਲਈ 0175-2970225, 94170-55347 ਤੋਂ ਜਾਣਕਾਰੀ ਲਈ ਜਾ ਸਕਦੀ ਹੈ। ਮੰਡੀ ਨਾਲ ਸਬੰਧਤ ਸਾਮਾਨ ਜਿਵੇਂ ਫਲ ਤੇ ਸਬਜ਼ੀਆਂ ਲਈ 98152-60721 'ਤੇ ਅਤੇ ਪਸ਼ੂਆਂ ਦੇ ਚਾਰੇ ਆਦਿ ਲਈ 98558-00145, 97795-89556 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਪ੍ਰੀਤੀ ਯਾਦਵ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਰਾਸ਼ਨ, ਆਟਾ, ਦਾਲਾਂ, ਤੇਲ, ਪੈਟਰੋਲ, ਐਲ.ਪੀ.ਜੀ ਦੀ ਸਪਲਾਈ ਦੀ ਕੋਈ ਤੋਟ ਨਹੀਂ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਆਮ ਨਾਗਰਿਕ ਤੇ ਵਪਾਰੀ ਜ਼ਰੂਰੀ ਵਸਤਾਂ ਦੀ ਕਾਲਾਬਾਜ਼ਾਰੀ ਤੇ ਕਾਹਲੀ ਵਿੱਚ ਖ਼ਰੀਦੋ ਫ਼ਰੋਖਤ ਜਾਂ ਜਮ੍ਹਾਖੋਰੀ ਨਾ ਕਰੇ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਐਮਰਜੈਂਸੀ ਹੋਈ ਤਾਂ ਜ਼ਿਲ੍ਹਾ ਪ੍ਰਸ਼ਾਸਨ ਸਭ ਨੂੰ ਜ਼ਰੂਰ ਸੂਚਿਤ ਕਰੇਗਾ, ਇਸ ਲਈ ਕੋਈ ਵੀ ਨਾਗਰਿਕ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਨਾ ਆਵੇ।

## ਪੁਲਿਸ ਵੱਲੋਂ 25 ਕਿੱਲੋ ਭੁੱਕੀ ਬ੍ਰਾਮਦ

ਪਟਿਆਲਾ, 10 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਰਣਜੀਤ ਸਿੰਘ, ਪਰਮਜੀਤ ਸਿੰਘ ਵਾਸੀ ਪਿੰਡ ਅਜਰਾਵਰ ਥਾਣਾ ਖੇੜੀ ਗੰਡਿਆ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅੰਡਰ ਬ੍ਰਿਜ ਬਹਾਦਰਗੜ੍ਹ ਮੌਜੂਦ ਸੀ, ਜੋ ਸਕੂਟਰੀ 'ਤੇ ਬੈਠੇ ਕਥਿਤ ਦੋਸ਼ੀ ਪੁਲਿਸ ਪਾਰਟੀ ਨੂੰ ਦੇਖ ਕੇ ਭੱਜਣ ਲੱਗੇ ਤਾਂ ਦੋਸ਼ੀਆਂ ਨੂੰ ਕਾਬੂ ਕਰਕੇ ਸਕੂਟਰੀ ਵਿੱਚੋਂ 25 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

# ਖੇਤਾਂ ਤੱਕ ਪਾਣੀ ਯੋਜਨਾ ਪੰਜਾਬ ਸਰਕਾਰ ਦਾ ਵੱਡਾ ਉਪਰਾਲਾ : ਡਾ. ਮੁਕੇਸ਼ ਸ਼ਰਮਾ



ਸਮਾਣਾ, 10 ਮਈ (ਸੁਖਜਿੰਦਰ ਸਿੰਘ ਕੁਲਾਰਾ) : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹਰ ਖੇਤ ਤੱਕ ਪਾਣੀ ਯੋਜਨਾ ਤਹਿਤ ਪਿੰਡ ਕੁਲਾਰਾਂ ਵਿਖੇ ਪਾਈਪ ਲਾਈਨ ਪਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਪਾਈਪ ਲਾਈਨ ਪਾਉਣ ਦੀ ਸ਼ੁਰੂਆਤ ਮੌਜੂਦਾ ਸਰਪੰਚ ਦਰਸ਼ਨਾਂ ਦੇਵੀ ਦੇ ਪਤੀ ਅਤੇ ਸੱਤਾਧਾਰੀ ਪਾਰਟੀ ਦੇ ਬਲਾਕ ਪ੍ਰਧਾਨ ਡਾ ਮੁਕੇਸ਼ ਕੁਮਾਰ ਸ਼ਰਮਾ ਨੇ ਕੀਤੀ। ਇਸ ਮੌਕੇ ਡਾ. ਮੁਕੇਸ਼ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਇਹ ਵੱਡਾ ਉਪਰਾਲਾ ਹੈ ਜਿਸ ਨੂੰ ਨਹਿਰੀ ਮਹਿਕਮਾ ਬੜੀ ਤਨਦੇਹੀ ਨਾਲ ਨਿਭਾ ਰਿਹਾ ਹੈ। ਜਿਸ ਦਾ ਪੰਜਾਬ ਦੇ ਹਰੇਕ ਕਿਸਾਨ ਨੂੰ ਵੱਡਾ ਲਾਹਾ ਮਿਲੇਗਾ। ਉਨ੍ਹਾਂ ਦੱਸਿਆ ਕਿ ਹੁਣ ਕਿਸੇ ਵੀ ਕਿਸਾਨ ਨੂੰ ਆਪਣੇ ਖੇਤਾਂ ਵਚ ਫ਼ਸਲ ਦੀ ਬਿਜਾਈ ਲਈ ਲੱਖਾਂ ਰੁਪਏ ਡੀਜਲ ਤੇ ਖ਼ਰਚ ਕਰਨ ਦੀ ਜਰੂਰਤ ਨਹੀਂ। ਕਿਉਂਕਿ ਇਹ ਪਾਈਪ ਲਾਈਨ ਸਿੱਧੇ ਵੱਡੀਆਂ ਨਹਿਰਾਂ ਨਾਲ ਜੁੜੀ ਹੋਈ ਹੈ। ਇਸ ਮੌਕੇ ਸਮੂਹ ਪੰਚਾਇਤ ਮੈਂਬਰ ਅਤੇ ਨਗਰ ਨਿਵਾਸੀ ਹਾਜ਼ਰ ਸਨ।

# ਜੰਗ ਦੇ ਦੌਰ 'ਚ ਵਿਦਿਅਕ ਅਦਾਰਿਆਂ, ਬੁੱਧੀਜੀਵੀਆਂ ਦੀ ਬਣਦੀ ਭੂਮਿਕਾ ਸਬੰਧੀ ਵਿਚਾਰ ਚਰਚਾ

ਪਟਿਆਲਾ, 10 ਮਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰਵੀ ਖੋਜ ਸਕੂਲ ਪਟਿਆਲਾ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ ਜਿਸ ਵਿੱਚ ਭਾਰਤ ਪਾਕਿਸਤਾਨ ਦਰਮਿਆਨ ਬਣੇ ਹੋਏ ਜੰਗ ਦੇ ਮਾਹੌਲ ਬਾਰੇ ਪੰਜਾਬੀ ਬੁੱਧੀਜੀਵੀ ਦਲਜੀਤ ਅਮੀ ਨੇ ਸੰਬੋਧਿਤ ਕੀਤਾ। ਉਹਨਾਂ ਨੇ ਕਿਹਾ ਕਿ ਜੰਗ ਵਰਗੇ ਸਮੇਂ ਵਿੱਚ ਯੂਨੀਵਰਸਿਟੀਆਂ ਹਾਲਾਤ ਅਤੇ ਸਵਾਲਾਂ ਸਬੰਧੀ ਲੋਕਾਂ ਨੂੰ ਲੋਕਪੱਖੀ ਨਜ਼ਰੀਏ ਤੋਂ ਜਾਣੂੰ ਕਰਵਾਉਣ, ਇੱਕ ਸੰਤੁਲਿਤ ਲੋਕ ਰਾਏ ਬਣਾਉਣ ਅਤੇ ਇਸ ਸਬੰਧੀ ਸਰਕਾਰਾਂ ਅਤੇ ਹੁਕਮਰਾਨ ਧਿਰਾਂ ਨੂੰ ਲੋਕ ਪੱਖੀ ਫ਼ੈਸਲੇ ਲੈਣ ਲਈ ਦਲੀਲ ਉਸਾਰਨ। ਬੁੱਧੀਜੀਵੀ ਹੀ ਸਮਾਜ ਵਿੱਚ ਮਨੁੱਖੀ ਹਕੂਕ, ਮਨੁੱਖ ਦੀ ਬਿਹਤਰੀ ਅਤੇ ਨੈਤਿਕਤਾ ਦੇ ਪਹਿਰੇਦਾਰ ਹੁੰਦੇ ਹਨ ਅਤੇ ਉਹਨਾਂ ਨੇ ਇਹ ਸਭ ਵਾਰ-ਵਾਰ ਯਾਦ ਕਰਵਾਉਣੇ ਹੁੰਦੇ ਹਨ, ਤਾਂ ਜੋ ਸਮਾਜ ਅਤੇ ਹੁਕਮਰਾਨ ਮਾਨਵੀ ਬਿਹਤਰੀ ਦੇ ਮਕਸਦ ਤੋਂ ਨਾ ਭਟਕੇ। ਬੁੱਧੀਜੀਵੀ ਸਮਾਜ ਵਿੱਚ ਲੋਕ ਰਾਏ ਬਣਾਉਣ, ਠੀਕ-ਗ਼ਲਤ ਦੀ ਪਛਾਣ ਕਰਾਉਣ ਅਤੇ ਮਨੁੱਖਤਾ ਦੇ ਲਈ ਉਚਿਤ ਤੇ ਲੋੜੀਂਦੇ ਦੀ ਪਛਾਣ ਕਰਵਾਉਂਦੇ ਹਨ। ਬੁੱਧੀਜੀਵੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜਾਣਕਾਰੀ ਭਰਪੂਰ ਆਲੋਚਨਾ ਪੈਦਾ ਕਰਨ ਤੇ ਜੰਗ ਦਾ ਵਿਰੋਧ ਕਰਨ। ਉਹਨਾਂ ਕਿਹਾ ਕਿ ਸਰਕਾਰਾਂ ਦਾ ਕੰਮ ਲੋਕਾਂ ਦੀ ਰੱਖਿਆ ਕਰਨਾ ਹੈ ਅਤੇ ਇਸ ਦੇ ਨਾਲ ਲੋਕਾਂ ਨੂੰ ਚੰਗੀ ਸਿੱਖਿਆ, ਸਿਹਤ ਸਹੂਲਤਾਂ ਅਤੇ ਰਹਿਣ ਬਸੇਰਾ ਵੀ ਪ੍ਰਦਾਨ ਕਰਨਾ ਹੈ। ਸਾਡਾ ਮੁਲਕ ਅਤੇ ਸਾਡੇ ਗੁਆਂਢੀ ਦੇਸ਼ ਆਪਣੀਆਂ ਇਹਨਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ। ਗ਼ਰੀਬੀ ਅਤੇ ਨਾਇਨਸਾਫ਼ੀ ਵਿੱਚੋਂ ਹੀ ਲੋਕ ਇਹਨਾਂ ਵਿਦਰੋਹਾਂ ਜਾਂ ਬਗ਼ਾਵਤਾਂ ਵੱਲ ਚਲੇ ਜਾਂਦੇ ਹਨ। ਇਸ ਲਈ ਅੱਤਵਾਦ ਦਾ ਜਵਾਬ ਸਿਰਫ਼ ਹਥਿਆਰਬੰਦ ਤਿਆਰੀ ਹੀ ਨਹੀਂ ਹੈ ਸਗੋਂ ਇਸਦੇ ਨਾਲ ਹੀ ਆਪਣੇ ਖਿੱਤੇ ਦੇ ਲੋਕਾਂ ਨੂੰ ਬਿਹਤਰ ਸਿੱਖਿਆ ਸਹੂਲਤਾਂ, ਚੰਗੇ ਜੀਵਨ ਹਾਲਾਤ ਤੇ ਰੁਜ਼ਗਾਰ ਦੇਣਾ ਵੀ ਓਨਾ ਹੀ ਜ਼ਰੂਰੀ ਹੈ। ਵਿਕਾਊ ਮੀਡੀਆ ਲੋਕਾਂ ਦੇ ਵਿੱਚ ਉਲਾਰ-ਰਾਸ਼ਟਰਵਾਦ ਪੈਦਾ ਕਰਦਾ ਹੈ ਅਤੇ ਲੋਕ ਮਾਨਸਿਕਤਾ ਨੂੰ ਹਿੰਸਕ ਬਣਾਉਂਦਾ ਹੈ। ਇਸ ਮਾਨਸਿਕਤਾ ਵਿੱਚੋਂ ਹੀ ਧਾਰਮਿਕ ਕੱਟੜਤਾ, ਆਪਸੀ ਟਕਰਾਓ ਅਤੇ ਭੀੜਤੰਤਰ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੜਾਈ ਵਿੱਚੋਂ ਭਿਅੰਕਰ ਤਬਾਹੀ ਪੈਦਾ ਹੁੰਦੀ ਹੈ, ਜਿਸ ਦੀ ਕੀਮਤ ਆਮ ਲੋਕਾਂ ਨੂੰ ਅਦਾ ਕਰਨੀ ਪੈਂਦੀ ਹੈ। ਪਿਛਲੇ 70 ਸਾਲਾਂ ਵਿੱਚ ਦੁਨੀਆਂ ਦੇ ਵੱਡੇ ਦੇਸ਼ਾਂ ਵੱਲੋਂ ਜਿੰਨੀਆਂ ਵੀ ਲੜਾਈਆਂ ਲੜੀਆਂ ਗਈਆਂ ਹਨ, ਉਹਨਾਂ ਵਿੱਚੋਂ ਕਿਸੇ ਵਿੱਚ ਵੀ ਹਮਲਾਵਰ ਧਿਰ ਆਪਣੇ ਦੱਸੇ ਟੀਚੇ ਨੂੰ ਹਾਸਿਲ ਕਰਨ ਵਿੱਚ ਸਫ਼ਲ ਨਹੀਂ ਹੋਈ। ਜੰਗਾਂ ਨਾਲ ਕੋਈ ਸਮੱਸਿਆ ਹੱਲ ਨਹੀਂ ਹੋਈ ਪਰ ਅੱਜ ਵੀ ਜੰਗ ਬਾਰੇ ਉਹੀ ਭਾਸ਼ਾ ਤੇ ਨਾਅਰੇ ਸੁਣਾਈ ਦੇ ਰਹੇ ਹਨ। ਅੱਜ ਵੀ ਰਾਸ਼ਟਰਵਾਦ ਦਾ ਨਾਮ ਦੇ ਕੇ ਸਿਆਸਦਾਨ ਲੋਕਾਂ ਨੂੰ ਜੰਗ ਅਤੇ ਬਰਬਾਦੀ ਵੱਲ ਧੱਕ ਰਹੇ ਹਨ। ਉਹਨਾਂ ਨੇ ਕਿਹਾ ਕਿ ਹੁਣ ਪਰਮਾਣੂ ਬੰਬ ਹੋਰ ਵੀ ਭਿਅੰਕਰ ਹੋ ਗਏ ਹਨ,ਇਸ ਵਿੱਚੋਂ ਕਿੰਨੀ ਤਬਾਹੀ ਪੈਦਾ ਹੋਵੇਗੀ ਇਸ ਗੱਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਲਈ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਜੰਗ ਦਾ ਵਿਰੋਧ ਕਰੀਏ । ਉਹਨਾਂ ਨੇ ਪੱਤਰਕਾਰਾਂ, ਚਿੱਤਰਕਾਰਾਂ, ਕਲਾਕਾਰਾਂ ਅਤੇ ਕਵੀਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਮੌਕੇ ਬੁੱਧੀਜੀਵੀਆਂ ਵਾਲੀ ਬਣਦੀ ਭੂਮਿਕਾ ਅਦਾ ਕਰਨ। ਇਸ ਮੀਟਿੰਗ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਸੁਰਜੀਤ ਸਿੰਘ, ਡਾ. ਰਵਿੰਦਰ ਸਿੰਘ, ਰਵੀ ਖੋਜ ਸਕੂਲ ਦੇ ਅਹੁਦੇਦਾਰ ਅਤੇ ਮੈਂਬਰ, ਯੂਨੀਵਰਸਿਟੀ ਖੋਜਾਰਥੀ ਅਤੇ ਮੀਡੀਆ ਕਾਮੇ ਸ਼ਾਮਿਲ ਹੋਏ।

## ਨਸ਼ੀਲਾ ਪਾਊਡਰ ਬ੍ਰਾਮਦ

ਨਾਭਾ, 10 ਮਈ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀਆਂ ਜੁਗਰਾਜ ਸਿੰਘ ਵਾਸੀ ਪਿੰਡ ਬਾਗੜੀਆ ਜ਼ਿਲ੍ਹਾ ਮਲੇਰਕੋਟਲਾ ਹਾਲ ਪਿੰਡ ਰੋਹਟੀ ਛੰਨਾ, ਪਰਮਜੀਤ ਕੌਰ, ਸਰਬਜੀਤ ਕੌਰ ਵਾਸੀ ਪਿੰਡ ਰੋਹਟੀ ਛੰਨਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਨਵਦੀਪ ਕੌਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਨਾਜ ਮੰਡੀ ਗਲਵੱਟੀ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ ਜੁਗਰਾਜ ਸਿੰਘ ਕੋਲੋਂ 3 ਗ੍ਰਾਮ, ਪਰਮਜੀਤ ਕੌਰ ਕੋਲੋਂ 5 ਗ੍ਰਾਮ ਅਤੇ ਸਰਬਜੀਤ ਕੌਰ ਕੋਲੋਂ 5 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

# ਅਣਖੀ ਭਵਨ ਵਿਖੇ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਦੀ ਮੀਟਿੰਗ



ਪਟਿਆਲਾ, 10 ਮਈ (ਚ.ਨ.ਸ.) : ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫ਼ਿਸ ਯੂਨਿਟ ਪਟਿਆਲਾ ਦੀ ਮੀਟਿੰਗ ਅੱਜ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਸ. ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੁਲਵਾਮਾ ਦਹਿਸ਼ਤਗਰਦੀ ਦੀ ਸਖ਼ਤ ਨਿੰਦਿਆ ਕਰਨ ਦੇ ਨਾਲ ਨਾਲ ਕਾਇਰਾਨਾ ਹਮਲੇ ਵਿੱਚ ਮਾਰੇ ਗਏ ਭਾਰਤੀ ਨਾਗਰਿਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ । ਜਥੇਬੰਦੀ ਦੇ ਮੈਂਬਰ ਤਵਿੰਦਰ ਸਿੰਘ ਦੀ ਮੌਤ ਅਤੇ ਮੈਂਬਰ ਰੁਪਿੰਦਰ ਕੌਰ ਦੀ ਮਾਤਾ ਦੀ ਮੌਤ ਦੇ ਸ਼ੋਕ ਮਤੇ ਵੀ ਪਾਸ ਕੀਤੇ ਗਏ । ਮੀਟਿੰਗ ਵਿੱਚ ਸਾਬਕਾ ਇੰਜ. ਸਤੀਸ਼ ਮਿੱਤਲ ਈ ਆਈ ਸੀ, ਇੰਜ ਐਚ. ਐਸ ਹੀਰਾ ਉੱਪ ਮੁੱ:ਇੰਜ, ਹਰਦਿਆਲ ਸਿੰਘ ਸੀ.ਐਚ.ਡੀ ਅਤੇ ਰਮੇਸ਼ ਕੁਮਾਰ ਵਾਲੀਆ ਐਚ.ਡੀ.ਐਮ ਨੂੰ ਬਤੌਰ ਸੀਨੀਅਰ ਪੈਨਸ਼ਨਰ ਵਜੋਂ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ । ਮੀਟਿੰਗ ਵਿੱਚ ਇੰਜ. ਸੰਤੋਖ ਸਿੰਘ ਸੂਬਾ ਸਲਾਹਕਾਰ, ਇੰਜ ਹਰਜੀਤ ਸਿੰਘ ਸਕੱਤਰ, ਮੋਹਨ ਰਾਜ., ਮਲਕੀਅਤ ਸਿੰਘ ਨਰਵਾਣ ਸਰਪਰਸਤ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਨੂੰ ਅਪਰੈਲ 25 ਅਤੇ 30 ਨੂੰ ਮੀਟਿੰਗ ਲਈ ਸੱਦਾ ਦੇ ਕੇ ਮੀਟਿੰਗ ਤੋਂ ਭੱਜਣ ਦੀ ਕਰੜੀ ਆਲੋਚਨਾ ਕੀਤੀ । ਸ. ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਸਰਕਾਰ ਦੀ ਸਖ਼ਤ ਨਿਖੇਧੀ ਦੇ ਨਾਲ ਜਾਣਕਾਰੀ ਦਿੱਤੀ ਕਿ ਜਲਦ ਹੀ ਸਟੇਟ ਬਾਡੀ ਦੀ ਹੋ ਰਹੀ ਮੀਟਿੰਗ ਵਿੱਚ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਵਿਰੁੱਧ ਤਿੱਖਾ ਘੋਲ ਵਿੱਢਣ ਤੇ ਵਿਚਾਰ ਕਰਕੇ ਸੰਘਰਸ਼ ਵਿੱਢਿਆ ਜਾਵੇਗਾ। ਮੀਟਿੰਗ ਵਿੱਚ ਗੱਜਣ ਸਿੰਘ ਮੀਡੀਆ ਸਲਾਹਕਾਰ, ਮਲਕੀਤ ਸਿੰਘ ਮੀਤ ਪ੍ਰਧਾਨ, ਇੰਜ ਜਗਤਾਰ ਸਿੰਘ ਖਜ਼ਾਨਚੀ, ਇੰਜ ਕਰਤਾਰ ਸਿੰਘ ਸਲਾਹਕਾਰ, ਸਰੂਪਇੰਦਰ ਸਿੰਘ, ਇੰਜ ਸਤਪਾਲ ਸ਼ਰਮਾ, ਗੁਰਦੀਪ ਸਿੰਘ, ਅਮਰੀਕ ਸਿੰਘ, ਸਤਪਾਲ ਗੋਇਲ, ਮੋਹਨ ਰਾਜ, ਹਰਬੰਸ ਸਿੰਘ ਅਤੇ ਭਾਰੀ ਗਿਣਤੀ ਵਿੱਚ ਜਥੇਬੰਦੀ ਦੇ ਆਗੂ ਤੇ ਮੈਂਬਰ ਹਾਜ਼ਰ ਸਨ ।

ਰੋਜ਼ਾਨਾ
# ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 11 ਮਈ, 2025
Sunday, 11 May, 2025




•ਡਾ. ਅਰੀਤ ਕੌਰ

# ਯੁੱਧ ਨਸ਼ਿਆਂ ਵਿਰੁੱਧ

**ਭਾਰਤ ਅਤੇ ਬਹੁਤ ਸਾਰੇ ਹੋਰ ਮੁਲਕਾਂ ਨੇ ਆਪਣੇ ਆਕਾ ਦਾ ਕਹਿਣਾ ਮੰਨਦਿਆਂ ਐੱਨਡੀਪੀਐੱਸ (ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸਜ਼) ਐਕਟ, 1985 ਵਰਗੇ ਸਖ਼ਤ ਕਾਨੂੰਨ ਬਣਾਏ। ਐੱਨਡੀਪੀਐੱਸ ਐਕਟ ਪੰਜਾਬ ਵਿੱਚ ਕਿਸ ਤਰ੍ਹਾਂ ਲਾਗੂ ਹੈ, ਇਹ ਸਮਝਣ ਲਈ 'ਵਿਧੀ ਸੈਂਟਰ ਫਾਰ ਲੀਗਲ ਪਾਲਿਸੀ' ਜੋ ਕਿ ਕਾਨੂੰਨੀ ਮਸਲਿਆਂ ਉੱਪਰ ਖੋਜ ਕਰਨ ਦੀ ਸੰਸਥਾ ਹੈ, ਨੇ 2018 ਵਿੱਚ ਇੱਕ ਰਿਪੋਰਟ ਤਿਆਰ ਕੀਤੀ। ਇਸ ਸੰਸਥਾ ਨੇ ਸੂਬੇ ਦੀਆਂ ਵਿਸ਼ੇਸ਼ ਐੱਨਡੀਪੀਐੱਸ ਅਦਾਲਤਾਂ ਵਲੋਂ ਦਿੱਤੇ ਗਏ, 13,350 ਕੇਸਾਂ ਦੇ ਫ਼ੈਸਲਿਆਂ ਦਾ ਅਧਿਐਨ ਕੀਤਾ। ਇਸ ਰਿਪੋਰਟ ਦਾ ਕਹਿਣਾ ਹੈ ਕਿ ਨਸ਼ੇ ਦੇ ਸੇਵਨ ਕਰਨ ਮਾਤਰ ਨੂੰ ਅਪਰਾਧ ਨਹੀਂ ਗਿਣਿਆ ਜਾਣਾ ਚਾਹੀਦਾ।**

ਨਸ਼ੇ ਕਿਸੇ ਨਾ ਕਿਸੇ ਰੂਪ ਵਿੱਚ ਸਦੀਆਂ ਤੋਂ ਮਨੁੱਖ ਦੇ ਨਾਲ ਰਹੇ ਹਨ। ਨਸ਼ਿਆਂ ਦਾ ਜ਼ਿਕਰ ਪੁਰਾਤਨ ਧਰਮ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਕੁਝ ਨਸ਼ਿਆਂ ਦੀ ਵਰਤੋਂ ਵਿਰੁੱਧ ਕਿਸੇ ਖ਼ਾਸ ਧਰਮ ਵਿੱਚ ਮਨਾਹੀ ਵੀ ਹੈ। ਅਫ਼ੀਮ ਤੇ ਭੰਗ ਦਾ ਬੂਟਾ ਸਥਾਨਕ ਉਪਜ ਵੀ ਸਨ। ਸ਼ੁੱਧ ਅਫ਼ੀਮ ਰੱਜਿਆਂ-ਪੁੱਜਿਆਂ ਦਾ ਨਸ਼ਾ ਸੀ ਅਤੇ ਭੁੱਕੀ, ਭੰਗ ਵਗੈਰਾ ਆਮ ਬੰਦੇ ਵਰਤਦੇ ਸਨ। ਕਈ ਤਿਉਹਾਰਾਂ 'ਤੇ ਭੰਗ ਦਾ ਸੇਵਨ ਕਰਨਾ, ਸਮਾਜ ਵਿੱਚ ਪ੍ਰਵਾਨਿਤ ਹੈ। ਕਈ ਤਰ੍ਹਾਂ ਦੇ ਸਾਧੂ ਵੀ ਭੰਗ, ਚਰਸ ਆਦਿ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਸੇ ਤਰ੍ਹਾਂ ਹਰ ਵਿਆਹ-ਸ਼ਾਦੀ/ਖ਼ੁਸ਼ੀ ਮੌਕੇ ਪੰਜਾਬ ਵਿੱਚ ਸ਼ਰਾਬ ਵਰਤਾਈ ਜਾਂਦੀ ਹੈ ਅਤੇ ਇਸ ਨੂੰ ਆਮ ਤੌਰ 'ਤੇ ਖਾਤਰਦਾਰੀ ਵਜੋਂ ਹੀ ਲਿਆ ਜਾਂਦਾ ਹੈ। ਸਭ ਜਾਣਦੇ ਹਨ ਕਿ ਸ਼ਰਾਬ ਪੀਣ ਵਾਲਾ ਹਰ ਵਿਅਕਤੀ 'ਸ਼ਰਾਬੀ' ਜਾਂ ਆਦੀ ਨਹੀਂ ਹੈ। ਜ਼ਿਆਦਾਤਰ ਲੋਕ ਹੱਦ ਵਿੱਚ ਰਹਿ ਕੇ ਹੀ ਸ਼ਰਾਬ ਪੀਂਦੇ ਹਨ। ਸ਼ਰਾਬ ਪੀ ਕੇ ਵਾਹਨ ਚਲਾਉਣਾ ਜਾਂ ਜਨਤਕ ਸਥਾਨ 'ਤੇ ਖੁੱਲ੍ਹੇਆਮ ਸ਼ਰਾਬ ਪੀਣਾ ਕਾਨੂੰਨੀ ਜੁਰਮ ਜ਼ਰੂਰ ਹੈ।

ਸ਼ਰਾਬ, ਤੰਬਾਕੂ, ਅਫ਼ੀਮ, ਭੰਗ ਅਤੇ ਕੋਕੀਨ ਆਦਿ ਸਾਰੇ ਹੀ ਨਸ਼ੇ ਇਨਸਾਨ ਲਈ ਹਾਨੀਕਾਰਕ ਹਨ। ਇਹ ਐਡਿਕਸ਼ਨ ਮਤਲਬ ਬੰਦੇ ਨੂੰ ਨਸ਼ੇ ਦੇ ਆਦੀ ਕਰਨ ਦੀ ਸਮਰੱਥਾ ਰੱਖਦੇ ਹਨ। ਪਰ ਨਸ਼ਿਆਂ ਵਿਰੁੱਧ ਅਮਰੀਕਾ ਦੀ ਸੁਝਾਈ ਅਤੇ ਯੂਐੱਨ (ਸੰਯੁਕਤ ਰਾਸ਼ਟਰ) ਵੱਲੋਂ ਵਿੱਢੀ ਗਈ ਨਸ਼ਿਆਂ ਵਿਰੁੱਧ ਜੰਗ (1961-1988) ਹਰ ਕਿਸਮ ਦੇ ਨਸ਼ੇ ਵਿਰੁੱਧ ਨਹੀਂ ਸੀ। ਤੰਬਾਕੂ ਅਤੇ ਸ਼ਰਾਬ ਸਿਹਤ ਲਈ ਬਹੁਤ ਹਾਨੀਕਾਰਕ ਹਨ ਜਿਨ੍ਹਾਂ ਨੂੰ ਇਸ ਜੰਗ ਦੌਰਾਨ ਦੁਸ਼ਮਣ ਨਹੀਂ ਮੰਨਿਆ ਗਿਆ। ਇਹ ਜੰਗ ਅਫ਼ੀਮ, ਭੰਗ ਅਤੇ ਕੋਕੀਨ ਵਿਰੁੱਧ ਸੀ। ਇੱਥੇ ਇਹ ਭੁੱਲਣਾ ਨਹੀਂ ਚਾਹੀਦਾ ਕਿ ਤੰਬਾਕੂ ਅਤੇ ਸ਼ਰਾਬ ਦੀਆਂ ਵੱਡੀਆਂ ਕੰਪਨੀਆਂ ਪੱਛਮੀ ਮੁਲਕਾਂ ਵਿੱਚ ਹਨ ਜਦੋਂਕਿ ਅਫ਼ੀਮ, ਭੰਗ ਅਤੇ ਕੋਕੀਨ ਦੇ ਪੈਦਾਵਾਰੀ ਮੁਲਕ ਜ਼ਿਆਦਾਤਰ ਇਨ੍ਹਾਂ ਅਮੀਰ ਦੇਸ਼ਾਂ ਦੀਆਂ ਸਾਬਕਾ ਬਸਤੀਆਂ ਹਨ। ਬਰਤਾਨੀਆ ਇੱਕ ਸਦੀ ਤੋਂ ਵੱਧ ਸਮਾਂ ਹਿੰਦੋਸਤਾਨੀ ਬਰੇ-ਸਗ਼ੀਰ ਵਿੱਚ ਪੈਦਾ ਹੋਈ ਅਫ਼ੀਮ ਦਾ ਸੌਦਾਗਰ ਰਿਹਾ। ਹੁਣ ਇਨ੍ਹਾਂ ਨਸ਼ਿਆਂ ਦੇ ਕਾਰੋਬਾਰ ਵਿੱਚ ਅਮੀਰ ਮੁਲਕਾਂ ਨੂੰ ਕੋਈ ਫ਼ਾਇਦਾ ਮਿਲਣ ਵਾਲਾ ਨਹੀਂ ਸੀ ਸਗੋਂ ਇਨ੍ਹਾਂ ਮੁਲਕਾਂ, ਖ਼ਾਸ ਤੌਰ 'ਤੇ ਅਮਰੀਕਾ ਵਿੱਚ ਵੱਡੀ ਗਿਣਤੀ 'ਚ ਲੋਕ ਨਸ਼ਿਆਂ ਦੇ ਆਦੀ ਬਣ ਰਹੇ ਸਨ।

ਭਾਰਤ ਅਤੇ ਬਹੁਤ ਸਾਰੇ ਹੋਰ ਮੁਲਕਾਂ ਨੇ ਆਪਣੇ ਆਕਾ ਦਾ ਕਹਿਣਾ ਮੰਨਦਿਆਂ ਐੱਨਡੀਪੀਐੱਸ (ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸਜ਼) ਐਕਟ, 1985 ਵਰਗੇ ਸਖ਼ਤ ਕਾਨੂੰਨ ਬਣਾਏ। ਐੱਨਡੀਪੀਐੱਸ ਐਕਟ ਪੰਜਾਬ ਵਿੱਚ ਕਿਸ ਤਰ੍ਹਾਂ ਲਾਗੂ ਹੈ, ਇਹ ਸਮਝਣ ਲਈ 'ਵਿਧੀ ਸੈਂਟਰ ਫਾਰ ਲੀਗਲ ਪਾਲਿਸੀ' ਜੋ ਕਿ ਕਾਨੂੰਨੀ ਮਸਲਿਆਂ ਉੱਪਰ ਖੋਜ ਕਰਨ ਦੀ ਸੰਸਥਾ ਹੈ, ਨੇ 2018 ਵਿੱਚ ਇੱਕ ਰਿਪੋਰਟ ਤਿਆਰ ਕੀਤੀ। ਇਸ ਸੰਸਥਾ ਨੇ ਸੂਬੇ ਦੀਆਂ ਵਿਸ਼ੇਸ਼ ਐੱਨਡੀਪੀਐੱਸ ਅਦਾਲਤਾਂ ਵਲੋਂ ਦਿੱਤੇ ਗਏ, 13,350 ਕੇਸਾਂ ਦੇ ਫ਼ੈਸਲਿਆਂ ਦਾ ਅਧਿਐਨ ਕੀਤਾ। ਇਸ ਰਿਪੋਰਟ ਦਾ ਕਹਿਣਾ ਹੈ ਕਿ ਨਸ਼ੇ ਦੇ ਸੇਵਨ ਕਰਨ ਮਾਤਰ ਨੂੰ ਅਪਰਾਧ ਨਹੀਂ ਗਿਣਿਆ ਜਾਣਾ ਚਾਹੀਦਾ। ਕਿਸੇ ਵਿਅਕਤੀ ਤੋਂ ਥੋੜ੍ਹੀ ਜਾਂ ਦਰਮਿਆਨੀ ਮਾਤਰਾ ਵਿੱਚ ਡਰੱਗ ਫੜੇ ਜਾਣ ਤੇ ਜੇਕਰ ਉਹ ਵਿਅਕਤੀ ਖ਼ੁਦ ਵੀ ਨਸ਼ੇ ਦਾ ਆਦੀ ਹੈ ਤਾਂ ਉਸ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਕਿਉਂ ਜੋ ਐੱਨਡੀਪੀਐੱਸ ਐਕਟ ਦੀ ਧਾਰਾ 64A ਤਹਿਤ ਇਹ ਉਪਬੰਦ ਮੌਜੂਦ ਹੈ। ਪਰ ਅੱਜ ਤੱਕ ਕਿਸੇ ਵਿਸ਼ੇਸ਼ ਐੱਨਡੀਪੀਐੱਸ ਅਦਾਲਤ ਨੇ ਇਸ ਦਾ ਲਾਭ ਇੱਕ ਵੀ ਵਿਅਕਤੀ ਨੂੰ ਨਹੀਂ ਦਿੱਤਾ। ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੁੱਲ ਕੈਦੀਆਂ ਵਿੱਚੋਂ 42 ਫ਼ੀਸਦੀ ਸਿਰਫ਼ ਇੱਕੋ ਕਾਨੂੰਨ ਯਾਨੀ ਐੱਨਡੀਪੀਐੱਸ ਐਕਟ ਅਧੀਨ ਗ੍ਰਿਫ਼ਤਾਰ ਕੀਤੇ ਗਏ ਹਨ। ਵਿਧੀ ਦੀ ਰਿਪੋਰਟ ਐੱਨਡੀਪੀਐੱਸ ਕਾਨੂੰਨ ਨੂੰ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਦੀ ਤੋਂ ਕੈਦੀ (Addict to Convict) ਬਣਾਉਣ ਦਾ ਜ਼ਿੰਮੇਵਾਰ ਮੰਨਦੀ ਹੈ। ਇਸ ਕਾਨੂੰਨ ਅਧੀਨ ਪੁਲੀਸ ਨੂੰ ਮਿਲੀ ਅੰਨ੍ਹੀ ਤਾਕਤ ਦੀ ਦੁਰਵਰਤੋਂ ਕਿਸ ਤਰ੍ਹਾਂ ਹੋ ਸਕਦੀ ਹੈ, ਇਸ ਦੀ ਉਦਾਹਰਣ ਅੱਜਕੱਲ੍ਹ ਸੁਰਖ਼ੀਆਂ ਬਣੇ ਰਹੇ ਬਰਖ਼ਾਸਤ ਏਆਈਜੀ ਅਤੇ ਕਥਿਤ ਪੁਲੀਸ ਇੰਸਪੈਕਟਰ ਦੇ ਕੇਸ ਤੋਂ ਮਿਲਦੀ ਹੈ। ਇੱਥੇ ਧਿਆਨ ਦੇਣ ਯੋਗ ਤੱਥ ਇਹ ਵੀ ਹੈ ਕਿ ਇਸ ਕਾਨੂੰਨ ਅਧੀਨ ਨਜ਼ਰਬੰਦ ਕੈਦੀਆਂ ਦੀ ਬਹੁਗਿਣਤੀ 40 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਹਨ ਜੋ ਗ਼ਰੀਬ ਘਰਾਂ ਤੋਂ ਹਨ ਅਤੇ ਖ਼ੁਦ ਵੀ ਨਸ਼ੇ ਦੇ ਆਦੀ ਹਨ। ਦੇਸ਼ ਵਿੱਚ ਐੱਨਡੀਪੀਐੱਸ ਕਾਨੂੰਨ ਲਾਗੂ ਕਰਨ ਵੇਲੇ ਇਸ ਦਾ ਮਕਸਦ ਇਹ ਸੀ ਕਿ ਇੱਕ ਸਖ਼ਤ ਕਾਨੂੰਨ, ਜਿਸ ਤਹਿਤ ਗ੍ਰਿਫ਼ਤਾਰ ਹੋਣ 'ਤੇ ਜ਼ਮਾਨਤ ਮਿਲਣਾ ਵੀ ਔਖਾ ਹੋਵੇ, ਲੋਕਾਂ ਵਿੱਚ ਡਰ ਪੈਦਾ ਕਰੇਗਾ ਅਤੇ ਉਹ ਨਸ਼ਾ ਕਰਨ ਤੇ ਇਸ ਦੇ ਵਪਾਰ ਤੋਂ ਪਿੱਛੇ ਹਟਣਗੇ। ਇਸ ਕਾਨੂੰਨ ਦਾ ਦੂਜਾ ਮਕਸਦ ਵੱਧ ਤੋਂ ਵੱਧ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨਾ ਸੀ। ਇਹ ਕਬੂਲ ਕਰਨ ਦਾ ਸਮਾਂ ਆ ਗਿਆ ਹੈ ਕਿ ਇਹ ਕਾਨੂੰਨ ਆਪਣੇ ਦੋਵੇਂ ਮਕਸਦ ਹਾਸਿਲ ਕਰਨ ਵਿੱਚ ਨਾਕਾਮ ਰਿਹਾ ਹੈ। ਇਸ ਕਾਨੂੰਨ ਕਰਕੇ ਇੱਕ ਪਾਸੇ ਪੰਜਾਬ ਦੀ ਜਵਾਨੀ ਆਦੀ ਤੋਂ ਕੈਦੀ ਤੇ ਮੁਜ਼ਰਮ ਬਣੀ ਅਤੇ ਦੂਜੇ ਪਾਸੇ ਡਰੱਗ ਮਾਫ਼ੀਏ ਨੇ ਇਸ ਕਾਰੋਬਾਰ ਰਾਹੀਂ ਅੰਨ੍ਹੀ ਕਮਾਈ ਕੀਤੀ। ਨਸ਼ਾ ਗ਼ੈਰਕਾਨੂੰਨੀ ਹੋਣ ਕਾਰਨ ਇਸ ਵਿੱਚ ਕੀਤੀ ਮਿਲਾਵਟ 'ਤੇ ਕੋਈ ਰੋਕ ਨਹੀਂ ਹੈ। ਚਿੱਟੇ ਵਿੱਚ ਟੈਲਕਮ ਪਾਊਡਰ ਵੀ ਹੋ ਸਕਦਾ ਹੈ ਅਤੇ ਇਸ ਨੂੰ ਤਿੱਖਾ ਕਰਨ ਲਈ ਕੋਈ ਖ਼ਤਰਨਾਕ ਰਸਾਇਣ ਵੀ ਰਲਾਇਆ ਹੋ ਸਕਦਾ ਹੈ।

ਇਸ ਵਕਤ ਦੁਨੀਆ ਦੇ ਬਹੁਤ ਸਾਰੇ ਮੁਲਕ ਚਰਸ/ਸੁਲਫ਼ੇ (Marijuana) ਦੇ ਸੇਵਨ ਨੂੰ ਗ਼ੈਰ-ਅਪਰਾਧਕ ਨਸ਼ਾ ਮੰਨਣ ਦੇ ਰਾਹ ਪੈ ਚੁੱਕੇ ਹਨ। ਮਨੋਰੋਗ ਮਾਹਿਰ, ਡਾ. ਅਨਿਰੁੱਧ ਕਾਲਾ ਵੱਲੋਂ ਲਿਖੀ ਅਤੇ ਹਾਲ ਵਿੱਚ ਹੀ ਛਪੀ ਪੁਸਤਕ 'Most of What You Know About Addiction is Wrong' ਨਸ਼ਿਆਂ ਸਬੰਧੀ ਬਹੁਤ ਗੰਭੀਰ ਅਤੇ ਮਹੱਤਵਪੂਰਨ ਸਵਾਲ ਉਠਾਉਂਦੀ ਹੈ। ਇਹ ਕਿਤਾਬ ਦੇਸ਼ ਅਤੇ ਖ਼ਾਸ ਤੌਰ 'ਤੇ ਪੰਜਾਬ

(ਬਾਕੀ ਸਫ਼ਾ 7 'ਤੇ)

# ਸਾਹਿਤ, ਸੂਝ ਤੇ ਭਵਿੱਖ ਦੀਆਂ ਸੂਹਜ ਭਰਪੂਰ ਪਗਡੰਡੀਆਂ



ਕੇਹਰ ਸ਼ਰੀਫ਼

ਹਰ ਸਮਾਜ ਦੇ ਆਪਣੇ ਮਸਲੇ ਅਤੇ ਆਪਣੇ ਸਰੋਕਾਰ ਹਨ। ਇਹ ਹੀ ਮਸਲੇ ਸੰਵੇਦਨਸ਼ੀਲ ਜਾਂ ਕਹੀਏ ਜਾਗਦੇ ਮਨੁੱਖ ਨੂੰ ਵੀ ਹਲੂਣਦੇ ਹਨ ਕਿ ਉਹ ਅਨੁਭਵ ਰਾਹੀਂ ਆਪਣੇ ਪੱਲੇ ਬੰਨ੍ਹੀ ਅਕਲ ਨੂੰ ਆਪਣੇ ਲੋਕਾਂ ਤੱਕ ਪਹੁੰਚਾਵੇ ਜਿਸ ਨਾਲ ਸਾਰੇ ਸਮਾਜ ਦਾ ਭਲਾ ਹੋ ਸਕੇ। ਇਸ ਤਰ੍ਹਾਂ ਦਾ ਪੜ੍ਹਨ-ਲਿਖਣ ਦੇ ਰਾਹ ਪਿਆ ਮਨੁੱਖ ਸਹਿਜੇ ਸਹਿਜੇ ਦੂਈ-ਦਵੈਤ ਤੇ ਕਿਸੇ ਵੀ ਕਿਸਮ ਦੇ ਵਿਤਕਰਿਆਂ ਤੋਂ ਰਹਿਤ ਹੋ ਜਾਂਦਾ ਹੈ। ਉਹਦੇ ਵਾਸਤੇ ਤਾਂ ਸਾਰਾ ਹੀ ਪਿੰਡ ਮਿੱਤਰਾਂ ਦਾ ਹੁੰਦਾ ਹੈ। ਉਸ ਦੇ ਅੰਦਰ ਨਫ਼ਰਤ ਦਾ ਨਾਸ਼ ਹੁੰਦਾ ਹੈ ਤੇ ਉਹ ਸਰਬੱਤ ਦੇ ਭਲੇ ਦੀ ਸੋਚ ਦਾ ਲੜ ਫੜ ਲੈਂਦਾ ਹੈ। ਇਸ ਸੋਚ ਦੇ ਲੜ ਲੱਗਿਆ ਮਨੁੱਖ ਥਿੜਕਦਾ ਵੀ ਨਹੀਂ, ਡਰਦਾ ਤੇ ਡਰਾਉਂਦਾ ਵੀ ਨਹੀਂ। ਉਹ ਆਪਣੇ ਸੁਪਨਿਆਂ 'ਚ ਸਿਰਜੇ ਸੰਸਾਰ ਨੂੰ ਹਕੀਕਤ ਬਣਦੇ ਵੇਖਣ ਵਾਸਤੇ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਸਾਹਿਤ ਦਾ ਸਿਪਾਹੀ ਸਮਝਣ ਲੱਗਦਾ ਹੈ।

ਹੁਣ ਹਰ ਕੋਈ ਸਵਾਲ ਕਰੇਗਾ ਕਿ ਸਾਹਿਤ ਦਾ ਸਮਾਜ ਨਾਲ ਕੀ ਰਿਸ਼ਤਾ ਹੁੰਦਾ ਹੈ? ਜਵਾਬ ਵੀ ਬੜਾ ਸਿੱਧਾ ਜਿਹਾ ਹੀ ਹੈ ਕਿ ਸਾਹਿਤ ਨਾ ਹੋਵੇ ਤਾਂ ਸਮਾਜ ਬੜਾ ਹੀ ਨੀਰਸ ਹੋਵੇਗਾ। ਸਾਹਿਤ ਮਨਪ੍ਰਚਾਵੇ ਦਾ ਸਾਧਨ ਹੈ। ਇਸ ਦੇ ਨਾਲ ਹੀ ਸਮਾਜਿਕ ਤਬਦੀਲੀ ਦਾ ਹਥਿਆਰ ਵੀ ਹੈ। ਇਸ ਸਭ ਕਾਸੇ ਦਾ ਮਨੁੱਖੀ ਇਤਿਹਾਸਕ ਵਿਕਾਸ ਵੀ ਗਵਾਹ ਹੈ। ਕਦੇ ਰਾਜੇ ਰਾਣੀਆਂ ਦੀਆਂ ਕਹਾਣੀਆਂ ਹੀ ਲੋਕਾਂ ਦੇ ਮਨਾਂ ਦਾ ਢਾਰਸ ਬਣਦੀਆਂ ਸਨ। ਫਿਰ ਉਹ ਯੁੱਗ ਬੀਤਣ ਤੋਂ ਬਾਅਦ ਲੋਕ ਸ਼ਾਮ ਵੇਲੇ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਢਾਣੀਆਂ ਬਣਾ ਕੇ ਬੈਠਦੇ ਅਤੇ ਇਨ੍ਹਾਂ ਸੱਥਾਂ ਵਿੱਚ ਲੋਕ ਕਥਾਵਾਂ ਸੁਣਾਈਆਂ ਵੀ ਜਾਂਦੀਆਂ ਸਨ ਤੇ ਗਾਈਆਂ ਵੀ ਜਾਂਦੀਆਂ ਸਨ। ਇਹੋ ਸੱਥਾਂ ਪਹਿਲ ਪਲੱਕੜੇ ਬੀਜ ਹੁੰਦੀਆਂ ਹਨ ਸਾਹਿਤ ਦੇ ਜਨਮਣ ਤੋਂ ਪਨਪਣ ਤੱਕ ਦੀਆਂ। ਇਸੇ ਤਰ੍ਹਾਂ ਬੀਤੇ ਸਮੇਂ ਅੰਦਰ ਸੌਣ ਤੋਂ ਪਹਿਲਾਂ ਦਾਦੇ ਦਾਦੀ ਵੱਲੋਂ ਬੱਚਿਆਂ ਦੇ ਮਨ ਪ੍ਰਚਾਉਣ ਲਈ ਮਨ ਪ੍ਰਚਾਵੇ ਵਾਲੀਆਂ ਸਿੱਖਿਆਦਾਇਕ ਬਾਤਾਂ ਵੀ ਸੁਣਾਈਆਂ ਜਾਂਦੀਆਂ ਸਨ। ਇਹ ਅਣਜਾਣੇ ਵਿੱਚ ਹੀ, ਅਛੋਪਲੇ ਜਹੇ ਬੱਚਿਆਂ ਦੇ ਮਨ ਅੰਦਰ ਸਾਹਿਤ ਵੱਲ ਜਾਣ ਦੀ ਪ੍ਰੇਰਨਾ ਬਣਦੇ ਸਨ, ਪਰ ਇਸ ਦਾ ਬੜੀ ਦੇਰ ਬਾਅਦ ਪਤਾ ਲੱਗਦਾ ਸੀ। ਵਡੇਰਿਆਂ ਵੱਲੋਂ ਇਹ ਸਾਰੀ ਸਹਿਵਣ ਹੀ ਮਿਲਦੀ ਜੀਵਨ ਜਾਚ ਅੱਜ ਦੇ ਸਮੇਂ ਪਿੰਡਾਂ ਵਿੱਚੋਂ ਅਲੋਪ ਹੋ ਗਈ ਹੈ। ਹੁਣ ਨਾ ਤਾਂ ਪਹਿਲਾਂ ਵਰਗੀ ਜ਼ਿੰਦਗੀ ਦੀ ਤੋਰ ਹੈ, ਨਾ ਹੀ ਪਹਿਲਾਂ ਵਰਗੀ ਵਿਹਲ ਹੈ, ਨਾ ਹੀ ਪਹਿਲਾਂ ਵਰਗੀ ਅਪਣੱਤ ਜਾਂ ਆਪਸੀ ਸਾਂਝ ਹੈ। ਬਦਲੇ ਸਮੇਂ ਨੇ ਲੋਕਾਂ ਕੋਲੋਂ ਪਹਿਲਾਂ ਵਰਗੀ ਬੇਪਰਵਾਹੀ ਵਾਲਾ ਵਕਤ ਖੋਹ ਲਿਆ ਹੈ ਤੇ ਫ਼ਿਕਰਮੰਦੀਆਂ ਹੱਥ ਫੜਾ ਦਿੱਤੀਆਂ ਹਨ। ਹੁਣ ਵਕਤ ਦੇ ਬਦਲਣ ਨਾਲ ਭਾਵ ਕਿ ਜ਼ਿੰਦਗੀ ਜਿਊਣ ਦਾ ਤਰੀਕਾ ਹੀ ਬਦਲ ਗਿਆ ਹੈ, ਜਦੋਂ ਨਵੀਂ ਜੀਵਨ ਜਾਚ ਕਰਕੇ ਜ਼ਿੰਦਗੀ ਦਾ ਤਰੀਕਾ ਬਦਲ ਜਾਵੇ ਤਾਂ ਲੋਕਾਂ ਦੇ ਆਪਸੀ ਵਿਹਾਰ, ਮੇਲ ਮਿਲਾਪ ਦਾ ਸਲੀਕਾ ਵੀ ਬਦਲ ਜਾਂਦਾ ਹੈ। ਇਸੇ ਨੂੰ ਹੀ ਸ਼ਾਇਦ ਆਧੁਨਿਕਤਾ ਦਾ ਨਾਂ ਦਿੱਤਾ ਜਾਂਦਾ ਹੈ। 'ਆਧੁਨਿਕ' ਹੋਇਆ ਮਨੁੱਖ ਸਭ ਤੋਂ ਪਹਿਲਾਂ ਆਪਣੇ ਅਤੀਤ ਨਾਲੋਂ ਆਪਣਾ ਨਾੜੂਆ ਤੋੜਨ ਦਾ ਭਰਮ ਪਾਲਦਾ ਹੈ। ਇਸ ਰਾਹੇ ਤੁਰਨ ਲੱਗਿਆਂ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਜਿਹੜੇ ਰਾਹ ਉਹ ਤੁਰਨ ਦਾ ਯਤਨ ਕਰ ਰਿਹਾ ਹੈ ਉਹ ਜਾਂਦਾ ਕਿੱਧਰ ਹੈ? ਪਰ ਬੇਬਸੀ ਦਾ ਆਲਮ ਕਿ ਹੋਰਨਾਂ ਦੀ ਰੀਸੇ ਉਹ ਵੀ ਮਗਰ ਹੀ ਘੜੀਸਿਆ ਤੁਰਿਆ ਚਲਿਆ ਜਾਂਦਾ ਹੈ। ਇਹ ਬਹੁਤ ਹੀ ਚਿੰਤਾ ਭਰਪੂਰ ਅਤੇ ਪੀੜਦਾਇਕ ਸਥਿਤੀ ਹੁੰਦੀ ਹੈ। ਬੱਸ! ਵਾਹ ਪਿਆ ਜਾਣੀਏਂ ਜਾਂ ਰਾਹ ਪਿਆ ਜਾਣੀਏ ਵਾਲੀ ਕਹਾਵਤ ਹੀ ਇੱਥੇ ਚੇਤੇ ਕੀਤੀ ਜਾ ਸਕਦੀ ਹੈ।

ਸਾਹਿਤ ਜ਼ਿੰਦਗੀ ਅੰਦਰ ਸੁਹਜ ਪੈਦਾ ਕਰਦਾ ਹੈ, ਜਿਊਣ ਨੂੰ ਤਰੀਕਾਬੱਧ, ਤੇ ਸਲੀਕਾਬੱਧ ਵੀ ਕਰਦਾ ਹੈ, ਅਨੁਸ਼ਾਸਨ ਸਿਖਾਉਂਦਾ ਹੈ, ਨਿਮਰਤਾ ਤੇ ਸਹਿਣਸ਼ੀਲਤਾ ਵੀ। ਕਿਸੇ ਦੂਸਰੇ ਨਾਲ ਗੱਲਬਾਤ ਕਰਨ ਦਾ ਅਪਣੱਤ ਤੇ ਮੋਹ ਭਰਿਆ ਸੰਵਾਦੀ ਤਰੀਕਾ/ਰਾਹ ਵੀ ਸਿਖਾਉਂਦਾ ਹੈ ਤੇ ਸਲੀਕਾ ਵੀ। ਚੀਜ਼ਾਂ-ਵਸਤਾਂ, ਮਸਲਿਆਂ ਤੇ ਸਮਾਜ ਦੇ ਵੱਖੋ ਵੱਖ ਵਰਤਾਰਿਆਂ ਨੂੰ ਨਿਰਖਣ-ਪਰਖਣ ਭਾਵ ਰਿੜਕਣ ਦਾ ਤਰਕ ਆਧਾਰਿਤ ਗੁਣ ਵੀ ਸਾਡੇ ਅੰਦਰ ਪੈਦਾ ਕਰਦਾ ਹੈ। ਸਾਹਿਤ ਸਾਡੇ ਕੋਲ ਹੋਰ ਸੰਚਾਰ ਸਾਧਨਾਂ ਦੇ ਨਾਲ ਹੀ ਕਿਤਾਬਾਂ ਰਾਹੀਂ ਵੀ ਪਹੁੰਚਦਾ ਹੈ। ਇਸ ਕਰਕੇ ਪਹਿਲਾਂ ਕਿਤਾਬਾਂ ਸਾਡੇ ਸੁਭਾਅ ਦਾ ਪੱਕਾ ਅੰਗ ਜਾਂ ਸਾਡੀ ਆਦਤ ਦਾ ਜ਼ਰੂਰੀ ਹਿੱਸਾ ਹੋਣੀਆਂ ਚਾਹੀਦੀਆਂ ਹਨ। ਸਾਡੇ ਕੋਲ ਕਿਤਾਬਾਂ ਵਰਗਾ ਕੋਈ ਹੋਰ ਦੋਸਤ ਨਹੀਂ ਹੁੰਦਾ ਜੋ ਬਿਨਾ ਸਾਥੋਂ ਕੁਝ ਲਿਆਂ ਬਹੁਤ ਕੁਝ ਦੇ ਜਾਵੇ। ਇਹ ਸਾਡੀ ਜ਼ਿੰਦਗੀ ਦਾ ਰੁਖ਼ ਹੀ ਬਦਲ ਦਿੰਦੀਆਂ ਹਨ। ਸ਼ਰਤ ਇਹ ਵੀ ਹੈ ਕਿ ਕਿਤਾਬਾਂ ਸਾਡੇ ਨਿੱਤ ਦੇ ਵਿਹਾਰ ਵਿੱਚ ਸ਼ਾਮਲ ਹੋਣ। ਕੁਝ ਕੁ ਲੋਕਾਂ ਨੂੰ ਸ਼ਾਇਦ ਇਹ ਗੱਲ ਦਰੁਸਤ ਨਾ ਲੱਗੇ, ਪਰ ਹੈ ਸੱਚ ਕਿ ਕਿਤਾਬਾਂ ਵਰਗਾ ਨਸ਼ਾ ਵੀ ਕਿਸੇ ਹੋਰ ਥਾਉਂ ਨਹੀਂ ਮਿਲ ਸਕਦਾ। ਲੋੜ ਹੈ ਇਸ ਨਸ਼ੇ ਜਾਂ ਕਹੀਏ ਆਦਤ ਦੇ ਲੜ ਲੱਗਣ ਦੀ।

ਪਹਿਲਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਤਾਬਾਂ ਪੜ੍ਹੀਆਂ ਕਿਹੜੀਆਂ ਜਾਣ? ਫ਼ੈਸਲਾ ਹਰ ਕਿਸੇ ਦੇ ਆਪਣੇ ਹੱਥ ਹੁੰਦਾ ਹੈ, ਇਸ ਬਾਰੇ ਜਾਣਕਾਰ ਦੂਸਰੇ ਲੋਕਾਂ ਅਤੇ ਸਾਹਿਤ ਦੇ ਖੇਤਰ ਅੰਦਰ ਵਿਚਰਨ ਵਾਲੇ ਮਿੱਤਰਾਂ-ਦੋਸਤਾਂ ਤੋਂ ਪੁੱਛਿਆ ਜਾਂ ਸਲਾਹ ਲਈ ਜਾ ਸਕਦੀ ਹੈ। ਇਹ ਪੱਕਾ ਹੈ ਕਿ ਚੰਗੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਹਰ ਵਿਅਕਤੀ ਦਾ ਸਮਾਜ ਅੰਦਰਲੀਆਂ ਸਮੱਸਿਆਵਾਂ ਨੂੰ ਦੇਖਣ, ਵਿਚਾਰਨ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ ਅਤੇ ਨਜ਼ਰੀਆ ਹਾਂ ਪੱਖੀ ਤੇ ਉਸਾਰੂ ਹੋ ਜਾਂਦਾ ਹੈ ਜੋ ਹਿੰਸਾ ਰਹਿਤ ਸਮਾਜਿਕ ਤਬਦੀਲੀ ਦਾ ਵਾਹਨ ਵੀ ਬਣ ਸਕਦਾ ਹੈ।

**ਸਾਹਿਤ ਵੀ ਕਈ ਤਰ੍ਹਾਂ ਦਾ ਹੈ ਧਾਰਮਿਕ ਵਿਸ਼ਿਆਂ ਬਾਰੇ ਲਿਖਤਾਂ ਹਨ, ਸਮਾਜਿਕ ਮਸਲਿਆਂ ਨੂੰ ਹੰਘਾਲਦੀਆਂ ਲਿਖਤਾਂ ਹਨ, ਰਾਜਨੀਤਕ ਤੇ ਆਰਥਿਕ ਫਲਸਫ਼ਿਆਂ ਦਾ ਵਿਖਿਆਨ ਕਰਨ ਵਾਲਾ ਸਾਹਿਤ, ਤਰਕਸ਼ੀਲ ਸਾਹਿਤ, ਤਕਨੀਕੀ ਗਿਆਨ, ਵਿਗਿਆਨ ਜਾਂ ਫਿਰ ਹੋਰ ਹਰ ਕਿਸਮ ਦੇ ਵਿਸ਼ਿਆਂ ਬਾਰੇ। ਕਿਤਾਬਾਂ ਦੀਆਂ ਵੱਡੀਆਂ ਦੁਕਾਨਾਂ ਵਿੱਚ ਜਾਉ ਤਾਂ ਲੱਖਾਂ ਕਿਤਾਬਾਂ ਦੇ ਦਰਸ਼ਨ ਹੁੰਦੇ ਹਨ, ਲਾਇਬ੍ਰੇਰੀਆਂ ਵਿੱਚ ਜਾਉ ਤਾਂ ਮਿਲੀਅਨਾਂ ਦੇ ਹਿਸਾਬ ਨਾਲ ਕਿਤਾਬਾਂ ਪਾਠਕਾਂ ਦੀ ਉਡੀਕ ਕਰਦੀਆਂ ਪਈਆਂ ਹਨ।**

ਸਾਹਿਤ ਵੀ ਕਈ ਤਰ੍ਹਾਂ ਦਾ ਹੈ ਧਾਰਮਿਕ ਵਿਸ਼ਿਆਂ ਬਾਰੇ ਲਿਖਤਾਂ ਹਨ, ਸਮਾਜਿਕ ਮਸਲਿਆਂ ਨੂੰ ਹੰਘਾਲਦੀਆਂ ਲਿਖਤਾਂ ਹਨ, ਰਾਜਨੀਤਕ ਤੇ ਆਰਥਿਕ ਫਲਸਫ਼ਿਆਂ ਦਾ ਵਿਖਿਆਨ ਕਰਨ ਵਾਲਾ ਸਾਹਿਤ, ਤਰਕਸ਼ੀਲ ਸਾਹਿਤ, ਤਕਨੀਕੀ ਗਿਆਨ, ਵਿਗਿਆਨ ਜਾਂ ਫਿਰ ਹੋਰ ਹਰ ਕਿਸਮ ਦੇ ਵਿਸ਼ਿਆਂ ਬਾਰੇ। ਕਿਤਾਬਾਂ ਦੀਆਂ ਵੱਡੀਆਂ ਦੁਕਾਨਾਂ ਵਿੱਚ ਜਾਉ ਤਾਂ ਲੱਖਾਂ ਕਿਤਾਬਾਂ ਦੇ ਦਰਸ਼ਨ ਹੁੰਦੇ ਹਨ, ਲਾਇਬ੍ਰੇਰੀਆਂ ਵਿੱਚ ਜਾਉ ਤਾਂ ਮਿਲੀਅਨਾਂ ਦੇ ਹਿਸਾਬ ਨਾਲ ਕਿਤਾਬਾਂ ਪਾਠਕਾਂ ਦੀ ਉਡੀਕ ਕਰਦੀਆਂ ਪਈਆਂ ਹਨ। ਹਰ ਕਿਤਾਬ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਹੀ ਲਿਖੀ ਗਈ ਹੁੰਦੀ ਹੈ। ਹੁਣ ਆਪ ਹੀ ਅੰਦਾਜ਼ਾ ਲਾਉ ਕਿ ਸਾਡੇ ਸੰਸਾਰ ਵਿੱਚ ਕਿੰਨੀਆਂ ਸਮੱਸਿਆਵਾਂ ਹਨ, ਉਹ ਕਿਤਾਬਾਂ ਤੋਂ ਵੀ ਬਹੁਤ ਜ਼ਿਆਦਾ ਹਨ। ਅਜੇ ਤਾਂ ਬਹੁਤ ਸਾਰੀਆਂ ਲਿਖੀਆਂ ਜਾਣੀਆਂ ਹਨ।

ਸਾਡੇ ਪੰਜਾਬੀ ਸਮਾਜ ਵਿੱਚ ਵੀ ਦਿਨ ਪ੍ਰਤੀ ਦਿਨ ਕਿਤਾਬਾਂ ਦਾ ਰੁਝਾਨ ਵਧ ਰਿਹਾ ਹੈ। ਸਾਹਿਤ ਦੇ ਲੜ ਲੱਗ ਕੇ ਅਸੀਂ ਜ਼ਿੰਦਗੀ ਬਰਬਾਦ ਕਰਨ ਵਾਲੀਆਂ ਬਹੁਤ ਸਾਰੀਆਂ ਭੈੜੀਆਂ ਆਦਤਾਂ ਜਾਂ ਅਲਾਮਤਾਂ ਤੋਂ ਬਚ ਸਕਦੇ ਹਾਂ। ਮਨ ਵਿੱਚ ਅਕਾਰਨ ਹੀ ਪਾਲੀ ਗਈ ਜਾਂ ਦੂਸਰਿਆਂ ਪ੍ਰਤੀ ਪਾਲੀ ਜਾ ਰਹੀ ਨਫ਼ਰਤ ਮੁੱਕਣ

(ਬਾਕੀ ਸਫ਼ਾ 7 'ਤੇ)

# ਸੁੰਦਰ ਦੇਸ਼ ਕਤਰ

ਪ੍ਰੋ. ਕੇ.ਸੀ. ਸ਼ਰਮਾ
95824-28184



ਮੈਂ ਆਪਣੇ ਪੋਤੇ ਕੋਲ ਆਇਆ ਹਾਂ। ਕਤਰ ਪਹੁੰਚਣ 'ਤੇ ਸਾਡਾ ਜਹਾਜ਼ 'ਏਅਰੋ ਬਰਿਜ' ਨਾਲ ਨਹੀਂ ਜੁੜਿਆ। ਮੁਸਾਫ਼ਰਾਂ ਨੇ ਪੌੜੀਆਂ ਰਾਹੀਂ ਉਤਰਨਾ ਸੀ। ਮੈਂ ਅਤੇ ਪਤਨੀ ਹੈਂਡਬੈਗ ਲੈ ਕੇ ਉਤਰਨ ਲੱਗੇ। ਇੱਕ ਅਜਨਬੀ ਇਨਸਾਨ ਪਤਾ ਨਹੀਂ ਕਿੱਧਰੋਂ ਆਇਆ, ਉਸ ਨੇ ਸਾਥੋਂ ਦੋਵਾਂ ਕੋਲੋਂ ਬੈਗ ਲਗਪਗ ਖੋਹੇ, ਪੌੜੀਆਂ ਉਤਰ ਕੇ ਇੰਤਜ਼ਾਰ ਕਰ ਰਹੀ ਬੱਸ ਵਿੱਚ ਰੱਖ ਕੇ ਸਹਾਇਤਾ ਕੀਤੀ ਅਤੇ ਚੁੱਪਚਾਪ ਇੱਕ ਪਾਸੇ ਖੜ੍ਹ ਗਿਆ। ਮੈਂ ਅਵਾਕ ਰਹਿ ਗਿਆ। ਆਸ਼ੀਰਵਾਦ 'ਚ ਹੱਥ ਚੁੱਕ ਦਿੱਤਾ। ਮੇਰੇ ਕੋਲ ਧੰਨਵਾਦੀ ਸ਼ਬਦ ਨਹੀਂ ਸਨ। ਉਹ ਕੌਣ ਸੀ, ਕਿਸ ਦੇਸ਼ ਦਾ ਵਾਸੀ ਸੀ, ਕਿਸ ਸੰਸਕਾਰੀ ਮਾਂ ਦਾ ਜਾਇਆ ਸੀ? ...ਪਤਾ ਨਹੀਂ।

ਕਤਰ ਟਾਪੂਨੁਮਾ ਛੋਟਾ ਜਿਹਾ ਅਰਬ ਦੇਸ਼ ਹੈ ਜਿੱਥੇ ਅਮੀਰਾਤ ਬਾਦਸ਼ਾਹ ਦਾ ਰਾਜ ਹੈ। ਤੇਲ ਅਤੇ ਗੈਸ ਦੇ ਅਥਾਹ ਭੰਡਾਰਾਂ ਕਰਕੇ ਇਹ ਦੁਨੀਆਂ ਦੇ ਸਭ ਤੋਂ ਵੱਧ ਅਮੀਰ ਦੇਸ਼ਾਂ ਵਿੱਚੋਂ ਇੱਕ ਹੈ। ਇੱਥੋਂ ਦਾ 'ਹਾਮਦ' ਕੌਮਾਂਤਰੀ ਹਵਾਈ ਅੱਡਾ ਸੰਸਾਰ ਦਾ ਦੂਸਰਾ ਸਭ ਤੋਂ ਵਧੀਆ ਅੱਡਾ ਗਰਦਾਨਿਆ ਗਿਆ ਹੈ। ਇਸ ਦੀ ਰਾਜਧਾਨੀ ਦੋਹਾ ਹੈ ਜਿੱਥੇ ਇੱਥੋਂ ਦੇ ਅੱਸੀ ਫ਼ੀਸਦੀ ਲੋਕ ਰਹਿੰਦੇ ਹਨ। ਦੋਹਾ ਖੁੱਲ੍ਹੀਆਂ ਕਾਲੀਆਂ ਮੁਲਾਇਮ ਸੜਕਾਂ ਦਾ ਅਤਿ ਆਧੁਨਿਕ ਸ਼ਹਿਰ ਹੈ। ਸ਼ਹਿਰ ਦੇ ਅੰਦਰ ਵੀ ਬਾਰਾਂ ਲੇਨ ਸੜਕਾਂ ਹਨ ਜਿਨ੍ਹਾਂ ਉਪਰ ਜਗ੍ਹਾ ਜਗ੍ਹਾ ਸਫ਼ੈਦ, ਪੀਲੇ ਅਤੇ ਲਾਲ ਪੇਂਟ ਨਾਲ ਆਵਾਜਾਈ ਦੇ ਨਿਯਮਾਂ ਅਤੇ ਡਰਾਈਵਰਾਂ ਦੀ ਸਹਾਇਤਾ ਲਈ ਨਿਸ਼ਾਨਦੇਹੀ ਕੀਤੀ ਗਈ ਹੈ। ਅਮੀਰਾਂ ਦੇ ਇਸ ਦੇਸ਼ ਵਿੱਚ ਬੈਂਟਲੇ, ਪੌਰਸ਼, ਰੌਲਸ ਰੌਏਸ, ਮਰਸਿਡੀਜ਼ ਆਦਿ ਸੰਸਾਰ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਚਲਦੀਆਂ ਹਨ। ਸ਼ਹਿਰ ਦੇ ਅੰਦਰ ਵੀ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਦੀ ਇਜਾਜ਼ਤ ਹੈ। ਆਵਾਜਾਈ ਦੇ ਕਾਨੂੰਨ ਬਹੁਤ ਸਖ਼ਤ ਹਨ ਅਤੇ ਉਤਨੀ ਹੀ ਸਖ਼ਤੀ ਨਾਲ ਇਨ੍ਹਾਂ ਦੀ ਪਾਲਣਾ ਹੁੰਦੀ ਹੈ। ਹਰ ਜਗ੍ਹਾ ਆਟੋ ਸੈਂਸਰ ਕੈਮਰੇ ਲੱਗ ਹਨ। ਮੇਰੇ ਪੋਤੇ ਨੇ ਮੈਨੂੰ ਦੱਸਿਆ ਕਿ ਇੱਕ ਵਾਰ ਉਸ ਤੋਂ ਲਾਲ ਬੱਤੀ ਦੀ ਉਲੰਘਣਾ ਹੋ ਗਈ ਅਤੇ ਉਸ ਨੂੰ ਛੇ ਹਜ਼ਾਰ ਕਤਰੀ ਰਿਆਲ (ਲਗਪਗ ਇੱਕ ਲੱਖ ਚਾਲੀ ਹਜ਼ਾਰ ਰੁਪਏ) ਦਾ ਜੁਰਮਾਨਾ ਦੇਣਾ ਪਿਆ। ਰੋਸ ਮੁਜ਼ਾਹਰੇ, ਧਰਨੇ, ਚੱਕਾ ਜਾਮ ਆਦਿ ਰੇਲ ਜਾਂ ਸੜਕੀ ਆਵਾਜਾਈ ਵਿੱਚ ਵਿਘਨ ਨਹੀਂ ਪਾ ਸਕਦੇ।

ਡਾਊਨ ਟਾਊਨ ਵਿੱਚ ਆਸਮਾਨ ਛੂੰਹਦੀਆਂ ਇਮਾਰਤਾਂ 'ਚ ਵਿਦੇਸ਼ੀ ਕੰਪਨੀਆਂ ਦੇ ਦਫ਼ਤਰ, ਪੰਜ/ਸੱਤ ਸਿਤਾਰਾ ਹੋਟਲ, ਮਾਲਜ਼, ਸ਼ਾਪਿੰਗ ਪਲਾਜ਼ੇ, ਰੇਸਤਰਾਂ, ਸਿਨਮਾ ਹਾਲ, ਖੁੱਲ੍ਹੇ ਪਾਰਕ, ਨੀਲੇ ਪਾਣੀ ਵਾਲੇ ਬੀਚ ਆਦਿ ਇੱਥੋਂ ਦੀ ਆਧੁਨਿਕ ਵਿਉਂਤਬੰਦੀ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਹਨ। ਰਾਤ ਸਮੇਂ ਰੰਗ ਬਿਰੰਗੀਆਂ ਨਿਊਨ ਲਾਈਟਾਂ ਅਤੇ ਖ਼ਾਸ ਕਿਸਮ ਦੇ ਜਗਦੇ ਖੰਭੇ ਇੱਥੋਂ ਦੀ ਖ਼ਾਸ ਖ਼ੂਬਸੂਰਤੀ ਹਨ। ਸਟਰੀਟ ਲਾਈਟਾਂ ਅਤੇ ਨਿਸ਼ਾਨਦੇਹੀ, ਇੱਕ ਸ਼ਹਿਰ ਨੂੰ ਦੂਸਰੇ ਨਾਲ ਜੋੜਨ ਵਾਲੇ ਸ਼ਾਹ ਮਾਰਗਾਂ ਉੱਤੇ ਵੀ ਲੱਗੀਆਂ ਹਨ। ਕਿਸੇ ਵੀ ਸੜਕ 'ਤੇ ਤਿਪਹੀਆ ਰਿਕਸ਼ਾ, ਆਟੋ, ਟਰੈਕਟਰ ਟਰਾਲੀ, ਪੰਜਾਬ ਦੇ ਘੜੂਕੇ ਮਾਰੂਤੇ, ਗੱਡੇ ਗੱਡੀਆਂ ਦੀ ਮਨਾਹੀ ਹੈ। ਪੈਦਲ ਜਾਂ ਸਾਈਕਲ ਸਵਾਰਾਂ ਲਈ ਸੜਕਾਂ ਦੇ ਨਾਲ-ਨਾਲ ਪਹੇ ਬਣੇ ਹਨ।

ਚੌਰਾਹਿਆਂ 'ਤੇ ਤਿਕੋਣੇ ਪਾਰਕਾਂ ਵਿੱਚ ਹਰੀ ਬੂਟੀ ਅਤੇ ਰੰਗ-ਬਿਰੰਗੇ ਫੁੱਲਾਂ ਦੀਆਂ ਕਿਆਰੀਆਂ ਹਨ। ਜ਼ਮੀਨਦੋਜ਼ ਪਾਈਪਾਂ ਰਾਹੀ ਪਾਣੀ ਹਰ ਥਾਂ ਪਹੁੰਚਦਾ ਹੈ। ਘਾਹ ਦੀ ਸਿੰਜਾਈ ਸਪਰਿੰਕਲਜ਼ ਨਾਲ ਕੀਤੀ ਜਾਂਦੀ ਹੈ, ਘਾਹ ਦੀ ਸੰਭਾਲ ਬਹੁਤ ਹੈ ਉਸ ਵਿੱਚ ਮੁਰਕ, ਬਰੂ, ਭਸਰਾ ਆਦਿ ਨਹੀਂ ਹੋਣ ਦਿੱਤਾ ਜਾਂਦਾ। ਉਂਝ ਤਾਂ ਪਹਿਲਾਂ ਵੀ ਬੱਲੇ ਬੱਲੇ ਸੀ, ਪਰ ਫੀਫਾ ਕੱਪ ਦੀ ਮੇਜ਼ਬਾਨੀ ਮਿਲਣ ਤੋਂ ਬਾਅਦ ਤਾਂ ਕਤਰ ਨੇ ਬੇਹੱਦ ਤਰੱਕੀ ਕੀਤੀ ਹੈ। ਨਵੇਂ ਸਟੇਡੀਅਮ, ਹੋਟਲ ਅਤੇ ਸੜਕਾਂ ਦੇ ਜਾਲ ਵੇਖਦੇ ਹੀ ਵੇਖਦੇ ਖੜ੍ਹੇ ਹੋ ਗਏ। ਦੋਹਾ ਤੋਂ ਲਗਪਗ ਤੀਹ ਕਿਲੋਮੀਟਰ ਦੂਰ 'ਅਲ ਖੋਰ' ਵਿਚ 'ਅਲ ਬੇਯਤ' ਨਾਮ ਦਾ ਖ਼ੂਬਸੂਰਤ ਸਟੇਡੀਅਮ ਬਣਾਇਆ ਗਿਆ। ਚਾਰੋਂ ਪਾਸੇ ਮੀਲਾਂਬੱਧੀ ਇਲਾਕੇ ਵਿੱਚ ਘਾਹ, ਰੁੱਖ ਬੂਟੇ ਲਾ ਕੇ ਹਰਿਆਵਲ ਪੈਦਾ ਕੀਤੀ ਗਈ। ਦੋਹਾ ਦੇ ਨਾਲ 'ਲੂ ਸੇਲ' ਨਾਮਕ ਇੱਕ ਨਵਾਂ ਸ਼ਹਿਰ ਬਣਾਇਆ ਗਿਆ। ਇਹ ਸ਼ਹਿਰ ਟੂਰਨਾਮੈਂਟ ਲਈ ਹੀ ਨਹੀਂ ਸਗੋਂ ਭਵਿੱਖ ਵਿੱਚ ਵਿਸਥਾਰ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਵਿਉਂਤਿਆ ਗਿਆ ਹੈ। ਇੱਥੇ ਅੱਸੀ ਹਜ਼ਾਰ ਕੈਪੇਸਿਟੀ ਵਾਲਾ ਕੌਮਾਂਤਰੀ ਪੱਧਰ ਦਾ ਸਟੇਡੀਅਮ ਬਣਾਇਆ ਗਿਆ ਹੈ ਅਤੇ ਸੜਕਾਂ ਦੇ ਜਾਲ ਤੇ ਮੈਟਰੋ ਨਾਲ ਜੋੜਿਆ ਗਿਆ ਹੈ। ਖੁੱਲ੍ਹੇ ਪਾਰਕ, ਦਰੱਖਤਾਂ, ਸੁੰਦਰ ਬੀਚ, ਕੰਪਨੀਆਂ ਦੇ ਦਫ਼ਤਰਾਂ ਲਈ ਉੱਚੇ ਬੁਰਜ ਅਤੇ ਆਲੀਸ਼ਾਨ ਰਿਹਾਇਸ਼ੀ ਇਮਾਰਤਾਂ ਸਦਕਾ ਇਹ ਸ਼ਹਿਰ ਦੇਸ਼ ਦਾ ਬਿਹਤਰੀਨ ਇਲਾਕਾ ਮੰਨਿਆ ਜਾਂਦਾ ਹੈ। ਟੂਰਨਾਮੈਂਟ ਤੋਂ ਬਾਅਦ ਵੀ ਇਹ ਇਲਾਕਾ ਆਬਾਦ ਹੈ। ਇਸ ਦੀ ਉਸਾਰੀ ਸਿਰਫ਼ ਚਾਰ ਸਾਲਾਂ ਵਿੱਚ ਪੂਰੀ ਕਰ ਲਈ ਗਈ।

ਅਮਨ ਕਨੂੰਨ ਦੀ ਵਿਵਸਥਾ ਲਈ ਕਾਨੂੰਨ ਬਹੁਤ ਸਖ਼ਤ ਹਨ। ਸ਼ਰਾਬ ਸਿਰਫ਼ ਪੰਜ ਸਿਤਾਰਾ ਹੋਟਲਾਂ ਵਿੱਚ ਹੀ ਮਿਲਦੀ ਹੈ। ਗੁੰਡਾਗਰਦੀ, ਚੋਰੀ, ਝਪਟਮਾਰੀ, ਜਨਤਕ ਜਾਇਦਾਦ ਦੀ ਭੰਨ ਤੋੜ, ਅਗਵਾ, ਅਗਜ਼ਨੀ ਅਤੇ ਔਰਤਾਂ ਖ਼ਿਲਾਫ਼ ਜੁਰਮਾਂ ਦੀ ਸਜ਼ਾ ਬਹੁਤ ਸਖ਼ਤ ਹੈ। ਔਰਤਾਂ ਅਤੇ ਸੈਲਾਨੀ ਰਾਤ ਦੇਰ ਤੱਕ ਸਿਨਮੇ, ਰੇਸਤਰਾਂ, ਬੀਚਾਂ ਅਤੇ ਮਾਲਾਂ 'ਤੇ ਬੇਧੜਕ ਘੁੰਮਦੇ ਹਨ। ਇਸ ਤੋਂ ਇਲਾਵਾ ਉੱਚ ਪੱਧਰੀ ਸਫ਼ਾਈ ਲੋਕਾਂ ਦੀ ਜੀਵਨ ਸ਼ੈਲੀ ਦਾ ਹਿੱਸਾ ਹੈ। ਆਮ ਥਾਵਾਂ ਅਤੇ ਖ਼ਾਸ ਕਰਕੇ ਜਨਤਕ ਸਹੂਲਤਾਂ ਵਿੱਚ ਵੀ ਪੰਜ ਸਿਤਾਰਾ ਹੋਟਲਾਂ ਵਰਗੀ ਸਫ਼ਾਈ ਮਿਲਦੀ ਹੈ। ਇੱਥੇ ਧੂੰਆਂ, ਮਿੱਟੀ, ਪਰਦੂਸ਼ਨ, ਮੱਖੀ ਮੱਛਰ, ਕਚਰੇ ਦੇ ਢੇਰਾਂ ਉੱਤੇ 'ਖੋਹ-ਖੋਹ' ਖੇਡਦੇ ਚੂਹੇ, ਅਵਾਰਾ ਕੁੱਤੇ, ਗੋਹਾ ਕਰਦੇ ਆਵਾਰਾ ਪਸ਼ੂ, ਭੇਡ ਬੱਕਰੀਆਂ ਦੇ ਇੱਜੜ ਕਿਧਰੇ ਨਹੀਂ ਦਿਸਦੇ। ਖਾਣ ਪੀਣ ਵਾਲੀਆਂ ਖੁੱਲ੍ਹੀਆਂ ਚੀਜ਼ਾਂ ਦੀ ਵਿਕਰੀ ਦੀ ਸਖ਼ਤ ਮਨਾਹੀ ਹੈ। ਚਲਦੀਆਂ ਫਿਰਦੀਆਂ ਰੇਹੜੀਆਂ ਉੱਤੇ ਛੋਲੇ ਭਟੂਰੇ, ਰਾਜਮਾਂਹ ਚੌਲ, ਚਾਟ, ਦਹੀਂ ਭੱਲੇ, ਫਾਸਟ ਫੂਡ, ਫਲ, ਸਬਜ਼ੀਆਂ ਵੇਚਣਾ ਸਖ਼ਤ ਮਨ੍ਹਾ ਹੈ। ਵੀਰ, ਸ਼ੁੱਕਰ (Week end) 'ਤੇ ਲੋਕ ਛੁੱਟੀ ਮਨਾਉਣ ਘਰੋਂ ਬਾਹਰ ਨਿਕਲਦੇ ਹਨ। ਕਈ ਲੋਕ ਕਲੋਨੀਆਂ ਵਿਚਲੇ ਖੁੱਲ੍ਹੇ ਪਾਰਕਾਂ ਵਿੱਚ ਪਰਿਵਾਰਕ ਪਿਕਨਿਕ ਲਈ ਸਟੋਵ, ਗੋਸ਼ਤ ਭੁੰਨਣ ਵਾਲੀਆਂ ਅੰਗੀਠੀਆਂ ਲੈ ਕੇ ਆਉਂਦੇ ਹਨ। ਦੇਰ ਰਾਤ ਤੱਕ ਖਾਂਦੇ ਪੀਂਦੇ ਮਸਤੀ ਕਰਦੇ ਹਨ ਪਰ ਜਾਣ ਤੋਂ ਪਹਿਲਾਂ ਜਗ੍ਹਾ ਦੀ ਪੂਰੀ ਸਫ਼ਾਈ ਕੀਤੀ ਜਾਂਦੀ ਹੈ।

ਏਕੜਾਂ ਵਿੱਚ ਬਣੀ 'ਬਰਵਾ ਸਿਟੀ' ਦੋਹਾ ਦੀ ਨਿਹਾਇਤ ਖ਼ੂਬਸੂਰਤ ਕਲੋਨੀ ਹੈ। ਚਾਰ ਚੁਫ਼ੇਰੇ ਅੱਠ ਲੇਨ ਸੜਕਾਂ ਦੀ ਫਿਰਨੀ ਅਤੇ ਅੰਦਰੂਨੀ ਸੜਕਾਂ ਇਸ ਨੂੰ ਵੱਖ-ਵੱਖ ਬਲਾਕਾਂ ਵਿੱਚ ਵੰਡਦੀਆਂ ਹਨ। ਹਰ ਬਲਾਕ ਵਿੱਚ ਇੱਕ ਆਕਾਰ, ਮੰਜ਼ਿਲ, ਰੰਗ, ਨਿਰੰਤਰ ਬਿਜਲੀ ਅਤੇ ਪਾਣੀ ਦੀ ਪੂਰਤੀ ਵਾਲੇ ਕੇਂਦਰੀ ਵਾਤਾਨੂਕੂਲ ਫਲੈਟ ਹਨ। ਖੁੱਲ੍ਹੇ ਪਾਰਕ, ਹਰੇ ਭਰੇ ਦਰੱਖ਼ਤ, ਵਸਤਾਂ ਲਈ 'ਲੂਲੂ' ਹਾਈਪਰ ਮਾਰਕੀਟ ਆਦਿ ਕਰਕੇ ਇਹ ਇਕ ਪੌਸ਼ ਕਲੋਨੀ ਹੈ। ਇਸ ਨਾਲ ਲਗਵੀਂ ਇੱਕ ਦੋ ਸੌ ਫੁੱਟ ਚੌੜੀ ਅਤੇ ਢਾਈ ਕਿਲੋਮੀਟਰ ਲੰਬੀ ਸੈਰਗਾਹ ਇਸ ਦੀ ਖ਼ਾਸ ਵਿਸ਼ੇਸ਼ਤਾ ਹੈ। ਉਦਯੋਗਿਕ ਏਰੀਆ ਵੱਲ ਜਾਂਦਿਆਂ ਇਸ ਦੇ ਸੱਜੇ ਹੱਥ ਧੁਰੋ-ਧੁਰ ਬਾਰਾਂ ਲੇਨ ਦੀ ਸੜਕ ਹੈ। ਬਿਲਕੁਲ ਖੱਬੇ ਮਿੱਠੇ ਬੇਰਾਂ ਦੀਆਂ ਬੇਰੀਆਂ ਦੀ ਤੀਹ ਫੁੱਟ ਪੱਟੀ ਹੈ। ਬੇਰੀਆਂ ਉਪਰੋਂ ਉੱਡਦੀਆਂ ਗਾਉਂਦੀਆਂ ਘੁੱਗੀਆਂ ਪੰਜਾਬ ਵਰਗਾ ਮਾਹੌਲ ਬਣਾਉਂਦੀਆਂ ਹਨ। ਫਿਰ ਕ੍ਰਮਵਾਰ ਸੌ ਫੁੱਟ ਘਾਹ ਦਾ ਮੈਦਾਨ, ਪੈਦਲ ਸੈਰ ਕਰਨ ਵਾਲਿਆਂ ਲਈ ਵੀਹ ਫੁੱਟ ਫਰਸ਼ੀ ਟਾਈਲਾਂ ਦੀ ਪੱਟੀ, ਇੱਕੋ ਸੇਧ 'ਚ ਲੱਗੇ ਖਜੂਰਾਂ ਦੇ ਦਰੱਖਤ ਅਤੇ ਪੈਰਾਂ ਵਿੱਚ ਫੁੱਲਾਂ ਦੀਆਂ ਕਿਆਰੀਆਂ ਦੀ ਪੱਟੀ, ਦੌੜਨ ਅਤੇ ਸਾਈਕਲਾਂ ਲਈ ਤੀਹ ਫੁੱਟ ਦਾ ਪਹਾ ਅਤੇ ਫਿਰ ਇੱਕ ਹਰੀ ਪੱਟੀ ਸੜਕ ਤੱਕ ਜਾਂਦੀ ਹੈ। ਸੂਤਰ ਵਿੱਚ ਲੱਗੀਆਂ ਟਾਈਲਾਂ ਦੀ ਕਾਰੀਗਰੀ ਮੂੰਹੋਂ ਬੋਲਦੀ ਹੈ। ਕੋਈ ਟਾਈਲ ਦਬੀ ਨਹੀਂ ਅਤੇ ਨਾ ਹੀ ਇਨ੍ਹਾਂ ਉੱਤੇ ਖੱਬਲ, ਸੇਂਜੀ ਦਾ ਹਮਲਾ ਹੈ।



ਕਹਾਣੀ

# ਨਾਸੂਰ



ਚੰਦਨ ਨੇਗੀ

ਰਾਤ ਅੰਤਾਂ ਦੀ ਕਾਲੀ ਹੈ। ਕਾਲੇ ਘਨਘੋਰ ਬੱਦਲ ਘਿਰੇ ਹਨ। ਹਵਾ ਬੰਦ ਹੈ। ਤਾਰੇ ਛੁਪੇ ਹਨ। ਹੁੰਮਸ ਹੈ। ਚਿਪ-ਚਿਪ ਕਰਦਾ ਪਸੀਨਾ ਹੈ। ਸਰੀਰਾਂ ਦੀ ਗੰਧ ਹੈ। ਰੁੱਖ, ਪੌਦੇ, ਘਾਹ ਵੀ ਆਕਾਸ਼ ਵੱਲ ਨਜ਼ਰਾਂ ਟਿਕਾਈ ਮੌਨ ਖਲੋਤੇ ਹਨ। ਨਾ ਘਾਹ ਦੀ ਸਰਸਰਾਹਟ ਹੈ, ਨਾ ਪੱਤਿਆਂ ਦੀ ਖਹਿਬੜ-ਕਾਨਾਫ਼ੂਸੀ। ਰਾਤ ਅੱਧੀ ਬੀਤ ਗਈ ਹੈ।

ਚੁਤਰਫ਼ੀਂ ਪਸਰੀ ਚੁੱਪ ਨੂੰ ਪੌਸ਼ ਕਾਲੋਨੀ ਦੇ ਪਿਛਵਾੜੇ ਉਗੜ-ਦੁਗੜ ਜ਼ਮੀਨ 'ਤੇ ਅਨਗਿਣਤ ਬਣੀਆਂ ਝੌਂਪੜੀਆਂ ਵਿਚ ਮਚੇ ਸ਼ੋਰ ਨੇ ਤੋੜਿਆ ਹੈ।

ਚੁੱਪ, ਇਕਾਂਤ, ਠਹਿਰੇ ਹੋਏ ਵਾਤਾਵਰਨ ਦੀ ਵੀ ਆਪਣੀ ਵਿਲੱਖਣ ਹੋਂਦ ਹੈ। ਥੋੜ੍ਹੀ ਜਿਹੀ ਹਿਲਜੁਲ ਦੀ ਆਵਾਜ਼ ਦੂਰ-ਦੂਰ ਤੀਕ ਪਹੁੰਚ ਜਾਂਦੀ ਹੈ। ਝੁੱਗੀਆਂ ਵਿਚ ਸ਼ੋਰ ਵਧ ਰਿਹਾ ਹੈ। ਆਵਾਜ਼ਾਂ ਨਾਲ ਹੋਰ ਆਵਾਜ਼ਾਂ ਰਲਗੱਡ ਹੋ ਗਈਆਂ ਹਨ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਵੀ ਹੋਰ ਉਚੀ ਹੋ ਗਈ ਹੈ। ਅਨੇਕਾਂ ਸਿਰ ਘਾਹ-ਫੂਸ ਦੀਆਂ ਛੱਤਾਂ ਵਾਲੀਆਂ ਝੁੱਗੀਆਂ ਦੇ ਨੀਵੇਂ-ਨੀਵੇਂ, ਨਿੱਕੇ-ਨਿੱਕੇ ਬੂਹਿਆਂ ਵਿਚੋਂ ਬਾਹਰ ਨਿਕਲ ਆਏ ਹਨ। ਸਾਰੇ ਹੈਰਾਨ ਹਨ। ਮੂੰਹਾਂ ਦੇ ਵਾਤ ਖੁੱਲ੍ਹੇ ਰਹਿ ਗਏ ਹਨ। ਅੱਖਾਂ ਅੱਡੀਆਂ ਗਈਆਂ ਹਨ।

ਸੁਖੀ ਰਾਮ ਦੀ ਔਰਤ ਰਾਮਕਲੀ ਝੁੱਗੀ ਵਿਚੋਂ ਧੰਨੀਆ ਨੂੰ ਵਾਲਾਂ ਤੋਂ ਫੜ ਕੇ ਘੜੀਸਦੀ ਬਾਹਰ ਲੈ ਆਈ ਹੈ ਅਤੇ ਉਹਨੂੰ ਪੁਰਾਣੀ ਲੀਰ ਵਾਂਗ ਝੁੱਗੀ ਵਿਚੋਂ ਬਾਹਰ ਸੁੱਟ ਦਿਤਾ ਹੈ। ਧੰਨੀਆ ਧਰਤੀ ਦੀ ਹਿੱਕ ਨਾਲ ਚਿਮੜੀ, ਲੋਕਾਂ ਦੀਆਂ ਆਵਾਜ਼ਾਂ ਸੁਣ ਰਹੀ ਹੈ। ਉਹ ਉਠਣਾ ਚਾਹੁੰਦੀ ਹੈ, ਆਪਣੇ ਆਪ ਨੂੰ ਸੰਭਾਲਣਾ ਚਾਹੁੰਦੀ ਹੈ, ਪਰ ਨਾ ਉਸ ਦੇ ਤਨ ਉਤਲਾ ਕੋਈ ਕੱਪੜਾ ਸਾਬਤ ਹੈ, ਨਾ ਹੱਡੀਆਂ ਵਿਚ ਉਠਣ ਦਾ ਜ਼ੋਰ ਹੈ। ਰਾਮਕਲੀ ਨੇ ਤਾਂ ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿਤੇ ਹਨ। ਕੋਈ ਹੋਰ ਵੇਲਾ ਹੁੰਦਾ ਤਾਂ ਧੰਨੀਆ ਇਕ ਨੂੰ ਤਾਂ ਕੀ, ਕਈਆਂ ਨੂੰ ਧਰਤੀ ਉਤੇ ਡੇਗ ਲੈਂਦੀ, ਪਰ ਹੁਣ ਉਹ ਚੁੱਪ ਹੈ। ਭੱਜੇ-ਟੁੱਟੇ ਕੱਖ-ਕਾਨੇ ਵਾਂਗ ਧਰਤੀ ਦੀ ਹਿੱਕ ਨਾਲ ਚਿਮੜੀ ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ।

ਕਿੰਨਾ ਕੋਸ ਰਹੇ ਹਨ ਇਸ ਬਸਤੀ ਦੇ ਸਾਰੇ ਮਰਦ। ਕਿੰਨਾ ਬੁਰਾ ਭਲਾ ਕਹਿ ਰਹੀਆਂ ਹਨ ਉਸ ਦੀਆਂ ਆਂਢਣਾਂ-ਗੁਆਂਢਣਾਂ। ਉਹ ਚੁੱਪ ਹੈ। ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ। ਹਰ ਇਕ ਦੀ ਆਵਾਜ਼ ਪਛਾਣਦੀ ਹੈ। ਸਾਰਿਆਂ ਦੀਆਂ ਕਰਤੂਤਾਂ ਜਾਣਦੀ ਹੈ। ਉਹ ਸੋਚਦੀ ਹੈ, ਜੇ ਉਸ ਵਿਚ ਹਿੰਮਤ ਹੋਏ ਤਾਂ ਇਕ-ਇਕ ਨੂੰ ਨੰਗਾ ਕਰ ਦੇਵੇ। ਫਿਰ ਸਭ ਦੀਆਂ ਜ਼ੁਬਾਨਾਂ ਨੂੰ ਕਾਠ ਮਾਰ ਜਾਏਗਾ, ਨਜ਼ਰਾਂ ਪਥਰਾ ਜਾਣਗੀਆਂ, ਜਿਸਮਾਂ ਵਿਚੋਂ ਰੱਤ ਨੁਚੜ ਜਾਏਗੀ। ਇਹ ਸਾਰੀਆਂ ਔਰਤਾਂ, ਇਹ ਸਾਰੇ ਮਰਦ, ਆਪੋ-ਆਪਣੇ ਢਿੱਡ ਢਕਦੇ ਅੰਦਰ ਵੜ ਦੁਬਕ ਕੇ ਬੈਠ ਜਾਣਗੇ ਪਰ ਉਹ ਚੁੱਪ ਰਹੀ, ਧਰਤੀ ਦੀ ਹਿੱਕ ਨਾਲੋਂ ਵਿਛੜਨ ਦੀ ਉਸ ਵਿਚ ਸਮਰੱਥਾ ਨਹੀਂ ਸੀ।

ਧੰਨੀਆ ਤੇ ਰਾਮਕਲੀ ਦੀਆਂ ਝੁੱਗੀਆਂ ਦੀ ਕੰਧ ਸਾਂਝੀ ਹੈ।

ਝੁੱਗੀਆਂ ਝੌਂਪੜੀਆਂ ਦੀ ਇਹ ਬਸਤੀ ਧੰਨੀਆ ਦੀ ਝੌਂਪੜੀ ਨਾਲ ਹੀ ਵਸੀ ਹੈ। ਇਥੇ ਤਾਂ ਉਚੇ-ਉਚੇ ਅਬਰਕ ਦੇ ਟਿੱਲੇ, ਖਾਈਆਂ, ਉਗੜ-ਦੁਗੜ ਰਸਤੇ ਅਤੇ ਪੱਥਰ ਹੀ ਪੱਥਰ ਸਨ। ਦੁੱਧ ਧੋਤੀਆਂ ਚਾਨਣੀਆਂ ਰਾਤਾਂ ਵਿਚ ਹੀਰਿਆਂ ਵਾਂਗ ਚਮਕਦੇ ਸਨ ਪੱਥਰਾਂ ਵਿਚ ਜੜੇ ਅਬਰਕ ਦੇ ਟੋਟੇ। ਇਥੇ ਹੀ ਧੰਨੀਆ ਤੇ ਉਸ ਦਾ ਮਹਾਂਵੀਰ ਕੁਏਰੀ ਵਿਚ ਕੰਮ ਕਰਦੇ ਸਨ। ਮਹਾਂਵੀਰ ਬਰੂਦ ਲਾ ਕੇ ਪੱਥਰਾਂ ਦੇ ਸੀਨੇ ਪਾੜਦਾ ਸੀ। ਪੱਥਰਾਂ ਨੂੰ ਕੁੱਟ-ਕੁੱਟ ਧੰਨੀਆ ਅਤੇ ਸਾਥਣਾਂ ਰੋੜੀ ਬਣਾਂਦੀਆਂ ਸਨ। 'ਟਕ-ਟਕ-ਟਕ', ਸਾਰਾ ਦਿਨ ਹਥੌੜੀਆਂ ਚਲਦੀਆਂ, ਢੇਰ ਲਗਦੇ।

ਇਕ ਦਿਨ ਮਹਾਂਵੀਰ ਦੇ ਦੂਰ ਨੱਸਣ ਤੋਂ ਪਹਿਲਾਂ ਹੀ ਬਾਰੂਦ ਪਾਟ ਗਿਆ ਤੇ ਉਹ ਵੀ ਪੱਥਰ ਮਿੱਟੀ ਦੀ ਤਰ੍ਹਾਂ ਹਵਾ ਵਿਚ ਉਛਲ ਚੂਰ-ਚੂਰ ਦੂਰ ਜਾ ਡਿੱਗਿਆ ਸੀ। ਉਸ ਦੀ ਲੱਤ ਅਤੇ ਬਾਂਹ ਦੇ ਚੀਥੜੇ ਲਟਕ ਗਏ। ਮਹੀਨਿਆਂ ਬੱਧੀ ਉਹ ਹਸਪਤਾਲ ਪਿਆ ਰਿਹਾ। ਜਦੋਂ ਵਾਪਸ ਪਰਤਿਆ ਤਾਂ ਅੱਧਾ ਮਹਾਂਵੀਰ- ਇਕ ਲੱਤ, ਇੱਕ ਹੱਥ। ਉਦੋਂ ਉਸ ਦਾ ਪਹਿਲਾ ਬੱਚਾ ਕੁੱਝ ਮਹੀਨਿਆਂ ਦਾ ਸੀ।

ਕੋਠੀਆਂ ਦੇ ਪਿਛਵਾੜੇ ਧਰਤੀ ਸਾਵੀਂ-ਪੱਧਰੀ ਹੋ ਗਈ। ਟਿੱਬੇ, ਟੋਇਆਂ ਵਿਚ ਸਮਾ ਗਏ। ਪੱਥਰ-ਰੋੜੀ ਕੰਧਾਂ-ਸੜਕਾਂ ਵਿਚ ਚਿਣੇ ਗਏ। ਧੰਨੀਆ ਨੇ ਇਕ ਟੋਏ ਦੀ ਨੁੱਕਰ ਵਿਚ ਘਾਹ-ਫੂਸ ਦੀ ਛੱਤ ਬਣਾ ਲਈ। ਗਾਰੇ ਮਿੱਟੀ ਦੀਆਂ ਕੰਧਾਂ ਚਿਣ ਲਈਆਂ। ਅੱਧ-ਅਧੂਰਾ ਮਹਾਂਵੀਰ ਝੁੱਗੀ ਦੇ ਬਾਹਰ ਮੰਜੀ ਉਤੇ ਪਿਆ ਬੀੜੀਆਂ ਫੂਕਦਾ ਰਹਿੰਦਾ। ਕੁਝ ਹੀ ਦਿਨਾਂ ਵਿਚ ਹੋਰ ਝੁੱਗੀਆਂ ਵੀ ਬਣ ਗਈਆਂ।

ਹੁਣ ਧੰਨੀਆ ਦੇ ਚੇਤੇ ਦੀ ਇਕ ਘੜੀ ਨੂੰ ਕਾਠ ਮਾਰ ਗਿਆ ਹੈ ਕਿ ਪਹਿਲੀ ਵਾਰੀ ਉਸ ਔਰਤ ਨਾਲ ਮੁਲਾਕਾਤ ਕਿੰਜ ਹੋਈ ਜਿਹੜੀ ਉਸ ਦਾ ਬੱਚਾ ਲੈ ਗਈ ਸੀ। ਉਸ ਵੇਲੇ ਧੰਨੀਆ ਤੇ ਮਹਾਂਵੀਰ ਕਿੰਨੇ ਸੁਖੀ ਤੇ ਵਿਹਲੇ ਹੋ ਗਏ ਸਨ। ਤਾਰਿਆਂ ਦੀ ਛਾਂਵੇਂ ਉਹ ਔਰਤ ਬੱਚਾ ਲੈ ਜਾਂਦੀ ਸੀ ਤੇ ਦਿਨ ਡੁੱਬੇ ਤਾਰਿਆਂ ਦੀ ਛਾਂਵੇਂ ਕੁਝ ਪੈਸੇ ਤੇ ਬੱਚਾ ਵਾਪਸ ਦੇ ਜਾਂਦੀ ਸੀ। ਇਸ ਔਰਤ ਦਾ ਵੀ ਅਜੀਬ ਧੰਦਾ ਹੈ। ਮਜ਼ਦੂਰੀ ਕਰਦੀਆਂ ਔਰਤਾਂ ਦੇ ਬੱਚੇ ਕਿਰਾਏ 'ਤੇ ਲੈ ਜਾਂਦੀ ਹੈ। ਜਿੰਨਾ ਛੋਟਾ ਬੱਚਾ, ਉਨਾ ਹੀ ਉਸ ਦਾ ਦਿਹਾੜੀ ਦਾ ਕਿਰਾਇਆ ਵੱਧ ਦਿੰਦੀ ਹੈ। ਧੰਨੀਆ ਨੂੰ ਬੜਾ ਸੁਖ ਮਿਲਿਆ ਸੀ। ਬੱਚੇ ਦਾ ਖਾਣਾ ਖੁਰਾਕ ਸਭੇ ਕੁਝ ਉਸ ਦੇ ਹੀ ਜ਼ਿੰਮੇ ਹੁੰਦਾ ਸੀ। ਫਿਰ ਪੂਰੇ ਦਿਨਾਂ ਉਤੇ ਧੰਨੀਆ ਸਾਰੀ ਦਿਹਾੜੀ ਵੀ ਤਾਂ ਨਹੀਂ ਸੀ ਲਾ ਸਕਦੀ। ਹਫ ਜਾਂਦੀ। ਪੱਸਲੀਆਂ ਤਰਿੜਨ ਲੱਗ ਪੈਂਦੀਆਂ। ਕਮਰ ਟੁੱਟਣ ਲੱਗਦੀ ਸੀ। ਅੱਧੀ ਦਿਹਾੜੀ ਅਤੇ ਬੱਚੇ ਦੇ ਪੈਸਿਆਂ ਨਾਲ ਦੋਵੇਂ ਵੇਲੇ ਠਿੱਲ੍ਹ ਜਾਂਦੇ।

ਹਾਲੀ ਤਾਂ ਮਸਾਂ ਪਹੁ ਵੀ ਨਹੀਂ ਫੁਟਦੀ। ਚਿੜੀਆਂ, ਕਾਂ, ਪੰਛੀ, ਆਪੋ-ਆਪਣੇ ਆਲ੍ਹਣਿਆਂ ਤੋਂ ਬਾਹਰ ਆ 'ਸ਼ੁਭ ਸਵੇਰ' ਦਾ ਗੀਤ ਵੀ ਨਹੀਂ ਅਲਾਪਦੇ, ਉਹ ਔਰਤ ਧੰਨੀਆ ਦੀ ਝੁੱਗੀ ਦੇ ਬਾਹਰ ਆ ਕੇ ਬੈਠ ਜਾਂਦੀ। ਮੈਲੇ-ਕੁਚੈਲੇ ਕੱਪੜੇ, ਬਿਆਈਆਂ-ਫੁੱਟੇ ਪੈਰ, ਗਿੱਟਿਓਂ ਉਚੀ ਧੋਤੀ, ਤੇ ਧੋਤੀ ਦੇ ਡੱਬ ਵਿਚ ਲਟਕਦੀ ਮੈਲੀ ਜਿਹੀ ਗੁੱਥੀ ਜਿਸ ਵਿਚੋਂ ਟੀਨ ਦੀ ਡੱਬੀ ਦਾ ਤੰਬਾਕੂ ਕੱਢ ਤਲੀ 'ਤੇ ਮਸਲਦੀ ਹੈ ਤੇ ਫਿਰ ਹੇਠਾਂ ਇਕ ਪਾਸੇ ਰੱਖ ਲੈਂਦੀ ਹੈ। ਕਾਗ਼ਜ਼ ਦੀਆਂ ਪੁੜੀਆਂ ਖੋਲ੍ਹਦੀ ਹੈ, ਕੁਝ ਹਿਸਾਬ ਲਾਂਦੀ ਹੈ ਤੇ ਫਿਰ ਪੁੜੀ ਨੂੰ ਗੁੱਥੀ ਵਿਚ ਪਾ ਦਿੰਦੀ ਹੈ।


ਧੰਨੀਆ ਦਾ ਦੂਜਾ ਬੱਚਾ ਮਸਾਂ ਕੁਝ ਦਿਨਾਂ ਦਾ ਹੋਇਆ ਹੈ। ਉਹ ਦੂਜੇ ਬੱਚੇ ਨੂੰ ਵੀ ਲੈ ਗਈ ਹੈ। ਧੰਨੀਆ ਦਾ ਆਦਮੀ ਮਹਾਂਵੀਰ ਹੱਡੀਆਂ ਦੀ ਮੁੱਠ, ਸੁੱਕਾ ਮਰੀਅਲ, ਜਿਵੇਂ ਖੇਤਾਂ ਵਿਚ ਖਲੋਤਾ ਇਕ ਟੰਗਾ ਡਰਾਵਾ ਜਾਂ ਬਾਂਸ ਦਾ ਪੁਤਲਾ, ਸਾਰਾ ਦਿਨ ਬੈਠਾ ਰਹਿੰਦਾ ਹੈ। ਦੋ ਵਾਰੀ ਤਾਂ ਧੰਨੀਆ ਨੇ ਦੂਜੀ ਬਸਤੀ ਦੇ ਸਰਕਾਰੀ ਸਕੂਲ ਕੋਲ ਢਾਬਾ ਵੀ ਲਾ ਦਿੱਤਾ ਹੈ ਪਰ ਉਸ ਦੀ ਤਾਂ ਢਾਣੀ ਹੀ ਹੋਰ ਬਣ ਗਈ ਹੈ। ਕੰਮ ਕਰਨ, ਕਮਾਉਣ ਤੋਂ ਅਵੇਸਲਾ ਹੋ ਗਿਆ ਹੈ। ਦੋ ਪੈਸੇ ਕਮਾ ਲਏ ਤਾਂ ਜੂਏ ਜੁੰਡਲੀ ਵਿਚ ਜਾ ਬੈਠਾ। ਜਿੱਤ ਗਿਆ ਤਾਂ ਸ਼ਰਾਬ ਪੀ ਲਈ; ਹਾਰ ਗਿਆ ਤਾਂ ਧੰਨੀਆ ਦੀ ਖੈਰ ਨਾ ਹੁੰਦੀ। ਲੜਾਈ-ਝਗੜਾ, ਮਾਰ-ਕੁਟਾਈ। ਮਾਰ-ਮਾਰ ਧੰਨੀਆ ਦੀ ਬੋਟੀ-ਬੋਟੀ ਉਡਾ ਦਿੰਦਾ ਇਹ ਸੁੱਕਾ ਮਾੜਚੂ ਜਿਹਾ ਅੱਧਾ-ਅਧੂਰਾ ਮਰਦ। ਪਹਿਲੇ-ਪਹਿਲ ਤਾਂ ਝੁੱਗੀਆਂ ਵਾਲੇ ਬਚਾਂਦੇ ਰਹੇ, ਧੰਨੀਆ ਨੂੰ ਛੁਡਾਂਦੇ ਰਹੇ; ਫਿਰ ਰੋਜ਼ ਦਾ ਇਹੀ ਕਰਮ ਹੋ ਗਿਆ। ਉਸ ਔਰਤ ਦੇ ਆਂਦੇ ਹੀ ਉਹ ਝਪਟਾ ਮਾਰ ਪੈਸੇ ਖੋਹ ਲੈਂਦਾ ਅਤੇ ਉਸ ਦੀ ਬਿਸਾਖੀ ਦੀ ਟੱਕ-ਟੱਕ ਤੀਕ ਸੁਣੀਂਦੀ।

ਕਿੰਨੇ ਵਰ੍ਹਿਆਂ ਤੋਂ ਇਹੋ ਕਰਮ ਚਲਿਆ ਆ ਰਿਹਾ ਹੈ। ਕਈ ਵਾਰੀ ਧੰਨੀਆ ਬੱਚੇ ਲੈ ਕੇ ਜਾਣ ਵਾਲੀ ਔਰਤ ਦੇ ਪਿਛੇ-ਪਿਛੇ ਵੀ ਜਾਂਦੀ ਸੀ। ਬੱਚਾ ਉਸ ਔਰਤ ਦੀ ਝੋਲੀ ਵਿਚ ਰੋਂਦਾ-ਕੁਰਲਾਂਦਾ। ਦੂਰੋਂ ਵੇਖਦੀ ਧੰਨੀਆ ਦੇ ਜਿਸਮ ਵਿਚੋਂ ਸਾਰੀ ਰੱਤ ਨੁੱਚੜ ਜਾਂਦੀ ਸੀ। ਬੱਚਾ ਤੜਫ਼ਦਾ, ਜਿਵੇਂ ਉਸ ਦੀ ਗੋਦੜੀ ਵਿਚ ਕੰਡੇ, ਕਾਕਰੋਚ ਜਾਂ ਨੁਕੀਲੇ ਪੱਥਰ ਬੱਚੇ ਨੂੰ ਚੁਭਦੇ ਹੋਣ। ਬੱਚਾ ਜਿੰਨਾ ਜ਼ੋਰ ਨਾਲ ਰੋਂਦਾ-ਤੜਫਦਾ, ਉਨੇ ਹੀ ਔਰਤ ਤਰਲੇ ਪਾਂਦੀ, ਦੁਹਾਈ ਦਿੰਦੀ, ਪੈਸੇ ਮੰਗਦੀ, "ਮੇਰਾ ਬੱਚਾ ਭੂਖ ਸੇ ਮਰਾ ਰਹਾ ਹੈ, ਇਸ ਕੇ ਦੂਧ ਕੇ ਲੀਏ ਪੈਸੇ।" ਉਹ ਮੱਥੇ ਵੀ ਟੇਕਦੀ। ਲੋਕਾਂ ਦੇ ਪਿਛੇ ਵੀ ਦੌੜਦੀ। ਪੈਰੀਂ ਹੱਥ ਲਾਂਦੀ। ਕਦੇ ਇਕ ਚੁਰਾਹੇ ਵਿਚ ਖਲੋਂਦੀ, ਕਦੇ ਦੂਜੇ ਚੁਰਾਹੇ ਵਿਚ। ਬੱਚੇ ਨੂੰ ਗੋਦੀ ਵਿਚ ਲੈ ਕੇ ਮੰਗਣ ਨਾਲ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ। ਬੱਚੇ ਦੀਆਂ ਅੱਖਾਂ ਸੁੱਜ ਜਾਂਦੀਆਂ। ਆਵਾਜ਼ ਭਾਰੀ ਹੋ ਜਾਂਦੀ, ਤੇ ਸ਼ਾਮ ਨੂੰ ਆਪਣੀ ਮਾਂ ਕੋਲ ਬੱਚਾ ਬੇਸੁਰਤ ਜਿਹਾ ਪਿਆ ਰਹਿੰਦਾ।

ਉਹ ਔਰਤ ਧੰਨੀਆ ਦੇ ਬੱਚੇ ਹੋਰ ਮੰਗਤਿਆਂ ਨੂੰ ਕਿਰਾਏ ਉਤੇ ਦੇਣ ਲੱਗ ਪਈ ਸੀ। ਧੰਨੀਆ ਨੇ ਪੱਥਰ ਕੁੱਟਣੇ ਛੱਡ ਦਿੱਤੇ। ਨਾ ਪੂਰੀ ਦਿਹਾੜੀ ਲਾ ਸਕਦੀ ਸੀ, ਨਾ ਪੂਰੇ ਪੈਸੇ ਮਿਲਦੇ ਸਨ। ਹੁਣ ਉਸ ਤੋਂ ਸਾਰਾ ਦਿਨ ਹਥੌੜੀ ਨਹੀਂ ਸੀ ਵੱਜਦੀ। ਵਿਹਾਰ ਜਿਹਾ ਸ਼ੁਰੂ ਹੋ ਗਿਆ ਸੀ ਦੋਹਾਂ ਔਰਤਾਂ ਵਿਚ। ਕਿਹੋ ਜਿਹਾ ਸਮਝੌਤਾ ਸੀ ਤੇ ਕੇਹੀ ਸਾਂਝੇਦਾਰੀ! ਬੱਚਿਆਂ ਦੇ ਜਿਸਮਾਂ ਦਾ ਵਪਾਰ। ਧੰਨੀਆਂ ਦਾ ਪੈਰ ਜਦੋਂ ਵੀ ਭਾਰੀ ਹੁੰਦਾ ਹੈ, ਮਹਾਂਵੀਰ ਅਤੇ ਧੰਨੀਆ ਦੇ ਚਿਹਰੇ ਖਿੜ ਜਾਂਦੇ ਹਨ। ਹਸੂੰ-ਹਸੂੰ ਕਰਦੇ ਚਿਹਰੇ, ਘਰ ਵਿਚ ਇੱਕ ਹੋਰ ਨਵੇਂ ਜੀਅ ਦੀ ਆਮਦ ਦੇ ਵਾਧੇ ਦੀ ਖੁਸ਼ੀ ਹੁੰਦੀ ਹੈ। ਧੰਨੀਆ ਹੁਣ ਨਾ ਸ਼ਰਾਬ ਤੋਂ ਰੋਸ ਕਰਦੀ ਹੈ, ਨਾ ਮਾਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਹੈ। ਉਚੀ-ਲੰਮੀ, ਭਰਵੀਂ ਧੰਨੀਆ ਤਾਂ ਮਹਾਂਵੀਰ ਜਿਹੇ ਦੋ ਬੰਦਿਆਂ ਨੂੰ ਮੁੱਠੀਆਂ ਵਿਚ ਨਪੀੜ ਲਏ। ਉਸ ਅੱਧੇ-ਅਧੂਰੇ ਇਕ ਟੰਗ ਵਾਲੇ ਮਹਾਂਵੀਰ ਦੀ ਪਤਲੀ ਗਰਦਨ ਇਕੋ ਮਰੋੜੀ ਨਾਲ ਪਰ੍ਹਾਂ ਵਗਾਹ ਮਾਰੇ, ਪਰ ਉਹ ਥੋੜ੍ਹੀ ਦੇਰ ਬਾਅਦ ਹੀ ਮਹਾਂਵੀਰ ਕੋਲ ਲੰਮੀ ਪੈ ਜਾਂਦੀ ਹੈ। ਉਸ ਨੂੰ ਪਤਾ ਹੈ, ਫਿਰ ਉਹ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਅਤੇ ਉਸ ਦਾ ਪੈਰ ਭਾਰੀ ਹੋ ਜਾਂਦਾ ਹੈ। ਭਰੀ ਭਰਾਈ ਧੰਨੀਆ ਦੀ ਚਾਲ ਵਿਚ ਮਟਕ ਆ ਜਾਂਦੀ ਹੈ। ਕਦਮਾਂ ਹੇਠਲੀ ਧਰਤੀ ਨੂੰ ਕਾਂਬਾ ਛਿੜ ਜਾਂਦਾ ਹੈ। ਧੰਨੀਆ ਹਰ ਸਾਲ ਬੱਚਾ ਪੈਦਾ ਕਰਨ ਲੱਗ ਪਈ ਹੈ। ਇਹੀ ਸੀ ਉਸ ਦਾ ਧੰਦਾ। ਇਸ ਧੰਦੇ ਤੋਂ ਰੋਟੀ ਚਲਦੀ ਸੀ, ਮਹਾਂਵੀਰ ਦੀ ਸ਼ਰਾਬ, ਜੂਆ। ਤੇ ਧੰਨੀਆ ਜਿਵੇਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਗਈ ਹੋਵੇ। ਇਹੀ ਉਨ੍ਹਾਂ ਦੀ ਰੋਜ਼ੀ ਸੀ, ਇਹੀ ਕਮਾਈ, ਇਹੋ ਕੰਮ, ਇਹੋ ਵਿਹਾਰ।

ਕੀ ਦਿੰਦੀ ਸੀ ਉਹ ਔਰਤ ਬੱਚਿਆਂ ਨੂੰ? ਰਾਤ ਨੂੰ ਅੱਧ-ਬੇਹੋਸ਼ ਜਿਹੇ ਬੱਚੇ ਘਰ ਪਰਤਦੇ। ਬਾਂਹਵਾਂ ਲੱਤਾਂ ਉਤੇ ਰਿਸਦੇ ਜ਼ਖ਼ਮਾਂ ਦੀ ਉਨ੍ਹਾਂ ਨੂੰ ਨਾ ਪਰਵਾਹ ਹੁੰਦੀ, ਨਾ ਪੀੜ। ਅੱਧ ਨੰਗੇ, ਅੱਧ ਕੱਜੇ ਬੱਚੇ ਝੁੱਗੀ ਵਿਚ ਸਿਰਫ਼ ਰਾਤ ਕੱਟਦੇ। ਸੁੱਤੇ-ਸੁੱਤੇ ਨੰਗੇ ਢਿੱਡਾਂ ਉਤੇ ਹੱਥ ਮਾਰਦੇ, "ਭਗਵਾਨ ਕੇ ਨਾਮ ਕੋਈ ਪੈਸਾ□□□ ਹਮਾਰਾ ਮਾਂ-ਬਾਪ ਮਰ ਗਯਾ□□□।" ਧੰਨੀਆ ਦੇ ਜਿਗਰ ਨੂੰ ਚੀਸਾਂ ਪੈਂਦੀਆਂ ਤਾਂ ਸਨ, ਪਰ ਰੋਜ਼ੀ-ਰੋਟੀ ਦਾ ਵੀ ਬੜਾ ਵੱਡਾ ਸਵਾਲ ਸੀ; ਢਿੱਡ ਦੀ ਭੁੱਖ ਦਾ, ਅੱਧੇ ਆਦਮੀ ਦੀਆਂ ਲੋੜਾਂ ਦਾ। ਧੰਨੀਆ ਨੂੰ ਮੋਹ ਵੀ ਤਾਂ ਨਹੀਂ ਸੀ ਉਪਜਦਾ, ਆਪਣੀ ਕੁੱਖ ਦੇ ਜਾਇਆਂ ਨਾਲ। ਪੈਸੇ ਖ਼ਾਤਰ ਹੀ ਉਸ ਬੱਚੇ ਜੰਮਾਏ। ਉਹ ਉਨ੍ਹਾਂ ਦੇ ਚਿਹਰੇ ਸਿਰਫ਼ ਰਾਤ ਦੇ ਹਨੇਰੇ ਵਿਚ ਹੀ ਦੇਖਦੀ ਜਿਵੇਂ ਕੋਈ ਮਹਿਮਾਨ ਸਿਰਫ਼ ਰਾਤ ਕੱਟਣ ਆਉਂਦੇ ਹੋਣ। ਝੁੱਗੀਆਂ ਦੇ ਹੋਰ ਬੱਚੇ ਬੇਫਿਕਰ ਖੇਡਦੇ, ਨੱਚਦੇ-ਕੁੱਦਦੇ ਵੇਖ ਉਹਦੀਆਂ ਆਂਦਰਾਂ ਵਿਚ ਕੜਵੱਲ ਵੀ ਪੈਂਦੇ, ਪਰ ਉਹ ਆਪੇ ਹੀ ਮੂੰਹ ਫੇਰ ਅਹਿਸਾਸ ਦਾ ਗਲਾ ਘੁੱਟ ਲੈਂਦੀ ਸੀ।

ਜਿਹੜੇ ਬੱਚੇ ਥੋੜ੍ਹੇ ਵੱਡੇ ਹੋ ਗਏ ਸਨ, ਉਸ ਔਰਤ ਨੇ ਹਸਪਤਾਲਾਂ, ਮੰਦਰਾਂ, ਚੁਰਾਹਿਆਂ ਉਤੇ ਉਨ੍ਹਾਂ ਨੂੰ ਥਾਂਵਾਂ ਮੱਲ ਦਿੱਤੀਆਂ ਸਨ। ਉਹ ਠੋਕਰਾਂ ਖਾਂਦੇ, ਨਸ਼ੀਲੀਆਂ ਗੋਲੀਆਂ ਫੱਕਦੇ, ਮੰਗਦੇ-ਮੰਗਦੇ, ਖੌਰੇ ਕਿਥੇ-ਕਿਥੇ ਧੱਕੇ ਖਾਂਦੇ ਚਲੇ ਗਏ। ਕਦੇ ਰਾਤ ਨੂੰ ਵੀ ਘਰ ਨਹੀਂ ਪਰਤਦੇ। ਉਨ੍ਹਾਂ ਦੇ ਚੇਤਿਆਂ ਤੋਂ ਮਾਂ-ਪਿਉ, ਝੁੱਗੀ, ਬਸਤੀ, ਕੱਖਾਂ-ਕਾਨਿਆਂ ਦੀਆਂ ਛੱਤਾਂ ਸਭ ਵਿਸਰ ਗਈਆਂ ਹਨ। ਉਨ੍ਹਾਂ ਦੇ ਆਪਣੇ ਹੀ ਅੱਡੇ ਬਣ ਗਏ ਹਨ। ਉਨ੍ਹਾਂ ਨੂੰ ਆਪਣੇ ਹੀ ਸਾਥੀ ਮਿਲ ਗਏ ਹਨ।



ਹੁਣ ਧੰਨੀਆ ਕੋਲ ਸਿਰਫ਼ ਦੋ ਹੀ ਬੱਚੇ ਰਹਿ ਗਏ ਹਨ। ਜਿੰਨੇ ਪੈਸੇ ਉਹ ਔਰਤ ਇਨ੍ਹਾਂ ਬੱਚਿਆਂ ਨੂੰ ਦਿੰਦੀ ਹੈ, ਉਸ ਨਾਲ ਤਾਂ ਉਨ੍ਹਾਂ ਦੇ ਪੇਟ ਦੀ ਭੱਠੀ ਨਹੀਂ ਝੁਲਸਦੀ। ਮਹਾਂਵੀਰ ਤਾਂ ਬੀੜੀਆਂ ਫੂਕਦਾ, ਸ਼ਰਾਬਾਂ ਪੀਂਦਾ ਸਾਹਸਤ-ਹੀਣ ਹੋ ਗਿਆ ਹੈ। ਕਦੇ ਉਹ ਰੋਂਦਾ ਹੈ, ਬੱਚਿਆਂ ਨੂੰ ਆਵਾਜ਼ਾਂ ਮਾਰਦਾ ਹੈ ਜਿਨ੍ਹਾਂ ਦੇ ਨਾਂ ਵੀ ਉਸ ਨੂੰ ਭੁੱਲ ਗਏ ਹਨ। ਧੰਨੀਆ ਵੀ ਸੋਚਦੀ ਹੈ, ਜੇ ਉਸ ਦੇ ਸਾਰੇ ਬੱਚੇ ਘਰ ਹੋਣ ਤਾਂ ਝੁੱਗੀ ਵਿਚ ਬੈਠ ਵੀ ਨਾ ਸਕਣ। ਉਸ ਨੂੰ ਆਪਣੀ ਹੀ ਕੁੱਖ ਦੇ ਜਾਇਆਂ ਦੀ ਗਿਣਤੀ ਭੁੱਲ ਜਾਂਦੀ ਹੈ। ਪੋਟਿਆਂ ਉਤੇ ਗਿਣਤੀ ਨੂੰ ਕਦੇ ਇਕ ਬੱਚਾ ਭੁੱਲ ਜਾਂਦਾ ਹੈ, ਕਦੇ ਦੂਜਾ। ਤੇ ਉਹ ਦੋਹਾਂ ਕੁੜੀਆਂ ਦੇ ਅੱਗੜ-ਪਿੱਛੜ ਹੋਏ ਮੁੰਡਿਆਂ ਨੂੰ ਪੋਟਿਆਂ ਉਤੇ ਗਿਣਦੀ ਹੈ, ਮੁੰਡੇ ਜਿਨ੍ਹਾਂ ਦੀਆਂ ਨੁਹਾਰਾਂ ਵੀ ਹੁਣ ਉਸ ਨੂੰ ਯਾਦ ਨਹੀਂ।

ਧੰਨੀਆ ਦਾ ਸਭ ਤੋਂ ਛੋਟਾ ਮੁੰਡਾ ਵੀ ਹੁਣ ਤਿੰਨ ਵਰ੍ਹਿਆਂ ਦਾ ਹੋ ਗਿਆ ਹੈ। ਅੱਠਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਕੁਏਰੀ ਪੱਥਰ ਢੋਣ-ਕੁੱਟਣ ਭੇਜ ਦਿੱਤਾ ਹੈ। ਬੱਚੇ ਦੀ ਸਾਰੇ ਦਿਨ ਦੀ ਮਿਹਨਤ ਦੇ ਪੈਸੇ ਤਾਂ ਬਹੁਤ ਘੱਟ ਮਿਲਦੇ ਹਨ, ਤੇ ਤਿੰਨ ਵਰ੍ਹਿਆਂ ਦੇ ਮੰਗਤੇ ਬੱਚੇ ਉਤੇ ਨਾ ਕੋਈ ਤਰਸ ਖਾਂਦਾ ਹੈ, ਨਾ ਉਹ ਖੁਦ ਮੰਗ ਸਕਦਾ ਹੈ। ਉਸ ਦਾ ਰੇਟ ਬਹੁਤ ਘੱਟ ਹੈ।

ਮਹਾਂਵੀਰ ਨੂੰ ਕਿੰਨੀ ਵਾਰੀ ਮਾਰਨ ਲਈ ਉਕਸਾਇਆ ਹੈ। ਸ਼ਰਾਬ ਦੀ ਬੋਤਲ ਤੋੜੀ, ਤਾਸ਼ ਅੱਗ ਵਿਚ ਤੇ ਬੀੜੀ ਦੀ ਡੱਬੀ ਚਿੱਕੜ ਵਿਚ ਸੁੱਟੀ, ਪਰ ਉਹ ਤਾਂ ਸਿਰਫ਼ ਗਾਲ੍ਹਾਂ ਹੀ ਬਕਦਾ, ਉਸ ਦੇ ਜਣਦੇ ਪੁਣਦਾ ਰਿਹਾ ਸੀ। ਨਾ ਮਾਰਨ ਲਈ ਉਲਰਿਆ, ਨਾ ਬਿਸਾਖੀ ਚੁੱਕ ਹੋਈ। ਉਸ ਦੇ ਤਾਂ ਹੱਥ ਵੀ ਕੰਬਦੇ ਹਨ, ਲੱਤ ਲੜਖੜਾਂਦੀ ਹੈ, ਬਿਸਾਖੀ ਡਗਮਗਾਂਦੀ ਹੈ, ਹੱਥਾਂ ਵਿਚ ਮੁੱਕਾ ਕੱਸਣ ਦੀ ਵੀ ਤਾਕਤ ਨਹੀਂ ਰਹੀ। ਜੋ ਹੱਥ ਲੱਗਾ, ਉਸ ਵਗਾਹ ਮਾਰਿਆ। ਧੰਨੀਆ ਦੇ ਮੱਥੇ ਉਤੇ ਫੱਟ ਪੈ ਗਿਆ। ਲਹੂ ਦੀ ਧਤੀਰੀ ਵਗ ਤੁਰੀ। ਹੁਣ ਉਹ ਕੀ ਕਰੇ? ਉਸ ਔਰਤ ਤੋਂ ਕਿੰਨਾ ਡਰ ਹੈ। ਉਹ ਰੋਜ਼ ਬੂਹਾ ਮੱਲ ਕੇ ਆ ਬੈਠਦੀ ਹੈ, "ਕਾਮ ਕਾ ਮੰਦਾ ਪੜ ਗਈ ਰੇ ਧੰਨੀਆ।" ਤੇ ਉਹ ਕਿੰਨੀਆਂ ਹੀ ਧਮਕੀਆਂ ਦੇ ਗਈ ਸੀ।

ਮੱਥੇ ਦੀ ਚੋਟ ਵਿਚੋਂ ਉਠਦੀਆਂ ਚੀਸਾਂ ਉਹ 'ਸੀਅ-ਸੀਅ' ਕਰਦੀ ਦਬਾਂਦੀ, ਚੁੱਪ ਪਈ ਉਸ ਔਰਤ ਦੀ ਸਿਰਫ਼ ਆਵਾਜ਼ ਸੁਣਦੀ ਰਹੀ, "ਧੰਨੀਆ, ਕੇ ਮੋਕਊ ਲਲਨਾ, ਮੰਦਰ ਕਾ ਬੇਲਾ ਬਿਹਾਈ ਜਾਵਤ।"

ਪਹਿਲਾਂ ਤਾਂ ਧੰਨੀਆ ਉਸ ਦੀ ਆਵਾਜ਼ ਨਾਲ ਹੀ ਉਠ ਬੈਠਦੀ ਸੀ। ਸੁੱਤੇ, ਜਾਗਦੇ, ਅੱਧ-ਸੁੱਤੇ, ਅੱਧ-ਜਾਗਦੇ ਰੀਂ-ਰੀਂ ਰੋਂਦੇ ਬੱਚਿਆਂ ਨੂੰ ਉਸ ਔਰਤ ਦੇ ਹੱਥ ਫੜਾ ਦਿੰਦੀ ਸੀ। ਤੇ ਉਹ ਧਰੀਕਦੀ-ਧਰੀਕਦੀ, ਮਾਰਦੀ, ਗਾਲ੍ਹਾਂ ਕੱਢਦੀ ਬੱਚਿਆਂ ਨੂੰ ਲੈ ਕੇ ਜਾਂਦੀ ਸੀ। ਅੱਜ ਧੰਨੀਆ ਦਾ ਜੀਅ ਕੀਤਾ ਕਿ ਉਸ ਔਰਤ ਦਾ ਗਿਰੇਵਾਨ ਪਕੜੇ, ਤੇ ਮਾਰ-ਮਾਰ ਝੁੱਗੀਆਂ ਤੋਂ ਦੂਰ ਨਾਲੇ ਦੇ ਪਾਰ ਧਰੀਕ ਕੇ ਲੈ ਜਾਏ, ਤੇ ਫਿਰ ਕਦੇ ਉਸ ਦਾ ਮੂੰਹ ਨਾ ਵੇਖੇ, ਪਰ ਉਹ ਕੁਝ ਵੀ ਨਹੀਂ ਕਰ ਸਕੀ। ਆਪਣੇ ਤਿੰਨਾਂ ਵਰ੍ਹਿਆਂ ਦੇ ਸੁੱਤੇ ਬੱਚੇ ਨੂੰ ਉਸ ਦੀ ਉਂਗਲੀ ਲਾ ਦਿੱਤਾ। ਰੋਂਦਾ ਬੱਚਾ, ਪੈਰੋਂ ਨੰਗਾ, ਤੇੜੋਂ ਨੰਗਾ।

ਅੱਜ ਧੰਨੀਆ ਦੇ ਜਿਸਮ ਵਿਚ ਅਜੀਬ ਤਰ੍ਹਾਂ ਦੀ ਅੱਚਵੀਂ ਮੱਚੀ ਹੈ। ਰਗ-ਰਗ ਵਿਚ ਸੂਈਆਂ ਦੀ ਚੋਭ ਹੈ। ਸਾਹ ਗਰਮ ਤੇ ਤੇਜ਼ ਹੈ। ਬਦਨ ਟੁੱਟਦਾ ਹੈ। ਹੋਠਾਂ ਉਤੇ ਪੇਪੜੀ ਜਿਹੀ ਜੰਮੀ ਹੈ। ਪਾਸੇ ਮਾਰ-ਮਾਰ ਹੰਭ ਗਈ ਹੈ। ਤਿੰਨਾਂ ਵਰ੍ਹਿਆਂ ਦਾ ਬੱਚਾ ਬੇਸੁਰਤ ਜਿਹਾ ਪਿਆ ਹੈ। ਕੁੜੀ ਥੱਕੀ-ਟੁੱਟੀ ਘੂਕ ਸੁੱਤੀ ਹੈ। ਮਹਾਂਵੀਰ ਨੇ ਆਪਣੀ ਇਕੋ-ਇਕ ਬਾਂਹ ਨੂੰ ਅੱਖਾਂ ਉਤੇ ਰੱਖਿਆ ਹੋਇਆ ਹੈ। ਉਸ ਦੀ ਦੂਜੇ ਬਾਂਹ ਤੇ ਲੱਤ ਦਾ ਟੁੰਡ ਕਦੇ-ਕਦੇ ਫ਼ਰਕਦੇ ਹਨ। ਅੱਧੀ ਰਾਤ ਹੋ ਗਈ ਹੈ। ਧੰਨੀਆ ਨੇ ਝੱਜਰੀ ਵਿਚੋਂ ਪਾਣੀ ਪੀਤਾ, ਤੇ ਗਲਾਸ ਵਿਚ ਕਿੰਨੀ ਦੇਰ ਹੋਠ ਡੁਬੋਈ ਰੱਖੇ। ਫਿਰ ਇਕ ਸੋਚ ਉਸ ਦੀਆਂ ਉਨੀਂਦਰੀਆਂ ਅੱਖਾਂ ਵਿਚ ਠਹਿਰ ਗਈ। ਉਹ ਉਠ ਕੇ ਬੈਠ ਗਈ। ਇੰਨੀ ਸਾਹ-ਸਤਹੀਣ ਤਾਂ ਉਹ ਪੱਥਰ ਢੋਂਦੀ ਵੀ ਨਹੀਂ ਸੀ ਹੋਈ। ਇੰਨੀ ਨਿਢਾਲ ਤਾਂ ਉਹ ਦਸ ਬੱਚੇ ਜੰਮ ਕੇ ਵੀ ਨਹੀਂ ਸੀ ਹੋਈ। ਪਹਿਲੀ ਵਾਰੀ ਅੱਧੀ ਰਾਤ ਨੂੰ ਜਦੋਂ ਧੰਨੀਆ ਨੇ ਆਪਣੀ ਝੌਂਪੜੀ ਦਾ ਤੰਗ ਜਿਹਾ ਬੂਹਾ ਉਕੜੂੰ ਹੋ ਕੇ ਉਲੰਘਿਆ, ਤਾਂ ਉਸ ਦੇ ਸਿਰ ਦੀ ਘਸਰਨ ਨਾਲ ਘਾਹ, ਫੂਸ, ਤੀਲੀਆਂ ਦੀ ਛੱਤ ਵਿਚੋਂ ਵੀ ਕੁਝ ਤਿੜਾਂ ਹੇਠਾਂ ਧਰਤੀ ਉਤੇ ਡਿੱਗੀਆਂ। ਉਹ ਮਲਕੜੇ ਜਿਹੇ ਟੁੱਟੇ-ਭੱਜੇ ਫੱਟਿਆਂ ਦੇ ਦਰ ਨੂੰ ਖੋਲ੍ਹ ਬਾਹਰ ਨਿਕਲ ਗਈ। ਤਖ਼ਤੇ ਕੰਬੇ, ਕੱਚੀਆਂ ਕੰਧਾਂ ਨਾਲੋਂ ਮਿੱਟੀ ਭੁਰੀ, ਧਰਤੀ ਦੀ ਹਿੱਕ ਕੰਬੀ। ਧੰਨੀਆ ਨੇ ਹੇਠਲਾ ਹੋਠ ਜ਼ੋਰ ਨਾਲ ਚਿਥਿਆ, ਤੇ ਝੌਂਪੜੀ ਦੇ ਟੀਨ ਨੂੰ ਸਰਕਾ ਕੇ ਅੰਦਰ ਵੜ ਗਈ। ਕੱਲ੍ਹ ਹੀ ਪਾਰਲੀ ਝੌਂਪੜੀ ਵਾਲੀ ਔਰਤ ਆਪਣੇ ਘਰ ਪਿੰਡ ਗਈ ਸੀ।

ਫਿਰ ਇਕ ਕਰਮ ਉਂਜ ਹੀ ਟੁਰ ਪਿਆ ਸੀ। ਦਰ-ਦਰ ਮੰਗਦੀ ਧੰਨੀਆ ਵੀ ਉਸੇ ਔਰਤ ਵਾਂਗ ਜਿਵੇਂ ਭਿਖਾਰਨ ਹੋਵੇ। ਝੁੱਗੀ-ਝੁੱਗੀ ਵਿਚੋਂ ਸੂਹਾਂ ਲੈਂਦੀ, ਮਰਦਾਂ ਪਿਛੇ ਪੈਂਦੀ, ਉਹ ਕੁੱਖ ਭਰਨ ਦੀ ਭੀਖ ਮੰਗਦੀ। ਉਸੇ ਔਰਤ ਦੀ ਤਰ੍ਹਾਂ ਜਿਹੜੀ ਭੁੱਖੇ ਪੇਟ ਲਈ ਝੂਠੇ ਅੱਥਰੂ ਵਗਾਂਦੀ, ਤਰਲੇ ਵਾਸਤੇ ਪਾਂਦੀ ਕਈ ਵਾਰੀ ਆਦਮੀਆਂ ਦੀਆਂ ਬਾਂਹਵਾਂ ਫੜ ਲੈਂਦੀ ਹੈ, ਕੱਪੜੇ ਫੜ ਲੈਂਦੀ ਹੈ, ਵਾਸਤੇ ਪਾਂਦੀ ਦੁਹਾਈ ਦਿੰਦੀ ਹੈ।

ਮਹਾਂਵੀਰ ਨੇ ਵੀ ਨੰਗੇ ਢਿੱਡ ਉਤੇ ਹੱਥ ਫੇਰ ਸਮਝੌਤਾ ਕਰ ਲਿਆ। ਉਹ ਨਾ ਧੰਨੀਆ ਨੂੰ ਮਾਰਦਾ, ਨਾ ਗਾਲ੍ਹਾਂ ਕੱਢਦਾ। ਦੋਹਾਂ ਵਿਚਾਲੇ ਠੰਢੀ ਚੁੱਪ ਪਸਰ ਗਈ। ਦੋਹੇਂ ਇਕ-ਦੂਜੇ ਤੋਂ ਅੱਖਾਂ ਚੁਰਾਂਦੇ। ਧੰਨੀਆ ਜਦੋਂ ਬੂਹੇ ਵਿਚੋਂ ਬਾਹਰ ਨਿਕਲਦੀ, ਮਹਾਂਵੀਰ ਦੀ ਲੱਤ ਤੇ ਬਾਂਹ ਦੇ ਟੁੰਡ ਕੰਬਣ ਲੱਗਦੇ। ਉਸ ਦੇ ਸੀਨੇ ਉਤੇ ਜਿਵੇਂ ਸੱਪ ਲੇਟ ਜਾਂਦਾ ਹੈ, ਤੇ ਅੱਖਾਂ ਮੀਚ ਮਚਲਾ ਬਣ ਜਾਂਦਾ ਹੈ। ਬਹੁਤੀਆਂ ਝੁੱਗੀਆਂ ਵਿਚ ਉਹ ਬੱਚਾ ਮੰਗਦੀ ਜਿਸਮ ਫੈਲਾਂਦੀ ਰਹੀ। ਦਰ-ਦਰ ਭਟਕ ਕੇ ਵੀ ਆਪਣਾ-ਆਪ ਗੁਆ ਕੇ ਵੀ, ਤਨ ਚੁੰਡਿਆ ਕੇ ਵੀ ਕੁਝ ਹੱਥ ਨਾ ਆਇਆ।

ਅੱਜ ਸੁਖੀ ਰਾਮ ਦੀ ਔਰਤ ਰਾਮਕਲੀ ਨੇ ਗੁੱਤੋਂ ਫੜ ਧਰੀਕਿਆ ਹੈ। ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਆਪਣੀ ਸਾਂਝੀ ਕੰਧ ਤੋਂ ਉਸ ਧੰਨੀਆ ਦੀ ਝੁੱਗੀ ਦਾ ਖਪਰੈਲ ਵੀ ਹੇਠਾਂ ਵਗਾਹ ਮਾਰਿਆ ਹੈ। ਆਪਣੇ ਆਦਮੀ ਨੂੰ ਵੀ ਘਸੀਟਦੀ-ਘਸੀਟਦੀ ਬਾਹਰ ਲੈ ਆਈ ਹੈ। ਚੁਤਰਫ਼ੀ ਰੌਲਾ ਮਚਿਆ ਹੈ। ਹਰ ਕੋਈ ਦੂਜੇ ਨੂੰ ਚੋਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਰਦ ਮੌਜੂ ਕੱਸਦੇ ਹਨ, ਔਰਤਾਂ ਲਾਹਣਤਾਂ ਪਾਂਦੀਆਂ ਹਨ, ਕੁੜੀਆਂ ਦੁਬਕ ਕੇ ਅੰਦਰ ਝੁੱਗੀਆਂ ਵਿਚ ਵੜ ਗਈਆਂ ਹਨ, ਮੁੰਡੇ ਸੁਖੀ ਰਾਮ ਨਾਲ ਮਸ਼ਕਰੀਆਂ ਕਰਦੇ ਹਨ। ਉਹ ਗੋਡਿਆਂ ਪਰਨੇ ਅੱਖਾਂ ਨਿਵਾਈ ਚੁੱਪ ਬੈਠਾ ਹੈ।

ਧੰਨੀਆ ਧਰਤੀ ਦੀ ਹਿੱਕ ਨਾਲ ਜੁੜੀ ਹੈ। ਕਿਸੇ ਉਠਾਇਆ ਨਾ, ਕਿਸੇ ਬਿਠਾਇਆ ਨਾ। ਨਾ ਕਿਸੇ ਹਮਦਰਦੀ ਜਤਾਈ, ਨਾ ਕਿਸੇ ਅਪਣੱਤ ਵਿਖਾਈ। ਧੰਨੀਆ ਨੂੰ ਹਰ ਬੰਦੇ, ਹਰ ਔਰਤ ਦਾ ਪਤਾ ਹੈ ਕੋਈ ਕਿੰਨਾ ਕੁ ਨੰਗਾ ਹੈ। ਕਿੰਨੇ ਕੁ ਕੱਪੜਿਆਂ ਦੀਆਂ ਤਹਿਆਂ ਹੇਠਾਂ ਉਸ ਆਪਣਾ-ਆਪ ਲੁਕਾਇਆ ਹੋਇਆ ਹੈ। ਉਹ ਇਕ-ਇਕ ਨੂੰ ਸ਼ਰ੍ਹੇਆਮ ਪਰਦੇ ਪਾੜ ਨੰਗਾ ਕਰ ਸਕਦੀ ਹੈ, ਪਰ ਉਸ ਇਕੋ ਵਾਰ ਚੁਤਰਫ਼ੀ ਆਪਣੇ ਵੱਲ ਘੂਰਦੀਆਂ ਅੱਖਾਂ ਵੱਲ ਵੇਖਿਆ। ਘੂਰਦੀਆਂ, ਜਿਵੇਂ ਬਿੱਲੀਆਂ ਦੀਆਂ ਹਨੇਰੇ ਵਿਚ ਲਿਸ਼ਕਦੀਆਂ ਅੱਖਾਂ। ਨਜ਼ਰਾਂ, ਜਿਵੇਂ ਦੋ ਧਾਰੀਆਂ ਤਿੱਖੀਆਂ ਕਟਾਰਾਂ ਉਸ ਦੇ ਜਿਸਮ ਦੀ ਬੋਟੀ-ਬੋਟੀ ਕਰਨ ਲੱਗੀਆਂ ਹੋਣ; ਪਰ ਨਹੀਂ ਨਹੀਂ, ਉਸ ਦੇ ਸੁੰਨ ਦਿਮਾਗ ਵਿਚੋਂ ਇਕ ਚਿਣਗ ਨਿਕਲੀ, "ਇਹ ਤਾਂ ਉਲੂਆਂ ਦੀਆਂ ਅੱਖਾਂ ਨੇ। ਅਜੀਬ ਕਿਸਮ ਦੇ ਉੱਲੂ ਨੇ। ਇਨ੍ਹਾਂ ਦੀ ਇਹ ਨਜ਼ਰ ਆਪਣੀਆਂ ਕਰਤੂਤਾਂ ਵਾਰੀ ਪਥਰਾ ਜਾਂਦੀ ਹੈ।"

ਉਹ ਇਕੋ ਝਟਕੇ ਨਾਲ ਉਠੀ। ਅਣਗਿਣਤ ਭੂੰਡਾਂ ਦੀ ਭਿਣਭਿਣਾਹਟ ਉਸ ਦੇ ਕੰਨਾਂ ਵਿਚ ਪਈ ਅਤੇ ਉਹ ਦੂਰ ਖਾਈਆਂ-ਟੋਇਆਂ ਵੱਲ ਨਿਕਲ ਗਈ, ਜਿਥੇ ਕਦੇ ਉਚੇ-ਉਚੇ ਟਿੱਲੇ ਸਿਰ ਚੁੱਕ ਆਕਾਸ਼ ਦੀ ਨੀਲੱਤਣ ਮਾਣਦੇ ਸਨ। ਚੰਨ ਤਾਰਿਆਂ ਦੀ ਚਾਨਣੀ ਵਿਚ ਧੁਰ ਤੀਕ ਨਹਾਂਦੇ ਸਨ।

ਹੁਣ ਉਹ ਸਾਰਾ ਦਿਨ ਭਟਕਦੀ ਰਹਿੰਦੀ ਹੈ। ਹਸਪਤਾਲ, ਧਾਰਮਿਕ ਅਸਥਾਨ, ਭੀੜ-ਭੜੱਕੇ, ਜਿਥੇ ਵੀ ਉਹ ਅੱਧ-ਨੰਗਾ, ਅੱਧ-ਕੱਜਿਆ, ਨੀਮ ਬੇਹੋਸ਼ ਬੱਚਾ ਮੰਗਦਾ ਵੇਖਦੀ ਹੈ, ਉਸ ਵੱਲ ਧਾਂਹਦੀ ਹੈ, ਜੱਫ਼ੀ ਵਿਚ ਲੈਣਾ ਚਾਹੁੰਦੀ ਹੈ, ਸੀਨੇ ਨਾਲ ਘੁੱਟਣਾ ਚਾਹੁੰਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ- ਇਹ ਹਜ਼ਾਰਾਂ ਬੱਚੇ, ਹਜ਼ਾਰਾਂ ਹੀ ਨੰਗੇ-ਭੁੱਖੇ ਢਿੱਡ ਸਾਰੇ ਉਸ ਦੇ ਜਾਏ ਨੇ, ਉਸੇ ਦੀਆਂ ਆਪਣੀਆਂ ਉਂਗਲਾਂ ਦੇ ਨਾਖ਼ੁਨ ਨੇ ਜਿਨ੍ਹਾਂ ਦਾ ਦਰਦ ਅਸਹਿ ਹੈ। ਇਹ ਨਾਖ਼ੁਨ ਉਸ ਦੇ ਸਾਰੇ ਜਿਸਮ ਉਤੇ ਉਗ ਪਏ ਨੇ, ਤੇ ਨਾਖ਼ੁਨਾਂ ਦੇ ਨਾਸੂਰ ਬਣ ਕੇ ਰਿਸਣ ਲੱਗ ਪਏ ਹਨ। ਕਿੰਨੀ ਪਾਗਲ ਜਿਹੀ ਹੋ ਗਈ ਹੈ। ਇਕ ਵੀ ਬੱਚਾ ਆਪਣਾ ਨਹੀਂ ਲਗਦਾ। ਸਾਰੇ ਦੇ ਸਾਰੇ ਹੀ ਆਪਣੇ ਹਨ। ਉਹ ਕੀ ਕਰੇ? ਉਹ ਚੌਕਾਂ ਵਲ ਦੌੜ ਪੈਂਦੀ ਹੈ। ਚੌਕਾਂ ਵਿਚ ਲਾਲ ਬੱਤੀਆਂ ਕਾਰਨ ਖਲੋਤੀਆਂ ਮੋਟਰਾਂ, ਕਾਰਾਂ, ਸਕੂਟਰਾਂ ਵਾਲਿਆਂ ਅੱਗੇ ਬੱਚੇ ਕਰਦੀਆਂ, ਤਰਲੇ-ਵਾਸਤੇ ਪਾਂਦੀਆਂ, ਮੰਗਦੀਆਂ ਔਰਤਾਂ ਦੇ ਕੁੱਛੜ ਛੋਟੇ-ਛੋਟੇ ਬੱਚੇ ਦੇਖ ਉਸ ਦਾ ਸੀਨਾ ਚਰੀਂਦਾ ਹੈ। ਮੰਗਤੀਆਂ ਦੇ ਕੁੱਛੜੋਂ ਬੱਚੇ ਖੋਂਹਦੀ ਹੈ, ਨੱਸਦੀ ਹੈ, ਡਿਗਦੀ ਹੈ, ਮਾਰਾਂ ਖਾਂਦੀ ਹੈ, "ਇਹ ਬੱਚੇ ਮੇਰੇ ਨੇ, ਇਹ ਬੱਚੇ ਮੇਰੇ ਨੇ !" ਥੱਕ-ਟੁੱਟ ਕੇ ਝੁੱਗੀ ਦੀ ਛੱਤ ਹੇਠਾਂ ਲੰਮੀ ਪੈ ਜਾਂਦੀ ਹੈ। ਆਪਣੇ ਝੁਰੜਾਂਦੇ ਪੇਟ ਉਤੇ ਹੱਥ ਫ਼ੇਰਦੀ ਸਿਰਫ਼ ਘਾਹ-ਫੂਸ ਦੀ ਛੱਤ ਨੂੰ ਘੂਰਦੀ ਹੈ। ਡਰਦੀ ਹੈ, ਉਸ ਦੇ ਅੰਦਰਲੀ ਅੱਗ ਨਾਲ ਇਹ ਛੱਤ ਵੀ ਨਾ ਸੜ ਜਾਏ। ਉਹ ਨਹੁੰਆਂ ਨਾਲ ਧਰਤੀ ਖੁਰਚਦੀ ਹੈ। ਝੁੱਗੀ ਅੰਦਰਲੀ ਧਰਤੀ ਨੂੰ ਖੁਰਚ-ਖੁਰਚ ਉਸ ਇਵੇਂ ਬਣਾ ਦਿੱਤਾ ਹੈ, ਜਿਵੇਂ ਕਿਸੇ ਨਰਸਰੀ ਦੀ ਕਿਆਰੀ ਦੀ ਨਵੀਂ ਫੁੱਟੀ ਪੌਦ ਹੁਣੇ ਵਿਕੀ ਹੋਏ ਤੇ ਧਰਤੀ ਟੋਏ-ਟੋਏ, ਮੋਰੀਆਂ-ਮੋਰੀਆਂ, ਸੱਖਣੀ ਖਾਲੀ ਹੋ ਗਈ ਹੋਏ।

# ਗ਼ਜ਼ਲ

ਮੈਂ ਜਦੋਂ ਦੀ ਪੱਥਰਾਂ ਦਾ, ਘਰ ਬਣਾ ਕੇ ਬਹਿ ਗਈ,
ਝਾੜਦੀ ਹਾਂ, ਪੂੰਝਦੀ ਹਾਂ, ਏਸ ਜੋਗੀ ਰਹਿ ਗਈ।
ਚੰਨ ਖੰਨੀ ਟੁੱਕ ਹੈ, ਸੂਰਜ ਹੈ ਰੋਟੀ ਸਾਬਤੀ,
ਹੋਰ ਕੀ ਵਿਗਿਆਨ ਹੈ? ਚੁਗਦੀ ਉਹ ਬਾਲਣ ਕਹਿ ਗਈ।
ਬਾਪ ਦੇ ਮਗਰੋਂ ਪਤੀ, ਫਿਰ ਪੁੱਤ ਕੋਲੇ ਆਣ ਕੇ,
ਮੈਂ ਇਨ੍ਹਾਂ ਦੇ ਹੁਕਮ ਦੀ, ਤਾਮੀਲ ਕਰਦੀ ਰਹਿ ਗਈ।
ਜਿਸ ਤਰ੍ਹਾਂ ਸਾਗਰ ਕਿਨਾਰੇ, ਬਣ ਸਕੇ ਦੀਵਾਰ ਨਾ,
ਰੀਝ ਮੇਰੀ ਇਸ ਤਰ੍ਹਾਂ, ਗਰਜਾਂ ਦੇ ਅੱਗੇ ਢਹਿ ਗਈ।
ਭਰ ਲਿਆ ਹੈ ਜੋਸ਼ ਦਿਲ ਵਿਚ, ਰੱਖ ਡਾਢਾ ਹੌਸਲਾ,
ਬੰਨ੍ਹ ਡੋਰੀ ਆਸ ਦੀ, ਗੁੱਡੀ ਅਕਾਸ਼ੀ ਖਹਿ ਗਈ।
ਰੋੜ੍ਹ ਕੇ ਜਦ ਤੁਰ ਗਏ, ਮਾਪੇ ਨਿਆਣੀ ਜਿੰਦ ਨੂੰ,
ਮਾਰਦੀ ਧਾਹਾਂ ਨਦੀ, ਸਾਗਰ ਦੇ ਵੱਲ ਨੂੰ ਵਹਿ ਗਈ।
ਪ੍ਰੀਤ ਦੀ ਮੈਨਾ ਕੀ ਜਾਣੇ, ਏਸ ਜੱਗ ਦੇ ਦੌਰ ਨੂੰ,
ਇਸ ਲਈ ਉਹ ਗਰਦਸ਼ਾਂ ਤੋਂ, ਦੂਰ ਜਾ ਕੇ ਬਹਿ ਗਈ।
ਰੰਗ ਕੇ ਕਾਲਾ ਦੁਪੱਟਾ, ਤੂੰ ਸਿਤਾਰੇ ਲਾ ਲਏ,
ਚੰਨ ਅੰਬਰ ਫੋਲਦਾ, ਟਾਕੀ ਇਹ ਕਿੱਥੋਂ ਲਹਿ ਗਈ ?
ਵੇਖ ਔਗੁਣ ਆਪਣੇ, ਨਾ ਵੇਖ ਤੂੰ 'ਜਗਜੀਤ' ਦੇ,
ਲੈ ਸੁਗੰਧੀ ਫੁੱਲ ਤੋਂ, ਮੱਖੀ ਮਧੂ ਦੀ ਕਹਿ ਗਈ।



ਜਗਜੀਤ ਕੌਰ ਢਿੱਲਵਾਂ

# ਧਰਮ ਦੇ ਬਾਣੇ

ਮੈਨੂੰ ਦੱਸ ਮੇਰੇ ਦਿਲਬਰਾ ...
ਕਿਹੜਾ ਕੰਡਾ , ਪੈਰੀਂ ਚੁਭਿਆ
ਕਿਹੜਾ ਤੀਰ, ਸੀਨੇ ਖੁੱਭਿਆ
ਤੇਰੇ ਹਾਸੇ ਪਿੱਛੇ ਝਲਕਦੀ
ਇਹ ਕਿਸ ਤਰ੍ਹਾਂ ਦੀ ਪੀੜ ਹੈ
ਤੇਰੇ ਬੋਲਾਂ ਵਿੱਚੋਂ ਨਿਕਲੇ
ਇਹ ਕਿਸ ਤਰ੍ਹਾਂ ਦੀ ਲਾਟ ਹੈ ....
ਤੇਰੇ ਕੋਇਆਂ ਵਿੱਚੋਂ ਝਾਕਦੇ
ਕਿਉਂ ਕੋਸੇ ਕੋਸੇ ਅੱਥਰੂ
ਤੇਰੇ ਪੈਰ ਕਾਹਤੋਂ ਜ਼ਖ਼ਮੀ
ਤੇਰੀ ਕਿੰਨੀ ਲੰਮੀ ਵਾਟ ਹੈ .....
ਤੈਨੂੰ ਕਿਸ ਮਲ੍ਹਮ ਦੀ ਲੋੜ ਹੈ
ਮੈਨੂੰ ਦੱਸ ਮੇਰੇ ਦਿਲਬਰਾ .....
ਕਿੰਝ ਤੇਰੇ ਕੰਨੀਂ ਪੈ ਗਈ
ਕਿੰਝ ਦਿਲ ਵਿਚ ਡੂੰਘੀ ਲਹਿ ਗਈ
ਪੁਰਖਿਆਂ ਦੇ ਮੱਥੇ ਵਿੱਚ
ਉਜਾੜੇ ਦੀ ਦਾਸਤਾਂ
ਮਾਂ ਦੀ ਕੁੱਖ ਵਿਚ ਗੂੰਜਦਾ
ਉਦਾਸ ਕੋਈ ਗੀਤ ਜੋ......
ਤੂੰ ਲਿਖ ਲਿਆ ਤੂੰ ਸਿੱਖ ਲਿਆ
ਤੂੰ ਗਰਭ ਵਿਚ ਹੀ ਪੀ ਲਿਆ
ਤੂੰ ਖੁਸ਼ੀ ਵਿਚੋਂ ਵੀ ਭਾਲ ਲਈ
ਉਦਾਸੀ ਠੰਢੀ ਸੀਤ ਜੋ....
ਕਿੰਝ ਪੀੜ੍ਹ ਤੇਰੀ ਚੁਗ ਲਵਾਂ
ਮੈਨੂੰ ਦੱਸ ਮੇਰੇ ਦਿਲਬਰਾ ..
ਕਿਸ ਨਦੀ ਨੇ ਪੀ ਲਿਆ
ਕਦੋਂ ਪੀਲੀ ਨਿੱਘੀ ਰੇਤ ਨੂੰ
ਉਸ ਵੇਲੇ ਦਾ ਹਿਸਾਬ ਵੀ
ਉਸੇ ਵੇਲੇ ਦੇ ਕੋਲ ਹੈ
ਜੋ ਬਿਨ ਬੁਲਾਇਆਂ ਆਣ ਕੇ
ਦਹਿਲੀਜ਼ ਉੱਤੇ ਬਹਿ ਗਿਆ ...
ਤੈਂ ਮੁੱਠੀਆਂ ਘੁੱਟ ਕੇ ਮੀਚੀਆਂ
ਅਸਮਾਨ ਵੱਲੀਂ ਕੀਤੀਆਂ
ਨਾਅਰਾ ਤੇਰੇ ਹੱਕ ਦਾ
ਅੰਬਰਾਂ ਤੇ ਲਿਖਿਆ ਰਹਿ ਗਿਆ....
ਨਾ ਡੋਲੀਂ ਮੇਰੇ ਦਿਲਬਰਾ
ਲੜਨੇ ਦੀ ਇਹੀਓ ਰੀਤ ਹੈ ....



ਖੁਸ਼ਵੀਰ ਕੌਰ ਢਿੱਲੋਂ

# ਮਰਦਾਨੇ ਨੂੰ ਮਰਦਾਨਣ ਦਾ ਖ਼ਤ



ਅਜੇ ਹੋਇਆ ਨਾ ਨਜ਼ਾਰਾ ਤੇਰੇ ਦੀਦ ਦਾ ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇ ! ਉਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ ।
ਜੇ ਮੈਂ ਆਖਾਂ ਨਾਨਕ ਨੇ ਸਾਨੂੰ ਹੈ ਉਜਾੜਿਆ ।
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਉਹਦੇ ਭਾਣੇ,
ਭੁੱਖ ਦੁੱਖ ਦਾ ਉਲਾਂਭਾ ਉਹਦੇ ਸਿਰ ਚਾੜ੍ਹਿਆ ।
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ ।
ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ ।
ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,
ਕਹਿੰਦੀ ਕਿਧਰੇ ਨੀ ਜਾਂਦਾ ਤੇਰਾ ਡੂੰਮ ਵੇ ।
ਸਾਡਾ ਲਾਰਿਆਂ ਤੇ ਚਿੱਤ ਨਾ ਪਤੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ,
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ ਵੇ,
ਤੇਰੀ ਚੰਨੇ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ,
ਅਜੇ ਹੋਇਆ ਨਾ ਜੁਆਨ ਤੇਰਾ ਵੀਰ ਵੇ ।
ਪੈਸਾ ਰੂਪ ਨੂੰ ਹੈ ਅੱਜ ਵੇ ਖਰੀਦਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਚੜ੍ਹੇ ਵਿਹੜੇ ਵਿਚ ਚੰਦ, ਲਖਮੀ ਤੇ ਸ੍ਰੀ ਚੰਦ,
ਜਦੋਂ ਹੁੰਦੇ ਨੇ ਸੁਲੱਖਣੀ ਦੇ ਕੋਲ ਵੇ ।
ਤੂੰ ਕੀ ਜਾਣੇ ਅਨਜਾਣਾ, ਕੀ ਹੈ ਸੋਚਦਾ ਜ਼ਮਾਨਾ,
ਸੁੰਨੀ ਹੋਵੇ ਬਾਲ ਬਾਝੋਂ ਜਦੋਂ ਝੋਲ ਵੇ ।
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਡਿੱਗੇ ਬਾਪ ਹਥੋਂ ਸੋਟੀ, ਮੂੰਹ ਚ ਫੁੱਲ ਜਾਵੇ ਰੋਟੀ,
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ ।
ਮੇਰੇ ਖੁੱਲ੍ਹ ਗਏ ਵਾਲ, ਜਾਣੀ ਆ ਗਿਆ ਭੁਚਾਲ,
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ ।
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ ਭਾਣੀ,
ਪਰ ਵਧ ਹੈ ਸੁਲੱਖਣੀ ਤੋਂ ਜੇਰਾ ਵੇ ।
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ ਚ ਤੇਰਾ ਵੇ ।
ਵੇ ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਸੰਤ ਰਾਮ ਉਦਾਸੀ

# ਜ਼ਿੰਦਾ ਜ਼ਮੀਰ

ਮੁੰਹਮਦ ਅੱਬਾਸ ਧਾਲੀਵਾਲ
9855259650

ਸੁਨੀਤਾ ਤੇ ਸਨੇਹ ਲਤਾ ਦੋਵੇਂ ਪਟਿਆਲਾ ਦੀਆਂ ਰਹਿਣ ਵਾਲੀਆਂ ਸਨ ਅਤੇ ਉਹ ਸ਼ਹਿਰ ਤੋਂ ਕਰੀਬ ਵੀਹ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਇੱਕ ਪਿੰਡ ਦੇ ਸਰਕਾਰੀ ਹਾਈ ਸਕੂਲ ਚ ਅਧਿਆਪਕਾਵਾਂ ਸਨ। ਉਨ੍ਹਾਂ ਦਾ ਸਕੂਲ ਪਿੰਡ ਦੇ ਬੱਸ ਸਟੈਂਡ ਨੇੜੇ ਮੁੱਖ ਮਾਰਗ ਤੇ ਹੀ ਸਥਿਤ ਸੀ। ਨਤੀਜੇ ਵਜੋਂ ਹਰ ਸਰਕਾਰੀ ਤੇ ਪ੍ਰਾਈਵੇਟ ਬਸ ਉੱਥੇ ਰੁਕਦੀ ਸੀ।

ਇਧਰ ਸੁਨੀਤਾ ਤੇ ਸਨੇਹ ਲਤਾ ਨੇ ਜਦੋਂ ਤੋ ਸਕੂਲ ਵਿਖੇ ਜੁਆਇਨ ਕੀਤਾ ਸੀ। ਉਹ ਦੋਵੇਂ ਉਸੇ ਦਿਨ ਤੋਂ ਬੱਸ ਰਾਹੀਂ ਹੀ ਸਕੂਲ ਆਉਂਦੀਆਂ ਜਾਂਦੀਆਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਬਸ ਦਾ ਸਫਰ ਆਪਣੀ ਟੂ ਵੀਲ੍ਹਰ ਬਾਈਕ ਨਾਲੋਂ ਜ਼ਿਆਦਾ ਸੁਰੱਖਿਅਤ ਤੇ ਆਰਾਮਦਾਇਕ ਸੀ। ਉਨ੍ਹਾਂ ਦੇ ਇਸ ਤਰਕ ਚ ਸੱਚਾਈ ਵੀ ਸੀ। ਕਿਉਂਕਿ ਮੀਂਹ ਕਣੀ ਤੇ ਧੁੰਦ ਦੇ ਮੌਸਮ ਵਿੱਚ ਜਿੱਥੇ ਬਸ ਦ ਸੁਰੱਖਿਅਤ ਸੀ ਉੱਥੇ ਹੀ ਵਧਦੀ ਟ੍ਰੈਫਿਕ ਦੇ ਮੱਦੇਨਜ਼ਰ ਵੀ ਬਸ ਦਾ ਸਫਰ ਸੁਰੱਖਿਅਤ ਸੀ।

ਉਧਰ ਇਲੈਕਸ਼ਨ ਦਾ ਨੇੜ ਸੀ ਜਿਸ ਦੇ ਚਲਦਿਆਂ ਕੱਲ੍ਹ ਸਰਕਾਰ ਵੱਲੋਂ ਮਹਿਲਾ ਦਿਵਸ ਮੌਕੇ ਸੂਬੇ ਵਿੱਚ ਔਰਤਾਂ ਨੂੰ ਬਸ ਚ ਮੁਫਤ ਸਫਰ ਦੀ ਸਹੂਲਤ ਦਾ ਐਲਾਨ ਕੀਤਾ ਗਿਆ ਸੀ। ਇਸ ਸਹੂਲਤ ਦੇ ਅਨੁਸਾਰ ਕੋਈ ਵੀ ਸੂਬੇ ਦੀ ਵਸਨੀਕ ਔਰਤ ਸਰਕਾਰੀ ਬਸ ਚ ਆਧਾਰ ਕਾਰਡ ਵਿਖਾ ਕੇ ਹੁਣ ਮੁਫਤ ਸਫਰ ਕਰ ਸਕਦੀ ਸੀ।ਇਸ ਤੋਂ ਬਾਅਦ ਦੂਜੇ ਦਿਨ ਸੁਨੀਤਾ ਤੇ ਸਨੇਹ ਲਤਾ ਸਕੂਲ ਜਾਣ ਲਈ ਰੋਜ਼ਾਨਾ ਦੀ ਤਰ੍ਹਾਂ ਪੀ.ਆਰ.ਟੀ.ਸੀ. ਦੀ ਇੱਕ ਬਸ ਚ ਸਵਾਰ ਹੋਈਆਂ ਤਾਂ ਉਨ੍ਹਾਂ ਵੇਖਿਆ ਬਸ ਵਿਚ ਅੱਜ ਆਮ ਦਿਨਾਂ ਨਾਲੋਂ ਵਧੇਰੇ ਭੀੜ ਸੀ ਤੇ ਸਵਾਰੀਆਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਕੰਡਕਟਰ ਨੇ ਆਪਣੀ ਰੂਟੀਨ ਚ ਟਿਕਟਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਸਨ। ਔਰਤਾਂ ਕੰਡਕਟਰ ਨੂੰ ਆਪਣਾ ਆਧਾਰ ਕਾਰਡ ਵਿਖਾਉਂਦੇ ਹੋਏ ਜ਼ੀਰੋ ਬਿਲ ਵਾਲੀਆਂ ਟਿਕਟਾਂ ਹਾਸਲ ਕਰ ਰਹੀਆਂ ਸਨ। ਔਰਤਾਂ ਦੇ ਚਿਹਰੇ ਤੇ ਇੱਕ ਵੱਖਰੀ ਕਿਸਮ ਦੀ ਮੁਸਕਾਨ ਸੀ ਉਨ੍ਹਾਂ ਦੀ ਇਸ ਖੁਸ਼ੀ ਦਾ ਵੱਡਾ ਕਾਰਨ ਸ਼ਾਇਦ ਬਸ ਚ ਮਿਲ ਰਹੀ ਮੁਫਤ ਸਫਰ ਦੀ ਸਹੂਲਤ ਸੀ ।

ਟਿਕਟਾਂ ਕੱਟਦਿਆਂ ਕੰਡਕਟਰ ਜਦੋਂ ਸੁਨੀਤਾ ਤੇ ਸਨੇਹ ਲਤਾ ਕੋਲ ਆਇਆ ਤਾਂ ਸੁਨੀਤਾ ਨੇ ਝੱਟ ਆਪਣਾ ਆਧਾਰ ਕਾਰਡ ਕੱਢ ਕੰਡਕਟਰ ਦੇ ਮੂਹਰੇ ਕਰ ਜ਼ੀਰੋ ਅਮਾਊਂਟ ਵਾਲਾ ਇੱਕ ਟਿਕਟ ਹਾਸਲ ਕਰ ਆਪਣੇ ਪਰਸ ਦੀ ਜੇਬ ਚ ਸਾਂਭ ਲਿਆ। ਪਰ ਉਹਦੇ ਨਾਲ ਬੈਠੀ ਸਨੇਹ ਲਤਾ ਨੇ ਪੰਜਾਹ ਦਾ ਇੱਕ ਨੋਟ ਪਰਸ ਚੋਂ ਕੱਢ ਕੰਡਕਟਰ ਵੱਲ ਕਰਦਿਆਂ ਜਿਹੜੇ ਪਿੰਡ ਉਹ ਪੜਾਉਂਦੀ ਸੀ ਉਸ ਦੀ ਇੱਕ ਟਿਕਟ ਕਟਾਈ । ਇਧਰ ਸਨੇਹ ਲਤਾ ਨੂੰ ਟਿਕਟ ਲੈਂਦੀ ਵੇਖ ਸੁਨੀਤਾ ਨੇ ਟੋਕਿਆ "ਕਿਉਂ ਤੇਰੇ ਕੋਲ ਆਧਾਰ ਕਾਰਡ ਨਹੀਂ ਹੈ?"

ਸਨੇਹ ਲਤਾ ਸਕੂਨ ਨਾਲ " ਆਧਾਰ ਕਾਰਡ ਤਾਂ ਹੈ ਮੇਰੇ ਕੋਲੇ। "

ਸੁਨੀਤਾ ਹੈਰਾਨੀ ਨਾਲ " ਫੇਰ ਤੈਨੂੰ ਪੈਸੇ ਦੇ ਕੇ ਟਿਕਟ ਕਟਾਉਣ ਦੀ ਕੀ ਲੋੜ ਪਈ ਹੈ।"

ਸਨੇਹ ਲਤਾ ਆਤਮ ਵਿਸ਼ਵਾਸ ਭਰੇ ਅੰਦਾਜ਼ ਚ "ਨਹੀਂ! ਸੁਨੀਤਾ! ਦਰਅਸਲ ਮੈਂ ਆਧਾਰ ਕਾਰਡ ਨੂੰ ਲੋੜ ਪੈਣ ਤੇ ਇਕ ਆਈ ਡੀ ਪਰੂਫ ਵਜੋਂ ਈ ਵਰਤਦੀ ਹਾਂ। "

ਸੁਨੀਤਾ " ਪਰ ਸਰਕਾਰੀ ਬੱਸਾਂ ਵਿਚ ਮੁਫਤ ਸਹੂਲਤ ਤਾਂ ਸਰਕਾਰ ਨੇ ਸਭਨਾਂ ਮਹਿਲਾਵਾਂ ਨੂੰ ਸਮਾਨ ਰੂਪ ਚ ਦਿੱਤੀ ਹੈ ਫਿਰ ਅਸੀਂ ਕਿਉਂ ਨਾ ਫਾਇਦਾ ਉਠਾਈਏ ।"

ਸਨੇਹ ਲਤਾ " ਇਹ ਤਾਂ ਆਪੋ ਅਪਣੀ ਸੋਚ ਏ..ਮੈਂ ਸਮਝਦੀ ਹਾਂ ਕਿ ਜਦੋਂ ਅਸੀਂ ਚੰਗੀਆਂ ਤਨਖਾਹ ਲੈਂਦੇ ਹਾਂ ਤਾਂ ਸਾਡਾ ਹੱਕ ਬਣਦਾ ਹੈ ਕਿ ਜਿਹੜੀਆਂ ਸਹੂਲਤਾਂ ਦਾ ਅਸੀਂ ਆਨੰਦ ਮਾਣਦੇ ਹਾਂ ਉਨ੍ਹਾਂ ਦਾ ਬਣਦੀ ਪੇਮੈਂਟ ਅਦਾ ਕਰੀਏ। ਵੈਸੇ ਵੀ ਮੈਂ ਕਦੀ ਆਪਣੀ ਜ਼ਮੀਰ ਦੀ ਆਵਾਜ਼ ਨੂੰ ਅਣਗੌਲਿਆ ਨਹੀਂ ਕਰਦੀ। ਮੇਰਾ ਜ਼ਮੀਰ ਨਹੀਂ ਮੰਨਦਾ ਮੁਫ਼ਤ ਸਫਰ ਕਰਨ ਨੂੰ... ਮੈਂ ਨਹੀਂ ਕਰਦੀ! "

ਦੋਵਾਂ ਦੀ ਪਿਛਲੀ ਸੀਟ ਤੇ ਬੈਠਾ ਇੱਕ ਅਧੇੜ ਉਮਰ ਆਦਮੀ ਉਕਤ ਤਮਾਮ ਵਾਰਤਾਲਾਪ ਸੁਣ ਰਿਹਾ ਸੀ। ਇਸੇ ਦੌਰਾਨ ਕੰਡਕਟਰ ਨੇ ਉੱਚੀ ਦੇ ਕੇ ਵਿਸਲ ਮਾਰੀ ਤੇ ਬਸ ਸਕੂਲ ਸਾਹਮਣੇ ਰੁੱਕੀ । ਦੋਵੇਂ ਅਧਿਆਪਕਾਵਾਂ ਆਪਣੀ ਚਰਚਾ ਵਿਚਾਲੇ ਹੀ ਛੱਡ ਬਸ ਚੋਂ ਉਤਰ ਗਈਆਂ । ਉਹਨਾਂ ਦੀ ਪਿਛਲੀ ਸੀਟ ਤੇ ਬੈਠਾ ਆਦਮੀ ਸਨੇਹ ਲਤਾ ਜਦੋਂ ਬਸ ਦੀ ਖਿੜਕੀ ਵਿਚੋਂ ਦੀ ਵੇਖ ਰਿਹਾ ਸੀ ਤਾਂ ਉਹਦਾ ਦਿਲ ਜਿਵੇਂ ਸਨੇਹ ਲਤਾ ਦੀ ਜ਼ਮੀਰ ਨੂੰ ਵਾਰ ਵਾਰ ਸਲਾਮ ਪੇਸ਼ ਕਰ ਰਿਹਾ ਸੀ।

# ਤਰਾਸ਼ਿਆ ਪੱਥਰ

ਡਾ. ਮਲਹੋਤਰਾ ਸਵੇਰੇ ਮੰਦਿਰੋਂ ਪਰਤੇ ਤਾਂ ਉਹਨਾਂ ਦੇ ਮਾਤਾ ਜੀ ਦਹਿਲੀਜ਼ 'ਤੇ ਖੜ੍ਹੇ ਸੀ। ਹੱਥ ਵਿਚ ਅਖਬਾਰ, ਦਮਕਦਾ ਚਿਹਰਾ ਤੇ ਪੂਰੇ ਖੁਸ਼। ਉਹਨਾਂ ਮਾਂ ਨੂੰ ਏਨਾ ਖੁਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ, ਝਟਪਟ ਕਾਰ ਖੜੀ ਕਰਕੇ ਉਸ ਵੱਲ ਵਧੇ।



ਵੇ ਪੁੱਤ! ਵਧਾਈਆਂ, ਭਗਵਾਨ ਨੇ ਮੇਰੀ ਝੋਲੀ 'ਚ ਬਹੁਤ ਵੱਡੀ ਖੁਸ਼ੀ ਪਾਈ ਐ, ਵੇ ਜਿਉਂਦਾ ਰਹੁ ਬੱਚਿਆ!

"ਕੁਝ ਦੱਸੋਂ ਵੀ, ਕਿਹੜੀ ਖੁਸ਼ੀ ਨੇ ਮੇਰੀ ਮਾਂ ਨੂੰ"

"ਲੈ ਜਿਵੇਂ ਪਤਾ ਈ ਨੀ ਆਪਣੀ ਕਮਲ" ਸਾਹੋ-ਸਾਹ ਹੋਈ ਮਾਂ ਨੇ ਪੁੱਤ ਨੂੰ ਫਿਰ ਜੱਫੀ ਵਿੱਚ ਲੈ ਲਿਆ, ਆਪਣੀ ਕਮਲ ਆਈ.ਏ.ਐਸ. ਵਿਚ ਸੈਕਿੰਡ ਆਈ ਐ' ਪੋਤੀ ਦੀ ਪ੍ਰਾਪਤੀ ਉੱਤੇ ਦਾਦੀ ਲਗਭਗ ਚਣ ਹੀ ਲੱਗ ਪਈ।

ਬੀ ਜੀ! ਤੁਹਾਨੂੰ ਵੀ ਬਹੁਤ ਵਧਾਈਆਂ..ਸਭ ਤੁਹਾਡੀਆਂ ਅਸੀਸਾਂ ਦਾ ਫਲ ਐ? ਡਾਕਟਰ ਤੇ ਮਿਸਿਜ਼ ਮਲਹੋਤਰਾ ਮਾਂ ਦੇ ਪੈਰਾਂ ਉਤੇ ਝੁਕ ਗਏ।

ਮਾਂ ਨੇ ਫਿਰ ਪੁੱਤਰ ਨੂੰ ਜੱਫੀ ਪਾ ਲਈ, ਪੁੱਤਰ ਨੇ ਹੌਲੀ ਜਿਹੀ ਮਾਂ ਦੇ ਕੰਨ ਵਿਚ ਕਿਹਾ, ਜਿਸ ਦਿਨ ਕਮਲ ਜੰਮੀ ਸੀ, ਉਸ ਦਿਨ ਤਾਂ ਬੀ ਜੀ! ਤੁਸੀਂ ਕਿਹਾ ਸੀ ਕਿ ਬਹੂ ਨੇ ਪੱਥਰ ਜੰਮ ਦਿੱਤਾ ਯਾਦ ਐ?

ਪਰ ਮਾਂ ਉਸੇ ਲੋਰ ਵਿਚ ਬੋਲੀ, ਭਗਵਾਨ ਵੀ ਪਹਿਲਾਂ ਪੱਥਰ ਹੀ ਹੁੰਦੈ, ਉਸ ਨੂੰ ਘੜਤਰਾਸ਼ ਕੇ ਪੂਜਣਯੋਗ ਬਣਾ ਲਿਆ ਜਾਂਦੈ।

ਡਾ. ਬਲਦੇਵ ਸਿੰਘ ਖਹਿਰਾ

# ਰੂਹਾਨੀ ਯਤੀਮਖ਼ਾਨੇ

ਕਹਿਣ ਨੂੰ ਐਡਹੌਕ ਅਤੇ ਰੈਗੂਲਰ ਦੋ ਸ਼ਬਦ ਹਨ, ਪਰ ਇਨ੍ਹਾਂ ਉਤੇ ਉਸਰਿਆ ਹੋਇਆ ਦੁਰਦਸ਼ਾ ਦਾ ਮੰਜ਼ਰ ਬੜਾ ਹੀ ਦੁਖਦਾਈ ਅਤੇ ਦਿਲਸ਼ਿਕਨ ਹੈ। ਐਡਹੌਕ ਦਾ ਮੂਲ ਅਰਥ ਹੈ ਟੂ ਦਿਸ। ਜਦ ਕਿਸੇ ਨੂੰ ਥੋੜ ਚਿਰੇ ਕਿਸੇ ਵਿਸ਼ੇਸ਼ ਕੰਮ ਲਈ ਭਰਤੀ ਕੀਤਾ ਜਾਂਦਾ ਹੈ ਤਾਂ ਉਸ ਨੂੰ ਐਡਹੌਕ ਭਰਤੀ ਕਹਿੰਦੇ ਹਨ। ਐਡਹੌਕ ਭਰਤੀ ਵਾਲੇ, ਦਿਤਾ ਗਿਆ ਕੰਮ ਹੋਣ ਉਪਰੰਤ, ਫ਼ਾਰਗ ਕਰ ਦਿਤੇ ਜਾਂਦੇ ਹਨ। ਅਜਕਲ ਅਜਿਹੇ ਬਤੌਰ ਕੰਮ ਹਨ, ਜਿਨ੍ਹਾਂ ਦੀ ਪੱਕੀ ਭਰਤੀ ਨਹੀਂ ਕੀਤੀ ਜਾਂਦੀ, ਬਲਕਿ ਐਡਹੌਕ ਭਰਤੀ ਕਰਕੇ ਹੀ ਕੰਮ ਚਲਾਇਆ ਜਾਂਦਾ ਹੈ।
ਰੈਗੂਲਰ ਸ਼ਬਦ ਦਾ ਮੂਲ ਹੈ ਰੂਲ ਤੇ ਰੂਲ ਇਕ ਸਿੱਧਾ ਡੰਡਾ ਹੁੰਦਾ ਹੈ। ਰੂਲ ਸਿੱਧੇ ਅਤੇ ਸਪਸ਼ਟ ਨਿਯਮ ਨੂੰ ਵੀ ਕਹਿੰਦੇ ਹਨ। ਇਸ ਕਰਕੇ ਉਸ ਮੁਲਾਜ਼ਮ ਨੂੰ ਵੀ ਰੈਗੂਲਰ ਕਹਿੰਦੇ ਹਨ, ਜਿਹਦੀ ਭਰਤੀ ਸਿੱਧੇ ਅਤੇ ਸਪਸ਼ਟ ਨਿਯਮਾਂ ਤਹਿਤ ਪੱਕੇ ਤੌਰ ਤੇ ਹੋਈ ਹੋਵੇ।
ਪਰ ਅਜਕਲ ਸਾਡੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਜਿਹੜੇ ਅਧਿਆਪਕ ਭਰਤੀ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਰੈਗੂਲਰ ਵੀ ਹੁੰਦੇ ਹਨ ਤੇ ਐਡਹੌਕ ਵੀ।
ਦੇਖਿਆ ਗਿਆ ਹੈ ਕਿ ਐਡਹੌਕ ਅਧਿਆਪਕਾਂ ਨੂੰ ਕੋਈ ਥੋੜ ਚਿਰਾ ਵਿਸ਼ੇਸ਼ ਕੰਮ ਦੇਣ ਦੀ ਬਜਾਏ ਰੈਗੂਲਰ ਅਧਿਆਪਕਾਂ ਨਾਲੋਂ ਵੀ ਕਿਤੇ ਵੱਧ ਕੰਮ ਦਿਤਾ ਜਾਂਦਾ ਹੈ। ਇੱਥੋਂ ਤਕ ਕਿ ਰੈਗੂਲਰ ਅਧਿਆਪਕਾਂ ਨੂੰ ਨਿੱਕੀ ਵੱਡੀ ਤੇ ਲੰਬੀ ਛੁੱਟੀ ਹਰ ਛੁੱਟੀ ਦਿਤੀ ਜਾਂਦੀ ਹੈ। ਇਹਦੇ ਉਲਟ ਐਡਹੌਕ ਅਧਿਆਪਕਾਂ ਦੀਆਂ ਬਣਦੀਆਂ ਛੁੱਟੀਆਂ ਵੀ ਆਨੇ ਬਹਾਨੇ ਕੱਟ ਲਈਆਂ ਜਾਂਦੀਆਂ ਹਨ।
ਕਾਲਜ ਵਿਚ ਰੈਗੂਲਰ ਅਧਿਆਪਕਾਂ ਨੂੰ ਨਿਯਮਾਂ ਮੁਤਾਬਕ ਵੱਧ ਤੋਂ ਵੱਧ ਹਰ ਰੋਜ਼ ਚਾਰ ਪੀਰੀਅਡ ਦਿਤੇ ਜਾਂਦੇ ਹਨ। ਜੇ ਵਿਚ ਐਮ ਏ ਹੋਵੇ ਤਾਂ ਹਰ ਰੋਜ਼ ਦੀ ਬਜਾਏ ਤਿੰਨ ਪੀਰੀਅਡ ਦਿਤੇ ਜਾਂਦੇ ਹਨ।
ਇਹਦੇ ਉਲਟ ਐਡਹੌਕ ਅਧਿਆਪਕਾਂ ਨੂੰ ਛੇ ਛੇ, ਸੱਤ ਸੱਤ ਤੇ ਕਿਤੇ ਕਿਤੇ ਅੱਠ ਅੱਠ ਪੀਰੀਅਡ ਵੀ ਦਿਤੇ ਜਾਂਦੇ ਹਨ। ਉਨ੍ਹਾਂ ਵਿਚਾਰਿਆਂ ਲਈ ਐਮ ਏ ਕਲਾਸਾਂ ਦਾ ਵੀ ਖ਼ਿਆਲ ਨਹੀਂ ਰੱਖਿਆ ਜਾਂਦਾ।
ਜਿਸ ਵਕਤ ਰੈਗੂਲਰ ਸਟਾਫ਼ ਦੇ ਮਹੀਨੇ ਦੀ ਛੁੱਟੀ 'ਤੇ ਸ਼ਿਮਲੇ ਡਲਹੌਜ਼ੀ ਘੁੰਮਣ ਫਿਰਨ ਗਿਆ ਹੁੰਦਾ ਹੈ ਉਦੋਂ ਵਿਚਾਰੇ ਐਡਹੌਕ ਵਾਲੇ ਅੱਤ ਦੀ ਗਰਮੀ ਵਿਚ ਦਾਖ਼ਲੇ ਲਈ ਟੁੱਟ ਟੁੱਟ ਮਰ ਰਹੇ ਹੁੰਦੇ ਹਨ।
ਅੱਜਕਲ ਇਕ ਹੋਰ ਬਿਮਾਰੀ ਸ਼ੁਰੂ ਹੋ ਗਈ ਹੈ ਕਿ ਸਕੂਲਾਂ ਤੋਂ ਵਿਦਿਆਰਥੀਆਂ ਦੇ ਫ਼ੋਨ ਨੰਬਰ ਲੈ ਕੇ ਐਡਹੌਕ ਵਾਲਿਆਂ ਨੂੰ ਕੱਲੇ ਕੱਲੇ ਵਿਦਿਆਰਥੀ ਨੂੰ ਫ਼ੋਨ ਕਰਕੇ ਅਡਮਿਸ਼ਨ ਲੈਣ ਲਈ ਲੇਲੜੀਆਂ ਕੱਢਣ ਲਈ ਕਿਹਾ ਜਾਂਦਾ ਹੈ। ਫ਼ੋਨ ਕਰਦਿਆਂ ਐਡਹੌਕ ਅਧਿਆਪਕਾਂ ਨੂੰ ਫ਼ੋਨਾਂ ਤੋਂ ਅੱਕੇ ਹੋਏ ਤੇ ਖਿਝੇ ਹੋਏ ਮਾਪਿਆ ਦੇ ਟੈਲੀਫ਼ੋਨਿਕ ਦੁਰਵਿਵਹਾਰ ਦੇ ਵੀ ਸ਼ਿਕਾਰ ਹੋਣਾ ਪੈਂਦਾ ਹੈ।
ਕਿਸੇ ਅਧਿਆਪਕ ਨੇ ਦੱਸਿਆ ਕਿ ਉਸਨੇ ਕਿਸੇ ਲੜਕੀ ਦੇ ਨੰਬਰ 'ਤੇ ਫ਼ੋਨ ਕੀਤਾ ਜੋ ਉਸ ਦੇ ਬਾਪ ਨੇ ਚੁੱਕਿਆ। ਉਹ ਲੋਹਾ ਲਾਖਾ ਹੋ ਕੇ ਕਹਿਣ ਲੱਗਾ "ਤੁਹਾਨੂੰ ਕਿੰਨੀ ਵਾਰੀ ਦੱਸਿਆ ਕਿ ਮੇਰੀ ਬੇਟੀ ਦੁਰਘਟਨਾ 'ਚ ਮਾਰੀ ਗਈ ਹੈ। ਤੁਸੀ ਫਿਰ ਪਰੇਸ਼ਾਨ ਕਰੀ ਜਾ ਰਹੇ ਹੋ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ"। ਅਜਿਹੀ ਲਾਹਣਤ ਭਰੀ ਝਿੜਕ ਸੁਣ ਕੇ, ਦੱਸਣ ਦੀ ਲੋੜ ਨਹੀਂ, ਕਿ ਉਸ ਐਡਹੌਕ ਅਧਿਆਪਕ ਦੇ ਦਿਲ 'ਤੇ ਕੀ ਬੀਤੀ ਹੋਵੇਗੀ।
ਇਕ ਪਾਸੇ ਛੁੱਟੀ ਕੋਈ ਨਹੀਂ ਤੇ ਨਾਲ ਸਮੇਂ ਵਿਚ ਛੋਟ ਕੋਈ ਨਹੀਂ। ਨੌਂ ਤੋਂ ਰੱਤੀ ਭਰ ਲੇਟ ਹੋ ਗਏ ਤਾਂ ਝਿੜਕਾਂ ਤੇ ਪੰਜ ਤੋਂ ਦੋ ਮਿੰਟ ਪਹਿਲਾਂ ਉਬਾਸੀ ਵੀ ਲੈ ਲਈ ਤਾਂ ਝਿੜਕਾਂ। ਜਿਵੇਂ ਇਹ ਵਿਚਾਰੇ ਕਾਲਜਾਂ ਯੂਨੀਵਰਸਿਟੀਆਂ ਦੇ ਬੰਧੂਆ ਮਜ਼ਦੂਰ ਹੋਣ। ਜਿਵੇਂ ਸਾਡੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਗੁਲਾਮ ਪ੍ਰਥਾ ਮੁੜ ਸ਼ੁਰੂ ਹੋ ਗਈ ਹੋਵੇ। ਜਿਵੇਂ ਐਡਹੌਕ ਅਧਿਆਪਕ ਧਰਤੀ ਹੇਠਲੇ ਬੌਲ਼ਦ ਹੋਣ।ਤੁਸੀਂ ਸੋਚਦੇ ਹੋਵੋਂਗੇ ਕਿ ਐਡਹੌਕ ਅਧਿਆਪਕਾਂ ਦੇ ਦੁੱਖ ਦੀ ਕਹਾਣੀ ਏਨੀ ਹੀ ਹੈ। ਪਰ ਇਸ ਦਰਦ ਤੋਂ ਵੀ ਵੱਡਾ ਅਤੇ ਗਹਿਰਾ ਦਰਦ ਹੋਰ ਹੈ, ਜਿਹਦਾ ਕੋਈ ਅੰਦਾਜਾ ਵੀ ਨਹੀਂ ਲਗਾ ਸਕਦਾ।
ਰੈਗੂਲਰ ਅਧਿਆਪਕ ਇਕ, ਸਵਾ ਤੇ ਡੇਢ ਦੋ ਲੱਖ ਰੁਪਏ ਤਕ ਤਨਖ਼ਾਹ ਲੈਂਦੇ ਹਨ। ਇਨ੍ਹਾਂ ਦੇ ਮੁਕਾਬਲੇ ਐਡਹੌਕ ਅਧਿਆਪਕਾਂ ਨੂੰ ਸੱਤਰ, ਅੱਸੀ ਜਾਂ ਨੱਬੇ ਹਜ਼ਾਰ ਰੁਪਏ ਵੀ ਮਿਲ਼ਦੇ ਹੋਣ ਤਾਂ ਅਸੀਂ ਕਹਾਂਗੇ ਕਿ ਬਹੁਤ ਫਰਕ ਹੈ। ਪਰ ਐਡਹੌਕ ਅਧਿਆਪਕਾਂ ਨੂੰ ਏਨੇ ਥੋੜੇ ਪੈਸੇ ਦਿਤੇ ਜਾਂਦੇ ਹਨ ਜਿਹਨੂੰ ਫਰਕ ਕਹਿਣਾ ਵੀ ਹਾਸੋਹੀਣੀ ਗੱਲ ਹੈ। ਫਰਕ ਤਾਂ ਉੱਨੀ ਇੱਕੀ ਜਾਂ ਵੱਧ ਤੋਂ ਵੱਧ ਅਠਾਰਾਂ ਪੱਚੀ ਦਾ ਕਿਹਾ ਜਾ ਸਕਦਾ ਹੈ। ਪਰ ਇਥੇ ਤਾਂ ਫਰਕ ਪੰਜ ਪੱਚੀ ਤੋਂ ਵੀ ਕਿਤੇ ਵੱਧ ਹੈ। ਇਕੋ ਸ਼ਹਿਰ ਵਿਚ ਅਲੱਗ ਅਲੱਗ ਹੱਟੀਆਂ 'ਤੇ ਕਿਸੇ ਇਕ ਚੀਜ਼ ਦੇ ਦੋ ਭਾਅ ਹੋਣ ਤਾਂ ਅਸੀਂ ਅਸਮਾਨ ਸਿਰ 'ਤੇ ਚੱਕ ਲੈਂਦੇ ਹਾਂ। ਪਰ ਇਕੋ ਸੰਸਥਾ ਵਿਚ ਇਕੋ ਕੰਮ ਦੇ ਦੋ ਦੋ ਤਿੰਨ ਭਾਅ ਦੇਖ ਕੇ ਸਾਨੂੰ ਕੁਝ ਵੀ ਨਹੀਂ ਹੁੰਦਾ। ਕਿਤੇ ਕਿਤੇ ਤਾਂ ਹਾਲ ਇਹ ਹੈ ਕਿ ਐਡਹੌਕ ਅਧਿਆਪਕਾਂ ਨੂੰ ਅੱਠ ਦਸ ਹਜ਼ਾਰ ਰੁਪਏ ਦੇ ਕੇ ਕੰਮ ਚਲਾ ਲਿਆ ਜਾਂਦਾ ਹੈ ਤੇ ਕਿਤੇ ਕਿਤੇ ਪੰਦਰਾਂ ਹਜ਼ਾਰ, ਕਿਤੇ ਪੱਚੀ ਹਜ਼ਾਰ ਤੇ ਕਿਤੇ ਕਿਤੇ ਚਾਲ਼ੀ ਹਜ਼ਾਰ ਤਕ ਪੈਸੇ ਦਿਤੇ ਜਾਂਦੇ ਹਨ। ਉਹ ਵੀ ਅੱਠ ਨੌਂ ਮਹੀਨੇ ਲਈ ਤੇ ਕਿਤੇ ਕਿਤੇ ਮਸਾਂ ਛੇ ਮਹੀਨੇ ਲਈ। ਜਦ ਐਡਹੌਕ ਅਧਿਆਪਕਾਂ ਨੂੰ ਰਿਲੀਵਿੰਗ ਲੈਟਰ ਦਿਤੇ ਜਾਂਦੇ ਹਨ ਤਾਂ ਉਨ੍ਹਾਂ ਦੇ ਦੁਖੀ ਮੂੰਹ ਤਾਂ ਸਭ ਨੂੰ ਦਿਖ ਜਾਂਦੇ ਹਨ। ਪਰ ਉਨ੍ਹਾਂ ਦੇ ਦਿਲ ਦਾ ਦੁੱਖ ਕੋਈ ਨਹੀਂ ਦੇਖਦਾ।
ਐਡਹੌਕ ਅਧਿਆਪਕਾਂ ਦੀ ਸਭ ਤੋਂ ਵੱਡੀ ਅਣਹੋਣੀ ਗੱਲ ਇਹ ਹੈ ਕਿ ਇਨ੍ਹਾਂ ਉਤੇ ਇਹ ਸਿਧਾਂਤ ਲਾਗੂ ਹੁੰਦਾ ਹੈ ਕਿ ਜਿੰਨੇ ਘੱਟ ਪੈਸੇ ਉਨਾਂ ਵੱਧ ਉਨ੍ਹਾਂ ਦਾ ਲਹੂ ਪੀਤਾ ਜਾਂਦਾ ਹੈ। ਇੱਥੋਂ ਤਕ ਕਿ ਜਦ ਰਿਲੀਵ ਕੀਤੇ ਹੁੰਦੇ ਹਨ, ਉਦੋਂ ਵੀ ਬਿਨ ਤਨਖ਼ਾਹੋਂ ਬੁਲਾ ਲਏ ਜਾਂਦੇ ਹਨ ਤੇ ਉਨ੍ਹਾਂ ਨੂੰ ਆਉਣਾ ਵੀ ਪੈਂਦਾ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਨਾ ਗਏ ਅਗਲੀ ਵਾਰੀ ਇਨ੍ਹਾਂ ਨੇ ਰੱਖਣਾ ਨਹੀਂ।
ਕਾਲਜਾਂ ਤੇ ਯੂਨੀਵਰਸਿਟੀਆਂ ਦੇ ਰੈਗੂਲਰ ਅਧਿਆਪਕ, ਹੈੱਡ, ਪ੍ਰਿੰਸੀਪਲ, ਵਾਈਸਚਾਂਸਲਰ ਤੇ ਮੈਨੇਜਮੈਂਟਾਂ ਦੀਆਂ ਵੱਖੀਆਂ ਵਿਚ ਜਿਵੇਂ ਰੱਬ ਨੇ ਧੜਕਦੇ ਦਿਲਾਂ ਦੀ ਬਜਾਏ, ਲਹੂ ਪੀਣੀਆਂ ਜੋਕਾਂ ਫਿੱਟ ਕੀਤੀਆਂ ਹੋਣ ਜੋ ਕਦੇ ਰੱਜਦੀਆਂ ਹੀ ਨਾ ਹੋਣ।
ਕਦੇ ਕਦੇ ਮੈਂ ਸੋਚਦਾ ਹਾਂ ਕਿ ਐਡਹੌਕ ਅਧਿਆਪਕਾਂ ਨੂੰ ਜੇ ਕੋਈ ਰੈਗੂਲਰ ਜਿੰਨੇ ਪੈਸੇ ਨਹੀਂ ਦੇ ਸਕਦਾ ਤਾਂ ਘੱਟ ਘੱਟ ਉਨ੍ਹਾਂ ਨੂੰ ਰੈਗੂਲਰ ਅਧਿਆਪਕਾਂ ਦੇ ਬਰਾਬਰ ਇੱਜ਼ਤ ਤੇ ਦਿਤੀ ਜਾ ਸਕਦੀ ਹੈ। ਕਈ ਰੈਗੂਲਰ ਅਧਿਆਪਕ ਐਡਹੌਕ ਅਧਿਆਪਕਾਂ ਦੀ ਬੇਇਜ਼ਤੀ ਕਰਨ ਦਾ ਕੋਈ ਮੌਕਾ ਨਹੀਂ ਖੁੰਝਣ ਦਿੰਦੇ।
ਵੈਸੇ ਤਾਂ ਰੈਗੂਲਰ ਅਧਿਆਪਕ ਐਡਹੌਕ ਅਧਿਆਪਕਾਂ ਸਾਹਮਣੇ ਬੈਠਦੇ ਹੀ ਏਦਾਂ ਹਨ ਕਿ ਉਨ੍ਹਾਂ ਨੂੰ ਆਪਣਾ ਤੁੱਛਪੁਣਾ ਮਹਿਸੂਸ ਹੋਵੇ। ਰੈਗੂਲਰ ਅਧਿਆਪਕ ਕੋਲੋਂ ਬੈਠੇ ਬੈਠੇ ਕੋਈ ਚੀਜ਼ ਥੱਲੇ ਡਿਗ ਪਏ ਤਾਂ ਐਡਹੌਕ ਅਧਿਆਪਕਾਂ ਨੂੰ ਬੜੇ ਆਰਾਮ ਨਾਲ "ਆਹ ਚੱਕੀਂ ਜ਼ਰਾ" ਕਹਿ ਦਿਤਾ ਜਾਂਦਾ ਹੈ। ਵੈਸੇ ਤਾਂ ਉਹ ਵਿਚਾਰੇ ਰੋਜ਼ ਬੇਇੱਜ਼ਤੀ ਕਰਾ ਕਰਾ ਕੇ ਏਨੀ ਤੁੱਛਤਾ ਦਾ ਪੁੰਜ ਬਣ ਚੁੱਕੇ ਹੁੰਦੇ ਹਨ ਕਿ ਉਹ ਉਡੀਕਦੇ ਰਹਿੰਦੇ ਹਨ ਕਿ ਰੈਗੂਲਰ ਅਧਿਆਪਕ ਦੇ ਹੱਥੋਂ ਕੋਈ ਚੀਜ਼ ਡਿੱਗੇ ਤੇ ਉਹ ਚੁੱਕ ਕੇ ਫੜਾਉਣ ਦੀ ਸੇਵਾ ਦਾ ਮੌਕਾ ਹਾਸਲ ਕਰ ਸਕਣ। ਸਿਤਮ-ਜ਼ਰੀਫ਼ੀ ਦੇਖੋ ਕਿ ਰੈਗੂਲਰ ਕਹਾਉਂਦੇ ਕਈ ਵਿਚਾਰੇ ਉਡੀਕਦੇ ਰਹਿੰਦੇ ਹਨ ਕਿ ਇਹ ਐਡਹੌਕ ਅਧਿਆਪਕ ਕਦ ਨੌਕਰੀ ਛੱਡੇ ਤਾਂ ਜੁ ਚਾਹ ਮੰਗਵਾਈਏ। ਏਨੀ ਕਮੀਨ ਮਾਨਸਿਕਤਾ ਦੇ ਬਾਵਜੂਦ ਅਜਿਹੇ ਰੈਗੂਲਰ ਅਧਿਆਪਕ ਆਪਣੇ ਆਪ ਨੂੰ ਸਭਿਅਤਾ ਦੇ ਪੁੰਜ ਸਮਝਦੇ ਸਨ।
ਕਈ ਰੈਗੂਲਰ ਅਧਿਆਪਕ ਐਡਹੌਕ ਅਧਿਆਪਕਾਂ ਸਾਹਮਣੇ ਏਦਾਂ ਬੈਠੇ ਹੁੰਦੇ ਹਨ ਜਿਵੇਂ ਉਹ ਝੁੱਗੀ ਬੂਟ ਸੁਰਾਬਾਂ ਪਾ ਕੇ ਸੋਹਣੇ ਹੋਣ ਦੇ ਇਲਾਵਾ ਇਨ੍ਹਾਂ ਨਾਲੋਂ ਸਿਆਣੇ ਵੀ ਹੋ ਗਏ ਹੋਣ। ਉਹ ਇਨ੍ਹਾਂ ਕੋਲ ਆਪਣੀ ਹਰ ਨਖਿੱਧ ਗੱਲ ਸਿਰਫ਼ ਇਸ ਕਰਕੇ ਮਨਵਾਉਂਦੇ ਹਨ ਕਿਉਂਕਿ ਉਹ ਰੈਗੂਲਰ ਹਨ। ਕਈਆਂ ਦੇ ਤਾਂ ਦਿਮਾਗ਼ ਨੂੰ ਆਪਣੀ ਰੈਗੂਲਰੀ ਇਸ ਹੱਦ ਤਕ ਚੜ੍ਹ ਜਾਂਦੀ ਹੈ ਕਿ ਉਹ ਐਡਹੌਕ ਅਧਿਆਪਕਾਂ ਦੀ ਸਤਿ ਸ੍ਰੀ ਅਕਾਲ ਜਾਂ ਨਮਸਕਾਰ ਦਾ ਜਵਾਬ ਦੇਣ ਵਿਚ ਵੀ ਆਪਣੀ ਹੇਠੀ ਸਮਝਦੇ ਹਨ।
ਰੈਗੂਲਰ ਪੁਰਸ਼ ਅਧਿਆਪਕ ਐਡਹੌਕ ਅਧਿਆਪਕਾਂ ਸਾਹਮਣੇ ਆਉਂਦੇ ਹੀ ਮਹਾਂਪੁਰਸ਼ ਬਣ ਜਾਂਦੇ ਹਨ ਤੇ ਰੈਗੂਲਰ ਮਹਿਲਾ ਅਧਿਆਪਕਾਵਾਂ ਐਡਹੌਕ ਅਧਿਆਪਕਾਂ ਦੇ ਸਾਹਮਣੇ ਆਉਂਦੀਆਂ ਹੀ ਕਿਸੇ ਰਾਜੇ ਮਹਾਰਾਜੇ ਦੇ ਮਹਿਲ (ਪਤਨੀ) ਬਣ ਜਾਂਦੀਆਂ ਹਨ ਤੇ ਜਿਹੜੀਆਂ ਕਿਸੇ ਦੀ ਮਹਿਲ ਨਹੀਂ ਬਣ ਸਕੀਆਂ ਉਹ ਇਵੇਂ ਪੇਸ਼ ਆਉਂਦੀਆਂ ਹਨ ਜਿਵੇਂ ਮਹਿਲ ਦੀ ਬਜਾਏ ਕੋਈ ਮਹੱਲ (ਇਮਾਰਤ) ਹੋਵੇ।
ਮੈਂ ਖ਼ੁਦ ਰੈਗੂਲਰ ਅਧਿਆਪਕ ਸਾਂ। ਸਟਾਫ਼ ਰੂਮ ਵਿਚ ਬੈਠਿਆ ਰੈਗੂਲਰ ਅਧਿਆਪਕ ਦੇ ਆਉਣ 'ਤੇ ਐਡਹੌਕ ਅਧਿਆਪਕ ਨੂੰ ਹੀ ਕੁਰਸੀ ਛੱਡਣੀ ਪੈਂਦੀ ਸੀ। ਮੇਰੇ ਸਾਹਮਣੇ ਕਦੇ ਕੋਈ ਰੈਗੂਲਰ ਅਧਿਆਪਕ ਐਡਹੌਕ ਅਧਿਆਪਕ ਨੂੰ ਛੋਟਾ ਜਾਂ ਘੱਟ ਸਮਝਣ ਦੀ ਹਿਮਾਕਤ ਨਹੀਂ ਸੀ ਕਰ ਸਕਿਆ। ਪ੍ਰਿੰਸੀਪਲ ਤਕ ਲਈ ਵੀ ਐਡਹੌਕ ਅਧਿਆਪਕ ਨੂੰ ਕਦੇ ਕੁਰਸੀ ਨਹੀਂ ਸੀ ਛੱਡਣੀ ਪਈ। ਅਸੀਂ ਪ੍ਰਥਾ ਜਾਰੀ ਕਰ ਦਿਤੀ ਸੀ ਕਿ ਜੇ ਕੁਰਸੀ ਵਿਹਲੀ ਕਰਨੀ ਪਵੇ ਤਾਂ ਰੈਗੂਲਰ ਅਧਿਆਪਕ ਕਰੇ। ਮੈਂ ਐਡਹੌਕ ਅਧਿਆਪਕਾਂ ਨੂੰ ਪਿਆਰ ਵੰਡਦਾ ਰਿਹਾ ਹਾਂ ਤੇ ਉਨ੍ਹਾਂ ਦੇ ਹੱਥੋਂ ਅਚਾਨਕ ਡਿੱਗੀ ਚੀਜ਼ ਚੁੱਕ ਕੇ ਫੜਾਉਂਦਾ ਰਿਹਾ ਹਾਂ। ਉਨ੍ਹਾਂ ਦੇ ਬਹਿਣ ਲਈ ਕੁਰਸੀ ਛੱਡਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਬੇਸ਼ੱਕ ਕਿਸੇ ਨੇ ਕਦੇ ਮੈਨੂੰ ਕੁਰਸੀ ਛੱਡਣ ਨਹੀਂ ਦਿਤੀ। ਇੱਥੋਂ ਤਕ ਕਿ ਮੈਂ ਐਡਹੌਕ ਅਧਿਆਪਕਾਂ ਸਾਹਮਣੇ, ਉਨ੍ਹਾਂ ਨਾਲ ਹੋ ਰਹੇ ਦੁਰਵਿਵਹਾਰ ਲਈ, ਸ਼ਰਮਿੰਦੀ ਅਹਿਸਾਸ ਨਾਲ ਘੁਲ਼ਦਾ ਰਿਹਾ ਹਾਂ। ਮੈਨੂੰ ਹਮੇਸ਼ਾ ਲਗਦਾ ਰਿਹਾ ਕਿ ਐਡਹੌਕ ਅਧਿਆਪਕਾਂ ਦੀ ਹੋ ਰਹੀ ਹਰ ਤਰਾਂ ਦੀ ਬੇਇੱਜ਼ਤੀ ਲਈ ਮੈਂ ਵੀ ਜ਼ੁੰਮੇਵਾਰ ਹਾਂ।
ਫਿਰ ਵੀ, ਮੇਰੇ ਹੁੰਦੇ ਰੈਗੂਲਰ ਅਧਿਆਪਕ ਐਡਹੌਕ ਅਧਿਆਪਕਾਂ ਦੇ ਸਾਹਮਣੇ ਆਪਣੀਆਂ ਤਨਖ਼ਾਹਾਂ, ਗ੍ਰੇਡਾਂ, ਸਕੇਲਾਂ ਤੇ ਏਰੀਅਰ ਆਦਿ ਜਹੇ ਵਿਸ਼ਿਆਂ ਦੀ ਗੱਲ ਤਕ ਨਹੀਂ ਸੀ ਕਰਦੇ। ਮੈਂ ਸਮਝਦਾ ਸੀ ਕਿ ਰੈਗੂਲਰ ਸਟਾਫ਼ ਦੀਆਂ ਅਜਿਹੀਆਂ ਗੱਲਾਂ ਸੁਣਕੇ ਐਡਹੌਕ ਅਧਿਆਪਕ ਆਪਣੇ ਆਪ ਨੂੰ ਯਤੀਮ ਜਹੇ ਮਹਿਸੂਸ ਕਰਦੇ ਸਨ। ਸ਼ੇਖ ਸਾਦੀ ਨੇ ਕਿਹਾ ਹੈ ਕਿ ਯਤੀਮਾਂ ਸਾਹਮਣੇ ਆਪਣੇ ਬੱਚੇ ਦਾ ਮੂੰਹ ਨਹੀਂ ਚੁੰਮੀਂਦਾ। ਇਸ ਕਰਕੇ ਮੇਰੇ ਸਾਹਮਣੇ ਰੈਗੂਲਰ ਅਧਿਆਪਕਾਂ ਨੂੰ ਆਪਣੀਆਂ ਤਨਖ਼ਾਹਾਂ, ਗ੍ਰੇਡਾਂ ਤੇ ਸਕੇਲਾਂ ਦੇ ਮੂੰਹ ਚੁੰਮਣ ਦੀ ਸਖ਼ਤ ਮਨਾਹੀ ਸੀ।
ਮੇਰੇ ਇਕ ਦੋਸਤ ਨੇ ਐਡਹੌਕ ਦੀ ਆਪਣੀ ਬਣਾਈ ਐਟੀਮੋਲੋਜੀ ਦੱਸੀ ਕਿ ਐਡਹੌਕ ਉਹ ਹੈ, ਜਿਹਨੂੰ ਅੱਧਾ ਹੱਕ ਦਿਤਾ ਜਾਵੇ। ਪਰ ਐਡਹੌਕ ਅਧਿਆਪਕ ਤਾਂ ਇਸ ਐਟੀਮੋਲੋਜੀ ਦੇ ਹਾਣ ਦੇ ਵੀ ਨਹੀਂ ਹਨ। ਉਨ੍ਹਾਂ ਨੂੰ ਤਾਂ ਅੱਧਾ ਤਾਂ ਕਿਤੇ ਰਿਹਾ, ਬਣਦੇ ਹੱਕ ਦਾ, ਦਸਵਾਂ ਹਿੱਸਾ ਵੀ ਨਹੀਂ ਦਿਤਾ ਜਾਂਦਾ।
ਮੈਂ ਅੱਜ ਤਕ ਆਪਣੀ ਕੋਈ ਲਿਖਤ ਕਿਸੇ ਨੂੰ ਸਾਂਝੀ ਕਰਨ ਲਈ ਨਹੀਂ ਕਿਹਾ। ਪਰ ਮੈਂ ਆਪਣੀ ਇਸ ਲਿਖਤ ਨੂੰ ਸਾਂਝੀ ਕਰਨ ਲਈ ਬੇਨਤੀ ਕਰ ਰਿਹਾ ਹਾਂ। ਇਸ ਕਰਕੇ ਕਿ ਐਡਹੌਕ ਅਧਿਆਪਕਾਂ ਨੂੰ ਇੱਜ਼ਤ ਅਤੇ ਇੱਜ਼ਤਦਾਰ ਤਨਖ਼ਾਹ ਮਿਲ ਸਕੇ। ਤਾਂ ਜੁ ਉਹ ਆਪਣੇ ਮਾਨਸਿਕ ਯਤੀਮਖ਼ਾਨਿਆਂ 'ਚੋਂ ਬਾਹਰ ਆ ਕੇ, ਕੰਮ ਸੇ ਕੰਮ, ਰੈਗੂਲਰ ਅਧਿਆਪਕਾਂ ਨਾਲ ਅੱਖ ਮਿਲਾਉਣ ਜੋਗੇ ਹੀ ਹੋ ਸਕਣ। ਜੇ ਹੋਰ ਕੁਝ ਨਹੀਂ ਤਾਂ ਜਿਨ੍ਹਾਂ ਦੇ ਨੱਕ ਹੇਠ ਇਹ ਪਾਪ ਹੋ ਰਿਹਾ ਹੈ, ਉਹ ਲੋਕ ਆਪਣੀ ਅੱਖ ਖੋਲ੍ਹਣ ਤੇ ਦੇਖਣ ਉਨ੍ਹਾਂ ਦੀ ਸਹਿਮਤੀ ਨਾਲ ਉਨ੍ਹਾਂ ਦੇ ਹੱਥੋਂ ਕਿੰਨਾ ਅਗਾਧ ਪਾਪ ਹੋ ਰਿਹਾ ਹੈ।

**ਅਵਤਾਰ ਸਿੰਘ ਪ੍ਰੋਫ਼ੈਸਰ**
ਰਾਮਗੜ੍ਹੀਆ ਕਾਲਜ ਫਗਵਾੜਾ।
ਫ਼ੋਨ: 9417518384




# ਅੱਛਾ ਰੱਜ ਕੇ ਰਾਜ ਕਮਾਇ ਗਿਆ...

-ਡਾ. ਰੂਪ ਸਿੰਘ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸੂਰਬੀਰਤਾ ਦਾ ਆਦਰਸ਼ਕ ਮਨੁੱਖ ਸੀ। ਕੱਟੜਤਾ ਤੋਂ ਕੋਹਾਂ ਦੂਰ ਰਹਿਣ ਵਾਲੇ ਮਹਾਰਾਜੇ ਨੇ ਖੇਰੂੰ-ਖੇਰੂੰ ਸਿੱਖ ਸ਼ਕਤੀ ਨੂੰ ਇਕੱਠਾ ਕਰ ਕੇ ਵਿਦੇਸ਼ੀ ਧਾੜਵੀਆਂ ਨੂੰ ਲਲਕਾਰਿਆ। ਉਸ ਵਿਚ ਸਿੱਖ ਸ਼ਕਤੀ ਸਿਖ਼ਰ 'ਤੇ ਸੀ। ਉਸ ਦੀ ਨਿੱਤ ਕਰਨੀ ਸਵੇਰ ਦੀ ਪ੍ਰਾਰਥਨਾ ਨਾਲ ਆਰੰਭ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਤੋਂ ਬਿਨਾਂ ਉਹ ਕੋਈ ਵੀ ਮਹੱਤਵਪੂਰਨ ਕੰਮ ਨਹੀਂ ਸੀ ਕਰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਉਸ ਨੇ ਸਰਕਾਰ ਖ਼ਾਲਸਾ ਦੇ ਨਾਂ 'ਤੇ ਲਗਪਗ 40 ਸਾਲ ਰਾਜ ਕੀਤਾ।
ਪੰਜਾਬ ਨੂੰ ਅਕਬਰ ਤੋਂ ਪਿੱਛੋਂ ਪਹਿਲੀ ਵਾਰ ਧਾਰਮਿਕ ਕੱਟੜਤਾ, ਹੱਠ-ਧਰਮੀ ਤੇ ਅੱਤਿਆਚਾਰਾਂ ਤੋਂ ਨਿਜਾਤ ਪ੍ਰਾਪਤ ਹੋਈ। ਸਮੁੱਚੇ ਤੌਰ 'ਤੇ ਲੋਕ ਸੁਖੀ ਸਨ। ਰਾਜੇ ਤੇ ਪਰਜਾ ਵਿਚਾਲੇ ਪਿਆਰੇ ਸਬੰਧ ਸਨ। ਕੇਵਲ ਸਿੱਖਾਂ ਹੀ ਨਹੀਂ, ਸਗੋਂ ਗ਼ੈਰ-ਸਿੱਖਾਂ ਨੇ ਵੀ ਅਨੁਭਵ ਕੀਤਾ ਕਿ ਰਣਜੀਤ ਸਿੰਘ ਸਦਕਾ ਹਿੰਦੁਸਤਾਨੀਆਂ ਦੀ ਸ਼ਾਨ ਦਾ ਸੂਰਜ ਇਕ ਵਾਰ ਫਿਰ ਚਮਕ ਪਿਆ ਸੀ। ਉਹ ਰਣਜੀਤ ਸਿੰਘ ਨੂੰ ਆਪਣਾ ਮੁਕਤੀਦਾਤਾ ਅਤੇ ਰੱਖਿਅਕ ਸਵੀਕਾਰਦੇ ਸਨ। ਜਦਕਿ ਦੀਵਾਨ ਮੋਹਕਮ ਚੰਦ 'ਸਰਕਾਰ ਖ਼ਾਲਸਾ' ਨੂੰ 'ਮੇਰਾ' ਰਾਜ ਕਹਿੰਦਾ ਤਾਂ ਫਕੀਰ ਅਜ਼ੀਜ਼ੂਦੀਨ ਇਸ ਨੂੰ 'ਆਪਣਾ' ਰਾਜ ਕਹਿ ਕੇ ਖ਼ੁਸ਼ੀ ਮਹਿਸੂਸ ਕਰਦਾ। ਇਹੀ ਕਾਰਨ ਹੈ ਜਦ 27 ਜੂਨ 1839 ਈ: ਨੂੰ ਰਣਜੀਤ ਸਿੰਘ ਨੇ ਪ੍ਰਲੋਕ ਪਿਆਨਾ ਕੀਤਾ ਤਾਂ ਪੰਜਾਬ ਵਾਸੀਆਂ ਨੇ ਮਹਿਸੂਸ ਕੀਤਾ ਕਿ ਉਹ ਸੁਆਮੀ ਵਿਹੂਣੇ ਹੋ ਗਏ ਹਨ।
ਇਤਿਹਾਸਕਾਰ ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ, "ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ 'ਪੰਜਾਬ' ਵਿਧਵਾ ਹੋਇਆ ਨਾ ਕਿ ਸਿੱਖ ਕੌਮ।" ਰਣਜੀਤ ਸਿੰਘ ਨੂੰ ਵਿਰਾਸਤੀ ਹੱਕ ਵਜੋਂ ਕੇਵਲ ਇਕ ਦਸਤਾ ਘੋੜ ਸਵਾਰ ਤੋਂ ਕੁਝ ਕੁ ਪਿੰਡ ਜਾਇਦਾਦ ਦੇ ਰੂਪ ਵਿਚ ਪ੍ਰਾਪਤ ਹੋਏ। ਲਿਆਕਤ ਅਤੇ ਬਾਹੂਬਲ ਦੇ ਜ਼ੋਰ 'ਤੇ ਉਸ ਨੇ ਇਸ ਤੋਂ ਪਾਤਸ਼ਾਹੀ ਕਾਇਮ ਕਰ ਦਿੱਤੀ ਜਿਸ ਦੀ ਫ਼ੌਜ ਵਿਚ ਲਗਪਗ 123800 ਜਵਾਨ, ਘੋੜ ਸਵਾਰ ਤੇ ਪੈਦਲ ਅਤੇ 384 ਵੱਡੀਆਂ ਤੋਪਾਂ ਸਨ। ਫ਼ੌਜ ਵਿਚ ਹਿੰਦੂ-ਸਿੱਖਾਂ ਮੁਸਲਮਾਨਾਂ ਤੋਂ ਇਲਾਵਾ 43 ਯੂਰਪੀ ਅਫ਼ਸਰ ਸ਼ਾਮਲ ਸਨ।
ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਹੈ ਕਿ ਇਸ ਪਾਤਸ਼ਾਹੀ ਨੂੰ ਕਾਇਮ ਕਰਨ ਵਿਚ ਘੱਟ ਤੋਂ ਘੱਟ ਸਖ਼ਤੀ ਤੋਂ ਕੰਮ ਲਿਆ ਗਿਆ। ਫਿਰ ਜਿੰਨੇ ਵੀ ਇਲਾਕੇ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਮਿਲਾਏ ਉਨ੍ਹਾਂ ਦੇ ਹਾਕਮਾਂ ਨੂੰ ਯੋਗਤਾ ਅਨੁਸਾਰ ਅਹੁਦੇ ਤੇ ਜਾਗੀਰਾਂ ਦਿੱਤੀਆਂ ਗਈਆਂ।
ਇਸ ਸਬੰਧੀ ਮੇਜਰ ਲਾਰੈਂਸ ਦੇ ਸ਼ਬਦ ਅਰਥ ਭਰਪੂਰ ਹਨ, "ਦਿੱਲੀ ਤੇ ਕਾਬੁਲ ਦੇ ਬਾਜ਼ਾਰਾਂ ਵਿਚ ਆਪ ਕਈ ਸ਼ਾਹੀ ਘਰਾਣੇ ਦੇ ਲੋਕਾਂ ਨੂੰ ਦਰ-ਦਰ ਭੀਖ ਮੰਗਦੇ ਵੇਖੋਗੇ। ਪਰ ਪੰਜਾਬ ਵਿਚ ਅਜਿਹਾ ਕੋਈ ਘਰਾਣਾ ਜਾਂ ਖ਼ਾਨਦਾਨ ਨਹੀਂ ਜਿਸ ਦਾ ਇਲਾਕਾ ਰਣਜੀਤ ਸਿੰਘ ਨੇ ਫਤਹਿ ਕਰ ਕੇ ਆਪਣੇ ਰਾਜ ਵਿਚ ਮਿਲਾਉਣ ਤੋਂ ਬਾਅਦ ਉਸ ਨੂੰ ਕਾਫ਼ੀ ਜਾਗੀਰ ਜਾਂ ਪੈਨਸ਼ਨ ਗੁਜ਼ਾਰੇ ਲਈ ਨਾ ਦਿੱਤੀ ਹੋਵੇ।" ਇਹ ਨਿਯਮ ਕੇਵਲ ਸਿੱਖਾਂ ਤਕ ਹੀ ਸੀਮਤ ਨਹੀਂ ਸੀ। ਕਿਸੇ ਇਲਾਕੇ ਨੂੰ ਫਤਹਿ ਕਰਨਾ ਤੇ ਉਸ 'ਤੇ ਰਾਜ ਕਰਨਾ ਦੋ ਵੱਖ-ਵੱਖ ਗੁਣ ਹਨ ਪਰ ਰਣਜੀਤ ਸਿੰਘ ਵਿਚ ਇਹ ਦੋਵੇਂ ਗੁਣ ਭਰਪੂਰ ਸਨ।
ਵਿਜੇਤਾ ਦੇ ਤੌਰ 'ਤੇ ਉਸ ਨੇ ਚੁਫੇਰੇ ਤੋਂ ਹੋਣ ਵਾਲੇ ਹਮਲਿਆਂ ਦਾ ਮੁੱਖ ਮੋੜ ਕੇ ਉਲਟੀ ਗੰਗਾ ਵਹਾ ਦਿੱਤੀ-ਇਕ ਸਫਲ ਪ੍ਰਬੰਧਕ ਵਜੋਂ ਉਹ 40 ਸਾਲ ਰਾਜ ਕਰ ਗਿਆ, ਨਹੀਂ ਤਾਂ ਪੰਜਾਬੀਆਂ 'ਤੇ ਰਾਜ ਕਰਨਾ ਕੋਈ ਆਸਾਨ ਨਹੀਂ! ਅੱਜ ਤੀਕ ਪੰਜਾਬੀ ਭਾਈਚਾਰਾ ਸ਼ੇਰ-ਏ-ਪੰਜਾਬ ਦੇ ਰਾਜ ਨੂੰ ਸੁਨਹਿਰੀ ਕਾਲ ਵਜੋਂ ਯਾਦ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਧਰਮ-ਨਿਰਪੱਖਤਾ ਵਾਲੀ ਨੀਤੀ ਬਾਰੇ ਮਜ਼ਾਕ ਕਰਦਿਆਂ ਕਿਹਾ ਸੀ ਕਿ ਰੱਬ ਨੇ ਉਸ ਦੀ ਇਕ ਅੱਖ ਦੀ ਜੋਤ ਇਸ ਲਈ ਬੁਝਾ ਦਿੱਤੀ ਸੀ ਤਾਂ ਜੋ ਉਹ ਸਾਰਿਆਂ ਨੂੰ ਇਕ ਅੱਖ ਨਾਲ ਵੇਖ ਸਕਣ। ਵਿਸ਼ਾਲ ਰਾਜ ਦੀ ਸਥਾਪਨਾ ਕਰ ਕੇ ਰਣਜੀਤ ਸਿੰਘ ਨੇ ਸ਼ਖ਼ਸੀ ਰਾਜ ਪ੍ਰਬੰਧ ਸਥਾਪਤ ਨਹੀਂ ਕੀਤਾ ਸਗੋਂ ਰਾਜ ਭਾਗ ਸੰਭਾਲਦਿਆਂ ਹੀ ਸ਼ਾਹੀ ਸਿੱਕੇ ਤੇ ਝੰਡੇ ਨੂੰ 'ਅਕਾਲ ਸਹਾਏ' ਦਾ ਧਾਰਨੀ ਬਣਾ ਕੇ ਸ਼ਾਹੀ ਫੁਰਮਾਨ ਨੂੰ 'ਸ੍ਰੀ ਅਕਾਲ ਪੁਰਖ ਜੀ ਸਹਾਇ' ਦੇ ਸਿਰਨਾਵੇਂ ਨਾਲ ਸ਼ਿੰਗਾਰਿਆ। ਰਾਜ-ਭਾਗ ਆਪਣੀ ਜਾਤ-ਪਾਤ, ਖ਼ਾਨਦਾਨ, ਮਿਸਲ ਦੀ ਥਾਂ 'ਖ਼ਾਲਸਾ' ਦੇ ਨਾਂ ਉੱਤੇ ਹੀ ਆਰੰਭਦਿਆਂ ਇਸ ਨੂੰ 'ਸਰਕਾਰ ਖ਼ਾਲਸਾ' ਤੇ 'ਦਰਬਾਰ ਖ਼ਾਲਸਾ' ਆਖਿਆ। ਆਪਣੇ-ਆਪ ਨੂੰ ਸੁਲਤਾਨ ਜਾਂ ਬਾਦਸ਼ਾਹ ਅਖਵਾਉਣ ਦੀ ਥਾਂ 'ਸਿੰਘ ਸਾਹਿਬ' ਜਾਂ 'ਸਰਕਾਰ ਰਣਜੀਤ ਸਿੰਘ' ਸਦਵਾਉਣਾ ਬਿਹਤਰ ਸਮਝਿਆ।
ਸਿੱਖ ਇਤਿਹਾਸਕ ਅਸਥਾਨਾਂ ਦੀ ਜੋ ਨਿੱਗਰ ਸੇਵਾ ਰਣਜੀਤ ਸਿੰਘ ਨੂੰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਉਹ ਹੋਰ ਕਿਸੇ ਸਿੱਖ ਰਾਜੇ ਦੇ ਹਿੱਸੇ ਨਹੀ ਆਈ। ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਜੋ ਰਣਜੀਤ ਸਿੰਘ ਨੇ ਸਮੇਂ-ਸਮੇਂ ਕੀਤੀ ਉਸ ਨੇ ਰਣਜੀਤ ਸਿੰਘ ਦੀ ਯਾਦ ਨੂੰ ਵੀ ਸਦੀਵੀ ਧਾਰਮਿਕ ਅਸਥਾਨਾਂ ਦੇ ਨਾਲ ਅਮਰਤਾ ਬਖ਼ਸ਼ ਦਿੱਤੀ। ਪੰਜਾਬ ਵਿਚ ਜਦ 'ਸਰਕਾਰ ਖ਼ਾਲਸਾ' ਦਾ ਰਾਜ ਆਇਆ ਤਾਂ ਚਿਰਾਂ ਤੋਂ ਹੋ ਰਹੇ ਵਿਦੇਸ਼ੀ ਹਮਲੇ ਬੰਦ ਹੋ ਗਏ। ਸਰਕਾਰ ਖ਼ਾਲਸਾ ਤੋਂ ਪਹਿਲਾਂ ਅਬਦਾਲੀ ਨੇ ਭਾਰਤ ਉੱਪਰ ਕਾਫ਼ੀ ਹਮਲੇ ਕੀਤੇ ਤੇ ਇੱਥੋਂ ਦੇ ਧਨ, ਦੌਲਤ ਤੇ ਜਵਾਨੀ ਨੂੰ ਲੁੱਟਿਆ ਤੇ ਲਤਾੜਿਆ। ਅਬਦਾਲੀ ਤੋਂ ਪਿੱਛੋਂ ਅਬਦਾਲੀ ਦੇ ਪੁੱਤ-ਪੋਤਰਿਆਂ ਨੇ ਇਹ ਕਰਮ ਜਾਰੀ ਰੱਖਿਆ ਤੇ ਇੱਥੋਂ ਤਕ ਕਿ ਸ਼ਾਹ ਜ਼ਮਾਨ ਨੇ ਸ਼ਾਹੀ ਕਿਲੇ ਲਾਹੌਰ ਵਿਚ ਬੈਠਿਆਂ ਕਹਿ ਦਿੱਤਾ ਕਿ ਸਿੰਘ ਅਫ਼ਗਾਨੀ ਘੋੜਿਆਂ ਦੀ ਆਵਾਜ਼ ਸੁਣ ਕੇ ਨੱਸ ਜਾਂਦੇ ਹਨ ਤਾਂ 17 ਸਾਲ ਦੇ ਰਣਜੀਤ ਸਿੰਘ ਨੇ ਸ਼ਾਹੀ ਬੁਰਜ ਦੇ ਸਾਹਮਣੇ ਖਲੋ ਕੇ ਲਲਕਾਰ ਕੇ ਆਖਿਆ, "ਆ ਓਇ ਅਬਦਾਲੀ ਦੇ ਪੋਤਰਿਆ। ਤੈਨੂੰ ਚੜ੍ਹਤ ਸਿੰਘ ਦਾ ਪੋਤਰਾ ਲਲਕਾਰਦਾ ਈ?" ਅਬਦਾਲੀ ਦਾ ਪੋਤਰਾ ਆਇਆ ਜ਼ਰੂਰ ਪਰ ਰਣਜੀਤ ਸਿੰਘ ਦੀ ਸ਼ਰਨ ਵਿਚ!
ਰਾਜ-ਭਾਗ ਪ੍ਰਾਪਤ ਕਰ ਕੇ ਵੀ ਰਣਜੀਤ ਸਿੰਘ ਨੂੰ ਹੰਕਾਰ ਨਹੀਂ ਹੋਇਆ। ਉਸ ਨੇ ਹਲੇਮੀ ਰਾਜ ਸਥਾਪਤ ਕਰਨ ਦਾ ਯਤਨ ਕੀਤਾ ਜਿਸ ਦਾ ਆਦੇਸ਼ ਗੁਰਬਾਣੀ ਵਿਚ ਕੀਤਾ ਗਿਆ ਹੈ। ਅਜਿਹਾ ਰਾਜ ਕਾਇਮ ਕੀਤਾ ਜਿਸ ਵਿਚ ਸਾਰੇ ਹਿੰਦੂ, ਸਿੱਖ, ਮੁਸਲਮਾਨ ਅਮੀਰ, ਗ਼ਰੀਬ, ਉਚ-ਨੀਚ ਮਿਲ-ਬੈਠ ਕੇ ਰਾਜਾ, ਰੰਕ ਬਰਾਬਰੀ ਦਾ ਆਨੰਦ ਮਾਣ ਸਕਦੇ ਸਨ। ਵਿਅਕਤੀਗਤ ਰੂਪ ਵਿਚ ਰਣਜੀਤ ਸਿੰਘ ਵਿਚ ਅਜਿਹੀਆਂ ਖ਼ੂਬੀਆਂ ਸਨ ਜਿਨ੍ਹਾਂ ਨੇ ਉਸ ਨੂੰ ਹਰਮਨ ਪਿਆਰਾ ਬਣਾ ਦਿੱਤਾ। ਰਣਜੀਤ ਸਿੰਘ ਰਾਜ-ਭਾਗ ਦਾ ਮਾਲਕ ਹੁੰਦਾ ਹੋਇਆ ਵੀ ਜਨਤਾ ਤੋਂ ਕਦੇ ਦੂਰ ਨਹੀਂ ਹੋਇਆ। ਪੰਜਾਬ ਦੀ ਲੋਕਧਾਰਾ ਵਿਚ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀਆਂ ਹੋਈਆਂ ਅਣਗਿਣਤ ਪ੍ਰੇਰਨਾਦਾਇਕ ਕਥਾ-ਕਹਾਣੀਆਂ ਮੌਜੂਦ ਹਨ। ਇਕ ਵਾਰ 'ਕਾਲ ਪੈਣ 'ਤੇ ਮਹਾਰਾਜੇ ਨੇ ਰਾਸ਼ਨ ਦੇ ਡੀਪੂਆਂ ਦੇ ਬੂਹੇ ਲੋਕਾਂ ਲਈ ਖੋਲ੍ਹ ਦਿੱਤੇ ਸਨ। ਇਕ ਬਜ਼ੁਰਗ ਕੋਲੋਂ ਅੰਨ ਦੀ ਬੋਰੀ ਨਾ ਚੁੱਕੀ ਗਈ ਤਾਂ ਭੇਸ ਵਟਾ ਕੇ ਲੋਕਾਂ ਵਿਚ ਵਿਚਰ ਰਹੇ ਮਹਾਰਾਜੇ ਨੇ ਉਹ ਆਪਣੀ ਪਿੱਠ 'ਤੇ ਚੁੱਕ ਕੇ ਉਸ ਦੇ ਘਰ ਪਹੁੰਚਾਈ ਸੀ। ਇਸੇ ਲਈ ਸ਼ੇਰ-ਏ-ਪੰਜਾਬ ਨੂੰ 'ਪਾਂਡੀ ਰਾਜਾ' ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਭਾਵੇਂ ਰਣਜੀਤ ਸਿੰਘ ਨੇ ਸੰਸਾਰਕ ਵਿੱਦਿਆ ਦੀ ਪ੍ਰਾਪਤੀ ਨਹੀਂ ਸੀ ਕੀਤੀ ਪਰ ਤਜਰਬੇ ਦੀ ਪਾਠਸ਼ਾਲਾ ਨੇ ਉਸ ਨੂੰ ਇਤਨਾ ਕਾਬਲ ਅਤੇ ਨਿਪੁੰਨ ਬਣਾ ਦਿੱਤਾ ਕਿ ਉਸ ਦੀ ਗਿਣਤੀ ਸੰਸਾਰ ਦੇ ਨਾਮਵਰ ਸ਼ਾਸਕਾਂ ਤੇ ਨੀਤੀ ਘਾੜਿਆਂ ਵਿਚ ਹੋਣ ਲੱਗੀ ਜਿਨ੍ਹਾਂ ਨੂੰ ਸੰਸਾਰ ਦੀ ਰੂਪ-ਰੇਖਾ ਬਦਲਣ ਲਈ ਕੇਵਲ ਮੌਕੇ ਦੀ ਹੀ ਜ਼ਰੂਰਤ ਹੁੰਦੀ।
ਪੰਜਾਬ ਦੇ ਸੁਪ੍ਰਸਿੱਧ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਦਾ ਕਹਿਣਾ ਬਹੁਤ ਹੀ ਸਾਰਥਕ ਹੈ ਕਿ ਜੇਕਰ ਭਾਰਤ 'ਤੇ ਅੰਗਰੇਜ਼ਾਂ ਦਾ ਕਬਜ਼ਾ ਨਾ ਹੋਇਆ ਹੁੰਦਾ ਤਾਂ ਸਾਰੇ ਭਾਰਤ 'ਤੇ ਰਣਜੀਤ ਸਿੰਘ ਦਾ ਰਾਜ ਹੋ ਜਾਣਾ ਸੀ। ਸ਼ੇਰ-ਏ-ਪੰਜਾਬ ਜਿਸ ਦਾ ਨਾਮ ਸੁਣ ਕੇ ਕਾਬੁਲ ਦੀਆਂ ਕੰਧਾਂ ਕੰਬਦੀਆਂ ਸਨ, ਜਿਸ ਦੀ ਰਵਾਨੀ ਅੱਗੇ ਅਟਕ ਦਰਿਆ ਵੀ ਅਟਕ ਜਾਂਦਾ ਸੀ, ਜਿਸ ਦੇ ਖ਼ਾਲਸਈ ਬੋਲਾਂ ਨੂੰ ਖ਼ੈਬਰ ਦੀਆਂ ਪਹਾੜੀਆਂ ਦੁਹਰਾਉਂਦੀਆਂ ਸਨ, ਉਸੇ ਸ਼ੇਰ-ਏ-ਪੰਜਾਬ ਦੇ ਅੱਖਾਂ ਮੀਟ ਜਾਣ ਪਿੱਛੋਂ ਅਸੀਂ ਗ਼ੁਲਾਮ ਕਿਉਂ ਹੋਏ? ਕਿਵੇਂ ਹੋਏ? ਰਣਜੀਤ ਸਿੰਘ ਦੁਆਰਾ ਆਬਾਦ ਕੀਤਾ ਗਿਆ ਇਹ ਪੰਜਾਬ ਬਰਬਾਦ ਕਿਉਂ ਹੋ ਗਿਆ? ਇਨ੍ਹਾ ਪ੍ਰਸ਼ਨਾਂ ਨੂੰ ਵਾਚਣਾ ਤੇ ਫਿਰ ਉਨ੍ਹਾਂ ਕਾਰਨਾਂ ਦੀ ਪੜਤਾਲ ਕਰਨੀ ਸਾਡੇ ਲਈ ਅੱਜ ਵੀ ਲਾਹੇਵੰਦ ਸਾਬਿਤ ਹੋ ਸਕਦੀ ਹੈ।
'ਸਰਕਾਰ ਖ਼ਾਲਸਾ' ਦੇ ਗ਼ੁਲਾਮ ਹੋ ਜਾਣ ਦਾ ਸਭ ਤੋਂ ਵੱਡਾ ਦੋਸ਼ੀ ਵਜ਼ੀਰ ਧਿਆਨ ਸਿੰਘ ਨੂੰ ਮੰਨਿਆ ਗਿਆ ਹੈ। ਉਹ ਹੈ ਵੀ ਸੀ, ਇਸ ਵਿਚ ਕੋਈ ਸ਼ੱਕ ਨਹੀਂ। ਧਿਆਨ ਸਿੰਘ ਪਿੱਛੋਂ ਦੂਸਰਾ ਮੁੱਖ ਕਾਰਨ ਹੈ ਸਾਡੇ ਆਪਣਿਆਂ ਦੀਆਂ ਖ਼ੁਦਗਰਜ਼ੀਆਂ ਤੇ ਹੰਨੇ-ਬੰਨੇ ਦੀ ਮੀਰੀ ਸਥਾਪਤ ਕਰਨ ਦੀ ਜਾਗ੍ਰਿਤ ਹੋਈ ਲਾਲਸਾ। ਰਣਜੀਤ ਸਿੰਘ ਤੋਂ ਪਿੱਛੋਂ ਅਸੀਂ ਆਪਸ ਵਿਚ ਖਹਿ ਮਰੇ ਤੇ 40 ਸਾਲਾਂ ਦੇ ਸਥਾਪਤ ਰਾਜ-ਭਾਗ ਨੂੰ ਦਿਨਾਂ ਵਿਚ ਬਰਬਾਦ ਕਰ ਲਿਆ। ਅਸੀਂ ਇਕੱਠੇ ਸਾਂ ਤਾਂ ਰਾਜ-ਭਾਗ ਦੇ ਮਾਲਕ ਬਣ ਗਏ। ਵੱਖੋ-ਵੱਖ ਹੋਏ ਤਾਂ ਦੂਸਰੇ ਭਾਰਤੀਆਂ ਵਾਂਗ ਅਸੀਂ ਵੀ ਅੰਗਰੇਜ਼ਾਂ ਦੇ ਗ਼ੁਲਾਮ ਹੋ ਗਏ ਜਿਸ ਦਾ ਇਵਜ਼ਾਨਾ ਅਸੀਂ ਅੱਜ ਤੀਕ ਭੁਗਤ ਰਹੇ ਹਾਂ। ਲੋੜ ਹੈ ਸਾਨੂੰ ਬੀਤੇ ਤੋਂ ਸਿੱਖਣ ਦੀ ਅਤੇ ਅੱਗਾ ਸੰਵਾਰਨ ਦੀ।
-(ਲੇਖਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਬਕਾ ਮੁੱਖ ਸਕੱਤਰ ਹੈ)।

> **ਵਿਜੇਤਾ ਦੇ ਤੌਰ 'ਤੇ ਉਸ ਨੇ ਚੁਫੇਰੇ ਤੋਂ ਹੋਣ ਵਾਲੇ ਹਮਲਿਆਂ ਦਾ ਮੁੱਖ ਮੋੜ ਕੇ ਉਲਟੀ ਗੰਗਾ ਵਹਾ ਦਿੱਤੀ-ਇਕ ਸਫਲ ਪ੍ਰਬੰਧਕ ਵਜੋਂ ਉਹ 40 ਸਾਲ ਰਾਜ ਕਰ ਗਿਆ, ਨਹੀਂ ਤਾਂ ਪੰਜਾਬੀਆਂ 'ਤੇ ਰਾਜ ਕਰਨਾ ਕੋਈ ਆਸਾਨ ਨਹੀਂ! ਅੱਜ ਤੀਕ ਪੰਜਾਬੀ ਭਾਈਚਾਰਾ ਸ਼ੇਰ-ਏ-ਪੰਜਾਬ ਦੇ ਰਾਜ ਨੂੰ ਸੁਨਹਿਰੀ ਕਾਲ ਵਜੋਂ ਯਾਦ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਧਰਮ-ਨਿਰਪੱਖਤਾ ਵਾਲੀ ਨੀਤੀ ਬਾਰੇ ਮਜ਼ਾਕ ਕਰਦਿਆਂ ਕਿਹਾ ਸੀ ਕਿ ਰੱਬ ਨੇ ਉਸ ਦੀ ਇਕ ਅੱਖ ਦੀ ਜੋਤ ਇਸ ਲਈ ਬੁਝਾ ਦਿੱਤੀ ਸੀ ਤਾਂ ਜੋ ਉਹ ਸਾਰਿਆਂ ਨੂੰ ਇਕ ਅੱਖ ਨਾਲ ਵੇਖ ਸਕਣ। ਵਿਸ਼ਾਲ ਰਾਜ ਦੀ ਸਥਾਪਨਾ ਕਰ ਕੇ ਰਣਜੀਤ ਸਿੰਘ ਨੇ ਸ਼ਖ਼ਸੀ ਰਾਜ ਪ੍ਰਬੰਧ ਸਥਾਪਤ ਨਹੀਂ ਕੀਤਾ ਸਗੋਂ ਰਾਜ ਭਾਗ ਸੰਭਾਲਦਿਆਂ ਹੀ ਸ਼ਾਹੀ ਸਿੱਕੇ ਤੇ ਝੰਡੇ ਨੂੰ 'ਅਕਾਲ ਸਹਾਏ' ਦਾ ਧਾਰਨੀ ਬਣਾ ਕੇ ਸ਼ਾਹੀ ਫੁਰਮਾਨ ਨੂੰ 'ਸ੍ਰੀ ਅਕਾਲ ਪੁਰਖ ਜੀ ਸਹਾਇ' ਦੇ ਸਿਰਨਾਵੇਂ ਨਾਲ ਸ਼ਿੰਗਾਰਿਆ।**

# ਸਾਹਿਤ, ਸੂਝ ਤੇ ਭਵਿੱਖ ਦੀਆਂ ਸੁਹਜ ਭਰਪੂਰ ਪਗਡੰਡੀਆਂ

ਸਫ਼ਾ 5 ਦੀ ਬਾਕੀ

ਲੱਗਦੀ ਹੈ, ਮਨੁੱਖਾਂ ਅੰਦਰਲੇ ਪਾੜੇ ਘੱਟ ਹੋਣ ਲਗਦੇ ਹਨ। ਮਨੁੱਖ ਸਬਰ-ਸੰਤੋਖ ਵੱਲ ਵਧਦਿਆਂ ਸੰਜਮੀ ਅਤੇ ਸਹਿਜ ਹੋਣ ਲੱਗਦਾ ਹੈ। ਔਕੜਾਂ ਭਰਪੂਰ ਸਮਿਆਂ ਵਿੱਚ ਵੀ ਸਾਹਿਤ ਸਾਨੂੰ ਜ਼ਿੰਦਗੀ ਦਾ ਮਕਸਦ ਸਮਝਾ ਕੇ ਔਝੜੇ ਰਾਹਾਂ ਤੋਂ ਪੱਧਰੇ ਰਾਹਾਂ ਵੱਲ ਤੁਰਨ ਦਾ ਗੁਰ/ਜਾਚ ਦੱਸਦਾ ਹੈ। ਫਿਰ ਇਸ ਤੋਂ ਹੋਰ ਸੌਖਾ ਰਾਹ ਕਿਹੜਾ ਹੋ ਸਕਦਾ ਹੈ, ਕਿਉਂ ਨਾ ਇਸ ਰਾਹੇ ਪਿਆ ਜਾਵੇ?
ਜੇ ਅਸੀਂ ਆਪਣੇ ਜੱਦੀ ਮੁਲਕ ਦੀ ਗੱਲ ਕਰੀਏ ਕਿ ਸਾਡੇ ਪਿਆਰੇ ਸੂਬੇ ਪੰਜਾਬ ਵਿੱਚ ਨਸ਼ਿਆਂ ਦਾ ਪਸਾਰ ਬਹੁਤ ਹੋਇਆ ਹੈ (ਇਸ ਦੇ ਕਾਰਨ ਸਮਝਣ ਦੇ ਵੀ ਯਤਨ ਹੋਣੇ ਚਾਹੀਦੇ ਹਨ) ਜਿਸ ਨੇ ਪੰਜਾਬੀਆਂ ਦੀ ਸਾਖ ਨੂੰ ਧੱਕਾ ਲਾਇਆ ਹੈ। ਜੇ ਏਨਾ ਹੀ ਜ਼ੋਰ ਸਾਹਿਤ ਦੇ ਪਸਾਰ 'ਤੇ ਲਾਇਆ ਜਾਂਦਾ ਤਾਂ ਦੁਨੀਆਂ ਸਾਹਮਣੇ ਚਿੰਤਨ ਦੇ ਖੇਤਰ ਵਿੱਚ ਪੰਜਾਬ ਕੋਈ ਵੱਡਾ ਵਿਦਵਾਨ ਪੇਸ਼ ਕਰ ਸਕਦਾ ਸੀ ਜਿਸ ਨਾਲ ਬੌਧਿਕ ਚਿੰਤਨ ਦੇ ਖੇਤਰ ਅੰਦਰ ਦੁਨੀਆਂ 'ਚ ਸਾਡਾ ਨਾਮਣਾ ਵੀ ਹੁੰਦਾ, ਸਤਿਕਾਰ ਵੀ ਮਿਲਦਾ, ਸੰਸਾਰ ਅੰਦਰ ਸਾਡੀ ਪਛਾਣ ਨੂੰ ਸਤਿਕਾਰਤ ਹੁੰਗਾਰਾ ਵੀ ਮਿਲਦਾ। ਅਫ਼ਸੋਸ ਦਰ ਅਫ਼ਸੋਸ ਕਿ ਅਜਿਹਾ ਪੰਜਾਬੀਆਂ ਤੋਂ ਅਜੇ ਤੱਕ ਨਹੀਂ ਹੋ ਸਕਿਆ। ਇਹ ਸਾਹਿਤ ਨਾਲ ਨਾ ਜੁੜਨ ਕਰਕੇ ਹੀ ਹੋਇਆ। ਸਾਡੇ ਸਾਹਿਤਕ 'ਸੂਝਵਾਨਾਂ' ਦਾ ਸਫ਼ਰ ਤਾਂ ਘਸਮੈਲੀਆਂ ਜਹੀਆਂ 'ਸਨਮਾਨ ਦੀਆਂ ਲੋਈਆਂ' ਤੇ ਰੰਗਦਾਰ 'ਫੁਲਕਾਰੀਆਂ' ਤੋਂ ਹੀ ਅੱਗੇ ਨਹੀਂ ਵਧ ਸਕਿਆ। ਇਹ ਰਾਹ ਕਿਹੜੇ ਪਾਸੇ ਜਾਂਦਾ ਹੈ, ਸੂਝਵਾਨਾਂ ਦੇ ਵਿਚਾਰਨ ਦਾ ਵਿਸ਼ਾ ਹੋਣਾ ਚਾਹੀਦਾ ਸੀ, ਪਰ ਇਹ ਹੋ ਨਾ ਸਕਿਆ। ਨਿਗੂਣੀਆਂ ਗਰਜ਼ਾਂ ਮਾਰੇ ਬੌਣੀ ਸੋਚ ਵਾਲੇ ਲਘੂ ਮਨੁੱਖ ਆਪਣੇ ਸਾਹਿਤਕ ਪ੍ਰਛਾਵੇਂ ਮਿਣਨ ਵਾਲੀ ਗ਼ੁਲਾਮ ਬਿਰਤੀ ਤੋਂ ਹੀ ਆਜ਼ਾਦ ਨਾ ਹੋ ਸਕੇ।
ਹੋਰਾਂ ਦੀ ਗੱਲ ਛੱਡੋ ਬੰਗਾਲੀਆਂ ਵਿੱਚ ਪੰਜਾਬੀਆਂ ਤੋਂ ਵੱਧ ਆਪਣੇ ਲੇਖਕਾਂ, ਕਲਾਕਾਰਾਂ, ਬੁੱਧੀਮਾਨਾਂ ਪ੍ਰਤੀ ਸਤਿਕਾਰ ਤੇ ਪਿਆਰ ਹੈ। ਇਹ ਆਪਣੇ ਸਾਹਿਤਕਾਰਾਂ ਦਾ ਮਾਣ ਹੁੰਦਾ ਹੈ, ਪੰਜਾਬੀਆਂ ਕੋਲ ਕਿਉਂ ਨਹੀਂ? ਬੰਗਾਲੀਆਂ ਦੇ ਘਰਾਂ ਵਿੱਚ ਰਾਬਿੰਦਰਨਾਥ ਟੈਗੋਰ ਦੀ ਤਸਵੀਰ ਤੁਹਾਨੂੰ ਮਿਲੇਗੀ। ਯਾਦ ਰਹੇ ਕਿ ਟੈਗੋਰ ਨੂੰ 1913 ਵਿੱਚ ਸਵੀਡਨ ਦੀ ਸਾਹਿਤ ਅਕਾਡਮੀ ਵੱਲੋਂ ਦੁਨੀਆਂ ਦਾ ਸਭ ਤੋਂ ਵੱਡਾ ਗਿਣਿਆ ਜਾਂਦਾ ਇਨਾਮ, ਸਾਹਿਤ ਦਾ ਨੋਬੇਲ ਪੁਰਸਕਾਰ ਮਿਲਿਆ ਸੀ, ਟੈਗੋਰ ਵੱਲੋਂ ਲਿਖੀ ਉਸ ਦੀ ਪੁਸਤਕ 'ਗੀਤਾਂਜਲੀ' ਵਾਸਤੇ ਜੋ ਕਵਿਤਾਵਾਂ ਤੇ ਗੀਤਾਂ ਦਾ ਸੰਗ੍ਰਹਿ ਹੈ। ਯਾਦ ਇਹ ਵੀ ਰੱਖਣਾ ਚਾਹੀਦਾ ਹੈ ਕਿ 'ਗੀਤਾਂਜਲੀ' ਮੂਲ ਰੂਪ ਵਿੱਚ ਬੰਗਾਲੀ ਭਾਸ਼ਾ ਵਿੱਚ ਲਿਖੀ ਗਈ ਸੀ। ਇਸੇ ਤਰ੍ਹਾਂ ਵੀਹਵੀ ਸਦੀ ਦੇ ਸ਼ੁਰੂ ਤੱਕ ਵੀ ਪੰਜਾਬੀ ਸਮਾਜ ਅੰਦਰ ਬਹੁਤ ਸਾਰੇ ਵਹਿਮ ਭਰਮ ਸਨ। ਇਹ 1930ਵਿਆਂ ਦੁਆਲੇ ਦੀ ਸਥਿਤੀ ਬਾਰੇ ਗੱਲ ਕੀਤੀ ਜਾ ਰਹੀ ਹੈ। ਉਦੋਂ ਪੰਜਾਬੀ ਦੇ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੇ ਸਾਹਿਤ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਇਸ ਪਾਸਿਉਂ ਮੋੜ ਕੇ ਵਹਿਮਾਂ, ਭਰਮਾਂ ਦਾ ਖਹਿੜਾ ਛੱਡਣ ਦੀ ਪ੍ਰੇਰਨਾ ਦਿੱਤੀ ਸੀ। ਪੰਜਾਬੀਆਂ ਦੇ ਕਿੰਨੇ ਕੁ ਘਰਾਂ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਤਸਵੀਰ ਦੇਖੀ ਜਾ ਸਕਦੀ ਹੈ? ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਵਿਦਵਤਾ ਭਰਪੂਰ ਤਰਕਸ਼ੀਲ ਲਿਖਤਾਂ ਦਾ ਅਸਰ ਸਾਡੇ ਸਮਾਜ ਅਤੇ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ 'ਤੇ ਅੱਜ ਤੱਕ ਵੀ ਹੈ। ਇਸੇ ਤਰ੍ਹਾਂ ਸਾਡੇ ਪੰਜਾਬੀ ਸਾਹਿਤ ਨੂੰ ਪ੍ਰੋ. ਪੂਰਨ ਸਿੰਘ ਨੇ ਪ੍ਰਭਾਵਿਤ ਕੀਤਾ ਸੀ। ਕਿੱਥੇ ਹੈ ਅੱਜ ਸਾਡੇ ਪੂਰਨ ਸਿੰਘ ਦੇ ਕਾਵਿ ਦੀ ਪ੍ਰੰਪਰਾ? ਤੇ ਕਿੱਥੇ ਹੈ ਉਹ ਪੰਜਾਬ ਜਿਸ ਦੇ ਪ੍ਰੋ. ਪੂਰਨ ਸਿੰਘ ਗੁਣ ਗਾਉਂਦਾ ਨਹੀਂ ਸੀ ਥੱਕਦਾ?
ਕਾਰਪੋਰੇਟੀ ਸਮੇਂ ਦਾ ਸ਼ਿਕਾਰ ਹੁੰਦਿਆਂ ਸਾਡੇ ਲੋਕਾਂ ਨੇ ਆਪਣੇ ਦਾਨਿਸ਼ਵਰਾਂ (ਸੂਝਵਾਨਾਂ) ਨੂੰ ਵਿਸਾਰ ਦਿੱਤਾ, ਉਨ੍ਹਾਂ ਦੀਆਂ ਸਮਝੌਤੀਆਂ ਨੂੰ ਆਪਣੀ ਜੀਵਨ ਜਾਚ ਤੋਂ ਵੱਖ ਕਰਦੇ ਜਾ ਰਹੇ ਹਨ। ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਆਪਣਾ ਬੌਧਿਕ ਚਿੰਤਨ ਭਰਪੂਰ ਵਿਰਸਾ ਵਿਸਾਰਨ ਵਾਲਿਆਂ ਦਾ ਉਹ ਹੀ ਹਾਲ ਹੁੰਦਾ ਹੈ ਜੋ ਅੱਜ ਪੰਜਾਬੀਆਂ ਦਾ ਹੈ। ਆਪਣੇ ਵੱਲੋਂ ਆਰਥਿਕ ਪੱਖੋਂ ਅਮੀਰ ਬਣਨ ਦੇ ਹਾਬੜਪੁਣੇ ਨੇ ਆਪਣੇ ਸੂਝਵਾਨਾਂ ਦੀਆਂ ਗੱਲਾਂ ਨੂੰ ਲੜ ਹੀ ਨਹੀਂ ਬੰਨ੍ਹਿਆ, ਅਮਲ ਤਾਂ ਉਨ੍ਹਾਂ 'ਤੇ ਕੀ ਹੋਣਾ ਸੀ। ਇੱਕ ਹੋਰ 'ਧਿਰ' ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਆਪਣੇ ਆਪ ਨੂੰ ਬੁੱਧੀਮਾਨ ਕਹਾਉਣ ਤੇ ਜ਼ਮੀਰਾਂ ਵੇਚਣ ਵਾਲਿਆਂ ਦਾ ਇਹ ਟੋਲਾ ਵੀ ਆਪਣੇ ਲੋਕਾਂ ਅੰਦਰ ਸਾਹਿਤ ਪ੍ਰਤੀ ਮੋਹ ਭੰਗ ਕਰਨ ਦਾ ਦੋਸ਼ੀ ਹੈ।
ਸਾਹਿਤ ਅਸੀਂ ਦੋ ਤਰ੍ਹਾਂ ਪੜ੍ਹਦੇ ਹਾਂ ਇੱਕ ਤਾਂ ਹੈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਵਿੱਚ ਲੱਗੀਆਂ ਕਿਤਾਬਾਂ ਜੋ ਕਿਸੇ ਵੀ ਕਿਸਮ ਦੀ ਕੋਈ ਡਿਗਰੀ ਕਰਨ ਵਾਸਤੇ ਪੜ੍ਹਨੀਆਂ ਜ਼ਰੂਰੀ ਹੁੰਦੀਆਂ ਹਨ। ਪਰ ਇਨ੍ਹਾਂ ਕਿਤਾਬਾਂ ਦਾ ਆਪਣਾ ਇੱਕ ਦਾਇਰਾ ਹੁੰਦਾ ਹੈ ਜਿਸ ਤੋਂ ਬਾਹਰ ਜਾਣ ਦੀ ਕਿਸੇ ਨੂੰ ਆਗਿਆ ਨਹੀਂ ਹੁੰਦੀ। ਇਨ੍ਹਾਂ ਕਿਤਾਬਾਂ ਦੀ ਸੇਧ ਪਾਠਕ੍ਰਮ ਮਿੱਥਣ ਵਾਲਿਆਂ ਦੀ ਮਨਸ਼ਾ ਜਾਂ ਰਾਜ ਸੱਤਾ 'ਤੇ ਕਾਬਜ਼ ਜਮਾਤ ਦੀ ਰਾਜਸੀ ਮਰਜ਼ੀ ਦੇ ਵਿਰੋਧ ਵਿੱਚ ਨਹੀਂ ਜਾ ਸਕਦੀ। ਦੂਸਰੀ ਕਿਸਮ ਦਾ ਉਹ ਸਾਹਿਤ ਹੈ ਜੋ ਅਸੀਂ ਆਪਣੇ ਗਿਆਨ, ਸੂਝ ਤੇ ਅਕਲ ਦੇ ਦਾਇਰੇ ਨੂੰ ਵਿਸ਼ਾਲ ਕਰਕੇ ਦੁਨੀਆਂ ਦੇ ਪੱਧਰ ਤੱਕ ਵਧਾਉਣ ਖਾਤਰ ਪੜ੍ਹਦੇ ਹਾਂ। ਇਨ੍ਹਾਂ ਦੋਹਾਂ ਕਿਸਮਾਂ ਦੇ ਸਾਹਿਤ ਨੂੰ ਪੜ੍ਹਦਿਆਂ ਬਹੁਤ ਸਾਰਾ ਫ਼ਰਕ ਵੀ ਨਜ਼ਰ ਆਉਂਦਾ ਹੈ। ਪਾਠਕ੍ਰਮਾਂ ਵਾਲਾ ਸਾਹਿਤ ਵਗਦੀ ਨਹਿਰ ਦੇ ਦੋ ਕਿਨਾਰਿਆਂ ਵਿੱਚ ਸਿਮਟਿਆ ਹੁੰਦਾ ਹੈ ਜਦੋਂਕਿ ਦੂਜੀ ਕਿਸਮ ਦਾ ਸਾਹਿਤ ਸਮੁੰਦਰ ਤੇ ਆਸਮਾਨ ਵਾਂਗ ਵਿਸ਼ਾਲ ਹੁੰਦਾ ਹੈ, ਬਿਨਾਂ ਕਿਨਾਰਿਆਂ ਅਤੇ ਬਿਨਾਂ ਦਿਸਹੱਦਿਆਂ ਤੋਂ, ਪੂਰੀ ਦੁਨੀਆਂ ਦੇ ਮਸਲਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ। ਇਸੇ ਸਦਕਾ ਅਸੀਂ ਦੁਨੀਆਂ ਦੇ ਜਾਣਕਾਰ ਹੁੰਦੇ ਹਾਂ। ਨਹੀਂ ਤਾਂ ਸਾਨੂੰ ਕੀ ਪਤਾ ਲੱਗਦਾ ਕਿ ਕੌਣ ਹੋਇਆ ਸ਼ੈਕਸਪੀਅਰ, ਕੌਣ ਹੈ ਬਰਨਾਰਡ ਸ਼ਾਅ ਤੇ ਜੌਹਨ ਕੀਟਸ, ਕੌਣ ਹੈ ਤਾਲਸਤਾਏ ਤੇ ਕੌਣ ਹੋਇਆ ਮੈਕਸਿਮ ਗੋਰਕੀ, ਚੈਖਵ, ਸ਼ੋਲੋਖੋਵ, ਦਾਸਤੋਵਸਕੀ, ਕੌਣ ਹੈ ਥਾਮਸਮਨ, ਕਿਵੇਂ ਪਤਾ ਲੱਗਦਾ ਕੌਣ ਹੋਇਆ 'ਰੂਟਸ' ਲਿਖਣ ਵਾਲਾ ਐਲੇਕਸ ਹੇਲੀ, ਤਕਰੀਬਨ ਹਰ ਪੰਜਾਬੀ ਵੱਲੋਂ ਪੜ੍ਹੀ ਕਿਤਾਬ 'ਮੇਰਾ ਦਾਗਿਸਤਾਨ' ਦਾ ਲੇਖਕ ਰਸੂਲ ਹਮਜ਼ਾਤੋਵ ਕੌਣ ਹੈ, 'ਅਸਲੀ ਇਨਸਾਨ' ਦੀ ਕਹਾਣੀ ਲਿਖਣ ਵਾਲਾ ਬੋਰਿਸ ਪੋਲੇਵੋਈ, ਸ਼ੋਲੋਖੋਵ, ਪਾਸਤਰਨਾਕ, ਜਾਂ ਫੇਰ ਦਾਂਤੇ ਕੌਣ ਹੈ, ਯਾਂ ਪਾਲ ਸਾਰਤਰ, ਕੌਣ ਹੈ ਰੂਸੋ ਤੇ ਐਲਬਰਟ ਕਾਮੂ, ਕੌਣ ਹੋਈ ਸੀਮੋਨ ਦੀ ਬਿਵੋਆ ਜੀਹਨੇ 'ਦਿ ਸੈਕੰਡ ਸੈਕਸ' ਕਿਤਾਬ ਲਿਖੀ ਜਿਸ ਨੂੰ 'ਨਾਰੀਵਾਦ ਦੀ ਬਾਈਬਲ' ਕਿਹਾ ਜਾਂਦਾ ਹੈ, ਕੌਣ ਹੈ ਨਾਦੀਨ ਗਾਰਡੀਮਰ, ਡੋਰਿਸ ਲੈਸਿੰਗ ਤੇ ਟੋਨੀ ਮਾਰੀਸਨ, ਕੌਣ ਹੋਇਆ ਸੱਚ ਖਾਤਰ ਜ਼ਹਿਰ ਪੀਣ ਵਾਲਾ ਸੁਕਰਾਤ। ਤੁਰਕੀ ਵਾਲੇ ਨਾਜ਼ਿਮ ਹਿਕਮਤ ਨੂੰ ਕੌਣ ਨਹੀਂ ਜਾਣਦਾ? ਜਰਮਨੀ ਵਿੱਚ ਵਸਦੇ ਹੋਏ ਕਿੰਨੇ ਕੁ ਸਾਡੇ ਲੋਕ ਹਨ ਜੋ ਬ੍ਰਤੋਲਤ ਬ੍ਰੈਖ਼ਤ, ਮਾਟਿਨ ਨੀਮੋਇਲਰਸ ਅਤੇ ਨੋਬੇਲ ਪੁਰਸਕਾਰ ਜੇਤੂ ਹਾਈਨਰਿਖ ਬੋਲ, ਗੁੰਟਰ ਗਰਾਸ ਵਰਗਿਆਂ ਦੇ ਨਾਵਾਂ ਨੂੰ ਜਾਣਦੇ ਹਨ? ਇਸੇ ਤਰ੍ਹਾਂ ਬਹੁਤ ਸਾਰੇ ਹੋਰ ਲੇਖਕ ਹਨ ਜਿਨ੍ਹਾਂ ਦੇ ਨਾਂ ਗਿਣਾਏ ਜਾ ਸਕਦੇ ਹਨ।
ਜਦੋਂ ਅਸੀਂ ਆਪਣੀ ਬੋਲੀ ਦੇ ਲੇਖਕਾਂ ਦੀ ਗੱਲ ਕਰਦੇ ਹਾਂ ਬਾਬਾ ਫ਼ਰੀਦ ਤੋਂ ਲੈ ਕੇ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਵਾਰਿਸ ਸ਼ਾਹ, ਦਮੋਦਰ ਅਤੇ ਹੋਰ ਬਹੁਤ ਸਾਰੇ। ਜੇ ਪਿਛਲੇ ਸਮੇਂ ਦੀ ਗੱਲ ਕਰੀਏ ਤਾਂ ਜਾਣੀਏਂ ਕਿ ਕਿਵੇਂ ਸਾਡੀ ਬੋਲੀ ਤੇ ਭਾਸ਼ਾ ਦੀ ਸੇਵਾ ਕਰਨ ਵਾਲੇ ਪੰਜਾਬੀ ਸੱਭਿਆਚਾਰ ਬਾਰੇ ਬਹੁਤ ਹੀ ਮੁੱਲਵਾਨ ਕਿਤਾਬ 'ਮੇਰਾ ਪਿੰਡ' ਲਿਖਣ ਵਾਲੇ ਗਿਆਨੀ ਗੁਰਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪ੍ਰੀਤਮ ਸਿੰਘ, ਸੰਤ ਸਿੰਘ ਸੇਖੋਂ, ਦੇਵਿੰਦਰ ਸਤਿਆਰਥੀ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਤੋਂ ਅੱਜ ਦੇ ਕਵੀ ਸੁਰਜੀਤ ਪਾਤਰ ਹੋਵੇ ਜਾਂ ਗਜ਼ਲਗੋ ਜਸਵਿੰਦਰ ਤੇ ਬਹੁਤ ਸਾਰੇ ਹੋਰ ਹਨ ਜਿਨ੍ਹਾਂ ਦੇ ਨਾਮ ਗਿਣੇ ਜਾ ਸਕਦੇ ਹਨ। ਪੰਜਾਬ /ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਵੱਲੋਂ ਵੀ ਹਰ ਵਿਧਾ ਅੰਦਰ ਬਹੁਤ ਮੁੱਲਵਾਨ ਪੰਜਾਬੀ ਸਾਹਿਤ ਦੀ ਸਿਰਜਣਾ ਕੀਤੀ ਜਾ ਰਹੀ ਹੈ।
ਇਨ੍ਹਾਂ ਸਾਰਿਆਂ ਨੇ ਸਾਨੂੰ ਸਾਹਿਤ ਦੇ ਲੜ ਲਾ ਕੇ ਵਧੀਆ ਇਨਸਾਨ ਬਣਾਉਣ ਦਾ ਯਤਨ ਕੀਤਾ। ਹੁਣ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਵਡੇਰਿਆਂ ਦਾ ਕਹਿਣਾ ਮੰਨ ਕੇ ਨਰੋਈਆਂ ਸਾਹਿਤਕ, ਸੱਭਿਆਚਾਰਕ ਤੇ ਭਾਈਚਾਰਕ ਕਦਰਾਂ-ਕੀਮਤਾਂ ਦੇ ਲੜ ਲੱਗੀਏ। ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਸਗੋਂ ਸਮਾਜ ਨੂੰ ਸੇਧ ਦੇਣ ਵਾਲਾ, ਅਗਵਾਈ ਕਰਨ ਵਾਲਾ ਰਾਹ ਵੀ ਹੁੰਦਾ ਹੈ। ਇਹ ਰਾਹ ਤਾਂ ਤਦ ਹੀ ਪੱਲੇ ਪੈਂਦਾ ਹੈ ਜੇ ਅਸੀਂ ਕਿਤਾਬਾਂ ਦੀ ਕਦਰ ਕਰੀਏ, ਕਿਤਾਬਾਂ ਦੇ ਲੜ ਲੱਗੀਏ।
ਜਿਨ੍ਹਾਂ ਬਾਹਰਲੇ ਮੁਲਕਾਂ ਵਿੱਚ ਅਸੀਂ ਰਹਿ ਰਹੇ ਹਾਂ ਇੱਥੇ ਕਿਤਾਬਾਂ ਦਾ ਬਹੁਤ ਮਹੱਤਵ ਹੈ। ਤੁਹਾਨੂੰ ਕੋਈ ਘਰ ਅਜਿਹਾ ਨਹੀਂ ਮਿਲੇਗਾ ਜਿੱਥੇ ਕਿਤਾਬਾਂ ਦੀਆਂ ਭਰੀਆਂ ਸ਼ੈਲਫਾਂ ਨਾ ਹੋਣ, ਇੱਥੋਂ ਤੱਕ ਕਿ ਖਾਣ-ਪਕਾਉਣ ਲਈ ਕੰਮ ਆਉਂਦਾ ਰਸੋਈ ਨਾਲ ਸਬੰਧਤ ਸਾਹਿਤ ਦੀਆਂ ਕਿੰਨੀਆਂ ਸਾਰੀਆਂ ਕਿਤਾਬਾਂ ਹਰ ਘਰ ਵਿੱਚ ਪਈਆਂ ਦੇਖ ਸਕਦੇ ਹੋ। ਇਹ ਚੰਗੀ ਆਦਤ ਸਾਡੀਆਂ ਬੀਬੀਆਂ ਵੀ ਪਾ ਰਹੀਆਂ ਹਨ ਕਿ ਉਹ ਵੀ ਇਸੇ ਰਾਹੇ ਹੀ ਕਿਤਾਬ ਵਾਲੇ ਸੱਭਿਆਚਾਰ (ਕਲਚਰ) ਨਾਲ ਜੁੜਨ ਦੇ ਆਹਰ 'ਚ ਹਨ। ਇਉਂ ਹੀ ਬੱਚਿਆਂ ਦੇ ਜਨਮ ਦਿਨ ਮਨਾਉਂਦਿਆਂ ਬੱਚੇ ਨੂੰ ਹੋਰ ਜੋ ਮਰਜ਼ੀ ਤੋਹਫ਼ਾ ਦਿਉ, ਪਰ ਉਨ੍ਹਾਂ ਦੀ ਉਮਰ ਮੁਤਾਬਿਕ ਪੜ੍ਹਨ ਯੋਗ ਚੰਗੀ ਕਿਤਾਬ ਵੀ ਜ਼ਰੂਰ ਲੈ ਕੇ ਦਿਉ। ਜੇ ਕਿਸੇ ਨੂੰ ਨਾ ਪਤਾ ਹੋਵੇ ਕਿ ਬੱਚੇ ਵਾਸਤੇ ਕਿਹੜੀ ਕਿਤਾਬ ਖਰੀਦੀ ਜਾਵੇ ਤਾਂ ਕਿਤਾਬਾਂ ਦੀ ਦੁਕਾਨ ਵਾਲੇ ਖ਼ੁਸ਼ੀ ਨਾਲ ਇਸ ਵਿੱਚ ਤੁਹਾਡੀ ਮੱਦਦ ਕਰਦੇ ਹਨ। ਬੱਚੇ ਦੀ ਉਮਰ ਤੇ ਸ਼ੌਕ ਵਗੈਰਾ ਪੁੱਛ ਕੇ ਉਹ ਤੁਹਾਨੂੰ ਖਰੀਦੀ ਜਾਣ ਵਾਲੀ ਕਿਤਾਬ ਬਾਰੇ ਸੁਝਾਅ ਦਿੰਦੇ ਹਨ। ਇਸ ਵਾਸਤੇ ਕਿਤਾਬਾਂ ਦੀ ਦੁਕਾਨ ਤੱਕ ਪਹੁੰਚਣਾ ਪਵੇਗਾ। ਹੁਣ ਵੇਲਾ ਹੈ ਆਪਣੇ ਇੱਥੇ ਵਸਦੇ ਸਮਾਜ ਨੂੰ ਕਿਤਾਬਾਂ ਰਾਹੀਂ ਸ਼ਬਦਾਂ ਦਾ ਤੋਹਫ਼ਾ ਦੇਈਏ। ਇਸ ਤੋਂ ਬਿਨਾਂ ਸਾਡੀ ਜ਼ਿੰਦਗੀ ਅਧੂਰੀ ਰਹੇਗੀ, ਸਮੇਂ ਦੀ ਤੋਰ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦੀ। ਸਾਡੀ ਭਵਿੱਖੀ ਪੀੜ੍ਹੀ ਦੇ ਬੱਚੇ ਇਸ ਸੂਚਨਾ ਤੇ ਤਕਨੀਕ (ਇਨਫਾਰਮੇਸ਼ਨ ਐਂਡ ਟੈਕਨੋਲੋਜੀ) ਦੇ ਦੌਰ ਵਿੱਚ ਕਿਉਂ ਸਮੇਂ ਤੋਂ ਪਿੱਛੇ ਰਹਿਣ? ਇਸ ਬਾਰੇ ਮਾਪਿਆਂ ਨੂੰ ਸੁਚੇਤ ਹੋਣਾ ਪਵੇਗਾ ਕਿ ਜਦੋਂ ਘਰਾਂ ਵਿੱਚ ਹਰ ਸੁੱਖ ਸਹੂਲਤ ਦਾ ਸਾਮਾਨ ਪਿਆ ਹੈ ਤਾਂ ਗਿਆਨ ਦੇ ਭੰਡਾਰ ਕਿਤਾਬਾਂ ਕਿਉਂ ਨਾ ਹੋਣ? ਸਿਰਫ਼ ਸਕੂਲੀ ਪਾਠਕ੍ਰਮਾਂ ਦੀਆਂ ਕਿਤਾਬਾਂ ਹੀ ਨਾ ਹੋਣ ਸਗੋਂ ਬੱਚਿਆਂ ਨੂੰ ਉਨ੍ਹਾਂ ਦੇ ਪਸੰਦ ਦੀਆਂ ਸਾਹਿਤ, ਵਿਗਿਆਨ, ਇਤਿਹਾਸ, ਧਰਮ, ਸੱਭਿਆਚਾਰ, ਬੋਲੀ-ਭਾਸ਼ਾ, ਤਕਨੀਕ ਅਤੇ ਹੋਰ ਵਿਸ਼ਿਆਂ ਨਾਲ ਸਬੰਧ ਰੱਖਦੀਆਂ ਕਿਤਾਬਾਂ ਵੀ ਲੈ ਕੇ ਦਿੱਤੀਆਂ ਜਾਣ। ਵਿਗਿਆਨ ਦਾ ਯੁੱਗ ਹੈ ਤਾਂ ਬੱਚਿਆਂ ਨੂੰ ਵਿਗਿਆਨਕ ਸੂਝ ਅਤੇ ਤਰਕਸ਼ੀਲ ਵਿਚਾਰਾਂ ਦੇ ਬਣਾਉਣ ਦਾ ਯਤਨ ਕੀਤਾ ਜਾਵੇ ਕਿ ਉਹ ਵੱਖੋ ਵੱਖ ਵਿਚਾਰਾਂ ਤੇ ਵਸਤਾਂ ਨੂੰ ਪਰਖਦਿਆਂ ਦਲੀਲ ਸਹਿਤ ਗੱਲ ਕਰਨ। ਇਹ ਤਦ ਹੀ ਹੋਣਾ ਹੈ ਜੇ ਅਸੀਂ ਉਨ੍ਹਾਂ ਨੂੰ ਤਰਕਸ਼ੀਲ, ਵਿਗਿਆਨਕ ਸਾਹਿਤ ਪੜ੍ਹਨ ਲਈ ਪ੍ਰੇਰਾਂਗੇ ਜਾਂ ਲੈ ਕੇ ਦੇਵਾਂਗੇ। ਤਰਕਸ਼ੀਲ ਸਾਹਿਤ ਮਨੁੱਖ ਦੀਆਂ ਅੱਖਾਂ ਤੇ ਦਿਮਾਗ਼ ਦੇ ਬੂਹੇ ਬਾਰੀਆਂ ਖੋਲ੍ਹ ਕੇ ਉਸ ਨੂੰ ਹਨੇਰੇ ਤੋਂ ਚਾਨਣ ਵਿੱਚ ਪਹੁੰਚਾ ਦਿੰਦਾ ਹੈ। ਯੁੱਗ ਡਿਜੀਟਲ ਹੋ ਰਿਹਾ ਹੈ। ਇਸ ਗੱਲ ਦਾ ਖਿਆਲ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ ਕਿ ਸਾਡੇ ਬੱਚੇ ਇਸ ਤੋਂ ਪਛੜ ਨਾ ਜਾਣ। ਬੱਚੇ ਸਾਡਾ ਭਵਿੱਖ ਹਨ ਜਿਸ ਨੂੰ ਉਜਲਾ ਦੇਖਣ ਦੇ ਚਾਹਵਾਨਾਂ ਨੂੰ ਇਹ ਕੁਝ ਕਰਨਾ ਹੀ ਪਵੇਗਾ। ਧੱਕੇ ਨਾਲ ਆਪਣੇ ਵਿਚਾਰ ਬੱਚਿਆਂ 'ਤੇ ਲੱਦਣ ਦੀ ਥਾਂ, ਸੌਖੇ ਰਹਿਣਾ ਹੈ ਤਾਂ ਬਿਨਾਂ ਗਿਆਨ ਤੋਂ 'ਗਿਆਨਵਾਨ' ਹੋਣ ਦਾ ਪਾਲਿਆ ਭਰਮ ਅਤੇ ਆਪਣੀ ਝੂਠੀ ਹਉਮੈਂ ਤਿਆਗ, ਬੱਚਿਆਂ ਵਰਗੇ ਹੋ ਕੇ ਉਨ੍ਹਾਂ ਤੋਂ ਕੁਝ ਸਿੱਖਣ ਦਾ ਯਤਨ ਵੀ ਕਰੀਏ।

# ਵਿਹੜੇ ਦੀ ਰੌਣਕ

**ਗੁਰਮੀਤ ਸਿੰਘ**

"ਕਿਵੇਂ ਜਾ ਕੇ ਜੱਫਾ ਪਾ ਲਿਆ ਜਿਵੇਂ ਮੈਂ ਹੁਣੇ ਪੁੱਟ ਕੇ ਸੁੱਟ ਦਿਆਂਗੀ। ਜਨਾਬ ਦਰੱਖਤ ਆ ਕੋਈ ਮੂਲੀ ਨਹੀਂ।" ਪਤਨੀ ਅਚਾਨਕ ਮੇਰੇ ਉੱਠ ਕੇ ਧਰੇਕ ਨੂੰ ਜੱਫਾ ਪਾ ਲੈਣ 'ਤੇ ਹੈਰਾਨ ਹੋ ਗਈ ਸੀ। ਮੈਂ ਉਸ ਨੂੰ ਕਿਵੇਂ ਦੱਸਾਂ ਕਿ ਮੇਰੇ ਮਨ ਵਿੱਚ ਕੀ ਹੈ। ਮੈਂ ਤਾਂ ਪਹਿਲਾਂ ਹੀ ਮਨ 'ਤੇ ਬੋਝ ਲਈ ਫਿਰਦਾ ਹਾਂ, ਹੁਣ ਇਸ ਧਰੇਕ ਪੁਟਵਾਉਣ ਨੂੰ ਕਿਵੇਂ ਬਰਦਾਸ਼ਤ ਕਰਾਂਗਾ।
ਵਿਹੜੇ ਵਿਚਲੀ ਧਰੇਕ ਜਦੋਂ ਫੁੱਲਾਂ ਨਾਲ ਭਰ ਜਾਂਦੀ ਹੈ ਤਾਂ ਮੈਂ ਅਕਸਰ ਹੀ ਸਾਹਮਣੇ ਬੈਠ ਨਿਹਾਰਦਾ ਰਹਿੰਦਾ ਹਾਂ। ਇਸ ਨਾਲ ਮੇਰੇ ਮਨ ਨੂੰ ਸਕੂਨ ਮਿਲਦਾ ਹੈ। ਅੱਜ ਵੀ ਮੈਂ ਫੁੱਲਾਂ ਨੂੰ ਵੇਖਦਾ ਹੋਇਆ ਆਪਣੀਆਂ ਸੋਚਾਂ ਵਿੱਚ ਡੁੱਬਿਆ ਹੋਇਆ ਸੀ। ਮੇਰੀ ਪਤਨੀ ਨੇ ਆਉਂਦਿਆਂ ਹੀ ਧਰੇਕ ਥੱਲੇ ਖਿਲਰੇ ਫੁੱਲ-ਪੱਤਿਆਂ ਨੂੰ ਵੇਖ ਕੇ ਕਿਹਾ ਕਿ ਵਿਹੜੇ ਵਿੱਚ ਬਹੁਤ ਗੰਦ ਪੈਂਦਾ ਹੈ, ਜੀਅ ਕਰਦਾ ਇਸ ਨੂੰ ਕਟਵਾ ਦਿਆਂ। ਉਸ ਦੇ ਬੋਲਾਂ ਨੇ ਜਿਵੇਂ ਮੈਨੂੰ ਡਰਾ ਦਿੱਤਾ ਹੋਵੇ ਤੇ ਮੈਂ ਆਪਣੇ ਆਪ 'ਤੇ ਕਾਬੂ ਨਾ ਰੱਖ ਸਕਿਆ।ਦੂਸਰੇ ਨੂੰ ਦਿਲ ਦੀ ਪੀੜ ਥੋੜ੍ਹਾ ਦਿਸਦੀ ਹੈ।
ਗੱਲ ਉਦੋਂ ਦੀ ਹੈ ਜਦੋਂ ਮੇਰੀ ਧੀ ਅਜੇ ਨੌਂ ਦਸ ਸਾਲ ਦੀ ਅਤੇ ਇਹ ਧਰੇਕ ਵੀ ਛੋਟੀ ਜਿਹੀ ਸੀ। ਉਸ ਸਮੇਂ ਵੀ ਇਸ ਨੂੰ ਫੁੱਲ ਪਏ ਹੋਏ ਸਨ। ਧੀ ਨੂੰ ਜਮਾਤ ਵਿੱਚ ਗੁਲਦਸਤਾ ਬਣਾਉਣਾ ਤੇ ਸਜਾਉਣਾ ਸਿਖਾਇਆ ਗਿਆ।ਉਹ ਕਾਗਜ਼ ਦੀ ਕੁੱਪੀ ਜਿਹੀ ਬਣਾ ਵਿੱਚ ਧਰੇਕ ਦੇ ਫੁੱਲ ਭਰ ਲੈਂਦੀ ਅਤੇ ਜਦੋਂ ਮੈਂ ਸ਼ਾਮ ਨੂੰ ਘਰ ਆਉਂਦਾ ਤਾਂ 'ਵੈਲਕਮ ਪਾਪਾ' ਕਹਿ ਮੈਨੂੰ ਭੇਟ ਕਰਦੀ। ਕਦੇ ਕਦੇ ਕਾਗਜ਼ ਉੱਪਰ ਰੰਗਾਂ ਨਾਲ ਕੁਝ ਲਿਖਿਆ ਵੀ ਹੁੰਦਾ। ਉਸ ਦੀ ਕੋਸ਼ਿਸ਼ ਹੁੰਦੀ ਕਿ ਹਰ ਦਿਨ ਨਵਾਂ ਕਰਾਂ। ਮੈਂ ਵੀ ਉਚੇਚਾ ਚੌਕਲੇਟ ਜਾਂ ਕੁਝ ਹੋਰ ਲੈ ਕੇ ਆਉਂਦਾ। ਉਸ ਦੀ ਮਾਂ ਗੁੱਸੇ ਹੁੰਦੀ ਕਿ ਪੜ੍ਹਾਈ ਦਾ ਸਮਾਂ ਖਰਾਬ ਕਰਦੀ ਹੈ ਪਰ ਮੈਂ ਉਸ ਨੂੰ ਚੁੱਪ ਕਰਾ ਦਿੰਦਾ।
ਆਖ਼ਰ ਫੁੱਲਾਂ ਦਾ ਸਮਾਂ ਲੰਘ ਗਿਆ। ਧੀ ਨੇ ਮੇਰਾ ਲਿਆਂਦਾ ਬੂਟਾ, ਜੋ ਕਿ ਕਾਫ਼ੀ ਮਹਿੰਗਾ ਸੀ ਅਤੇ ਉਸ ਨੂੰ ਫੁੱਲ ਵੀ ਕਾਫ਼ੀ ਵੱਡੇ ਲੱਗਦੇ ਸਨ, ਦਾ ਫੁੱਲ ਤੋੜ ਕੇ ਮੇਰੇ ਲਈ ਗੁਲਦਸਤਾ ਬਣਾ ਲਿਆ। ਮੈਂ ਘਰ ਆਇਆ ਤਾਂ ਹੱਸਦਿਆਂ ਹੋਇਆਂ ਮੈਨੂੰ ਭੇਟ ਕੀਤਾ। ਮੈਨੂੰ ਤਾਂ ਜਿਵੇਂ ਸੱਤੀਂ ਕੱਪੜੀਂ ਅੱਗ ਲੱਗ ਗਈ। ਗੁੱਸੇ ਵਿੱਚ ਅਵਾ ਤਵਾ ਬੋਲਦਿਆਂ ਉਸ ਦੇ ਥੱਪੜ ਮਾਰਿਆ ਤੇ ਗੁਲਦਸਤਾ ਚਲਾ ਕੇ ਪਰ੍ਹਾਂ ਸੁੱਟ ਦਿੱਤਾ। ਅੱਖਾਂ ਵਿੱਚ ਹੰਝੂ ਲਈ ਉਹ ਅੰਦਰ ਚਲੀ ਗਈ। ਮਾਂ ਦੇ ਘਰੇ ਨਾ ਹੋਣ ਕਰਕੇ ਉਸ ਨੂੰ ਰੋਣ ਲਈ ਬੁੱਕਲ ਵੀ ਨਾ ਮਿਲੀ। ਖ਼ੈਰ, ਉਸ ਨੇ ਸਬਰ ਕਰ ਲਿਆ। ਉਸ ਦਿਨ ਤੋਂ ਗੁਲਦਸਤਾ ਬਣਾਉਣਾ ਤਾਂ ਦੂਰ, ਉਹ ਮੇਰੇ ਮੱਥੇ ਲੱਗਣ ਤੋਂ ਵੀ ਝਿਜਕਣ ਲੱਗੀ। ਸਮਾਂ ਪਾ ਸਭ ਕੁਝ ਆਮ ਵਾਂਗ ਹੋ ਗਿਆ ਦਿਸਦਾ ਪਰ ਸਭ ਕੁਝ ਆਮ ਵਾਂਗ ਨਹੀਂ ਸੀ।
ਤਿੰਨ ਸਾਲ ਪਹਿਲਾਂ ਉਹ ਵਿਆਹ ਉਪਰੰਤ ਆਪਣੇ ਘਰ ਚਲੀ ਗਈ।ਜ਼ਿੰਦਗੀ ਵਿੱਚ ਪਤਾ ਨਹੀਂ ਕਿੰਨੀ ਵਾਰ ਮੈਨੂੰ ਗੁਲਦਸਤੇ ਮਿਲੇ ਹੋਣਗੇ ਪਰ ਉਹ ਪਿਆਰ ਤੇ ਚਾਅ ਕਦੇ ਨਸੀਬ ਨਹੀਂ ਹੋਇਆ। ਹੁਣ ਜਦੋਂ ਧਰੇਕ ਨੂੰ ਫੁੱਲ ਪੈਂਦੇ ਹਨ ਤਾਂ ਕਿੰਨਾ ਕਿੰਨਾ ਚਿਰ ਉਨ੍ਹਾਂ ਨੂੰ ਵੇਖਦਾ ਰਹਿੰਦਾ ਹਾਂ। ਮੇਰਾ ਮਨ ਮੈਨੂੰ ਵਾਪਸ ਉਨ੍ਹਾਂ ਦਿਨਾਂ ਵਿੱਚ ਲੈ ਜਾਂਦਾ ਹੈ। ਅੱਜ ਪਤਨੀ ਨੇ ਧਰੇਕ ਨੂੰ ਪੁੱਟਣ ਦੀ ਗੱਲ ਕੀਤੀ ਤਾਂ ਮੇਰਾ ਆਪਣੇ ਆਪ 'ਤੇ ਕਾਬੂ ਨਾ ਰਿਹਾ। ਪਤਾ ਹੀ ਨਾ ਲੱਗਿਆ ਮੈਂ ਕਦੋਂ ਜਾ ਕੇ ਧਰੇਕ ਨੂੰ ਜੱਫ਼ੀ ਪਾ ਲਈ ਤੇ ਮੇਰੇ ਮੂੰਹੋਂ ਨਿਕਲਿਆ, "ਮੇਰੇ ਜਿਉਂਦੇ ਜੀਅ ਇਸ ਨੂੰ ਕੋਈ ਨਹੀਂ ਪੁੱਟ ਸਕਦਾ। ਧੀ ਤਾਂ ਪਰਾਈ ਹੋ ਗਈ, ਹੁਣ ਧਰੇਕ ਤਾਂ ਰਹਿਣ ਦਿਓ। ਧੀਆਂ ਅਤੇ ਧਰੇਕਾਂ ਤਾਂ ਘਰ ਦੀ ਰੌਣਕ ਹੁੰਦੀਆਂ ਨੇ।" ਅੱਖਾਂ ਵਿਚਲੇ ਹੰਝੂ ਮੇਰੇ ਚਿਹਰੇ ਨੂੰ ਭਿਉਂ ਰਹੇ ਸਨ।

# ਯੁੱਧ ਨਸ਼ਿਆਂ ਵਿਰੁੱਧ

ਸਫ਼ਾ 5 ਦੀ ਬਾਕੀ

ਵਿੱਚ ਕਈ ਦਹਾਕਿਆਂ ਤੋਂ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ 'ਤੇ ਫੌਰੀ ਨਜ਼ਰਸਾਨੀ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਇੱਥੇ ਇਹ ਜ਼ੋਰ ਦੇ ਕੇ ਕਹਿਣਾ ਬਣਦਾ ਹੈ ਕਿ ਲੇਖਕ ਦਾ ਮਕਸਦ ਨਸ਼ੇ ਦੀ ਵਰਤੋਂ ਨੂੰ ਜਾਇਜ਼ ਠਹਿਰਾਉਣਾ ਹਰਗਿਜ਼ ਨਹੀਂ ਹੈ। ਸਗੋਂ ਇਹ ਕਹਿਣਾ ਹੈ ਕਿ ਨਸ਼ੇ ਵਰਗੇ ਖ਼ਤਰਨਾਕ ਪਦਾਰਥ ਤਸਕਰਾਂ ਅਤੇ ਗ਼ੈਰਕਾਨੂੰਨੀ ਅਨਸਰਾਂ ਦੇ ਹੱਥ ਵਿੱਚ ਦੇਣਾ ਵੱਡੀ ਭੁੱਲ ਹੈ। ਨੈਤਿਕਤਾ ਦੀ ਦੁਹਾਈ ਦੇ ਕੇ ਹਕੀਕਤ ਤੋਂ ਅੱਖਾਂ ਨਹੀਂ ਫੇਰੀਆਂ ਜਾ ਸਕਦੀਆਂ।
ਅੱਜ ਸਾਡੇ ਦਿਲੋ-ਦਿਮਾਗ਼ ਵਿੱਚ ਇਹ ਵਿਚਾਰ ਘਰ ਕਰ ਚੁੱਕਿਆ ਹੈ ਕਿ ਨਸ਼ਾ ਕੋਹੜ ਹੈ ਅਤੇ ਇਹਦੀ ਵਰਤੋਂ ਕਰਨ ਵਾਲੇ ਲੋਕ ਹਮਦਰਦੀ ਜਾਂ ਸਤਿਕਾਰ ਦੇ ਪਾਤਰ ਨਹੀਂ ਹਨ। ਇਹ ਸੋਚ ਬਦਲਣੀ ਪਵੇਗੀ। ਹੱਦ ਵਿੱਚ ਰਹਿ ਕੇ ਕੀਤਾ ਨਸ਼ਾ ਅਪਰਾਧ ਨਹੀਂ ਹੈ; ਅਤੇ ਨਸ਼ੇ ਦਾ ਆਦੀ ਹੋਣਾ (Addiction) ਇੱਕ ਬਿਮਾਰੀ ਹੈ। ਜਿਸ ਤਰ੍ਹਾਂ ਹੋਰ ਬਿਮਾਰੀਆਂ ਦਾ ਇਲਾਜ ਹੁੰਦਾ ਹੈ, ਉਸੇ ਤਰ੍ਹਾਂ ਐਡਿਕਸ਼ਨ ਦਾ ਇਲਾਜ ਹੈ। ਇਹ ਇਲਾਜ ਲੰਮਾ ਸਮਾਂ ਚੱਲ ਸਕਦਾ ਹੈ। ਅਸਫ਼ਲ ਵੀ ਹੋ ਸਕਦਾ ਹੈ। ਮਰੀਜ਼ ਦੁਬਾਰਾ ਵੀ ਨਸ਼ੇ ਵੱਲ ਜਾ ਸਕਦਾ ਹੈ। ਇਹ ਇਲਾਜ ਔਖਾ ਹੈ। ਇਸ ਦਾ ਕੋਈ ਫੌਰੀ ਹੱਲ ਨਹੀਂ ਹੈ। ਮਰੀਜ਼ ਨਾਲ ਸੰਵਾਦ ਕਰਨ, ਉਹਦੀ ਗੱਲ ਸੁਣਨ ਅਤੇ ਆਪਣੀ ਸਮਝਾਉਣ ਲਈ ਸਮਾਂ ਅਤੇ ਮਾਹਿਰ ਦੋਵੇਂ ਲੋੜੀਂਦੇ ਹਨ। ਆਦੀ ਵਿਅਕਤੀਆਂ ਨੂੰ ਸਮਾਜ ਵਿੱਚੋਂ ਛੇਕਣ ਨਾਲ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ। ਕਈ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਅਤੇ ਸਰਕਾਰ ਵੱਲੋਂ ਅਲੱਗ-ਥਲੱਗ ਬਣਾਏ ਗਏ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਇਸ ਸਮਝ ਨਾਲ ਚੱਲ ਰਹੇ ਹਨ ਕਿ ਆਦੀ ਵਿਅਕਤੀ ਨੂੰ ਨਜ਼ਰਬੰਦ ਕਰ ਕੇ, ਘਰ ਪਰਿਵਾਰ ਤੋਂ ਦੂਰ ਰੱਖ ਕੇ, ਨਸ਼ਾ ਛੱਡਣ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ। ਇਹ ਗ਼ੈਰ-ਵਿਗਿਆਨਕ ਅਤੇ ਮੈਡੀਕਲ ਗਿਆਨ ਦੇ ਵਿਰੁੱਧ ਸੋਚ ਹੈ। ਜਦੋਂ ਤੱਕ ਆਦੀ ਵਿਅਕਤੀ ਵਿੱਚ ਨਸ਼ਾ ਛੱਡਣ ਦੀ ਇੱਛਾ ਅਤੇ ਮਨੋਬਲ ਪੈਦਾ ਨਹੀਂ ਕੀਤਾ ਜਾਂਦਾ ਕਿ ਉਹ ਨਸ਼ੇ ਦਾ ਵਿਕਲਪ ਤਲਾਸ਼ੇ ਜਾਂ ਇਸ ਨੂੰ ਪੂਰੀ ਤਰ੍ਹਾਂ ਤਿਆਗ ਦੇਵੇ, ਨਸ਼ਾ ਛਡਵਾਉਣਾ ਸੰਭਵ ਨਹੀਂ।
ਆਪਣੀ ਸਰਕਾਰ ਬਣਨ ਦੇ ਕੁਝ ਮਹੀਨਿਆਂ ਅੰਦਰ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਕਦਮੀ ਕਰਦਿਆਂ ਓਪੀਡੀ ਨਸ਼ਾ ਛੁਡਾਊ ਕੇਂਦਰ ਯਾਨੀ ਕਿ ਓਓਏਟੀ ਸੈਂਟਰਾਂ ਦੀ ਗਿਣਤੀ 208 ਤੋਂ ਵਧਾ ਕੇ 528 ਕੀਤੀ ਸੀ। ਇਸ ਦਾ ਮਕਸਦ ਸੀ ਕਿ ਆਦੀ ਵਿਅਕਤੀਆਂ ਨੂੰ ਆਪਣੇ ਘਰ ਦੇ ਨੇੜੇ ਬਦਲਵੀਂ ਦਵਾਈ ਮਿਲ ਸਕੇ। ਸਮੇਂ ਦੀ ਲੋੜ ਹੈ ਕਿ ਸਰਕਾਰ ਨਸ਼ੇ ਸਬੰਧੀ ਨਵੀਂ ਨੀਤੀ ਲਿਆਵੇ ਅਤੇ ਹਰ ਪਹਿਲੂ 'ਤੇ ਵਿਚਾਰ ਲਈ ਮਾਹਿਰਾਂ ਦੀ ਕਮੇਟੀ ਬਣਾਏ। ਜਿਵੇਂ ਕਿ ਡਾ. ਅਨਿਰੁੱਧ ਕਾਲਾ ਆਪਣੀ ਕਿਤਾਬ ਵਿੱਚ ਕਹਿੰਦੇ ਹਨ ਕਿ ਨਸ਼ਿਆਂ ਖ਼ਿਲਾਫ਼ ਜੰਗ ਦਰਅਸਲ ਸਾਡੇ ਹੀ ਪੁੱਤਰ ਧੀਆਂ ਨੂੰ ਨਿਗਲ ਰਹੀ ਹੈ। ਹੁਣ ਇਸ ਜੰਗ ਨੂੰ ਖ਼ਤਮ ਕਰ ਕੇ ਅਮਨ ਦੇ ਨਵੇਂ ਰਾਹ ਲੱਭਣ ਦਾ ਸਮਾਂ ਆ ਗਿਆ ਹੈ।
* ਸਾਬਕਾ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ।
ਸੰਪਰਕ: 98153-58034

# ਸਭ ਤੋਂ ਵਧੀਆ ਦਵਾਈ ਹਾਸਾ

ਲਲਿਤ ਗੁਪਤਾ

ਕਿਸੇ ਵੀ ਵਿਅਕਤੀ ਦੇ ਚਿਹਰੇ 'ਤੇ ਹਾਸਾ ਉਸ ਵਿਅਕਤੀ ਨੂੰ ਊਰਜਾਵਾਨ ਬਣਾ ਦਿੰਦਾ ਹੈ। ਹਰ ਕੰਮ ਖ਼ੁਸ਼ੀ-ਖ਼ੁਸ਼ੀ ਕਰਨ ਨਾਲ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਆਪਣੇ-ਆਪ ਖ਼ਤਮ ਹੋ ਜਾਂਦੀਆਂ ਹਨ ਅਤੇ ਜੀਵਨ ਚੰਗਾ ਲੱਗਣ ਲੱਗ ਪੈਂਦਾ ਹੈ। ਮਸ਼ਹੂਰ ਕਲਾਕਾਰ ਚਾਰਲੀ ਚੈਪਲਿਨ ਦੇ ਕਹੇ ਮੁਤਾਬਕ ਹਾਸੇ ਤੋਂ ਬਿਨਾਂ ਬਿਤਾਇਆ ਗਿਆ ਦਿਨ ਬਰਬਾਦੀ ਵਾਲਾ ਦਿਨ ਹੁੰਦਾ ਹੈ।

ਦੱਸ ਦਈਏ ਕਿ ਹਾਸਾ ਜ਼ਿੰਦਗੀ ਦੀਆਂ ਸਭ ਤੋਂ ਵਧੀਆ ਚੀਜ਼ਾਂ 'ਚੋਂ ਇੱਕ ਹੈ ਜੋ ਸਾਡੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇਸ ਤੋਂ ਇਲਾਵਾ ਹੱਸਣ ਨਾਲ ਤਣਾਅ ਘੱਟ ਹੁੰਦਾ ਹੈ ਅਤੇ ਸਾਡਾ ਪਾਚਨ ਤੰਤਰ ਵੀ ਤੰਦਰੁਸਤ ਹੁੰਦਾ ਹੈ। ਹਾਸਾ ਸਭ ਤੋਂ ਵਧੀਆ ਦਵਾਈ ਹੈ ਜੋ ਹਰ ਸਥਿਤੀ ਵਿੱਚ ਕੰਮ ਕਰਦੀ ਹੈ। ਅੱਜਕੱਲ੍ਹ 'ਲਾਫ ਥੈਰੇਪੀ' ਬਹੁਤ ਮਸ਼ਹੂਰ ਹੋ ਗਈ ਹੈ। ਇਸ ਵਿੱਚ ਲੋਕ ਬਿਨਾਂ ਕਿਸੇ ਮਕਸਦ ਦੇ ਸਵੇਰੇ ਕਿਸੇ ਪਾਰਕ ਜਾਂ ਖੁੱਲ੍ਹੀ ਥਾਂ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਉੱਚੀ-ਉੱਚੀ ਹੱਸਦੇ ਹਨ। ਇਸ ਨੂੰ 'ਲਾਫ ਥੈਰੇਪੀ' ਕਿਹਾ ਜਾਂਦਾ ਹੈ। ਅਜਿਹਾ ਕਰਨ ਨਾਲ ਅਵਸਾਦ, ਮਾਈਗ੍ਰੇਨ, ਸਿਰ ਦਰਦ, ਤਣਾਅ ਵਰਗੀਆਂ ਬਿਮਾਰੀਆਂ ਤੋਂ ਤੁਰੰਤ ਰਾਹਤ ਮਿਲਦੀ ਹੈ। ਡਾਕਟਰ ਮੁਤਾਬਕ ਸਿਹਤਮੰਦ ਰਹਿਣ ਲਈ 3 ਚੀਜ਼ਾਂ ਦੀ ਲੋੜ ਹੁੰਦੀ ਹੈ- ਸੰਤੁਲਿਤ ਖੁਰਾਕ, ਮਨ ਦੀ ਸ਼ਾਂਤੀ ਅਤੇ ਖੁੱਲ੍ਹ ਕੇ ਹੱਸਣਾ। ਇਸ ਲਈ ਤੁਸੀਂ ਲੋਕ ਖੁੱਲ੍ਹ ਕੇ ਹੱਸਣ ਦਾ ਕੋਈ ਮੌਕਾ ਨਾ ਛੱਡੋ।

ਹਾਸਰਸ ਇੱਕ ਵਿਆਪਕ ਭਾਸ਼ਾ ਹੈ। ਇਸ ਵਿੱਚ ਜਾਤ, ਧਰਮ, ਰੰਗ, ਲਿੰਗ ਦੀ ਪਰਵਾਹ ਕੀਤੇ ਬਿਨਾਂ ਮਨੁੱਖਤਾ ਨੂੰ ਜੋੜਨ ਦੀ ਸਮਰੱਥਾ ਹੈ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਮਾਹਿਰਾਂ ਮੁਤਾਬਕ ਹਾਸੇ 'ਚ ਲੋਕਾਂ ਨੂੰ ਇਕਜੁੱਟ ਕਰਨ ਅਤੇ ਤਣਾਅ ਨੂੰ ਦੂਰ ਕਰਨ ਦੀ ਸ਼ਕਤੀ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਸੀਂ ਸਿਹਤ, ਖ਼ੁਸ਼ੀ ਅਤੇ ਵਿਸ਼ਵ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਹਾਸੇ ਨੂੰ ਹਥਿਆਰ ਵਜੋਂ ਵਰਤ ਸਕਦੇ ਹਾਂ।

ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਭਾਰਤ ਤੋਂ ਹੀ ਹੋਈ ਹੈ। ਇਹ ਦਿਨ ਪੂਰੀ ਤਰ੍ਹਾਂ ਹੱਸਣ ਅਤੇ ਹਸਾਉਣ ਨੂੰ ਸਮਰਪਿਤ ਹੈ। ਇਸ ਦਿਨ ਦੇਸ਼-ਵਿਦੇਸ਼ ਵਿੱਚ ਵੱਖ-ਵੱਖ ਤਰ੍ਹਾਂ ਦੇ ਕਾਮੇਡੀ ਮੁਕਾਬਲੇ ਅਤੇ ਸ਼ੋਅ ਕਰਵਾਏ ਜਾਂਦੇ ਹਨ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਅੰਤਰਰਾਸ਼ਟਰੀ ਹਾਸਾ ਦਿਵਸ 11 ਜਨਵਰੀ 1998 ਨੂੰ ਮੁੰਬਈ ਵਿੱਚ ਸ਼ੁਰੂ ਹੋਇਆ ਸੀ। ਵਿਸ਼ਵ ਹਾਸਾ ਦਿਵਸ ਦੀ ਸਥਾਪਨਾ ਦਾ ਸਿਹਰਾ ਡਾ. ਮਦਨ ਕਟਾਰੀਆ ਨੂੰ ਜਾਂਦਾ ਹੈ। ਉਨ੍ਹਾਂ ਨੇ ਹੀ 11 ਜਨਵਰੀ 1998 ਨੂੰ ਮੁੰਬਈ ਵਿੱਚ ਪਹਿਲੀ ਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਸੀ। ਇਸ ਨੂੰ ਮਨਾਉਣ ਪਿੱਛੇ ਸਭ ਤੋਂ ਵੱਡਾ ਮਕਸਦ ਸਮਾਜ ਵਿੱਚ ਵਧ ਰਹੇ ਤਣਾਅ ਨੂੰ ਘੱਟ ਕਰਨਾ ਸੀ। ਰੋਜ਼ਾਨਾ ਦੇ ਕੰਮਾਂ ਕਾਰਨ ਲੋਕਾਂ ਦੀ ਜ਼ਿੰਦਗੀ 'ਚ ਹੱਸਣ ਦੀ ਸੰਭਾਵਨਾ ਘਟਦੀ ਜਾ ਰਹੀ ਹੈ। ਅਜਿਹੇ 'ਚ 1998 'ਚ ਸੋਚਿਆ ਗਿਆ ਕਿ ਕਿਉਂ ਨਾ ਕੁਝ ਅਜਿਹਾ ਕੀਤਾ ਜਾਵੇ, ਜਿਸ ਦੇ ਬਹਾਨੇ ਲੋਕ ਇੱਕ-ਦੂਜੇ ਨਾਲ ਗੱਲ ਕਰ ਸਕਣ ਅਤੇ ਥੋੜ੍ਹੀ ਦੇਰ ਲਈ ਹੱਸ ਸਕਣ। ਵਿਸ਼ਵ ਹਾਸਾ ਦਿਵਸ ਦੀ ਸ਼ੁਰੂਆਤ ਵਿਸ਼ਵ ਵਿੱਚ ਸ਼ਾਂਤੀ ਅਤੇ ਮਨੁੱਖਤਾ ਵਿੱਚ ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀ ਸਥਾਪਨਾ ਦੇ ਉਦੇਸ਼ ਨਾਲ ਕੀਤੀ ਗਈ ਹੈ। ਇਸ ਦਿਨ ਦੀ ਪ੍ਰਸਿੱਧੀ 'ਹਾਸਾ ਯੋਗ ਅੰਦੋਲਨ' ਦੁਆਰਾ ਪੂਰੀ ਦੁਨੀਆ ਵਿੱਚ ਫੈਲ ਗਈ। ਅੱਜ ਪੂਰੀ ਦੁਨੀਆ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਾਮੇਡੀ ਕਲੱਬ ਹਨ। ਹਾਸਰਸ ਮਨੁੱਖ ਦੇ ਇਲੈਕਟ੍ਰੋ-ਮੈਗਨੈਟਿਕ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਕਰਦਾ ਹੈ। ਜਦੋਂ ਕੋਈ ਵਿਅਕਤੀ ਇੱਕ ਸਮੂਹ ਵਿੱਚ ਹੱਸਦਾ ਹੈ ਤਾਂ ਇਹ ਸਕਾਰਾਤਮਕ ਊਰਜਾ ਪੂਰੇ ਖੇਤਰ ਵਿੱਚ ਫੈਲ ਜਾਂਦੀ ਹੈ ਅਤੇ ਖੇਤਰ ਵਿੱਚੋਂ ਨਕਾਰਾਤਮਕ ਊਰਜਾ ਨੂੰ ਦੂਰ ਕਰਦੀ ਹੈ।

ਇਸ ਦਿਨ ਨੂੰ ਮਨਾਉਣ ਦਾ ਸਪੱਸ਼ਟ ਮਕਸਦ ਲੋਕਾਂ ਨੂੰ ਹਸਾਉਣਾ ਹੈ, ਮਾਧਿਅਮ ਭਾਵੇਂ ਕੋਈ ਵੀ ਹੋਵੇ। ਜਦੋਂ ਕਿ ਹੱਸਣਾ ਇੱਕ ਚੰਗੀ ਕਸਰਤ ਹੈ, ਹਸਾਉਣਾ ਇੱਕ ਕਲਾ ਹੈ। ਜਦੋਂ ਤੁਸੀਂ ਹੱਸਦੇ ਹੋ, ਤੁਹਾਡੇ ਆਲੇ ਦੁਆਲੇ ਦੀ ਦੁਨੀਆ ਬਦਲ ਜਾਂਦੀ ਹੈ। ਬਿਨਾਂ ਸ਼ਰਤ ਹੱਸਣ ਨਾਲ ਸਾਨੂੰ ਅੰਦਰੋਂ ਚੰਗਾ ਮਹਿਸੂਸ ਕਰਨ ਦੀ ਸ਼ਕਤੀ ਮਿਲਦੀ ਹੈ ਅਤੇ ਜਦੋਂ ਤੁਸੀਂ ਅੰਦਰੋਂ ਚੰਗਾ ਮਹਿਸੂਸ ਕਰਦੇ ਹੋ ਤਾਂ ਇਹ ਬਾਹਰੀ ਦੁਨੀਆ ਦੀ ਪੂਰੀ ਧਾਰਨਾ ਨੂੰ ਬਦਲ ਦਿੰਦਾ ਹੈ। ਹਾਸਾ ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਕ ਤੰਦਰੁਸਤੀ ਦਾ ਸਭ ਤੋਂ ਆਸਾਨ ਉਪਾਅ ਹੈ। ਹਾਸੇ ਦਾ ਕਾਰਨ ਕੀ ਹੈ?, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਪਰ ਯਕੀਨੀ ਤੌਰ 'ਤੇ ਤੁਹਾਨੂੰ ਚੰਗਾ ਮਹਿਸੂਸ ਹੁੰਦਾ ਹੈ। ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਅਤੇ ਵੱਖ-ਵੱਖ ਸਥਿਤੀਆਂ ਵਿੱਚ ਜਦੋਂ ਤੁਸੀਂ ਪਰੇਸ਼ਾਨ ਹੁੰਦੇ ਹੋ ਤਾਂ ਹਾਸਾ ਤੁਹਾਡੀ ਚਿੰਤਾ ਦੂਰ ਕਰਦਾ ਹੈ। ਇਸ ਨਾਲ ਤੁਹਾਡੀ ਚਿੰਤਾ ਘੱਟ ਹੁੰਦੀ ਹੈ ਅਤੇ ਕੈਲੋਰੀ ਬਰਨ ਹੁੰਦੀ ਹੈ।

ਹਾਸਾ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਲਿਆਉਂਦਾ ਹੈ ਅਤੇ ਨਕਾਰਾਤਮਕ ਊਰਜਾ ਨੂੰ ਖ਼ਤਮ ਕਰਦਾ ਹੈ ਜਿਸ ਨਾਲ ਵਿਅਕਤੀ ਸ਼ਾਂਤੀ ਨਾਲ ਆਪਣਾ ਜੀਵਨ ਬਤੀਤ ਕਰ ਸਕਦਾ ਹੈ। ਕਈ ਬਿਮਾਰੀਆਂ ਵੀ ਹੱਸਣ ਨਾਲ ਆਪਣੇ ਆਪ ਠੀਕ ਹੋ ਜਾਂਦੀਆਂ ਹਨ।

ਮਨੋਵਿਗਿਆਨਕ ਪ੍ਰਯੋਗਾਂ ਤੋਂ ਪਤਾ ਲੱਗਾ ਹੈ ਕਿ ਜੋ ਬੱਚੇ ਜ਼ਿਆਦਾ ਹੱਸਦੇ ਹਨ, ਉਹ ਜ਼ਿਆਦਾ ਬੁੱਧੀਮਾਨ ਹੁੰਦੇ ਹਨ। ਜਪਾਨ ਦੇ ਲੋਕ ਆਪਣੇ ਬੱਚਿਆਂ ਨੂੰ ਜਨਮ ਤੋਂ ਹੀ ਹੱਸਦੇ ਰਹਿਣਾ ਸਿਖਾਉਂਦੇ ਹਨ। ਹਾਸਰਸ ਤਣਾਅ, ਦਰਦ ਅਤੇ ਸੰਘਰਸ਼ ਦਾ ਇੱਕ ਸ਼ਕਤੀਸ਼ਾਲੀ ਸਰੋਤ ਹੈ। ਹਾਸਰਸ ਬੋਝ ਨੂੰ ਹਲਕਾ ਕਰਦਾ ਹੈ, ਉਮੀਦ ਨੂੰ ਪ੍ਰੇਰਿਤ ਕਰਦਾ ਹੈ, ਸਾਨੂੰ ਦੂਜਿਆਂ ਨਾਲ ਜੋੜਦਾ ਹੈ ਅਤੇ ਇਹ ਸਾਨੂੰ ਫੋਕਸ ਕਰਨ ਅਤੇ ਸੁਚੇਤ ਰਹਿਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਾਨੂੰ ਹੋਰ ਤੇਜ਼ੀ ਅਤੇ ਊਰਜਾ ਨਾਲ ਕੰਮ ਕਰਨ ਵਿੱਚ ਵੀ ਮਦਦ ਕਰਦਾ ਹੈ। ਜਦੋਂ ਇੱਕ ਅਧਿਆਪਕ ਜਮਾਤ ਵਿੱਚ ਹੱਸਦੇ ਚਿਹਰੇ ਨਾਲ ਪ੍ਰਵੇਸ਼ ਕਰਦਾ ਹੈ ਤਾਂ ਬੱਚਿਆਂ ਦੇ ਚਿਹਰੇ 'ਤੇ ਰੌਣਕ ਆ ਜਾਂਦੀ ਹੈ। ਜਦੋਂ ਇੱਕ ਡਾਕਟਰ ਕਿਸੇ ਮਰੀਜ਼ ਨਾਲ ਹੱਸ ਕੇ ਗੱਲ ਕਰ ਲਵੇ ਤਾਂ ਮਰੀਜ਼ ਅੱਧਾ ਕੁ ਤਾਂ ਵੈਸੇ ਹੀ ਠੀਕ ਹੋ ਜਾਂਦਾ ਹੈ। ਮਨੁੱਖੀ ਸਰੀਰ ਵਿੱਚ ਪੇਟ ਅਤੇ ਛਾਤੀ ਦੇ ਵਿਚਕਾਰ ਇੱਕ ਡਾਇਆਫ੍ਰਾਮ ਹੁੰਦਾ ਹੈ, ਜੋ ਹੱਸਣ ਵੇਲੇ ਸੁੰਗੜਨ ਦਾ ਕੰਮ ਕਰਦਾ ਹੈ। ਨਤੀਜੇ ਵਜੋਂ ਹੱਸਣ ਨਾਲ ਪੇਟ, ਫੇਫੜਿਆਂ ਅਤੇ ਜਿਗਰ ਦੀ ਮਾਲਸ਼ ਹੋ ਜਾਂਦੀ ਹੈ। ਹਾਸਾ ਸਰੀਰ ਵਿੱਚ ਨਵੀਂ ਊਰਜਾ ਲਿਆਉਂਦਾ ਹੈ। ਹੱਸਣ ਨਾਲ ਬਲੱਡ ਪ੍ਰੈਸ਼ਰ ਘੱਟ ਹੁੰਦਾ ਹੈ। ਅਸੀਂ ਗੱਲ ਕਰਨ ਵੇਲੇ ਜਿੰਨੀ ਆਕਸੀਜਨ ਲੈਂਦੇ ਹਾਂ, ਉਸ ਤੋਂ ਛੇ ਗੁਣਾ ਜ਼ਿਆਦਾ ਆਕਸੀਜਨ ਅਸੀਂ ਹੱਸਣ ਵੇਲੇ ਲੈਂਦੇ ਹਾਂ। ਇਸ ਤਰ੍ਹਾਂ ਸਰੀਰ ਨੂੰ ਆਕਸੀਜਨ ਦੀ ਚੰਗੀ ਮਾਤਰਾ ਮਿਲਦੀ ਹੈ। ਮਨੋਵਿਗਿਆਨੀ ਵੀ ਤਣਾਅ ਤੋਂ ਪੀੜਤ ਲੋਕਾਂ ਨੂੰ ਹੱਸਦੇ ਰਹਿਣ ਦੀ ਸਲਾਹ ਦਿੰਦੇ ਹਨ। ਜਦੋਂ ਤੁਸੀਂ ਹੱਸਣ ਲੱਗਦੇ ਹੋ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੋ ਜਾਂਦਾ ਹੈ। ਰੋਜ਼ਾਨਾ ਖੁੱਲ੍ਹ ਕੇ ਹੱਸਣ ਨਾਲ ਸ਼ੂਗਰ ਨੂੰ ਕੰਟਰੋਲ ਕਰਨ 'ਚ ਵੀ ਮਦਦ ਮਿਲਦੀ ਹੈ।

ਹੱਸਣ ਨਾਲ ਆਕਸੀਜਨ ਦਾ ਸੰਚਾਰ ਬਹੁਤ ਤੇਜ਼ ਹੋ ਜਾਂਦਾ ਹੈ, ਜਿਸ ਕਾਰਨ ਦੂਸ਼ਿਤ ਹਵਾ ਕਾਫ਼ੀ ਮਾਤਰਾ 'ਚ ਬਾਹਰ ਨਿਕਲਦੀ ਹੈ। ਨਿਯਮਿਤ ਤੌਰ 'ਤੇ ਖੁੱਲ੍ਹ ਕੇ ਹੱਸਣ ਨਾਲ ਸਰੀਰ ਦੇ ਸਾਰੇ ਹਿੱਸਿਆਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਸਰੀਰ ਵਿੱਚ ਖ਼ੂਨ ਦੇ ਸੰਚਾਰ ਦੀ ਰਫ਼ਤਾਰ ਵਧਦੀ ਹੈ ਅਤੇ ਪਾਚਨ ਤੰਤਰ ਵਧੇਰੇ ਕੁਸ਼ਲਤਾ ਨਾਲ ਕੰਮ ਕਰਦਾ ਹੈ। ਉੱਚੀ-ਉੱਚੀ ਹੱਸਣ ਨਾਲ ਪੂਰੇ ਸਰੀਰ ਦੇ ਹਰ ਅੰਗ ਨੂੰ ਹਿਲਜੁਲ ਮਿਲਦੀ ਹੈ, ਨਤੀਜੇ ਵਜੋਂ ਸਰੀਰ ਵਿੱਚ ਮੌਜੂਦ ਐਂਡੋਰਫਿਨ ਗਲੈਂਡ (ਹਾਰਮੋਨ ਡੋਨਰ ਸਿਸਟਮ) ਨਿਰਵਿਘਨ ਚੱਲਣ ਲੱਗਦੀ ਹੈ ਜੋ ਕਈ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਮਦਦਗਾਰ ਹੁੰਦੀ ਹੈ। ਇਹ ਇਮਿਊਨਿਟੀ ਵਧਾਉਣ 'ਚ ਵੀ ਮਦਦਗਾਰ ਹੈ।

ਹਾਸਾ ਦਿਲ ਦੀ ਰੱਖਿਆ ਕਰਦਾ ਹੈ ਅਤੇ ਖ਼ੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ ਜੋ ਸਾਨੂੰ ਦਿਲ ਦੇ ਦੌਰੇ ਅਤੇ ਦਿਲ ਨਾਲ ਸਬੰਧਤ ਹੋਰ ਸਮੱਸਿਆਵਾਂ ਤੋਂ ਬਚਾ ਸਕਦਾ ਹੈ। ਇਹ ਕੈਲੋਰੀ ਬਰਨ ਕਰਦਾ ਹੈ। ਦਿਨ ਵਿੱਚ 10 ਤੋਂ 15 ਮਿੰਟ ਹੱਸਣ ਨਾਲ ਲਗਭਗ 40 ਕੈਲੋਰੀਆਂ ਬਰਨ ਹੋ ਸਕਦੀਆਂ ਹਨ। ਇਹ ਗੁੱਸੇ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਤੁਹਾਡੀ ਨੀਂਦ ਵਿੱਚ ਮਦਦਗਾਰ ਹੈ। ਜੇਕਰ ਤੁਸੀਂ ਸੌਣ ਤੋਂ ਪਹਿਲਾਂ ਹੱਸਦੇ ਹੋ ਤਾਂ ਇਹ ਤੁਹਾਨੂੰ ਡੂੰਘੀ ਨੀਂਦ ਵੱਲ ਲੈ ਜਾਂਦਾ ਹੈ। ਸਮੇਂ ਦੇ ਨਾਲ ਸਾਡੀ ਯਾਦਦਾਸ਼ਤ ਵਿਗੜ ਜਾਂਦੀ ਹੈ, ਇਸ ਨੂੰ ਸੁਧਾਰਨ ਦਾ ਇੱਕ ਤਰੀਕਾ ਹਾਸਾ ਹੈ। ਇਸ ਨਾਲ ਸਾਡਾ ਦਿਮਾਗ਼ ਮਜ਼ਬੂਤ ਰਹਿੰਦਾ ਹੈ ਅਤੇ ਯਾਦਦਾਸ਼ਤ ਵੀ ਚੰਗੀ ਰਹਿੰਦੀ ਹੈ। ਅੰਦਰੂਨੀ ਲਾਭਾਂ ਤੋਂ ਇਲਾਵਾ, ਹਾਸਾ ਸਾਡੇ ਸਰੀਰ ਦੀਆਂ ਵੱਖ-ਵੱਖ ਮਾਸਪੇਸ਼ੀਆਂ ਦੀ ਕਸਰਤ ਕਰਨ ਵਿੱਚ ਵੀ ਮਦਦਗਾਰ ਹੁੰਦਾ ਹੈ। ਇਸ ਕਾਰਨ ਚਿਹਰੇ ਦੀਆਂ ਮਾਸਪੇਸ਼ੀਆਂ ਦੀ ਵੀ ਕਸਰਤ ਹੁੰਦੀ ਹੈ।

ਹਾਸੇ ਦੇ ਮਾਨਸਿਕ ਸਿਹਤ ਲਾਭ ਵੀ ਹੁੰਦੇ ਹਨ ਕਿਉਂਕਿ ਇਹ ਸਾਡੇ ਜੀਵਨ ਵਿੱਚ ਆਨੰਦ ਅਤੇ ਉਤਸ਼ਾਹ ਨੂੰ ਕਾਇਮ ਰੱਖਦਾ ਹੈ, ਤਣਾਅ ਤੋਂ ਰਾਹਤ ਦਿੰਦਾ ਹੈ ਅਤੇ ਮੂਡ ਨੂੰ ਸੁਧਾਰਦਾ ਹੈ। ਮਸ਼ਹੂਰ ਮਨੋਵਿਗਿਆਨੀ ਡਾ. ਥਾਇਟਨ ਨੇ ਕਿਹਾ ਹੈ ਕਿ ਚਿਹਰੇ ਦੀਆਂ ਝੁਰੜੀਆਂ ਨੂੰ ਦੂਰ ਕਰਨ ਦੀ ਸਭ ਤੋਂ ਵਧੀਆ ਦਵਾਈ ਹੱਸਣਾ ਹੈ। ਸ਼ੇਕਸਪੀਅਰ ਵਰਗੇ ਮਹਾਨ ਚਿੰਤਕਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਖੁਸ਼ਹਾਲ ਅਤੇ ਵੱਧ ਹੱਸਣ ਵਾਲਾ ਵਿਅਕਤੀ ਜ਼ਿਆਦਾ ਜਿਊਂਦਾ ਹੈ। ਇਸ ਲਈ ਤੁਸੀਂ ਵੀ ਹੱਸਣ ਨੂੰ ਆਪਣੀਆਂ ਆਦਤਾਂ ਵਿੱਚ ਸ਼ਾਮਲ ਕਰੋ ਅਤੇ ਫਿਰ ਦੇਖੋ ਕਿ ਤਣਾਅ ਵੀ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ ਅਤੇ ਤੁਹਾਡੀ ਸਿਹਤ ਵੀ ਚੰਗੀ ਰਹੇਗੀ। ਸ਼ਾਇਦ ਲਈ ਕਿਹਾ ਜਾਂਦਾ ਕਿ 'ਹਾਸਾ ਸਭ ਤੋਂ ਵਧੀਆ ਦਵਾਈ ਹੈ।'

ਸੰਪਰਕ: 97815-90500

> ਹਾਸੇ ਦੇ ਮਾਨਸਿਕ ਸਿਹਤ ਲਾਭ ਵੀ ਹੁੰਦੇ ਹਨ ਕਿਉਂਕਿ ਇਹ ਸਾਡੇ ਜੀਵਨ ਵਿੱਚ ਆਨੰਦ ਅਤੇ ਉਤਸ਼ਾਹ ਨੂੰ ਕਾਇਮ ਰੱਖਦਾ ਹੈ, ਤਣਾਅ ਤੋਂ ਰਾਹਤ ਦਿੰਦਾ ਹੈ ਅਤੇ ਮੂਡ ਨੂੰ ਸੁਧਾਰਦਾ ਹੈ। ਮਸ਼ਹੂਰ ਮਨੋਵਿਗਿਆਨੀ ਡਾ. ਥਾਇਟਨ ਨੇ ਕਿਹਾ ਹੈ ਕਿ ਚਿਹਰੇ ਦੀਆਂ ਝੁਰੜੀਆਂ ਨੂੰ ਦੂਰ ਕਰਨ ਦੀ ਸਭ ਤੋਂ ਵਧੀਆ ਦਵਾਈ ਹੱਸਣਾ ਹੈ। ਸ਼ੇਕਸਪੀਅਰ ਵਰਗੇ ਮਹਾਨ ਚਿੰਤਕਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਖੁਸ਼ਹਾਲ ਅਤੇ ਵੱਧ ਹੱਸਣ ਵਾਲਾ ਵਿਅਕਤੀ ਜ਼ਿਆਦਾ ਜਿਊਂਦਾ ਹੈ। ਇਸ ਲਈ ਤੁਸੀਂ ਵੀ ਹੱਸਣ ਨੂੰ ਆਪਣੀਆਂ ਆਦਤਾਂ ਵਿੱਚ ਸ਼ਾਮਲ ਕਰੋ ਅਤੇ ਫਿਰ ਦੇਖੋ ਕਿ ਤਣਾਅ ਵੀ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ ਅਤੇ ਤੁਹਾਡੀ ਸਿਹਤ ਵੀ ਚੰਗੀ ਰਹੇਗੀ।



# ਸ਼ੂਗਰ ਵਿਚ ਵੀ ਬੇਝਿਜਕ ਖਾ ਸਕਦੇ ਹੋ ਇਹ 5 ਮਿਠਾਈਆਂ



ਅੱਜ-ਕੱਲ੍ਹ ਲੋਕਾਂ ਦੀ ਜੀਵਨ ਸ਼ੈਲੀ ਤੇਜ਼ੀ ਨਾਲ ਬਦਲ ਰਹੀ ਹੈ। ਖਾਣ-ਪੀਣ ਵਿਚ ਲਾਪਰਵਾਹੀ ਅਤੇ ਵਧਦੇ ਕੰਮ ਦੇ ਬੋਝ ਕਾਰਨ ਕਈ ਵਾਰ ਲੋਕ ਸਿਹਤ ਸਬੰਧੀ ਸਮੱਸਿਆਵਾਂ ਦਾ ਸ਼ਿਕਾਰ ਹੋ ਸਕਦੇ ਹਨ। ਡਾਇਬਟੀਜ਼ ਇੱਕ ਅਜਿਹੀ ਸਮੱਸਿਆ ਹੈ, ਜਿਸ ਕਾਰਨ ਅੱਜ-ਕੱਲ੍ਹ ਬਹੁਤ ਸਾਰੇ ਲੋਕ ਪ੍ਰੇਸ਼ਾਨ ਹਨ। ਇਹ ਇੱਕ ਗੰਭੀਰ ਸਮੱਸਿਆ ਹੈ, ਜਿਸਦਾ ਪੂਰਾ ਇਲਾਜ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਕੁਝ ਦਵਾਈਆਂ ਅਤੇ ਸਹੀ ਖੁਰਾਕ ਦੀ ਮਦਦ ਨਾਲ ਇਸ ਨੂੰ ਕੰਟਰੋਲ ਕੀਤਾ ਜਾਂਦਾ ਹੈ।

ਸ਼ੂਗਰ ਹੋਣ 'ਤੇ ਲੋਕ ਅਕਸਰ ਮਿਠਾਈਆਂ ਤੋਂ ਦੂਰ ਰਹਿੰਦੇ ਹਨ। ਅਜਿਹੇ 'ਚ ਮਠਿਆਈਆਂ ਖਾਣ ਦੇ ਸ਼ੌਕੀਨ ਲੋਕਾਂ ਲਈ ਮੁਸ਼ਕਿਲ ਹੋ ਜਾਂਦੀ ਹੈ। ਜੇਕਰ ਤੁਸੀਂ ਵੀ ਉਨ੍ਹਾਂ ਲੋਕਾਂ 'ਚੋਂ ਹੋ ਜੋ ਮਿਠਾਈ ਖਾਣਾ ਪਸੰਦ ਕਰਦੇ ਹਨ ਪਰ ਸ਼ੂਗਰ ਦੇ ਕਾਰਨ ਤੁਸੀਂ ਇਸ ਸ਼ੌਕ ਨੂੰ ਪੂਰਾ ਨਹੀਂ ਕਰ ਪਾ ਰਹੇ ਹੋ, ਤਾਂ ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਮਿਠਾਈਆਂ ਬਾਰੇ ਦੱਸਾਂਗੇ, ਜਿਨ੍ਹਾਂ ਨੂੰ ਸ਼ੂਗਰ ਦੇ ਮਰੀਜ਼ ਬਿਨਾਂ ਕਿਸੇ ਝਿਜਕ ਦੇ ਖਾ ਸਕਦੇ ਹਨ।

## ਚਨੇ ਦੀ ਦਾਲ ਬਰਫ਼ੀ

ਚਨਾ ਦਾਲ ਬਰਫੀ ਇੱਕ ਪਰੰਪਰਾਗਤ ਭਾਰਤੀ ਮਿਠਆਈ ਹੈ ਜੋ ਦਾਲ ਤੋਂ ਬਣੀ ਹੈ। ਇਸ 'ਚ ਮੌਜੂਦ ਹਾਈ ਫਾਈਬਰ ਤੱਤ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਇਹ ਸ਼ੂਗਰ ਦੇ ਮਰੀਜ਼ਾਂ ਲਈ ਇੱਕ ਵਧੀਆ ਮਿਠਆਈ ਸਾਬਤ ਹੋਵੇਗੀ।

## ਲੌਕੀ ਦਾ ਹਲਵਾ

ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਹੋ ਅਤੇ ਮਿਠਾਈ ਖਾਣ ਦੇ ਵੀ ਸ਼ੌਕੀਨ ਹੋ, ਤਾਂ ਲੌਕੀ ਦਾ ਹਲਵਾ ਤੁਹਾਡੇ ਲਈ ਵਧੀਆ ਵਿਕਲਪ ਹੈ। ਕੁਦਰਤੀ ਸ਼ੱਕਰ ਜਿਵੇਂ ਬੋਤਲ ਲੌਕੀ, ਦੁੱਧ, ਇਲਾਇਚੀ ਅਤੇ ਸਟੀਵੀਆ ਤੋਂ ਬਣਿਆ ਇਹ ਹਲਵਾ ਕੈਲੋਰੀ ਅਤੇ ਗਲਾਈਸੈਮਿਕ ਇੰਡੈਕਸ 'ਤੇ ਬਹੁਤ ਘੱਟ ਹੁੰਦਾ ਹੈ।

## ਨਾਰੀਅਲ ਦੇ ਲੱਡੂ

ਡਾਇਬਟੀਜ਼ ਦੇ ਮਰੀਜ਼ ਮਿਠਾਈ ਖਾਣ ਲਈ ਆਪਣੀ ਖ਼ੁਰਾਕ ਵਿੱਚ ਨਾਰੀਅਲ ਦੇ ਲੱਡੂ ਵੀ ਸ਼ਾਮਲ ਕਰ ਸਕਦੇ ਹਨ। ਨਾਰੀਅਲ, ਇਲਾਇਚੀ ਅਤੇ ਗੁੜ ਦੇ ਬਣੇ ਇਹ ਲੱਡੂ ਸਵਾਦ ਦੇ ਨਾਲ-ਨਾਲ ਸਿਹਤ ਲਈ ਵੀ ਫਾਇਦੇਮੰਦ ਹੁੰਦੇ ਹਨ। ਨਾਰੀਅਲ ਦੇ ਲੱਡੂ ਸਿਹਤਮੰਦ ਚਰਬੀ ਦਾ ਇੱਕ ਵਧੀਆ ਸਰੋਤ ਹੈ, ਜਿਸ ਵਿੱਚ ਘੱਟ ਗਲਾਈਸੈਮਿਕ ਇੰਡੈਕਸ ਵੀ ਹੁੰਦਾ ਹੈ।

## ਰਾਗੀ ਹਲਵਾ

ਰਾਗੀ ਦਾ ਹਲਵਾ ਇੱਕ ਪੌਸ਼ਟਿਕ ਮਿੱਠਾ ਪਕਵਾਨ ਹੈ, ਜਿਸ ਵਿੱਚ ਫਾਈਬਰ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ 'ਚ ਕੰਪਲੈਕਸ ਕਾਰਬੋਹਾਈਡ੍ਰੇਟਸ ਵੀ ਪਾਏ ਜਾਂਦੇ ਹਨ, ਜਿਸ ਕਾਰਨ ਇਸ 'ਚ ਗਲਾਈਸੈਮਿਕ ਇੰਡੈਕਸ ਦੀ ਮਾਤਰਾ ਵੀ ਘੱਟ ਹੁੰਦੀ ਹੈ।

## ਸੁੱਕੇ ਮੇਵਿਆਂ ਦੀ ਬਰਫੀ

ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਹੋ ਤਾਂ ਸੁੱਕਾ ਮੇਵਿਆਂ ਬਰਫ਼ੀ ਤੁਹਾਡੇ ਲਈ ਇੱਕ ਸਿਹਤਮੰਦ ਮਿੱਠਾ ਪਕਵਾਨ ਸਾਬਤ ਹੋਵੇਗਾ। ਅਖਰੋਟ, ਬੀਜ ਅਤੇ ਸੁੱਕੇ ਮੇਵੇ ਦੀ ਮਦਦ ਨਾਲ ਬਣੀ ਇਹ ਬਰਫੀ ਸਰੀਰ ਨੂੰ ਬਹੁਤ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੈ। ਨਾਲ ਹੀ, ਇਸ ਵਿੱਚ ਘੱਟ ਗਲਾਈਸੈਮਿਕ ਇੰਡੈਕਸ ਵੀ ਹੁੰਦਾ ਹੈ।



# ਨੌਜਵਾਨ ਪੀੜ੍ਹੀ, ਮੋਬਾਈਲ ਤੇ ਕਿਤਾਬਾਂ

ਰਜਵਿੰਦਰ ਪਾਲ ਸ਼ਰਮਾ

ਸਮੇਂ ਦੇ ਬਦਲਣ ਨਾਲ ਸਾਡਾ ਰਹਿਣ ਸਹਿਣ, ਗੱਲਬਾਤ ਕਰਨ, ਪਹਿਰਾਵੇ ਅਤੇ ਆਲੇ ਦੁਆਲੇ ਵਿੱਚ ਅਦਭੁਤ ਕ੍ਰਾਂਤੀ ਆਈ। ਤਕਨਾਲੋਜੀ ਅਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠਾਂ ਆਏ ਬਦਲਾਵਾਂ ਨੇ ਪੰਜਾਬੀ ਸੱਭਿਆਚਾਰ ਨੂੰ ਖੂੰਜੇ ਲਾ ਕੇ ਲੋਕਾਂ ਨੂੰ ਪੱਛਮੀ ਸੱਭਿਅਤਾ ਦਾ ਪਾਣ ਚੜ੍ਹਾ ਦਿੱਤਾ ਹੈ। ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਘੱਟ ਹੋਣ ਕਰਕੇ ਸਭ ਤੋਂ ਜ਼ਿਆਦਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਨੌਜਵਾਨਾਂ ਵਿਚ ਇਸ ਤਬਦੀਲੀ ਨੂੰ ਦੇਖਿਆ ਜਾ ਸਕਦਾ ਹੈ।

ਕੋਈ ਸਮਾਂ ਸੀ ਜਦੋਂ ਕਿਤੇ ਦੂਰ ਸੁਨੇਹਾ ਪਹੁੰਚਾਉਣਾ ਹੁੰਦਾ ਤਾਂ ਚਿੱਠੀ ਦੀ ਵਰਤੋਂ ਕੀਤੀ ਜਾਂਦੀ। ਚਿੱਠੀ ਪਹੁੰਚਦੀ ਪਹੁੰਚਦੀ ਹਫਤੇ-ਮਹੀਨੇ ਲਗਾ ਦਿੰਦੀ ਸੀ। ਚਿੱਠੀਆਂ ਪਹੁੰਚਾਉਣ ਲਈ ਕਬੂਤਰਾਂ ਦੀ ਵੀ ਵਰਤੋਂ ਹੁੰਦੀ ਰਹੀ ਹੈ, ਜਿਨ੍ਹਾਂ ਨੂੰ ਅਕਸਰ ਫਿਲਮਾਂ ਵਿੱਚ ਵੀ ਸੰਦੇਸ਼ ਵਾਹਕ ਦੇ ਤੌਰ 'ਤੇ ਦਿਖਾਇਆ ਜਾਂਦਾ ਹੈ। ਪਰ ਹੁਣ ਸਮਾਂ ਬਦਲ ਚੁੱਕਾ ਹੈ ਤੇ ਇੱਕ ਸੰਦੇਸ਼ ਨੂੰ ਪਹੁੰਚਾਉਣ ਲਈ ਹੁਣ ਹਫ਼ਤਾ ਨਹੀਂ ਇੱਕ ਸਕਿੰਟ ਤੋਂ ਵੀ ਘੱਟ ਸਮਾਂ ਲੱਗਦਾ ਹੈ। ਦੂਰ ਬੈਠੇ ਆਪਣੇ ਹੁਣ ਦੂਰ ਨਹੀਂ ਰਹੇ ਸਗੋਂ ਨੇੜੇ ਹੋ ਗਏ ਹਨ ਪਰ ਇਸ ਤਕਨਾਲੋਜੀ ਦੇ ਵਾਧੇ ਨੇ ਕੁਝ ਅਜਿਹੇ ਚਕਰਵਿਊ ਬਣਾ ਦਿੱਤੇ ਕਿ ਮਨੁੱਖ ਦਿਨੋਂ ਦਿਨ ਇਸ ਵਿੱਚ ਧਸਦਾ ਹੀ ਜਾ ਰਿਹਾ ਹੈ।

ਅਜੋਕੇ ਸਮੇਂ ਵਿੱਚ ਅਸੀਂ ਦੇਖਦੇ ਹਾਂ ਕਿਸੇ ਅਧਖੜ ਉਮਰ ਵਾਲੇ ਵਿਅਕਤੀ ਕੋਲ ਤਾਂ ਇੱਕ ਮੋਬਾਈਲ ਫੋਨ ਹੁੰਦਾ ਹੈ ਪਰ ਨੌਜਵਾਨ ਇੱਕ ਤੋਂ ਵੱਧ ਮੋਬਾਈਲ ਫ਼ੋਨ ਰੱਖਦੇ ਹੋਏ ਚਾਰ-ਚਾਰ ਸਿੰਮਾਂ ਦੇ ਮਾਲਕ ਹਨ। ਲੋੜ ਤੋਂ ਵੱਧ ਸਮਾਂ ਮੋਬਾਈਲ 'ਤੇ ਬਿਤਾਉਂਦੇ ਹੋਏ ਸਮਾਜ, ਮਾਪਿਆਂ, ਪੜ੍ਹਾਈ-ਲਿਖਾਈ ਤੇ ਕਿਤਾਬਾਂ ਤੋਂ ਬੇਮੁੱਖ ਹੋ ਰਹੇ ਹਨ। ਕਿਤਾਬਾਂ ਉੱਤੋਂ ਮਿੱਟੀ ਕਦੇ ਝਾੜੀ ਹੋਵੇ ਜਾਂ ਨਾਂ ਪਰ ਮੋਬਾਈਲ ਨੂੰ ਰੋਜ਼ ਸਵੇਰੇ ਸ਼ਾਮ ਸਾਫ਼ ਕਰਦੇ ਨਜ਼ਰ ਆਉਂਦੇ ਹਨ। ਫੇਸਬੁੱਕ, ਇੰਸਟਾਗ੍ਰਾਮ 'ਤੇ ਫੋਟੋ ਪਾ ਕੇ ਕੁਮੈਂਟਾਂ ਅਤੇ ਲਾਈਕ ਪ੍ਰਾਪਤ ਕਰਨ ਦੇ ਚੱਕਰ ਵਿੱਚ ਆਪਣੇ ਪੜ੍ਹਾਈ ਦੇ ਸਮੇਂ ਨੂੰ ਦਾਅ ਤੇ ਲਗਾ ਰਹੇ ਹਨ। ਇਸਦੇ ਨਤੀਜੇ ਕੀ ਨਿਕਲਣਗੇ, ਇਹ ਤਾਂ ਭਵਿੱਖ ਹੀ ਦੱਸੇਗਾ ਪਰ ਇਹ ਲੋਕ ਅਨਪੜ੍ਹਾਂ ਨਾਲੋਂ ਵੀ ਖਤਰਨਾਕ ਸਾਬਿਤ ਹੋਣਗੇ ਕਿਉਂਕਿ ਸਿਆਣੇ ਕਹਿੰਦੇ ਹਨ ਕਿ ਅਧੂਰਾ ਗਿਆਨ, ਗਿਆਨ ਨਾ ਹੋਣ ਨਾਲੋਂ ਜ਼ਿਆਦਾ ਖਤਰਨਾਕ ਹੁੰਦਾ ਹੈ।

ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਅਤੇ ਰਿਸ਼ਤਿਆਂ ਵਿੱਚ ਘੱਟ ਰਹੀ ਮਿਠਾਸ ਲਈ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਅਤੇ ਇੱਕ ਦੂਜੇ ਲਈ ਸਮਾਂ ਨਾ ਹੋਣਾ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਬੱਚੇ, ਬਜ਼ੁਰਗਾਂ ਦੇ ਪਿਆਰ ਤੋਂ ਵਿਹੂਣੇ ਹੁੰਦੇ ਹੋਏ, ਬਜ਼ੁਰਗ ਇਕੱਲਤਾ ਵਿਚ ਗੁਸੇ ਹੋਏ ਆਪਣੀ ਜ਼ਿੰਦਗੀ ਦੇ ਰਹਿੰਦੇ ਦਿਨ ਲੰਘਾ ਰਹੇ ਹਨ। ਨੌਜਵਾਨਾਂ ਦਾ ਵਤੀਰਾ ਰਤਾ ਵੀ ਤਸੱਲੀਬਖ਼ਸ਼ ਨਹੀਂ। ਬਜ਼ੁਰਗਾਂ ਅਤੇ ਘਰਦਿਆਂ ਦੀ ਸਲਾਹ ਲੈਣਾ ਉਹ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਹੁਣ ਕਾਲਜਾਂ ਵਿੱਚ ਪਹੁੰਚ ਗਏ ਹਨ, ਨੌਜਵਾਨ ਹਨ ਅਤੇ ਆਪਣੇ ਫੈਸਲੇ ਆਪ ਲੈ ਸਕਦੇ ਹਨ ਪਰ ਉਨ੍ਹਾਂ ਨੂੰ ਇਹ ਕੌਣ ਸਮਝਾਵੇ ਕਿ ਤੁਹਾਡੇ ਕੋਲ ਸਭ ਕੁਝ ਹੈ ਪਰ ਜ਼ੋ ਜ਼ਿੰਦਗੀ ਦਾ ਤਜਰਬਾ ਸਾਡੇ ਵੱਡਿਆਂ ਬਜ਼ੁਰਗਾਂ ਦਾ ਅਤੇ ਮਾਪਿਆਂ ਦਾ ਵੱਧ ਹੈ, ਉਹ ਕਿੱਥੋਂ ਲੈ ਕੇ ਆਉਣਗੇ। ਚਾਰ ਪੋਥੀਆਂ ਪੜ੍ਹਨ ਨਾਲ ਕੋਈ ਵਿਦਵਾਨ ਨਹੀਂ ਬਣ ਜਾਂਦਾ, ਜ਼ਿੰਦਗੀ ਵੀ ਹਰ ਰੋਜ਼ ਇਮਤਿਹਾਨ ਲੈਂਦੀ ਹੈ, ਇਸਦੇ ਤਜਰਬੇ ਦਾ ਵੀ ਕੋਈ ਮੁੱਲ ਨਹੀਂ।

ਕਿਤਾਬਾਂ ਮਨੁੱਖ ਦੀਆਂ ਸੱਚੀਆਂ ਮਿੱਤਰ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ ਉਹ ਵਾਰ ਵਾਰ ਗਲਤੀਆਂ ਕਰਦਾ ਹੈ ਪਰ ਗਲਤੀਆਂ ਨੂੰ ਸੁਧਾਰਨ ਲਈ ਗਿਆਨ ਦੀ ਲੋੜ ਹੁੰਦੀ ਹੈ ਅਤੇ ਕਿਤਾਬਾਂ ਗਿਆਨ ਦਾ ਮਹਾਨ ਸੋਮਾ ਹਨ। ਕਿਤਾਬਾਂ ਬਿਨਾਂ ਗਿਆਨ ਪ੍ਰਾਪਤੀ ਹੋਣਾ ਅਸੰਭਵ ਹੈ। ਪਰ ਦਿਨੋਂ ਦਿਨ ਮੋਬਾਈਲ ਦੇ ਮੱਕੜਜਾਲ ਵਿਚ ਫ਼ਸ ਰਹੀ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਬੇਮੁੱਖ ਹੁੰਦੀ ਹੋਈ ਨਸ਼ਿਆਂ ਅਤੇ ਸਮਾਜਿਕ ਵਿਕਾਰਾਂ ਵਿੱਚ ਉਲਝ ਕੇ ਮਾੜੇ ਭਵਿੱਖ ਵੱਲ ਵਧ ਰਹੀ ਹੈ। ਅੱਜ ਲੋੜ ਹੈ ਕਿਤਾਬਾਂ ਵੱਲ ਪਰਤਣ ਦੀ, ਉਨ੍ਹਾਂ ਨੂੰ ਫਰੋਲ ਕੇ ਗਿਆਨ ਪ੍ਰਾਪਤ ਕਰਨ ਦੀ, ਤਾਂ ਕਿ ਜ਼ਿੰਦਗੀ ਦੀਆਂ ਮੁਸ਼ਕਿਲਾਂ, ਸਮਾਜਿਕ ਮਸਲਿਆਂ ਨੂੰ ਸੁਲਝਾਉਣ ਵਿਚ ਆਸਾਨੀ ਹੋ ਸਕੇ।

ਸੰਪਰਕ: 70873-67969

# ਭਰੋਸਾ

ਮਹਿਲਾ ਮੰਡਲ ਦੀ ਯੁਵਾ ਨੇਤਾ ਆਪਣੀਆਂ ਸਾਥਣਾਂ ਨਾਲ ਕੁਝ ਦਿਨ ਪਹਿਲਾਂ ਹੀ ਸਰਹੱਦ 'ਤੇ ਸ਼ਹੀਦ ਹੋਏ ਫ਼ੌਜੀ ਦੀ ਵਿਧਵਾ ਕੋਲ ਹਮਦਰਦੀ ਕਰਨ ਉਸ ਦੇ ਘਰ ਪਹੁੰਚੀ ਤੇ ਆਪਣੀ ਸਰਕਾਰ ਵੱਲੋਂ ਉਸ ਦੇ ਪਰਿਵਾਰ ਨੂੰ ਪੂਰੀ ਮਦਦ ਦਾ ਭਰੋਸਾ ਵੀ ਦਿੱਤਾ।ਤਦੇ ਉਸ ਦੇ ਪਤੀ ਦਾ ਫੋਨ ਆਇਆ ਜੋ ਕਹਿ ਰਿਹਾ ਸੀ, "ਮੈਂ ਸ਼ਹੀਦਾਂ ਦੇ ਸਮਾਰਕ 'ਤੇ ਫੁੱਲ ਚੜ੍ਹਾਉਣ ਜਾਣਾ ਹੈ... ਯਾਦ ਹੈ ਨਾ? ਤੇ ਫਿਰ ਤੂੰ ਕਾਕੇ ਨੂੰ ਵੀ ਸੰਭਾਲਣਾ ਹੈ... ਉਹ ਕਦੋਂ ਦਾ ਰੋਂਦਾ ਹੋਇਆ ਮਾਂ ਮਾਂ ਪੁਕਾਰ ਰਿਹੈ...।""ਤੁਸੀਂ ਇੰਦਾਂ ਕਰੋ... ਕਾਕੇ ਨੂੰ ਕੁਝ ਦੇਰ ਹੋਰ ਸੰਭਾਲੋ... ਅਜੇ ਮੈਂ ਇੰਨੀ ਛੇਤੀ ਇੱਥੋਂ ਨਹੀਂ ਨਿਕਲ ਸਕਦੀ...। ਮੋਇਆਂ ਦੇ ਬੁੱਤਾਂ 'ਤੇ ਫੁੱਲ ਚੜ੍ਹਾਉਣਾ ਇੰਨਾ ਜ਼ਰੂਰੀ ਨਹੀਂ ਜਿੰਨਾ ਜਿਉਂਦੇ ਬੰਦਿਆਂ ਦਾ ਭਰੋਸਾ ਜਿੱਤਣਾ... ਕੁਝ ਸਮਝੇ ਕਿ ਨਹੀਂ...? ਚੋਣਾਂ ਨੇੜੇ ਹਨ...।" ਉਸ ਨੇ ਇਕਾਂਤ ਵਿੱਚ ਜਾ ਕੇ ਤਲਖ਼ੀ ਭਰੇ ਲਹਿਜੇ ਵਿਚ ਕਿਹਾ ਤੇ ਫਿਰ ਇਲਾਕੇ ਦੇ ਅਫ਼ਸੋਸ ਕਰਨ ਆਏ ਲੋਕਾਂ ਵਿਚਕਾਰ ਬਹਿ ਕੇ ਸ਼ਹੀਦ ਦੀ ਵਿਧਵਾ ਨਾਲ ਹਮਦਰਦੀ ਜਤਾਉਣ ਲੱਗੀ।

ਹਰਿੰਦਰ ਸਿੰਘ ਗੋਗਨਾ
ਸੰਪਰਕ: 98723-25960



# ਤਰੱਕੀ ਵਿੱਚ ਰੁਕਾਵਟ ਬਣਨ ਵਾਲੀਆਂ ਆਦਤਾਂ ਤੋਂ ਕਿਵੇਂ ਬਚਿਆ ਜਾਵੇ

ਸਾਡੇ ਸਾਰਿਆਂ ਵਿਚ ਕੁਝ ਅਜਿਹੀਆਂ ਬੁਰੀਆਂ ਆਦਤਾਂ ਹਨ, ਜੋ ਜ਼ਿੰਦਗੀ ਵਿਚ ਕਈ ਤਰੀਕਿਆਂ ਨਾਲ ਘਾਤਕ ਸਾਬਤ ਹੋ ਸਕਦੀਆਂ ਹਨ ਜਾਂ ਸਾਡੀ ਸਫਲਤਾ ਦੇ ਰਾਹ ਵਿਚ ਰੁਕਾਵਟ ਬਣ ਸਕਦੀਆਂ ਹਨ। ਜੇਕਰ ਸਮੇਂ ਸਿਰ ਇਨ੍ਹਾਂ ਬੁਰੀਆਂ ਆਦਤਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਹ ਤੁਹਾਡੀ ਯੋਗਤਾ ਅਤੇ ਸਮਰੱਥਾ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਸਕਦੇ ਹਨ। ਇਹ ਰਵੱਈਆ ਤੁਹਾਨੂੰ ਅਸਫਲਤਾ ਦੇ ਰਾਹ 'ਤੇ ਧੱਕ ਸਕਦਾ ਹੈ। ਇਨ੍ਹਾਂ ਘਾਤਕ ਅਤੇ ਨੁਕਸਾਨਦੇਹ ਆਦਤਾਂ ਤੋਂ ਜਲਦੀ ਤੋਂ ਜਲਦੀ ਛੁਟਕਾਰਾ ਪਾਉਣਾ ਅਕਲਮੰਦੀ ਦੀ ਗੱਲ ਹੈ। ਇਸ ਦੇ ਲਈ ਇਹ ਉਪਾਅ ਕੀਤੇ ਜਾ ਸਕਦੇ ਹਨ...

## 1) ਕੋਈ ਸਮੱਸਿਆ ਹੋਣ 'ਤੇ ਵੀ ਸ਼ਾਂਤੀ ਨਾਲ ਗੱਲ ਕਰੋ

ਜੇਕਰ ਤੁਹਾਡੀ ਕਿਸੇ ਨਾਲ ਬਣਦੀ ਨਹੀਂ, ਕੋਈ ਸਮੱਸਿਆ ਬਣੀ ਹੋਈ ਹੈ ਜਾਂ ਸਾਹਮਣੇ ਵਾਲਾ ਵਿਅਕਤੀ ਤੁਹਾਡੇ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ ਤਾਂ ਗੁੱਸੇ ਵਿੱਚ ਆਉਣ ਦੀ ਬਜਾਏ ਉਸ ਨਾਲ ਸ਼ਾਂਤੀ ਨਾਲ ਗੱਲਬਾਤ ਸ਼ੁਰੂ ਕਰਨ ਦੀ ਕੋਸ਼ਿਸ਼ ਕਰੋ। ਸਮੱਸਿਆ ਦਾ ਸਿੱਧਾ ਹੱਲ ਲੱਭਣ 'ਤੇ ਕੰਮ ਕਰੋ। ਤੁਸੀਂ ਕਿਸੇ ਭਰੋਸੇਮੰਦ ਦੋਸਤ ਦੇ ਸਾਹਮਣੇ ਵੀ ਸਮੱਸਿਆ ਰੱਖ ਸਕਦੇ ਹੋ। ਜੇਕਰ ਤੁਸੀਂ ਅਜੇ ਵੀ ਘਬਰਾਉਂਦੇ ਹੋ, ਤਾਂ ਤੁਸੀਂ ਲਿਖ ਕੇ ਕੰਮ ਸ਼ੁਰੂ ਕਰ ਸਕਦੇ ਹੋ।

## 2) ਕਿਸੇ ਵੀ ਚੀਜ਼ ਵਿੱਚ ਕਾਹਲੀ ਨਾ ਕਰੋ

ਕਾਹਲੀ ਵਿੱਚ ਹੋਣ ਕਾਰਨ ਤੁਹਾਨੂੰ ਅਜੀਬ ਅਤੇ ਅਚਾਨਕ ਭਾਵਨਾਤਮਕ ਪ੍ਰਤੀਕਿਰਿਆਵਾਂ ਹੋ ਸਕਦੀਆਂ ਹਨ। ਆਪਣੀਆਂ ਪਿਛਲੀਆਂ ਗਲਤੀਆਂ ਤੋਂ ਸਿੱਖੋ ਅਤੇ ਵਿਚਾਰ ਕਰੋ ਕਿ ਪਿਛਲੀ ਵਾਰ ਕਾਹਲੀ ਵਿੱਚ ਤੁਸੀਂ ਆਪਣੇ ਆਪ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਸੀ। ਤੁਸੀਂ ਨਤੀਜਿਆਂ ਬਾਰੇ ਸੋਚ ਸਕਦੇ ਹੋ। ਆਪਣੇ ਆਪ ਨੂੰ ਕੁਝ ਜ਼ਰੂਰੀ ਸਵਾਲ ਪੁੱਛੋ ਕਿ ਤੁਸੀਂ ਵਰਤਮਾਨ ਵਿੱਚ ਜੋ ਵੀ ਕਦਮ ਚੁੱਕਦੇ ਹੋ, ਭਵਿੱਖ ਵਿੱਚ ਤੁਹਾਨੂੰ ਕੀ ਨੁਕਸਾਨ ਝੱਲਣਾ ਪੈ ਸਕਦਾ ਹੈ।

## 3) ਦੂਜਿਆਂ 'ਤੇ ਦੋਸ਼ ਲਗਾਉਣ ਤੋਂ ਆਪਣੇ ਆਪ ਨੂੰ ਰੋਕੋ

ਕੋਈ ਫਰਕ ਨਹੀਂ ਪੈਂਦਾ ਕਿ ਕੌਣ ਕਸੂਰਵਾਰ ਹੈ, ਆਪਣੇ ਆਪ ਨੂੰ ਪੀੜਤ ਵਜੋਂ ਨਾ ਦੇਖੋ। ਜੇਕਰ ਤੁਸੀਂ ਆਪਣੇ ਆਪ ਨੂੰ ਪੀੜਤ ਵਜੋਂ ਦੇਖਦੇ ਹੋ ਅਤੇ ਬਿਨਾਂ ਸੋਚੇ-ਸਮਝੇ ਦੂਜਿਆਂ 'ਤੇ ਦੋਸ਼ ਲਗਾਉਣਾ ਸ਼ੁਰੂ ਕਰ ਦਿੰਦੇ ਹੋ, ਤਾਂ ਤੁਹਾਡਾ ਇਹ ਰਵੱਈਆ ਤੁਹਾਡੇ ਲਈ ਨਕਾਰਾਤਮਕ ਹੀ ਸਾਬਤ ਹੋਵੇਗਾ। ਆਪਣੀਆਂ ਗਲਤੀਆਂ ਤੋਂ ਸਿੱਖੋ। ਅੱਗੇ ਵਧੋ, ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਇਸ ਸਮੇਂ ਮੌਜੂਦ ਸਥਿਤੀ ਨੂੰ ਸੁਧਾਰਨ ਲਈ ਹੋਰ ਕਿਹੜੇ ਕਦਮ ਚੁੱਕ ਸਕਦੇ ਹੋ।

## 4) ਪੂਰਨਤਾ ਦੀ ਇੱਛਾ ਮਨ ਵਿਚ ਨਾ ਰੱਖੋ, ਇਸ ਤੋਂ ਬਚੋ

ਸੰਪੂਰਨਤਾ ਹਮੇਸ਼ਾ ਚੰਗੀ ਨਹੀਂ ਹੁੰਦੀ। ਸੰਪੂਰਨਤਾ ਦੀ ਇੱਛਾ ਕਈ ਵਾਰ ਨੁਕਸਾਨਦੇਹ ਸਾਬਤ ਹੁੰਦੀ ਹੈ। ਇਸ ਤੋਂ ਬਚਣ ਲਈ ਸੰਭਾਵਿਤ ਨਤੀਜਿਆਂ, ਲਾਗਤ ਅਤੇ ਸਮੇਂ 'ਤੇ ਫੀਡਬੈਕ ਲਿਆ ਜਾ ਸਕਦਾ ਹੈ। ਆਪਣੇ ਬੌਸ ਨਾਲ ਮਿਲ ਕੇ, ਤੁਸੀਂ ਚੈਕਪੁਆਇੰਟ ਜੋੜ ਸਕਦੇ ਹੋ ਜਾਂ ਛੋਟੇ ਪ੍ਰਯੋਗਾਂ ਦੀ ਕੋਸ਼ਿਸ਼ ਕਰ ਸਕਦੇ ਹੋ। ਅਜਿਹਾ ਕਰਨ ਨਾਲ, ਤੁਸੀਂ ਆਪਣੇ ਦੁਆਰਾ ਬਣਾਏ ਗਏ ਮਿਆਰ ਨੂੰ ਹੌਲੀ-ਹੌਲੀ ਲਚਕੀਲਾ ਕਰ ਸਕਦੇ ਹੋ।

# ਖ਼ੂਬਸੂਰਤ ਪੰਛੀ ਨੀਲੀ ਸਿਰੀ ਕਸਤੂਰੀ

ਗੁਰਮੀਤ ਸਿੰਘ*

ਨੀਲੀ ਸਿਰੀ ਕਸਤੂਰੀ ਬਹੁਤ ਪਿਆਰਾ ਪੰਛੀ ਹੈ ਜਿਸ ਨੂੰ ਅੰਗਰੇਜ਼ੀ ਵਿੱਚ ਬਲਿਊ ਕੈਪਡ ਜਾਂ ਬਲਿਊ ਹੈੱਡਡ ਰੌਕ ਥਰੱਸ਼ (Blue capped or Blue headed Rock Thrush) ਅਤੇ ਹਿੰਦੀ ਵਿੱਚ ਨੀਲ ਸਿਰ ਪੇਂਗਾ ਕਹਿੰਦੇ ਹਨ। ਇਹ ਪੰਛੀ ਹਿਮਾਲਿਆ ਦੀ ਤਲਹੱਟੀ ਵਿੱਚ ਅਤੇ ਦੱਖਣੀ ਭਾਰਤ ਦੇ ਪਹਾੜੀ ਜੰਗਲਾਂ ਵਿੱਚ ਸਰਦੀਆਂ ਦੀ ਰੁੱਤੇ ਵੇਖਣ ਵਿੱਚ ਆਉਂਦਾ ਹੈ। ਇਹ ਹਿਮਾਲੀਅਨ ਪਹਾੜੀ ਸ਼੍ਰੇਣੀ ਦੀ ਤਲਹੱਟੀ ਰੇਂਜ ਵਿੱਚ ਪ੍ਰਜਣਨ ਕਰਦਾ ਹੈ। ਇਹ ਅਫ਼ਗਾਨਿਸਤਾਨ ਦੇ ਕੁਝ ਹਿੱਸਿਆਂ ਅਤੇ ਹਿਮਾਲਿਆ ਦੇ ਨਾਲ ਪਾਕਿਸਤਾਨ ਤੋਂ ਅਰੁਣਾਚਲ ਪ੍ਰਦੇਸ਼ ਤੱਕ ਗਰਮੀਆਂ ਵਿੱਚ ਪਰਵਾਸ ਕਰਦਾ ਹੈ। ਨਰ ਦਾ ਸਿਰ, ਠੋਡੀ ਅਤੇ ਗਲਾ ਨੀਲਾ ਹੁੰਦਾ ਹੈ। ਉੱਪਰਲੇ ਹਿੱਸੇ ਨੀਲੇ ਅਤੇ ਕਾਲੇ ਹੁੰਦੇ ਹਨ। ਇਸ ਪੰਛੀ ਦਾ ਪੂੰਝਾ ਅਤੇ ਹੇਠਲੇ ਹਿੱਸੇ ਲਾਖੇ ਭੂਰੇ ਰੰਗੇ ਹੁੰਦੇ ਹਨ। ਇਸ ਦੇ ਪਰ 'ਤੇ ਇੱਕ ਚਿੱਟਾ ਨਿਸ਼ਾਨ ਹੁੰਦਾ ਹੈ ਜੋ ਉਡਾਣ ਦੌਰਾਨ ਦਿਖਾਈ ਦਿੰਦਾ ਹੈ। ਮਾਦਾ ਪੰਛੀ ਭੂਰੀ ਅਤੇ ਹੇਠੋਂ ਚਿੱਟੇ ਰੰਗ ਦੀ ਹੁੰਦੀ ਹੈ। ਇਸ ਦੀ ਲੰਬਾਈ 16 ਤੋਂ 19 ਸੈਂਟੀਮੀਟਰ ਅਤੇ ਵਜ਼ਨ 29 ਤੋਂ 41 ਗ੍ਰਾਮ ਹੁੰਦਾ ਹੈ।

ਇਸ ਦੀ ਖੁਰਾਕ ਕੀੜੇ, ਘੋਗੇ, ਛੋਟੀਆਂ ਕਿਰਲੀਆਂ, ਡੱਡੂ, ਬੇਰੀਆਂ ਅਤੇ ਬੀਜ ਹੁੰਦੇ ਹਨ। ਇਹ ਹਲਕੇ ਪਤਝੜ ਅਤੇ ਬਾਂਸ ਦੇ ਜੰਗਲਾਂ ਨੂੰ ਪਸੰਦ ਕਰਦਾ ਹੈ, ਪਰ ਸੰਘਣੇ ਸਦਾਬਹਾਰ ਜੰਗਲ ਦੇ ਅੰਦਰ ਜਾਣ ਤੋਂ ਕਤਰਾਉਂਦਾ ਹੈ। ਇਹ ਦਰੱਖਤਾਂ ਵਿੱਚ ਉੱਡਦਾ ਹੈ ਅਤੇ ਜਦੋਂ ਪਰੇਸ਼ਾਨ ਹੁੰਦਾ ਹੈ ਤਾਂ ਬੇਚੈਨ ਹੋ ਕੇ ਬੈਠਦਾ ਹੈ। ਕੋਈ ਵੇਲਾ ਸੀ ਜਦੋਂ ਮਾਲਟਾ ਦੇ ਲੋਕ ਸੁੰਦਰ ਨੀਲੇ ਪੰਛੀ ਨੂੰ ਪਿੰਜਰੇ ਵਿੱਚ ਰੱਖ ਕੇ ਉਸ ਦੀ ਸੁਰੀਲੀ ਆਵਾਜ਼ ਦਾ ਆਨੰਦ ਮਾਣਦੇ ਸਨ। ਇਸ ਨੂੰ ਸ਼ੋਸ਼ਣ ਤੋਂ ਬਚਾਉਣ ਲਈ 1971 ਵਿੱਚ ਮਾਲਟਾ ਦਾ ਰਾਸ਼ਟਰੀ ਪੰਛੀ ਘੋਸ਼ਿਤ ਕੀਤਾ ਗਿਆ। ਇਹ ਪੰਛੀ ਹਿਮਾਲਿਆ ਦੀ ਤਲਹੱਟੀ ਵਿੱਚ ਅਤੇ ਦੱਖਣੀ ਭਾਰਤ ਦੇ ਪਹਾੜੀ ਜੰਗਲਾਂ ਵਿੱਚ ਸਰਦੀਆਂ ਵਿੱਚ ਪ੍ਰਜਣਨ ਕਰਦਾ ਹੈ। ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ ਨੇ ਇਸ ਪੰਛੀ ਨੂੰ ਸਭ ਤੋਂ ਘੱਟ ਚਿੰਤਾ ਵਜੋਂ ਸੂਚੀਬੱਧ ਕੀਤਾ ਹੈ। ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਵਿੱਚ ਸ਼ਡਿਊਲ 2 ਵਿੱਚ ਰੱਖ ਕੇ ਸੁਰੱਖਿਆ ਦਿੱਤੀ ਹੈ।

*ਪ੍ਰਧਾਨ, ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ।
ਸੰਪਰਕ: 98884-56910

